ਪਟੀ ਲਿਖੀ

ਸਸੈ ਸੋਇ...

ਜਸਮੇਰ ਸਿੰਘ ਹੋਠੀ

ਪਟੀ ਲਿਖੀ

ਲੇਖਕ-

ਜਸਮੇਰ ਸਿੰਘ ਹੋਠੀ

ਬਰਮਿੰਘਮ ਯੂ.ਕੇ.

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਲੇਖਕ

ISBN : 978-93-49462-64-9
ਪਹਿਲੀ ਐਡੀਸ਼ਨ ਮਾਰਚ 2026
ਭੇਟਾ : 400-00

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 5011003, 2542346
E-mail : csjssales@hotmail.com
: csjspurchase@yahoo.com
Visit our Website : www.csjs.com
Follow us on:
www.facebook.com/csjsamritsar

Jasmer Singh Hothi
142 Grestone Avenue
Handsworth Wood
Birmingham B20 ILD U.K.
Tel. 0044 7956 890702 U.K.
91 95306 24820 (India)
Email : jshothi13@gmail.com
jasmersingh@mail.com
hothijsingh@yahoo.co.uk

(Printed and bound in India)
ਪ੍ਰਿੰਟਰ : ਸੀ.ਜੇ. ਪ੍ਰਿੰਟਰਜ਼, ਅੰਮ੍ਰਿਤਸਰ।

ਸਮਰਪਿਤ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਦੇ
ਪਵਿੱਤਰ ਚਰਨਾਂ ਵਿਚ ਬਹੁਤ ਨਿਮਰਤਾ ਤੇ
ਅਦਬ-ਸਤਿਕਾਰ ਸਹਿਤ ਭੇਟ
ਜਿਨ੍ਹਾਂ ਨੇ ਸਾਰੀ ਸ੍ਰਿਸ਼ਟੀ ਦੇ ਭਲੇ ਹਿਤ
ਅਸਾਨ ਗੁਰਮੁਖੀ ਲਿੱਪੀ ਬਣਾ, ਵਰਤਾ ਕੇ
ਸਭ ਨੂੰ ਧੁਰ ਕੀ ਬਾਣੀ ਨਾਲ ਜੋੜਿਆ।

— ਜਸਮੇਰ ਸਿੰਘ ਹੋਠੀ

ਲੇਖਕ ਵੱਲੋਂ ਛਪੀਆਂ ਹੋਰ ਪੁਸਤਕਾਂ :

- ਪੰਚਾ ਕੇ ਬਸਿ ਰੇ
- ਦਸਮ ਦੁਆਰਾ ਅਗਮ ਅਪਾਰਾ
- ਸੰਤਨ ਕੀ ਮਹਿਮਾ
- ਸਤ ਵਾਰ
- ਮੂਲ ਮੰਤਰ ਵੀਚਾਰ
- 5 ਕਕਾਰ
- ਸਭੇ ਰੁਤੀ ਚੰਗੀਆ

ਹਿੰਦੀ ਵਿਚ :

- ਸਾਤ ਵਾਰ
- ਮੂਲ ਮੰਤਰ ਵਿਚਾਰ
- 5 ਕਕਾਰ

5 ਕਕਾਰ ਇਨ੍ਹਾਂ ਭਾਸ਼ਾਵਾਂ ਵਿਚ ਉਪਲੱਬਧ ਹੈ:

- ਅੰਗ੍ਰੇਜ਼ੀ,ਸ਼ਾਹਮੁਖੀ,ਉਰਦੂ,ਬੰਗਾਲੀ,ਗੁਜਰਾਤੀ ਤੇ ਉੜੀਆ।

ਦੋ ਸ਼ਬਦ

ਜਿਸ ਤਰ੍ਹਾਂ ਦੁਨੀਆਂ ਵਿਚ ਵਿਚਰਨ ਲਈ ਅੱਖਰ ਮਾਧਿਅਮ ਹਨ, ਉਸੇ ਤਰ੍ਹਾਂ ਅਕਾਲ ਪੁਰਖ ਨਾਲ ਰਿਸ਼ਤਾ ਸਿਰਜਣ ਲਈ ਅੱਖਰਾਂ ਰਾਹੀਂ ਸੰਵਾਦ ਜ਼ਰੂਰੀ ਹੈ। ਅਧਿਆਤਮਿਕ ਖੇਤਰ ਵਿਚ ਸਫ਼ਲਤਾ ਲਈ ਵਾਹਿਗੁਰੂ ਨਾਲ ਸੰਵਾਦ ਪਵਿੱਤਰ ਅੱਖਰ ਰੂਪੀ ਸ਼ਬਦਾਂ ਦੀ ਆਰੰਭਤਾ ਤੋਂ ਸ਼ੁਰੂ ਕਰਕੇ **'ਆਨੰਦੁ ਗੁਰੂ ਤੇ ਜਾਣਿਆ'** ਦੀ ਅਵਸਥਾ 'ਤੇ ਪਹੁੰਚਿਆ ਜਾ ਸਕਦਾ ਹੈ। ਸ. ਜਸਮੇਰ ਸਿੰਘ ਹੋਠੀ ਨੇ ਗੁਰੂ ਵਾਕ **'ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ'** ਤੋਂ ਪ੍ਰੇਰਿਤ ਹੋ ਕੇ **'ਪਟੀ ਲਿਖੀ'** ਪੁਸਤਕ ਕਲਮਬੱਧ ਕਰਕੇ ਗੁਰਬਾਣੀ ਦੇ ਰਸੀਆਂ ਨੂੰ ਵਡਮੁੱਲਾ ਖਜ਼ਾਨਾ ਬਖ਼ਸ਼ ਕੇ ਗੁਰੂ ਘਰ ਦੀ ਸੇਵਾ ਕੀਤੀ ਹੈ।

ਕੁਝ ਕਾਰਨਾਂ ਕਰਕੇ ਦੇਸ਼ ਵਿਚ ਅਤੇ ਵਿਦੇਸ਼ਾਂ ਵਿਚ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਵੱਲ ਵੱਧ ਰਹੀ ਉਦਾਸੀਨਤਾ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ। ਅਸੀਂ ਸਾਰੇ ਇਸ ਗੱਲ ਤੋਂ ਭਲੀ ਭਾਂਤ ਜਾਣੂੰ ਹਾਂ ਕਿ ਗੁਰਮੁਖੀ ਲਿੱਪੀ ਮਨੁੱਖ ਦੀ ਕ੍ਰਿਤ ਨਹੀਂ, ਇਸ ਦੇ ਪੈਂਤੀ ਅੱਖਰ ਜਗਤ ਬਾਬਾ ਗੁਰੂ ਨਾਨਕ ਸਾਹਿਬ ਨੇ ਦਰਗਾਹ ਤੋਂ ਲਿਆ ਕੇ ਇਸ ਨੂੰ ਸ਼ਬਦ ਦਾ ਰੂਪ ਦਿੱਤਾ ਤੇ **'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥'** ਦਾ ਇਲਾਹੀ ਸੁਨੇਹਾ ਦੇ ਕੇ ਸਮੁੱਚੀ ਮਾਨਵਤਾ ਦਾ ਕਲਿਆਣ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਹਰ ਦ੍ਰਿਸ਼ਟੀਕੋਣ ਤੋਂ ਪੂਰਨਤਾ ਅਤੇ ਕ੍ਰਮ-ਬਧਤਾ ਬਖ਼ਸ਼ੀ। ਪੂਰਾ ਪ੍ਰਭੂ, ਪੂਰਾ ਗੁਰੂ ਤੇ ਪੂਰੀ ਤਰ੍ਹਾਂ ਸਤਿਕਾਰ ਗੁਰਮੁਖੀ ਲਿਪੀ ਦਾ,ਇਸ ਵਿਸ਼ਵਾਸ ਨੂੰ ਦ੍ਰਿੜ੍ਹ ਕਰਵਾਉਣਾ ਵੀ ਇਸ ਪੁਸਤਕ ਦੀ ਦੇਣ ਹੈ।

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥ (ਅੰਗ ੧੪੧੨)

ਲੇਖਕ ਸ. ਜਸਮੇਰ ਸਿੰਘ ਹੋਠੀ ਨੇ ਇਸ ਪੁਸਤਕ ਵਿਚ ਜਿੱਥੇ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਦ੍ਰਿਸ਼ਟਾਇਆ ਹੈ, ਉਥੇ ਗੁਰਮੁਖੀ ਲਿੱਪੀ ਦੀਆਂ ਧੁਨੀਆ ਅਤੇ ਉਚਾਰਨ ਦੀ ਸਪੱਸ਼ਟਤਾ ਨੂੰ ਸਰਲ ਢੰਗ ਨਾਲ ਆਪਣੀ ਲੇਖਣੀ ਦਾ ਹਿੱਸਾ ਬਣਾਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਪਟੀ ਲਿਖੀ, ਪਟੀ, ਬਾਵਨ ਅੱਖਰੀ ਮਹਲਾ ੫ ਤੇ ਬਾਵਨ ਅੱਖਰੀ ਭਗਤ ਕਬੀਰ ਜੀਉ ਕੀ ਤੇ ਦਖਣੀ ਓਅੰਕਾਰ ਬਾਣੀਆਂ ਵਿਚੋਂ ਅੱਖਰਾਂ ਪ੍ਰਤੀ ਉਪਦੇਸ਼ ਡੂੰਘਿਆਈ ਨਾਲ ਵਿਚਾਰਿਆ ਗਿਆ। ਪਾਠਕਾਂ ਨੂੰ ਰਲਦੇ ਮਿਲਦੇ ਭਾਵਾਂ ਦੇ ਸ਼ਬਦਾਂ ਰਾਹੀਂ ਸਰਲਤਾ ਅਤੇ ਸਪੱਸ਼ਟਤਾ ਦੇਣ ਦਾ ਸਫਲ ਯਤਨ ਕੀਤਾ ਗਿਆ ਹੈ। ਜਿਸ ਨੇਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਇਹ ਪੁਸਤਕ ਪਾਠਕਾਂ ਦੀ ਸੇਵਾ ਵਿਚ ਭੇਟ ਕੀਤੀ ਗਈ ਹੈ, ਉਸ ਲਈ ਹੋਠੀ ਜੀ ਵਧਾਈ ਦੇ ਹੱਕਦਾਰ ਹਨ।

ਮੈਨੂੰ ਦਿਲ ਦੀ ਗਹਿਰਾਈਆਂ 'ਚੋਂ ਉਨ੍ਹਾਂ ਦੀ ਇਸ ਲਿਖਤ ਦੀ ਭਰਪੂਰ ਸ਼ਲਾਘਾ ਕਰਦਿਆਂ ਅਤਿਅੰਤ ਖ਼ੁਸ਼ੀ ਹੋ ਰਹੀ ਹੈ। ਗੁਰੂ ਸਾਹਿਬ ਦੇ ਸਨਮੁਖ ਜੋਦੜੀ ਹੈ ਆਪਣੇ ਸੇਵਕ ਦੇ ਸਿਰ 'ਤੇ ਮੇਹਰ ਭਰਿਆ ਹੱਥ ਰੱਖ ਕੇ ਭਵਿੱਖ ਵਿਚ ਗ੍ਰੰਥ ਤੇ ਪੰਥ ਦੀਆਂ ਸੇਵਾਵਾਂ ਲੈਂਦੇ ਰਹਿਣ।

ਪ੍ਰੋ.(ਡਾ.) ਬਲਜਿੰਦਰ ਸਿੰਘ

ਅੰਮ੍ਰਿਤਸਰ

ਅਖਰੀ ਨਾਮੁ ਅਖਰੀ ਸਾਲਾਹ

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਮਹਾਨ ਰਚਨਾ ''ਜਪੁ'' ਸਾਹਿਬ ਵਿਚ ਪ੍ਰਭੂ, ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਕਰਨ ਵਾਸਤੇ ਵੀ, ਉਸ ਦੇ ਨਾਮ ਵਾਸਤੇ ਵੀ ਅੱਖਰਾਂ ਦੀ ਲੋੜ ਹੈ, ਉਸ ਦੀ ਵਡਿਆਈ ਵੀ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਹੈ, ਉਹ ਭਾਵੇਂ ਅੱਖਰ ਲਿਖ ਕੇ ਕਰੀਏ ਜਾਂ ਬੋਲ ਕੇ ਕਰੀਏ। ਇਸ ਬਾਣੀ ਵਿਚ ਗੁਰੂ ਸਾਹਿਬ ਜੀ ਦੇ ਬਚਨ ਹਨ :

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ (ਅੰਗ ੨)

ਗੁਰੂ ਸਾਹਿਬ ਜੀ ਨੇ ਉਸ ਪ੍ਰਮਾਤਮਾ ਨਾਲ ਸਾਂਝ ਪਾਉਣ ਦੀ ਜਾਚ ਦੱਸਦੇ ਹੋਏ ਇਹ ਮਹਾਨ ਪਾਵਨ ਪਵਿੱਤਰ ਬਚਨ ਅੱਖਰਾਂ ਦੇ ਰਾਹੀਂ ਸਾਂਝ ਪਾਉਣ ਬਾਰੇ ਇੰਝ ਦਰਸਾਏ ਹਨ:

ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥

ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥ (ਅੰਗ ੪)

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਮੱਥਾ ਟੇਕਣ ਵਾਸਤੇ ਹੀ ਨਹੀਂ ਹਨ, ਸਗੋਂ ਸਾਡੀ ਅਰਦਾਸ ਹੈ, ਦਸਾਂ ਪਾਤਸ਼ਾਹੀਆਂ ਦੀ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ। ਸੋ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਅਤੇ ਵੀਚਾਰ ਵੀ ਕਰਨੀ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੇਅੰਤ ਸਿਰਲੇਖਾਂ ਹੇਠ ਗੁਰੂ ਸਾਹਿਬਾਨਾਂ, ਭਗਤ ਸਾਹਿਬਾਨਾਂ ਅਤੇ ਗੁਰਸਿੱਖਾਂ ਨੇ ਬਾਣੀ ਉਚਾਰਨ ਕੀਤੀ ਹੈ ਜਿਵੇਂ 'ਕੁਚਜੀ, 'ਸੁਚਜੀ', 'ਗੁਣਵੰਤੀ', 'ਘੋੜੀਆਂ', 'ਅਲਾਹਣੀਆਂ', 'ਸਦੁ' ਆਦਿ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ 22 ਵਾਰਾਂ ਅਤੇ 9 ਧੁਨਾਂ ਉਚਾਰਨ ਕੀਤੀਆਂ ਹਨ।

ਖ਼ੁਸ਼ੀ ਦੀ ਗੱਲ ਹੈ ਕਿ ਬਰਮਿੰਘਮ (ਯੂ.ਕੇ.) ਨਿਵਾਸੀ ਮੇਰੇ ਸਤਿਕਾਰਤ ਵੀਰ ਸ. ਜਸਮੇਰ ਸਿੰਘ ਹੋਠੀ 'ਤੇ ਗੁਰੂ ਸਾਹਿਬ ਨੇ ਕ੍ਰਿਪਾ ਕਰਕੇ ਹੁਣ 8ਵੀਂ ਪੁਸਤਕ ਜਿਸ ਦਾ ਨਾਮ ਬਹੁਤ ਹੀ ਭਾਵ ਪੂਰਵਕ **''ਪਟੀ ਲਿਖੀ ਹੈ''** ਸੰਗਤਾਂ ਦੀ ਸੇਵਾ ਵਿਚ ਲੈ ਕੇ ਆਏ ਹਨ। ਪੁਸਤਕ ਲਿਖਣੀ ਤੇ ਉਹ ਵੀ ਗੁਰਬਾਣੀ ਤੇ, ਬਹੁਤ ਕਠਨ, ਬਹੁਤ ਮਿਹਨਤ ਦਾ ਕੰਮ ਹੈ। ਆਪਣੀ ਕ੍ਰਿਤ ਕਰਦਿਆਂ ਸਮਾਂ ਕੱਢ ਕੇ, ਸੰਗਤਾਂ ਨੂੰ ਗੁਰਮੱਤ ਭਰਪੂਰ ਜਾਣਕਾਰੀ ਦੇਣੀ, ਸਭ ਦੇ ਹਿੱਸੇ ਵਿਚ ਨਹੀਂ ਆਉਂਦੀ। **''ਪਟੀ ਲਿਖੀ''** ਇਸ ਪੁਸਤਕ ਵਿਚ 'ਹੋਠੀ ਜੀ' ਬਹੁਤ ਖੋਜ ਭਰਪੂਰ ਧੰਨ ਗੁਰੂ ਨਾਨਕ ਸਾਹਿਬ ਦੀ ਰਚਨਾ ਅਤੇ ਧੰਨ ਗੁਰੂ ਅਮਰਦਾਸ ਜੀ ਮਹਾਰਾਜ

ਜੀ ਦੀ ਰਚਨਾ ਦੇ ਨਾਲ-ਨਾਲ ਗੁਰਬਾਣੀ ਦੀਆਂ ਉਦਾਹਰਨਾਂ ਦੇ ਕੇ ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ ਹੈ। ਪੁਸਤਕ "**ਪਟੀ ਲਿਖੀ**" ਬਹੁਤ ਹੀ ਸ਼ਾਲਾਘਾਯੋਗ ਹੈ, ਬਹੁਤ ਮਿਹਨਤ ਕਰਕੇ ਲਿਖੀ ਗਈ ਹੈ।

ਇਸ ਪੁਸਤਕ ਵਿਚ ਹੋਰ ਬਹੁਤ ਸਾਰੇ ਅੱਛੇ ਵਿਚਾਰਾਂ ਦੇ ਨਾਲ-ਨਾਲ ਜੋ ਗੁਰਮੁਖੀ ਦੇ ਅੱਖਰ ਕਿਵੇਂ ਲਿਖਣੇ ਹਨ ਤੇਂ ਬਹੁਤ ਸਰਲ ਤਰੀਕੇ ਨਾਲ ਗੁਰਮੁਖੀ ਅੱਖਰਾਂ ਨਾਲ ਹੀ ਦਰਸਾਇਆ ਗਿਆ ਹੈ, ਇਹ ਬਹੁਤ ਹੀ ਖਾਸੀਅਤ ਹੈ ਜੋ ਪਹਿਲਾਂ ਕਦੇ ਦਿਖਾਈ ਨਹੀਂ ਦਿਤੀ।

ਕ੍ਰਿਪਾ ਕਰਕੇ ਸਾਰੇ ਬਹੁਤ ਪਿਆਰ ਨਾਲ ਪੜ੍ਹ ਕੇ, ਮੇਰੇ ਪਿਆਰੇ ਵੀਰ ਸ. ਜਸਮੇਰ ਸਿੰਘ ਹੋਠੀ ਨੂੰ ਅਸੀਸ ਦੇਣੀ। ਵਿਸ਼ੇਸ਼ ਤੌਰ 'ਤੇ ਸ. ਜਸਮੇਰ ਸਿੰਘ ਹੋਠੀ ਜੀ ਦੀ ਸੁਪਤਨੀ ਅਤੇ ਮੇਰੀ ਭੈਣ ਹਰਭਜਨ ਕੌਰ 'ਤੇ ਵੀ ਇਹ ਸਨਮਾਨ ਦਾ ਸਿਹਰਾ ਜਾਂਦਾ ਹੈ ਜੋ ਕਿ ਹਮੇਸ਼ਾਂ ਸਾਡੇ ਵੀਰ ਜੀ ਦਾ ਸਾਥ ਦਿੰਦੇ ਹਨ।

ਅਰਦਾਸ ਹੈ ਕਿ ਵਾਹਿਗੁਰੂ ਜੀ ਅੱਗੋਂ ਆਉਣ ਵਾਲੇ ਸਮੇਂ ਵਿਚ ਵੀ ਹੋਠੀ ਜੀ ਕੋਲੋਂ ਇਸੇ ਤਰ੍ਹਾਂ ਥਾਪੜਾ ਦੇ ਕੇ ਸੇਵਾਵਾਂ ਲੈਂਦੇ ਰਹਿਣ।

ਗੁਰੂ ਪੰਥ ਦਾ ਦਾਸ
ਗਿਆਨੀ ਮਹਿੰਦਰ ਸਿੰਘ 'ਹਮਦਰਦ'
(ਹੈੱਡ ਪ੍ਰਚਾਰਕ ਗੁਰੂ ਲਾਧੋ ਰੇ ਸੁਸਾਇਟੀ ਯੂ.ਕੇ.)

ਸ਼ੁਕਰਾਨਾ

ਅੱਖਰਾਂ ਵਿਚ ਲਿਖਣ ਤੋਂ ਬਿਨਾਂ ਕਿਸੇ ਲਿੱਪੀ ਬੋਲੀ ਦਾ ਲੰਬੇ ਸਮੇਂ ਲਈ ਕਾਇਮ ਰਹਿਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਅੱਖਰਾਂ ਦੇ ਜੋੜ ਨਾਲ ਹੀ ਪ੍ਰਭੂ ਜੀ ਦੇ ਗਿਆਨ ਦੀ ਸੋਝੀ ਹੁੰਦੀ ਹੈ। ਅੱਖਰਾਂ ਦੇ ਲਿਖਣ ਬੋਲਣ ਨਾਲ ਹੀ ਬਾਣੀ ਦਾ ਪਤਾ ਚਲਦਾ ਹੈ। ਵੇਦ ਸ਼ਾਸਤ੍ਰ ਸਿਮ੍ਰਤੀਆਂ ਤੇ ਪੁਰਾਨ ਅੱਖਰਾਂ ਦੀ ਬਣਤਰ ਨਾਲ ਲਿਖਣ ਕਰਕੇ ਹੀ ਕਾਇਮ ਹਨ। ਆਵਾਜ਼ ਤੇ ਸੰਗੀਤ ਦੀ ਧੁਨੀ ਤੇ ਬੰਦਿਸ਼ ਵੀ ਅੱਖਰਾਂ ਦੁਆਰਾ ਹੀ ਜਾਣੀ ਸਮਝੀ ਜਾਂਦੀ ਹੈ। ਪਿਆਰੇ ਪਿਆਰੇ ਗੀਤ ਤੇ ਕਵਿਤਾਵਾਂ ਵੀ ਅੱਖਰਾਂ ਦੀ ਸੁਚੱਜੀ ਵਰਤੋਂ ਨਾਲ ਹੀ ਸਿਰਜੀਆਂ ਜਾਂਦੀਆਂ ਨੇ। ਨਾਮ ਦਾ ਪਹਿਲਾ ਅੱਖਰ (Initial ਇਨਿਸ਼ਲ) ਬਹੁਤ ਵਿਅਕਤੀ ਇਸ ਦੀ ਖਾਸੀਅਤ ਸਮਝ ਕੇ ਲਿਖਤੀ ਰੂਪ ਵਿਚ ਲਿਆਉਂਦੇ ਹਨ ਜੋ ਕਿ ਚਾਬੀਆਂ ਦੇ ਛੱਲੇ ਤੋਂ ਇਲਾਵਾ ਗਹਿਣਿਆਂ ਆਦਿ ਉੱਪਰ ਵੀ ਉਕਰਾਏ ਖੁਦਵਾਏ ਜਾਂਦੇ ਹਨ। ਬਟੂਏ, ਪਰਸ ਤੋਂ ਇਲਾਵਾ ਘਰ ਦੇ ਅੱਗੇ ਨੇਮ ਪਲੇਟ (ਨਾਂ ਪਟੀ) ਦੇਖਣ ਨੂੰ ਮਿਲਦੇ ਹਨ। ਗਲ ਕੀ ਹਰ ਇਕ ਵਸਤੂ ਸੰਸਥਾ, ਦੇਸ਼ ਆਦਿ ਦੇ ਨਾਮ ਅੱਖਰਾਂ ਵਿਚ ਲਿਖੇ ਜਾਂਦੇ ਹਨ।

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ (ਅੰਗ ੨੬੧)

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਅੱਖਰਾਂ ਦੁਆਰਾ, ਅੱਖਰਾਂ ਵਿਚ ਹੀ ਪ੍ਰਭੂ ਜੀ ਨੇ ਤਿੰਨ ਭਵਨ ਸਥਾਪਿਤ ਕਰਕੇ ਟਿਕਾਏ ਹਨ।

ਜ਼ੁਬਾਨੀ ਕੀਤੇ ਵਾਇਦੇ ਕੋਈ ਘਟ ਹੀ ਕੀਮਤ ਰੱਖਦੇ ਹਨ ਜਦ ਤੱਕ ਕਿ ਅੱਖਰਾਂ ਵਿਚ ਲਿਖੇ ਨਾ ਜਾਣ। ਇਸੇ ਤਰ੍ਹਾਂ ਹੀ ਦਸਖਤਾਂ ਤੋਂ ਬਿਨਾਂ (ਸੱਖਣੇ) ਸੰਧੀ ਤੇ ਇਕਰਾਰਨਾਮੇ ਵਿਅਰਥ ਹੀ ਹੁੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗੁਰਬਾਣੀ ਦੇ ਲਈ ਗੁਰਮੁਖੀ ਲਿੱਪੀ ਦਾ ਨਿਰਮਾਣ ਕੀਤਾ ਤੇ ਗੁਰਬਾਣੀ ਵਿਚ ਅੱਖਰਾਂ ਦੀ ਮਹਾਨਤਾ ਬਿਆਨ ਕੀਤੀ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਇਨ੍ਹਾਂ ਅੱਖਰਾਂ ਨੂੰ ਕ੍ਰਮਬੰਧਤਾ ਬਖਸ਼ੀ ਤੇ ਸਾਰੇ ਹੀ ਗੁਰੂ ਸਾਹਿਬ ਜੀ ਨੇ ਇਸ ਸੌਖੀ ਲੋਕ-ਬੋਲੀ ਨੂੰ ਤਰੱਕੀ ਦੇ ਕੇ ਆਮ ਜਨਤਾ ਵਿਚ ਇਸ ਲਿੱਪੀ, ਬੋਲੀ ਨੂੰ ਉਤਸ਼ਾਹਿਤ ਕੀਤਾ। ਇਹ ਗੁਰਮੁਖੀ ਲਿੱਪੀ ਗੁਰੂ-ਕਾਲ ਸਮੇਂ ਬਹੁਤ ਹੀ ਲੋਕਪ੍ਰਿਯ ਹੋਈ। ਦੇਖੀਏ ਤਾਂ ਦੁਨੀਆਂ ਵਿਚ ਕਈ ਐਸੀਆਂ ਪੁਰਾਤਨ ਲਿਖਤਾਂ ਮਿਲਦੀਆਂ ਹਨ ਜਿਨ੍ਹਾਂ ਨੂੰ ਇਸ ਸਮੇਂ ਤੱਕ ਵੀ ਲਿੱਪੀ, ਬੋਲੀ ਦੇ ਮਾਹਿਰ ਪੜ੍ਹਨ ਵਿਚ ਅਸਫਲ ਰਹੇ ਹਨ।

ਸਤਿਗੁਰੂ ਜੀ ਨੇ ਰੂਹਾਨੀ ਉਪਦੇਸ਼ ਗੁਰਮੁਖੀ ਲਿੱਪੀ ਦੇ ਸਰਲ ਅੱਖਰਾਂ ਵਿਚ ਪ੍ਰੋ ਕੇ ਮਨੁੱਖਤਾ ਦੇ ਭਲੇ ਹਿਤ ਹਮੇਸ਼ਾ ਲਈ ਟਿਕਾ ਦਿੱਤਾ। ਹੋਰ ਕਈ ਭਾਸ਼ਾਵਾਂ ਦੀ ਤਰ੍ਹਾਂ ਗੁਰਮੁਖੀ ਦਾ ਕੋਈ ਵੀ ਅੱਖਰ ਗੁੰਝਲਦਾਰ ਨਹੀਂ ਹੈ। ਪੁਰਾਤਨ ਭਾਸ਼ਾ ਸਬੰਧੀ ਗਤੀਵਿਧੀਆਂ ਲਿਖ ਕੇ ਵਰਤਮਾਨ ਤੇ ਭਵਿੱਖ ਦੀ ਵੀ ਕੁਝ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਪੁਸਤਕ ਦਾ

ਸਿਰਲੇਖ "**ਪਟੀ ਲਿਖੀ**" ਲਿਖਿਆ ਗਿਆ ਹੈ ਪਰ ਅੱਖਰਾਂ ਪ੍ਰਤੀ ਪੰਜ ਬਾਣੀਆਂ ਪਟੀ ਲਿਖੀ, ਪਟੀ, ਦਖਣੀ ਓਅੰਕਾਰ, ਗਉੜੀ ਬਾਵਨ ਅਖਰੀ ਮਹਲਾ ੫ ਤੇ ਰਾਗੁ ਗਉੜੀ ਪੂਰਬੀ ਬਾਵਨ ਅਖਰੀ ਭਗਤ ਕਬੀਰ ਜੀਉ ਕੀ ਦਾ ਵਿਚਾਰ ਕਰਨ ਦਾ ਯਤਨ ਕੀਤਾ ਹੈ।

ਗੁਰੂ ਸਾਹਿਬ ਜੀ ਤੇ ਭਗਤ ਕਬੀਰ ਜੀ ਨੇ ਜਿਸ-ਜਿਸ ਅੱਖਰ ਦਾ ਰੂਹਾਨੀ ਉਪਦੇਸ਼ ਬਖ਼ਸ਼ਿਆ ਹੈ, ਉਸੇ ਅੱਖਰ ਦੁਆਰਾ ਸ਼ੁਰੂ ਹੁੰਦੇ ਕਈ ਇਕ ਸ਼ਬਦ ਉਪਦੇਸ਼ਾਂ ਵਿਚ ਵਰਤੇ ਹਨ। ਇਸੇ ਤੋਂ ਸੇਧ ਲੈ ਕੇ ਪੈਂਤੀ ਦੇ ਅੱਖਰਾਂ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਦਰਜ ਕੀਤੇ ਹਨ। ਕਿਤੇ ਕਿਤੇ ਇਤਿਹਾਸਕ ਸਾਖੀ ਨੂੰ ਵੀ ਨਾਲ ਜੋੜਿਆ ਗਿਆ ਹੈ।

ਪੈਂਤੀ ਦਾ ਇਕੱਲਾ-ਇਕੱਲਾ ਅੱਖਰ ਕਿਵੇਂ ਲਿਖਿਆ ਜਾਂਦਾ ਹੈ ਉਹ ਇਕ ਨਿਵੇਕਲੇ ਤਰੀਕੇ ਨਾਲ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਬਾਣੀ ਵਿਚੋਂ ਅੱਖਰੀ ਬਾਣੀਆਂ ਦੇ ਉਪਦੇਸ਼ ਦੇ ਨਾਲ-ਨਾਲ ਹੋਰ ਕੁਝ ਫ਼ੁਰਮਾਨਾਂ ਦਾ ਵੀ ਵੀਚਾਰ ਕੀਤਾ ਗਿਆ ਹੈ ਤਾਂ ਕਿ ਮਤਲਬ, ਅਰਥ ਹੋਰ ਸਪੱਸ਼ਟ ਹੋ ਸਕਣ, ਇਸ ਲਈ ਇਹ ਉਦਾਹਰਣਾਂ ਦਿੱਤੀਆਂ ਹਨ। ਇਨ੍ਹਾਂ ਪੰਜੇ ਹੀ ਬਾਣੀਆਂ ਦੀ ਕ੍ਰਮਬਧਤਾ, ਬਣਤਰ ਦੇ ਨਾਲ ਗੁਰਮੁਖੀ ਪੈਂਤੀ ਦੀ ਮੁਹਾਰਨੀ ਆਦਿ ਵੀ ਦਰਜ ਕੀਤੀ ਹੈ।

ਗੁਰਮੁਖੀ ਲਿੱਪੀ, ਪੰਜਾਬੀ ਸਾਰੀਆਂ ਭਾਸ਼ਾਵਾਂ ਦੇ ਲਿਖਣ ਵਿਚ ਪੂਰਨ ਸਮਰਥਾ ਰੱਖਦੀ ਹੈ ਪਰ ਬਹੁਤਿਆਂ ਵਲੋਂ ਇਸ ਬੋਲੀ ਨਾਲ ਮਾਂ-ਬੋਲੀ ਨਾਲ ਮਤ੍ਰੇਈ ਮਾਂ ਵਰਗਾ ਸਲੂਕ ਹੋ ਰਿਹਾ ਹੈ। ਓਪਰਿਆਂ ਦੀਆਂ ਗੱਲਾਂ ਤਾਂ ਛੱਡੋ ਕਈ ਸਿੱਖ ਘਰਾਂ ਵਿਚ ਵੀ ਬਣਦਾ ਸਤਿਕਾਰ ਨਹੀਂ ਮਿਲ ਰਿਹਾ। ਪੰਜਾਬੀ ਬੋਲਣ ਵਿਚ ਸਭ ਅੱਜ ਕੱਲ ਅੰਗ੍ਰੇਜ਼ੀ ਦੇ ਸ਼ਬਦਾਂ ਦਾ ਸਹਾਰਾ ਲੈਂਦੇ ਹਨ ਜਦ ਕਿ ਉਸ ਸ਼ਬਦ ਨੂੰ ਬੋਲਣ ਲਈ ਪੰਜਾਬੀ ਵਿਚ ਕਈ ਸ਼ਬਦ ਉਪਲਬਧ ਹੁੰਦੇ ਹਨ। ਕੀ ਤੁਸੀਂ ਪੰਜਾਬੀ ਕੋਸ਼ ਜਾਂ ਡਿਕਸ਼ਨਰੀ ਨੂੰ ਕਦੀ ਜਾਂਚਿਆ ਹੈ? ਮੋਬਾਇਲ ਤੇ ਹੋਰ ਬਿਜਲਈ ਯੰਤਰਾਂ ਦਾ ਰੁਝਾਨ ਜ਼ਿੰਦਗੀ ਵਿਚ ਤਕਰੀਬਨ ਹਰ ਕੋਈ ਇਸ ਜਾਲ ਵਿਚ ਫਸਿਆ ਹੋਇਆ ਦਿਖਾਈ ਦੇ ਰਿਹਾ ਹੈ। ਜਿਸ ਤਰ੍ਹਾਂ ਭਗਤ ਸ੍ਰੀ ਕਬੀਰ ਜੀ ਦਾ ਫ਼ੁਰਮਾਨ ਹੈ :

ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥

(**ਅੰਗ ੩੩੧**)

ਕੁਝ ਸੁਝਾਅ ਦਿੱਤੇ ਹਨ। ਕਈ ਵਿਅਕਤੀ ਤੇ ਕੁਝ ਕੁ ਸੰਸਥਾਵਾਂ ਇਸ ਕਾਰਜ ਗੁਰਮੁਖੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਕਾਰਜ ਵਿਚ ਬਹੁਤ ਯਤਨਸ਼ੀਲ ਹਨ। ਸਤਿਗੁਰੂ ਜੀ ਹੋਰ ਵੀ ਚੜ੍ਹਦੀਆਂ ਕਲਾਂ ਬਖਸ਼ਣ। ਅਜੋਕੇ ਸਮੇਂ ਦੀਆਂ ਮੁਸ਼ਕਲਾਂ, ਸਿਆਸੀ ਲੀਡਰਾਂ ਦੀਆਂ ਕੋਝੀਆਂ ਚਾਲਾਂ ਸਾਡੀ ਜ਼ਿੰਮੇਵਾਰੀ ਵਿਚ ਹੋਰ ਵੀ ਵਾਧਾ ਕਰਦੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਪਾਰ ਬਖ਼ਸ਼ਿਸ਼ ਕਰਕੇ ਇਹ ਪੁਸਤਕ "**ਪਟੀ ਲਿਖੀ**" ਲਿਖਵਾ ਲਈ ਹੈ। ਲਿੱਪੀ, ਭਾਸ਼ਾ ਬਾਰੇ ਸਭ ਕਿਛੁ ਜਾਣ ਲੈਣਾ ਅਤਿ ਕਠਿਨ ਹੈ ਤੇ ਉਸ ਨੂੰ ਬਿਆਨ ਕਰਨਾ ਵੀ ਇਸੇ ਤਰ੍ਹਾਂ ਹੀ ਹੈ। ਪਹਿਲੀਆਂ ਮੇਰੀਆਂ ਲਿਖੀਆਂ ਪੁਸਤਕਾਂ

ਦੀ ਤੁਲਨਾਂ ਮੁਕਾਬਲੇ ਇਸ ਪੁਸਤਕ ਨੂੰ ਲਿਖਣ ਵਿਚ ਜ਼ਿਆਦਾ ਸਮਾਂ ਲੱਗਾ ਹੈ। ਹਰੇਕ ਲਿਖਾਰੀ ਚਾਹੁੰਦਾ ਹੈ ਕਿ ਮੈਂ ਸੰਗਤਾਂ, ਦੁਨੀਆਂ ਦੇ ਸਨਮੁਖ ਲਿਖ ਕੇ ਹੀਰੇ ਮੋਤੀ ਭੇਟ ਕਰਾਂ ਤੇ ਸਤਿਗੁਰੂ ਜੀ ਦੀ ਪ੍ਰਸੰਨਤਾ ਮਿਲੇ।

ਮੈਂ ਸ੍ਰ. ਪ੍ਰਿਤਪਾਲ ਸਿੰਘ ਅਹੂਜਾ ਐੱਸ.ਕੇ ਐੱਸ ਕੰਪਿਊਟਰ ਲਿੰਕਸ ਅੰਮ੍ਰਿਤਸਰ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਸਹਿਯੋਗ ਦਿੱਤਾ ਹੈ ਤੇ ਹਰ ਸਮੇਂ ਹਰ ਤਰ੍ਹਾਂ ਅਗਵਾਈ ਤੇ ਮਦਦ ਕਰਨ ਲਈ ਤਤਪਰ ਰਹਿੰਦੇ ਹਨ। ਮੈਂ ਪ੍ਰੋ. (ਡਾ.) ਬਲਜਿੰਦਰ ਸਿੰਘ ਜੀ ਤੇ ਗਿਆਨੀ ਮਹਿੰਦਰ ਸਿੰਘ ਜੀ ਹਮਦਰਦ ਦਾ ਅਤੀ ਧੰਨਵਾਦੀ ਹਾਂ ਜਿੰਨ੍ਹਾਂ ਨੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਪਟੀ ਲਿਖੀ ਪੁਸਤਕ ਪੜ੍ਹ ਕੇ ਆਪਣੇ ਵਿਚਾਰ ਦਰਸਾਏ ਹਨ ਅਤੇ ਅਸੀਸ ਦਿਤੀ ਹੈ। ਸ੍ਰੀ ਗੁਰਦਿਆਲ ਸਿੰਘ ਜੀ ਰੰਧਾਵਾ ਦਾ ਧੰਨਵਾਦ ਹੈ ਜੋ ਹਮੇਸ਼ਾ ਸਹਿਯੋਗ ਦਿੰਦੇ ਹਨ। ਬੀਬੀ ਸੁਰਿੰਦਰ ਕੌਰ ਸਿਧੂ ਤੇ ਬੀਬੀ ਜਸਵਿੰਦਰ ਕੌਰ ਦੇ ਪਰਿਵਾਰਾ ਦਾ ਧੰਨਵਾਦ ਹੈ ਇੰਨ੍ਹਾਂ ਨੇ ਪਟੀ ਲਿਖੀ ਪੁਸਤਕ ਵਿਚ ਯੋਗਦਾਨ ਪਾਇਆ ਹੈ। ਸ੍ਰ. ਜਗਮੀਤ ਸਿੰਘ ਜੀ ਪਟਿਆਲਾ,ਸ੍ਰ. ਫਕੀਰ ਸਿੰਘ ਜੀ, ਸ੍ਰ. ਸੁਰਿੰਦਰਜੀਤ ਸਿੰਘ ਜੀ ਉੜੀਸਾ ਤੋਂ ਸੁਚਜੀ ਅਗਵਾਈ ਕਰਦੇ ਹਨ ਦਾ ਧੰਨਵਾਦ ਹੈ ਜੋ ਹਮੇਸ਼ਾ ਸਹੀ ਪ੍ਰੇਰਨਾ ਦੇਂਦੇ ਹਨ।

ਧੰਨਵਾਦ ਸਹਿਤ ਡਾ. ਸੇਵਕ ਸਿੰਘ ਜੀ ਦੇ ਲੈਕਚਰ ਵਿਚੋਂ ਕੁਝ ਅੰਸ਼ ਲਏ ਗਏ ਨੇ। ਇਸੇ ਤਰ੍ਹਾਂ ਧੰਨਵਾਦ ਸਹਿਤ ਕੁਝ ਕਿਤਾਬਾਂ ਵਿਚੋਂ, ਸੂਚੀ ਅਖੀਰ 'ਤੇ ਦਿੱਤੀ ਗਈ ਹੈ।

ਆਪ ਜੀ ਨੂੰ ਇਹ ਪੁਸਤਕ ਕੈਸੀ ਲੱਗੀ? ਆਪ ਜੀ ਨੇ ਆਪਣੇ ਖਿਆਲਾਤ ਡਾਕ ਜਾਂ ਈ ਮੇਲ ਰਾਹੀਂ ਦਰਸਾਉਣੇ ਜੀ (ਐਡਰੈਸ ਸ਼ੁਰੂ ਵਿਚ ਲਿਖੇ ਹੋਏ ਹਨ)। ਸ਼ੁਕਰਾਨੇ ਦੀ ਸੰਪੂਰਨਤਾ ਦੇ ਨਾਲ ਮੈਂ ਬੇਅੰਤ ਹੋਈਆ ਭੁੱਲਾਂ ਤੇ ਕਮਜ਼ੋਰੀਆਂ ਦੀ ਗੁਰੂ ਸਾਹਿਬ ਜੀ ਤੇ ਸੰਗਤ ਤੋਂ ਖਿਮਾ ਯਾਚਨਾ ਕਰਦਾ ਹਾਂ ਜੀ।

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ॥ (ਅੰਗ ੧੭੧)

ਧੰਨਵਾਦ ਸਹਿਤ

ਜਸਮੇਰ ਸਿੰਘ ਹੋਠੀ

ਫਰਵਰੀ 2026

ਪਟੀ ਲਿਖੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਪਟੀਆਂ ਅੰਕਿਤ ਹਨ ਜੋ ਕਿ ਅੱਖਰਾਂ ਦੁਆਰਾ ਸਤਿਗੁਰੂ ਜੀ ਸਾਰੀ ਲੋਕਾਈ ਨੂੰ ਉਪਦੇਸ਼ ਬਖ਼ਸ਼ਦੇ ਹਨ। ਪਹਿਲੀ ਦਾ ਸਿਰਲੇਖ ਹੈ ਰਾਗੁ ਆਸਾ ਮਹਲਾ ੧ ਪਟੀ ਲਿਖੀ ਜੋ ਕਿ ਪਵਿੱਤਰ ਅੰਗਾਂ ੪੩੨-੪੩੪ ਦੇ ਉੱਪਰ ਸੁਭਾਇਮਾਨ ਹੈ ਤੇ ਇਸ ਤੋਂ ਬਾਅਦ ਹੀ ਰਾਗੁ ਆਸਾ ਮਹਲਾ ੩ ਪਟੀ ਜੋ ਕਿ ੪੩੪-੪੩੫ ਅੰਗਾਂ ਉੱਪਰ ਸੁਭਾਇਮਾਨ ਹੈ। ਇਹ ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੇ ਸਤਿਗੁਰੂ ਸ੍ਰੀ ਅਮਰਦਾਸ ਸਾਹਿਬ ਜੀ ਦੀ ਉਚਾਰੀ ਹੋਈ ਬਾਣੀ ਹੈ। ਰਾਗੁ ਆਸਾ ਦੇ ਵਿਚ ਅੰਕਿਤ ਇਸ ਬਾਣੀ ਦੇ ਉਪਦੇਸ਼ਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਨਾਲ ਹੀ ਪਟੀ ਦਾ ਪਿਛੋਕੜ ਗੁਰਮੁਖੀ ਭਾਸ਼ਾ ਦਾ ਪ੍ਰਾਰੰਭ, ਪੰਜਾਬੀ ਬੋਲੀ (ਮਾਂ ਬੋਲੀ) ਦਾ ਪਿਛੋਕੜ, ਵਰਤਮਾਨ ਤੇ ਭਵਿੱਖ ਵੀਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਅੱਖਰਾਂ ਬਾਬਤ ਹੋਰ ਵੀ ਕਈ ਫ਼ੁਰਮਾਨ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਨੂੰ ਵੀ ਘੋਖਣ ਦਾ, ਸਮਝਣ ਦਾ ਯਤਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਅੱਖਰਾਂ ਦੁਆਰਾ ਬਾਣੀਆਂ ਬਾਵਨ ਅਖਰੀ ਮਹਲਾ ੫ ਤੇ ਭਗਤ ਕਬੀਰ ਜੀ ਤੇ ਦਖਣੀ ਓਅੰਕਾਰ ਬਾਣੀ ਦੀ ਵੀ ਵੀਚਾਰ ਕੀਤੀ ਜਾਵੇਗੀ।

ਬੋਲੀ ਕਿਸੇ ਵੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੀ ਹੈ। ਵਰਤਮਾਨ ਦੁਨੀਆਂ ਵਿਚ ਕੋਈ ਵੀ ਐਸਾ ਸਮੂਹ ਨਹੀਂ ਜਿਸ ਕੋਲ ਭਾਖਾ (ਬੋਲੀ) ਨਹੀਂ ਪਰ ਐਸੇ ਸੈਂਕੜੇ ਕਬੀਲੇ ਜਾਂ ਭਾਈਚਾਰੇ ਹਨ ਜਿਨ੍ਹਾਂ ਕੋਲ ਆਪਣੀ ਬੋਲੀ ਲਈ ਲਿੱਪੀ ਨਹੀਂ ਹੈ। ਤਕਰੀਬਨ ਹਰੇਕ ਲਿੱਪੀ ਦੀ ਸਿਰਜਣਾ/ਉਪਜ ਪਿੱਛੇ ਧਾਰਮਿਕ ਪ੍ਰੇਰਣਾ ਕੰਮ ਕਰਦੀ ਰਹੀ ਹੈ ਤੇ ਇਸ ਤਰ੍ਹਾਂ ਹਰੇਕ ਲਿੱਪੀ ਦਾ ਮੁੱਢ ਕਿਸੇ ਧਾਰਮਿਕ ਪ੍ਰੰਪਰਾ ਨਾਲ ਜੁੜਿਆ ਹੋਇਆ ਹੈ। ਧਰਮ ਸਬੰਧਿਤ ਭਾਸ਼ਾਵਾਂ ਲਈ ਲਿੱਪੀਆਂ ਦੀ ਸੁਰੱਖਿਆ ਢਾਲ/ਕਵਚ ਬਣਦਾ ਆਇਆ ਹੈ।

ਪਟੀ ਨੂੰ ਅੱਧਕ ਸਹਿਤ ਪੱਟੀ ਬੋਲਣਾ ਹੈ। ਇਸ ਪਟੀ ਨਾਮੇ ਬਾਣੀ ਦੀ ਉਥਾਨਕਾ ਦੋ ਰੂਪਾਂ ਵਿਚ ਮਿਲਦੀ ਹੈ। ਇਕ ਜਨਮ ਸਾਖੀ ਭਾਈ ਬਾਲੇ ਵਾਲੀ ਤੇ ਦੂਸਰੀ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਕ੍ਰਿਤ ਭਾਈ ਸੰਤੋਖ ਸਿੰਘ ਜੀ। ਇਨ੍ਹਾਂ ਵਿਚ ਭਾਵੇਂ ਬਹੁਤਾ ਜ਼ਿਆਦਾ ਫਰਕ ਨਹੀਂ ਹੈ, ਪਰ ਕਿਤੇ-ਕਿਤੇ ਕੁਝ ਗੱਲਾਂ ਦਾ ਫਰਕ ਹੈ। ਕਈ ਵਿਦਵਾਨ ਉਥਾਨਕਾ ਨਾਲ ਸਹਿਮਤ ਨਹੀਂ। ਸਤਿਗੁਰੂ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨੇੜੇ ਹੀ ਪੱਟੀ ਸਾਹਿਬ ਗੁਰਦੁਆਰਾ ਹੈ ਤੇ ਇਹ ਗੋਪਾਲ ਪਾਂਧੇ ਦਾ ਘਰ ਸੀ। ਗੋਪਾਲ ਪਾਂਧਾ ਤੇ ਇਸ ਦਾ ਭਰਾ ਬਿਰਜਨਾਥ ਦੋਵੇਂ ਬੱਚਿਆਂ ਨੂੰ ਵਿੱਦਿਆ ਪੜ੍ਹਾਇਆ ਕਰਦੇ ਸਨ। ਮਹਿਤਾ ਕਲਿਆਣ

ਚੰਦ ਜੀ ਨੇ ਸ਼ੱਕਰ ਦਾ ਥਾਲ ਭਰਿਆ ਤੇ ਪੰਜ ਰੁਪਏ ਚਾਂਦੀ ਦੇ ਨਾਲ ਰੱਖੇ ਤੇ ਗੋਪਾਲ ਪਾਂਧੇ ਦੀ ਪਾਠਸ਼ਾਲਾ ਵਿਚ ਲੈ ਆਂਦਾ। ਗੋਪਾਲ ਪਾਂਧਾ ਭੇਟਾ ਦੇਖ ਕੇ ਬਹੁਤ ਪ੍ਰਸੰਨ ਹੋਇਆ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਿਹਰੇ ਵੱਲ ਦੇਖ ਕੇ ਪਾਠਸ਼ਾਲਾ ਦੇ ਬੱਚੇ ਵੀ ਖਿੜ ਗਏ ਜਿਵੇਂ ਸੂਰਜ ਨੂੰ ਦੇਖ ਕੇ ਕਮਲ ਖਿੜਦਾ ਹੈ। ਮਹਿਤਾ ਕਲਿਆਣ ਚੰਦ ਜੀ ਨੇ ਪਾਂਧੇ ਨੂੰ ਬੇਨਤੀ ਕੀਤੀ ਕਿ ਮੇਰੇ ਪੁੱਤਰ ਨੂੰ ਚੰਗੀ ਤਰ੍ਹਾਂ ਪੜ੍ਹਾਉਣਾ। ਪਾਂਧੇ ਨੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਦਿਵਾਉਂਦਿਆਂ ਕਿਹਾ ਕਿ ਮਹਿਤਾ ਜੀ, ਤੁਸੀਂ ਚਿੰਤਾ ਨਾ ਕਰੋ। ਗੁਰੂ ਜੀ ਨੂੰ ਪਾਂਧੇ ਕੋਲ ਛੱਡ ਕੇ ਮਹਿਤਾ ਜੀ ਵਾਪਸ ਘਰ ਪਰਤੇ। ਪਹਿਲੇ ਦਿਨ ਪਾਂਧੇ ਨੇ ਪਹਾੜੇ ਆਦਿ ਪੜ੍ਹਨ ਦਾ ਉਪਦੇਸ਼ ਦਿੱਤਾ। ਸਤਿਗੁਰੂ ਜੀ ਪਾਂਧੇ ਦਾ ਮਾਣ ਰੱਖਣ ਵਾਸਤੇ ਪੜ੍ਹਨ ਦਾ ਪ੍ਰਭਾਵ ਦਿੱਤਾ, ਇਸ ਤੇ ਪਾਂਧਾ ਪ੍ਰਸੰਨ ਹੋਇਆ। ਅਗਲੇ ਦਿਨ ਫਿਰ ਪਾਠਸ਼ਾਲਾ ਵਿਚ ਪਹੁੰਚੇ ਤਾਂ ਪਾਂਧਾ ਜੀ ਉਪਦੇਸ਼ ਦੇਣ ਲੱਗੇ ਕਿ ਉਚਾਰਨ ਕਰੋ (ਨਮੋ ਸ਼ਾਰਦਾ ਸਵਸਥ) ਤਾਂ ਗੁਰੂ ਜੀ ਚੁੱਪ ਰਹੇ। ਪਾਂਧੇ ਨੇ ਇਤਰਾਜ ਕਰਦਿਆਂ ਕਿਹਾ ਕਿ ਕੱਲ੍ਹ ਤਾਂ ਬੜਾ ਸੋਹਣਾ ਪੜ੍ਹ ਰਹੇ ਸੀ, ਅੱਜ ਕੀ ਹੋ ਗਿਆ? ਇਹ ਸਰੁਸਤੀ ਦਾ ਮੰਗਲ ਹੈ, ਉਸ ਨੂੰ ਨਮਸਕਾਰ ਕਰਨ ਨਾਲ ਵਿੱਦਿਆ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬ ਜੀ ਨੇ ਆਪਣਾ ਵਿਸ਼ਵਾਸ ਤੇ ਸਿੱਖ ਧਰਮ ਦੀ ਨੀਂਹ ਜੋ ਅਕਾਲ ਪੁਰਖ ਦੇ ਵਿਸ਼ਵਾਸ 'ਤੇ ਰੱਖੀ ਹੋਈ ਹੈ ਕਿ ਕਿਸੇ ਦੇਵੀ ਦੇਵਤੇ ਦਾ ਪੂਜਨ ਨਹੀਂ ਕਰਨਾ ਕੇਵਲ ਕਰਤਾਰ ਦੀ ਹੀ ਪੂਜਾ ਕਰਨੀ ਹੈ। ਇਸ ਲਈ ਕਿਹਾ ਕਿ ਮੈਂ ਕਿਸੇ ਦੇਵੀ ਦੇਵਤੇ ਦੇ ਤਰਲੇ ਲੈ ਕੇ ਵਿੱਦਿਆ ਆਰੰਭ ਨਹੀਂ ਕਰਨਾ ਚਾਹੁੰਦਾ। ਰਹੀ ਗੱਲ 'ਓਮ' ਸ਼ਬਦ ਦੀ ਇਹ ਜੋ ਅੱਖਰਾਂ ਦੀ ਵਰਣਮਾਲਾ ਹੈ ਕਿਹੜੇ ਅੱਖਰ ਦਾ ਕੀ ਭਾਵ ਹੈ, ਪਾਂਧਾ ਜੀ ਮੇਹਰਬਾਨੀ ਕਰ ਕੇ ਦੱਸੋਗੇ। ਪਾਂਧਾ ਸੁਣ ਕੇ ਬਹੁਤ ਅਸਚਰਜ ਹੋਇਆ ਤੇ ਪੁੱਛਣ ਲੱਗਾ ਕਿ ਤੁਹਾਨੂੰ ਅੱਖਰਾਂ ਦਾ ਗਿਆਨ ਹੈ? ਤਾਂ ਗੁਰੂ ਜੀ ਨੇ ਆਖਿਆ ਕਿ ਹਾਂ ਗਿਆਨ ਹੈ, ਤਾਂ ਸਤਿਗੁਰੂ ਜੀ ਨੇ ਆਪਣੀ ਗੁਰਮੁਖੀ ਲਿੱਪੀ ਵਰਣਮਾਲਾ ਉਚਾਰਨ ਕੀਤੀ ਤੇ ਇੱਕ-ਇੱਕ ਅੱਖਰ ਦੁਆਰਾ ਉਪਦੇਸ਼ ਦਿੱਤਾ। ਇਹ ਉਹ ਪਵਿੱਤਰ ਭਾਸ਼ਾ ਤਿਆਰ ਕੀਤੀ ਜਿਸ ਵਿਚ ਅਗੰਮੀ ਬਾਣੀ ਦਾ ਪ੍ਰਚਾਰ ਕਰਨਾ ਸੀ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਉਮਰ ਉਸ ਸਮੇਂ ਪੰਜ ਸਾਲ ਦੀ ਸੀ ਜਦੋਂ ਉਨ੍ਹਾਂ ਗੁਰਮੁਖੀ ਦੇ ਪੈਂਤੀ ਅੱਖਰ ਉਚਾਰੇ ਤੇ ਰਚਨਾ ਕੀਤੇ। ਗੁਰਮੁਖੀ ਦੇ ਅੱਖਰ ਬਣਾਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ। ਇਸ ਦੀ ਗਵਾਹੀ ਇਹ ਪੱਟੀ ਨਾਮੇ ਬਾਣੀ ਹੈ। ਗੁਰੂ ਸਾਹਿਬ ਜੀ ਦੀ ਉਮਰ ਉਸ ਸਮੇਂ ਸੱਤ ਸਾਲ ਦੀ ਹੈ ਸੀ ਐਸਾ ਵੀ ਲਿਖਿਆ ਮਿਲਦਾ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵੀ ਇਹ ਲਿਖਿਆ ਮਿਲਦਾ ਹੇ ਕਿ ਗੁਰਮੁਖੀ ਅੱਖਰ ਬਣਾਏ ਗੁਰੂ ਨਾਨਕ ਸਾਹਿਬ ਜੀ ਨੇ ਹਨ ਤੇ ਜਗਤ ਵਿਚ ਵਰਤਾਏ ਗੁਰੂ ਅੰਗਦ ਸਾਹਿਬ ਜੀ ਨੇ ਹਨ। ਸੰਸਕ੍ਰਿਤ ਸਮਝਣੀ ਤੇ ਪੜ੍ਹਨੀ ਬਹੁਤ ਔਖੀ ਸੀ ਤੇ ਗੁਰਮੁਖੀ ਸੁਖੈਨ ਹੀ ਸਮਝੀ ਜਾਂਦੀ ਹੈ ਤੇ ਗੁਰਮੁਖੀ ਅੱਖਰ ਰਚ ਕੇ ਸਿੱਧਾ ਗਾਡੀ-ਰਾਹ ਬਣਾ ਦਿੱਤਾ ਹੈ।

ਗੁਰਬਾਣੀ ਵਿਚ ਫੁਰਮਾਨ ਹੈਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪ੍ਰਥਾਇ :

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥ (ਅੰਗ ੧੩੯੫)

ਤੇ ਪੂਰਨ ਸਮਰਥ ਗੁਰੂ ਸਾਹਿਬ ਜੀ ਦਾ ਕੀਤਾ ਸਭ ਸਹੀ ਹੈ ਫੁਰਮਾਨ ਹੈ :-

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ (ਅੰਗ ੧੪੧੨)

ਗੁਰਮੁਖੀ ਦਾ ਅਰਥ ਹੈ, ਗੁਰੂ ਦੇ ਮੁਖ ਵਿਚੋਂ ਨਿਕਲੀ ਹੋਈ, ਜੋ ਗੁਰੂ ਨੇ ਬਣਾਈ। ਗੁਰਮੁਖੀ ਦਾ ਨਿਰਮਾਣ ਦੂਜੇ ਪਾਤਿਸ਼ਾਹ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਭਾਈ ਲਹਿਣੇ ਦੇ ਰੂਪ ਵਿਚ, ਕਰਤਾਰਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਹਜ਼ੂਰੀ ਤੇ ਰਹਿਨੁਮਾਈ ਹੇਠ ਕੀਤਾ। ਗੁਰਬਾਣੀ ਨੂੰ ਲਿਖਣ ਲਈ ਉਸ ਸਮੇਂ ਪੰਜਾਬ ਵਿਖੇ ਪ੍ਰਚਲਿਤ ਲਿਪੀਆਂ ਵਿਚੋਂ ਕੋਈ ਵੀ ਢੁਕਵੀਂ ਨਹੀਂ ਸੀ। ਇਸ ਲਈ ਨਵੀਂ ਲਿੱਪੀ ਦੇ ਨਿਰਮਾਣ ਦੀ ਪਹਿਲੀ ਤੇ ਬੁਨਿਆਦੀ ਲੋੜ, ਗੁਰਬਾਣੀ ਨੂੰ ਲਿਖਤੀ ਰੂਪ ਵਿਚ ਸੁਰੱਖਿਅਤ ਕਰਨਾ ਸੀ। ਨਵੇਂ ਸੁਤੰਤਰ ਭਾਈਚਾਰਕ, ਪੰਥਕ ਜਾਂ ਕੌਮੀ ਸੰਗਠਨ ਲਈ ਵੀ ਇਹ ਜ਼ਰੂਰੀ ਸੀ। ਇਸ ਲੋੜ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲਾਂ ਹੀ ਇਸ਼ਾਰਾ ਕਰ ਚੁਕੇ ਸਨ :

ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥ (ਅੰਗ ੫੬੫)

ਉਸ ਸਮੇਂ ਪਹਿਲੀਆਂ ਪ੍ਰਚਲਿਤ ਪਰੰਪਰਕ ਲਿਪੀਆਂ ਦੀ ਸਮੀਖਿਆ ਕਰਕੇ ਨਵੀਂ ਗੁਰਮੁਖੀ ਲਿੱਪੀ ਦੇ ਨਿਰਮਾਣ ਦਾ ਆਧਾਰ ਖੁਦ ਹੀ ਤਿਆਰ ਕਰ ਦਿੱਤਾ ਸੀ। ਚਾਰ ਉਦਾਸੀਆਂ ਕਰਨ ਉਪ੍ਰੰਤ ਜੀਵਨ ਦੇ ਅੰਤਲੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਟਿਕ ਗਏ ਤਾਂ ਇੱਥੇ ਉਨ੍ਹਾਂ ਦੀ ਅਗਵਾਈ ਵਿਚ ਭਾਈ ਲਹਿਣਾ ਜੀ ਤੇ ਉਨ੍ਹਾਂ ਦੇ ਸਾਥੀ ਗੁਰਮੁਖਾਂ ਬਾਬਾ ਬੁੱਢਾ ਜੀ, ਭਾਈ ਮਨਸੁਖ ਜੀ ਤੇ ਬਾਬਾ ਸ੍ਰੀ ਚੰਦ ਜੀ ਨੇ ਗੁਰਮੁਖੀ ਦੀ ਸਿਰਜਣਾ ਦਾ ਮਹਾਨ ਕਾਰਜ ਕੀਤਾ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਤੇ ਉਨ੍ਹਾਂ ਦੁਆਰਾ ਸੰਗ੍ਰਹਿਤ ਕੀਤੀ ਭਗਤ ਸਾਹਿਬਾਨ ਦੀ ਬਾਣੀ ਨੂੰ (ਮਹਿਮਾ ਪ੍ਰਕਾਸ਼ ਵਾਰਤਕ ੧੭੭੩ ਈਸਵੀ ਦੇ ਸ਼ਬਦਾਂ ਅਨੁਸਾਰ) ਮਰਯਾਦਾ (System) ਵਿਚ ਕੀਤਾ, ਭਾਵ ਪੋਥੀਆਂ ਤਿਆਰ ਕੀਤੀਆਂ ਗਈਆਂ।

ਗੁਰਮੁਖੀ ਦਾ ਨਿਰਮਾਣ ਬੁਨਿਆਦੀ ਰੂਪ ਵਿਚ ਗੁਰਬਾਣੀ ਲਈ ਹੋਇਆ ਸੀ। ਇਸ ਲਈ ਗੁਰਮੁਖੀ, ਗੁਰਬਾਣੀ ਵਾਸਤੇ ਸਭ ਤੋਂ ਢੁਕਵੀਂ, ਯੋਗ ਅਤੇ ਨਿਸ਼ਚਿਤ ਹੈ। ਗੁਰਮੁਖੀ, ਖਾਸ ਕਰਕੇ ਉਤਰੀ-ਭਾਰਤ ਦੀਆਂ ਭਾਵੇਂ ਸਾਰੀਆਂ ਭਾਸ਼ਾਵਾਂ ਲਿਖਣ ਦੇ ਸਮਰਥ ਹੈ, ਪਰ ਰਾਜਸੀ ਕਾਰਨਾਂ ਕਰਕੇ ਇਹ ਪੰਜਾਬੀ ਤਕ ਸੀਮਿਤ ਕਰ ਦਿੱਤੀ ਗਈ, ਹਾਲਾਂਕਿ ਮੱਧਕਾਲ ਦਾ ਬਹੁਤ ਸਾਰਾ ਬ੍ਰਜ, ਸੰਸਕ੍ਰਿਤ, ਫਾਰਸੀ ਅਤੇ ਖੜੀ ਬੋਲੀ ਦਾ ਸਾਹਿਤ ਵੀ ਇਸ ਵਿਚ ਲਿਖਿਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸ਼ੇਖ਼ ਫ਼ਰੀਦ ਜੀ ਦੇ 112 ਸਲੋਕ ਸ਼ੇਖ਼ ਫ਼ਰੀਦ ਗੰਜ-ਇ-ਸ਼ੱਕਰ ਦੀ ਰਚਨਾ ਹਨ। ਇਹ ਸਲੋਕ ਸ਼ੇਖ਼ ਫ਼ਰੀਦ ਜੀ ਦੀਆਂ ਸਿੱਖਿਆਵਾਂ ਦੀ ਸਹੀ ਤਰਜਮਾਨੀ ਕਰਦੇ ਹਨ। ਇਹ ਸਲੋਕ ਪੰਜਾਬੀ ਦੀ ਉਪ ਬੋਲੀ ਮੁਲਤਾਨੀ ਵਿਚ ਰਚੇ ਗਏ ਹਨ। ਸੀਅਰੁੱਲ ਔਲੀਆ (ਪੰਨਾ 167) ਵਿਚ ਮਹਾਨ ਸੂਫ਼ੀ ਦਰਵੇਸ਼ ਜੀ ਦੁਆਰਾ ਰਚਿਆ ਇਕ ਸਲੋਕ ਦਰਜ ਹੈ ਜੋ ਕਿ ਮੁਲਤਾਨ ਦੀ ਸਥਾਨਿਕ ਬੋਲੀ ਵਿਚ ਹੈ। ਉਨ੍ਹਾਂ ਦਿਨਾਂ ਵਿਚ ਪੰਜਾਬੀ ਦਰਅਸਲ ਇਕ ਉਪ ਬੋਲੀ ਸੀ ਅਤੇ ਇਹ ਸਲੋਕ ਸੀਨਾ-ਬ-ਸੀਨਾ ਜ਼ਬਾਨੀ ਲੋਕਾਂ ਤੱਕ ਪਹੁੰਚਦੇ ਰਹੇ ਅਤੇ ਇਹ ਲਿਖਤ ਵਿਚ ਘੱਟ ਪ੍ਰਚਲਤ ਸਨ। ਕਈ ਹਵਾਲੇ ਮਿਲਦੇ ਹਨ ਕਿ ਬਾਬਾ ਫ਼ਰੀਦ ਜੀ ਨੇ ਆਪਣਾ ਪੈਗਾਮ ਪੰਜਾਬ ਦੇ ਲੋਕਾਂ ਤੱਕ ਪਹੁੰਚਾਉਣ ਲਈ ਆਪਣੀ ਬਾਣੀ ਦੀ ਰਚਨਾ ਪੰਜਾਬੀ ਭਾਸ਼ਾ ਵਿਚ ਕੀਤੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨਵੇਂ ਮੱਤ ਦੇ ਪ੍ਰਚਾਰ ਲਈ ਧਰਤ ਲੁਕਾਈ ਨੂੰ ਸੋਧਣ ਵਾਸਤੇ ਨਿਕਲੇ ਤਾਂ ਉਸ ਸਮੇਂ ਪੰਜਾਬ ਦੀਆਂ ਫ਼ਿਜ਼ਾਵਾਂ ਵਿਚ ਸ਼ੇਖ਼ ਫ਼ਰੀਦ ਦੇ ਸ਼ਹਿਦ ਭਰੇ ਮਿੱਠੇ ਸਲੋਕ ਗੂੰਜ ਰਹੇ ਸਨ। ਬਾਬਾ ਫ਼ਰੀਦ ਜੀ ਦੇ ਰਚੇ ਇਨ੍ਹਾਂ ਸਲੋਕਾਂ ਵਿਚੋਂ ਬਹੁਤ ਸਾਰੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਕਿਉਂਕਿ ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉੱਚੀ ਸੁਰਤਿ ਦੇ ਅਨੁਕੂਲ ਸਨ ਅਤੇ ਸ਼ੇਖ਼ ਫ਼ਰੀਦ ਜੀ ਦੇ ਇਸਲਾਮੀ ਮੱਤ ਦੀ ਸਹੀ ਪ੍ਰਤੀਨਿਧਤਾ ਕਰਦੇ ਨੇ।

ਗੁਰਮੁਖੀ ਦੀ ਸਿਰਜਣਾ ਦਾ ਇਤਿਹਾਸਕ ਪ੍ਰਮਾਣ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਤੋਂ ਪਹਿਲਾਂ ਦੀ ਕੋਈ ਵੀ ਗੁਰਮੁਖੀ ਲਿਖਤ ਪ੍ਰਾਪਤ ਨਹੀਂ ਹੁੰਦੀ। ਆਸਾ ਰਾਗ ਵਿਚ ਉਚਾਰੀ ਪੱਟੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪੂਰੇ 35 ਅੱਖਰ ਗਿਣਦੇ ਹਨ ਤੇ ਬੋਲਣ ਰੂਪ ਦੇ ਭਿੰਨ-ਭਿੰਨ ਨਾਮ ਵੀ ਦਿੱਤੇ ਹਨ ਤੇ ਉਪਦੇਸ਼ ਵੀ ਸਾਰੇ ਛੰਦਾ-ਬੰਦੀ ਵਿਚ ਹਨ। ਜਿੱਥੇ ਗੁਰੂ-ਬਾਬਾ ਜੀ ਨੇ ਪਹਿਲੋਂ-ਪਹਿਲ ਪੰਜਾਬੀ ਜ਼ਬਾਨ ਵਿਚ ਸ਼ਬਦ ਉਚਾਰ ਕੇ ਪੰਜਾਬ ਨੂੰ ਨਿਹਾਲ ਕੀਤਾ ਤੇ ਆਪਣੇ ਸ਼ਬਦਾਂ ਨੂੰ ਗੁਰਮੁਖੀ ਅੱਖਰਾਂ ਵਿਚ ਬੱਧਾ। ਜੇ ਉਹ ਆਪ ਇਸ ਤਰ੍ਹਾਂ ਨਾ ਕਰਦੇ ਤਾਂ ਉਨ੍ਹਾਂ ਦੇ ਸ਼ਬਦ ਅਲੋਪ ਹੋ ਜਾਂਦੇ, ਦੂਜੇ ਜੇ ਲੰਡੇ ਜਾਂ ਟਾਕਰੀ ਅੱਖਰ ਹੀ ਵਰਤੇ ਜਾਂਦੇ ਤਾਂ ਲਗਾਂ ਜਾਂ ਮਾਤਰਾਂ ਦਾ ਪਿੱਛੋਂ ਇੰਨਾ ਝੰਬੇਲਾ ਪੈਣਾ ਸੀ ਕਿ ਸ਼ਬਦ ਪੜ੍ਹਨੇ ਔਖੇ ਹੋ ਜਾਣੇ ਸੀ।

ਇਹ ਗੱਲ ਤਾਂ ਬਿਲਕੁਲ ਗਲਤ ਹੈ ਕਿ ਗੁਰਮੁਖੀ ਹਿੰਦੀ ਜਾਂ ਦੇਵਨਾਗਰੀ ਵਿਚੋਂ ਨਿਕਲੀ ਹੈ ਕਿਉਂਕਿ ਜਿਨ੍ਹਾਂ ਦਿਨਾਂ ਵਿਚ ਗੁਰਮੁਖੀ ਬਣੀ ਸੀ ਉਨ੍ਹਾਂ ਦਿਨਾਂ ਵਿਚ ਹਿੰਦੀ ਦੇਵਨਾਗਰੀ ਅੱਖਰਾਂ ਵਿਚ ਲਿਖੀ ਹੀ ਨਹੀਂ ਸੀ ਜਾਂਦੀ। ਜਿਹੜੇ 52 ਅੱਖਰ ਹੁਣ ਅਸੀਂ ਹਿੰਦੀ ਵਿਚ ਦੇਖਦੇ ਹਾਂ ਇਹ ਗੁਰਮੁਖੀ ਜਾਂ ਪੰਜਾਬੀ ਤੋਂ ਬਹੁਤ ਪਿੱਛੋਂ ਹਿੰਦੀ ਦੇ ਲਿਖਣ ਵਾਸਤੇ ਵਰਤੇ ਗਏ ਹਨ, ਨਹੀਂ ਤਾਂ ਇਹ ਦੇਵਨਾਗਰੀ ਅੱਖਰ ਪਹਿਲੋਂ ਸਿਰਫ਼ ਸੰਸਕ੍ਰਿਤ ਵਾਸਤੇ ਹੀ ਵਰਤੇ ਜਾਂਦੇ ਸਨ ਤੇ ਹਿੰਦੀ ਵਾਸਤੇ ਨਹੀਂ। ਪੰਜਾਬੀ ਜ਼ੁਬਾਨ ਦਾ ਵਿਕਾਸ ਪੁਸਤਕ

ਵਿਚ ਸਲੀਮ ਖ਼ਾਨ ਗਿੰਮੀ ਬਹੁਤ ਵਿਸਥਾਰ ਨਾਲ ਸੰਸਕ੍ਰਿਤ ਤੇ ਹੋਰ ਸੱਭਿਆਤਾਵਾਂ ਬਾਰੇ ਬਿਆਨਦਾ ਹੈ। ਉਹ ਲਿਖਦਾ ਹੈ ਕਿ ਅਵਾਮ ਦੇ ਦੁਸ਼ਮਣ ਪੰਡਿਤਾਂ ਤੇ ਪ੍ਰੋਹਤਾਂ ਨੇ ਸੰਸਕ੍ਰਿਤ ਨੂੰ ਵਡਿਆਈ ਦਿੰਦਿਆਂ ਦੇਵ ਬਾਣੀ ਆਖਿਆ ਤੇ ਹੋਰ ਭਾਸ਼ਾਵਾਂ ਪ੍ਰਾਕ੍ਰਿਤਾਂ ਨੂੰ ਸੱਪਾਂ ਦੀ ਬੋਲੀ ਤੇ ਸ਼ੈਤਾਨਾਂ ਦੀ ਜ਼ੁਬਾਨ ਅਸੁਰ ਭਾਸ਼ਾ ਦਾ ਨਾਮ ਦਿੱਤਾ ਗਿਆ। ਸੰਸਕ੍ਰਿਤ ਦੇ ਆਲਮਾਂ ਦੀ ਨਫ਼ਰਤ ਜਾਂ ਦੂਜੇ ਲਫ਼ਜ਼ਾਂ ਵਿਚ ਲਾਸਾਨੀ ਗਮ ਤੇ ਗੁੱਸਾ ਇਤਨਾ ਜ਼ਿਆਦਾ ਸੀ ਕਿ ਉਹ ਪ੍ਰਾਕ੍ਰਿਤਾ ਨੂੰ ਅਪਭ੍ਰੰਸ਼ ਆਖਣ ਲੱਗ ਪਏ ਯਾਨੀ ਉਹ ਜ਼ੁਬਾਨ ਜਿਹੜੀ ਜ਼ਲੀਲ ਹੋਵੇ ਤੇ ਜ਼ਲੀਲ ਲੋਕ ਉਹਨੂੰ ਬੋਲਦੇ ਹੋਣ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕੇਵਲ ਸਿੱਖੀ ਦੀ ਨੀਂਹ ਹੀ ਨਹੀਂ ਰੱਖੀ, ਨਾਲ ਹੀ ਪੰਜਾਬੀ ਬੋਲੀ ਪ੍ਰਚਲਿਤ ਕੀਤੀ ਤੇ ਇਸ ਤੋਂ ਵੀ ਵਧ ਪਰਉਪਕਾਰ ਕੀਤਾ ਕਿ ਗੁਰਮੁਖੀ ਅੱਖਰ ਘੜ ਕੇ ਸ਼ਬਦਾਂ ਨੂੰ ਹਮੇਸ਼ਾ ਲਈ ਪ੍ਰਪੱਕ ਕੀਤਾ।

ਹਰੇਕ ਉਪਲਬਧੀ ਜਾਂ ਸਿਰਜਣਾ ਪਿੱਛੇ ਧਾਰਮਿਕ ਪ੍ਰੇਰਣਾ ਕੰਮ ਕਰਦੀ ਰਹੀ ਹੈ। ਭਾਸ਼ਾਵਾਂ ਤੇ ਲਿੱਪੀਆਂ ਨਾਲ ਵੀ ਇਸੇ ਤਰ੍ਹਾਂ ਹੀ ਹੋਇਆ ਹੈ। ਅਸੀਂ ਚੇਤਨ ਹੋਈਏ ਕਿ ਗੁਰਮੁਖੀ ਇਕ ਸੰਪੂਰਨ ਤਹਜੀਬ ਹੈ, ਇਕ ਸ਼ਾਨਦਾਰ ਸੱਭਿਅਤਾ। ਇਸ ਦੇ ਪੈਂਤੀ ਅੱਖਰ ਆਪਣੇ ਆਪ ਵਿਚ ਵੱਖ-ਵੱਖ ਰੰਗਾਂ ਦੀ ਅਨਹਦ ਧੁਨੀ ਅਲਾਪਦੇ ਹਨ, ਭਾਵੇਂ ਬਹੁਤੇ ਵਿਅਕਤੀਆਂ ਨੂੰ ਹਾਲੇ ਇਸ ਦਾ ਬਹੁਤਾ ਇਲਮ ਨਹੀਂ। ਧਰਤੀ ਵਾਲੇ ਗੁਰਮੁਖੀ ਨੂੰ ਇਕ 'ਲਿੱਪੀ' ਮੰਨਦੇ ਹਨ, ਇਹ ਲਿੱਪੀ ਹੈ ਜ਼ਰੂਰ, ਪਰ ਕੇਵਲ ਲਿੱਪੀ ਨਹੀਂ, ਇਹ 'ਭਾਖਾ' ਵੀ ਹੈ, ਇਕ ਸਰੋਦੀ ਨਾਦ ਵੀ, ਜੋ ਪੂਰੀ ਤਰ੍ਹਾਂ ਸੰਗੀਤਕ ਹੈ। ਇਸ ਦੇ ਸਰੋਦੀ ਸੰਗੀਤ ਵਿਚ ਧਰਤੀ ਅਸਮਾਨ ਗੂੰਜਦੇ ਹਨ। ਗੁਰਬਾਣੀ ਦਾ ਪ੍ਰਕਾਸ਼ ਗੁਰੂ ਨਾਨਕ ਪਾਤਿਸ਼ਾਹ ਦਰਵੇਸ਼ ਦੇ 'ਧੁਰ' ਹਿਰਦੇ ਘਰ ਵਿਚ ਹੋਇਆ, ਜਿਸ ਦਾ ਵਾਹਨ ਗੁਰਮੁਖੀ ਬਣੀ, ਇਉਂ ਅੱਖਰਾਂ ਦੇ ਅੱਖਰ ਗੁਰੂ ਪਾਤਿਸ਼ਾਹ ਦੇ ਮਨ-ਮਸਤਕ ਵਿਚ ਫੁਲਝੜੀਆਂ ਬਣ ਕੇ ਗੁਰਬਾਣੀ ਦੀ ਆਰਤੀ ਉਤਾਰਦੇ ਹਨ। ਇਉਂ ਗੁਰਮੁਖੀ ਸੰਗੀਤਮਈ ਜੀਵਨ-ਸ਼ੈਲੀ ਹੈ, ਇਕ ਤਹਜੀਬ।

ਗੁਰੂ ਵਰੋਸਾਈ ਗੁਰਮੁਖੀ ਦੀਆਂ ਅਨੇਕ-ਪਖੀ ਵਿਸ਼ੇਸ਼ਤਾਵਾਂ ਹਨ।

ਗੁਰਮੁਖੀ ਸਰਲ, ਸਪੱਸ਼ਟ ਤੇ ਆਮ ਜਨ-ਸਧਾਰਨ ਤੱਕ ਸੌਖ ਨਾਲ ਪਹੁੰਚਣ ਵਾਲੀ ਲਿੱਪੀ ਹੈ। ਕੋਈ ਵੀ ਅੱਖਰ ਅਜਿਹਾ ਨਹੀਂ ਜਿਹੜਾ ਲਿਖਣ, ਦੇਖਣ ਜਾਂ ਯਾਦ ਕਰਨ ਵਿਚ ਔਖਾ ਹੋਵੇ। ਇਹੀ ਕਾਰਨ ਹੈ ਕਿ ਪੰਜਾਬ ਦੀਆਂ ਪੁਰਾਤਨ ਮਾਂਵਾਂ ਘਰਾਂ ਵਿਚ ਹੀ ਬੱਚਿਆਂ ਨੂੰ ਸਹਿਜ-ਸੁਭਾਅ ਗੁਰਮੁਖੀ ਸਿਖਾ ਦਿੰਦੀਆਂ ਹਨ।

ਇਸ ਦੇ ਅੱਖਰਾਂ ਦੀ ਬਣਾਵਟ ਅਰਥ ਤੇ ਸੁਹਜ ਭਰਪੂਰ ਹੈ। ਇਹ ਅੱਖਾਂ ਨੂੰ ਸੁੰਦਰ ਲੱਗਦੇ ਹਨ ਤੇ ਸੁਹਜਾਤਮਕਤਾ ਪੈਦਾ ਕਰਦੇ ਹਨ।

ਗੁਰਮੁਖੀ ਪੈਂਤੀ ਦੀ ਜੋ ਵਿਵਸਥਾ ੫ ਟੋਲੀਆਂ (ਕਾਲਮਾਂ) ਤੇ ੭ ਵਰਗਾਂ ਵਿਚ

ਸਥਾਪਿਤ ਹੈ, ਇਹ ਧੁਨੀ-ਵਿਗਿਆਨਕ ਅਧਾਰ ਉਤੇ ਕਾਇਮ ਹੈ। ਸਾਰੇ ਅੱਖਰ ਕੰਠ ਤੋਂ ਮੂੰਹ ਤੱਕ ਯਾਤਰਾ ਕਰਦੇ ਹਨ।

ਗੁਰਮੁਖੀ ਇਕ ਅਜਿਹੀ ਲਿੱਪੀ ਹੈ,ਜੋ 'ੳ' (ਊੜੇ) ਤੋਂ ਸ਼ੁਰੂ ਹੁੰਦੀ ਹੈ। ਆਮ ਹਾਲਤ ਵਿਚ ਅਕਸਰ ਲਿਪੀਮਾਲਾਵਾਂ 'ਅ' (ਐੜੇ) ਤੋਂ ਸ਼ੁਰੂ ਹੁੰਦੀਆਂ ਹਨ। 'ੳ' ਤੋਂ ਸ਼ੁਰੂ ਹੋਣ ਦੇ ਦੋ ਕਾਰਨ ਹਨ– ਪਹਿਲਾ ਕਾਰਨ ਰੂਹਾਨੀ ਜਾਂ ਅਧਿਆਤਮਕ ਹੈ, ਜਿਸ ਤਹਿਤ ਊੜਾ ਓਅੰਕਾਰ ਧੁਨੀ ਦਾ ਪ੍ਰਤੀਕ ਬਣਦਾ ਹੈ, ਗੁਰਬਾਣੀ ੧ੴ ਤੋਂ ਸ਼ੁਰੂ ਹੁੰਦੀ ਹੈ, ਇਸ ਦੀ ਗੋਲਾਈਦਾਰ ਸ਼ਕਲ ਜਾਂ ਅਕਾਰ 'ੳ' ਵੀ ਬ੍ਰਹਿਮੰਡ ਜਾਂ (ਗੁਰਦੁਆਰਾ ਸਾਹਿਬ ਦੇ) ਗੁੰਬਦ ਵਾਂਗ ਹੈ, ਭਾਵ ਸਮੁੱਚੀ ਰਚਨਾ ਗੋਲਾਈਦਾਰ ਹੀ ਹੈ। ਗੋਲ ਅਕਾਰ ਦਾ ਕੋਈ ਆਦਿ-ਅੰਤ ਨਹੀਂ ਹੁੰਦਾ, ਇਉਂ 'ੳ' ਅਨੰਤਤਾ/ਬੇਅੰਤਤਾ ਦਾ ਪ੍ਰਤੀਕ ਹੈ। ਦੂਜਾ ਕਾਰਨ ਧੁਨੀ-ਵਿਗਿਆਨਕ ਹੈ। 'ੳ-ਅ-ੲ' ਦੀ ਤਰਤੀਬ ਕੰਠ ਤੋਂ ਮੂੰਹ (ਬੁੱਲ੍ਹਾਂ) ਤੱਕ ਸਫਰ ਕਰਦੀ ਹੈ। ਇਵੇਂ ਹੀ ਕ-ਵਰਗ ਜਾਂ ਪ-ਵਰਗ ਪਾਲਾਂ ਕਰਦੀਆਂ ਹਨ। ਇੱਥੇ 'ਇੱਕ ਅੱਖਰ-ਇੱਕ ਧੁਨੀ' ਬਰਾਬਰ ਹੈ।

ਗੁਰਮੁਖੀ ਦਾ ਕੋਈ ਅੱਖਰ ਵੀ ਸੰਯੁਕਤ ਜਾਂ ਗੁੰਝਲਦਾਰ ਨਹੀਂ। ਇਸ ਕਰਕੇ ਕਿਸੇ ਵੀ ਕਿਸਮ ਦੀ ਲਿਖਤੀ, ਉਚਾਰਨ ਜਾਂ ਧੁਨੀ-ਵਿਗਿਆਨਕ ਸਮੱਸਿਆ ਪੈਦਾ ਨਹੀਂ ਹੁੰਦੀ।

ਜਿਵੇਂ ਪਹਿਲਾਂ ਵੀ ਇਸ਼ਾਰਾ ਕੀਤਾ ਹੈ ਕਿ ਗੁਰਮੁਖੀ ਦੇ ਲਿੱਪੀ ਚਿੰਨ੍ਹ, ਧੁਨੀ ਦੇ ਅਨੁਰੂਪ ਹਨ, ਜੋ ਅੱਖਰ ਹੈ, ਧੁਨੀ ਵੀ ਉਸ ਦੇ ਅਨੁਰੂਪ ਹੀ ਹੈ (ਭਾਸ਼ਾ ਵਿਗਿਆਨਕ ਸ਼ਬਦਾਵਲੀ ਵਿਚ ਧੁਨੀ ਦੇ ਅਨੁਰੂਪ ਲਿੱਪੀ ਸੰਕੇਤ ਦੇ ਨਾਂ ਹਨ) ਇਉਂ ਗੁਰਮੁਖੀ ਯਾਦ ਕਰਨ ਵਿਚ ਸੁਖਾਲੀ ਹੈ। ਗੁਰਮੁਖੀ ਲਿਖਣ ਨੂੰ ਬਹੁਤ ਹੀ ਸਰਲ ਤੇ ਪ੍ਰਵਾਹਮਈ ਹੈ। ਇਸ ਦਾ ਲਿਖਤ, ਪੜ੍ਹਤ ਤੇ ਸਥਾਪਿਤ ਰੂਪ ਇਕੋ ਜਿਹਾ ਹੈ।

ਸ਼ਬਦ-ਬਣਤਰ ਦੀ ਕਿਸੇ ਵੀ ਸਥਿਤੀ ਵਿਚ ਅੱਖਰ ਦੀ ਸ਼ਕਲ ਉਹੀ ਰਹਿੰਦੀ ਹੈ। (ਉਚਾਰਨ ਵੀ ਲਗਭਗ ਉਹੀ ਰਹਿੰਦਾ ਹੈ, ਗੁਰਬਾਣੀ ਵਿਚ ਤਾਂ ਉਚਾਰਨ ਲਿਖਤ ਵਾਲਾ ਸੌ ਫੀਸਦੀ ਰਹਿੰਦਾ ਹੈ)।

ਸ੍ਵਰਾਂ ਨੂੰ ਅੰਕਿਤ ਕਰਨ ਲਈ ਤਿੰਨ ਸ੍ਵਰ ਅੱਖਰ Vowel Symbols. ੳ, ਅ, ੲ ਹੀ ਹਨ। ਐਇੜੇ ਦੇ ਛੇ ਰੂਪ ਇਹ ਹਨ = ਅ ਅੰ ਅ: ਆ ਐ ਔ। ਇਨ੍ਹਾਂ ਵਿਚ ਪਹਿਲੇ ਤਿੰਨ ਰੂਪਾਂ ਨੂੰ ਲਘੁ ਸੁਰ ਤੇ ਪਿਛਲੇ ਤਿੰਨ ਰੂਪਾਂ ਨੂੰ ਦੀਰਘ ਸੁਰ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ੳ ਊੜੇ ਦਾ ਉ ਤੇ ਓ ਲਘੁ ਸੁਰ ਤੇ ੳ ਨੂੰ ਦੁਲੈਂਕੜੇ ਨੂੰ ਦੀਰਘ ਆਖਿਆ ਜਾਂਦਾ ਹੈ। ੲ ਦਾ ਸਿਹਾਰੀ ਵਾਲਾ ਰੂਪ ਇ ਲਘੁ ਤੇ ਬਿਹਾਰੀ ਤੇ ਲਾਂਵ ਈ, ਏ ਨੂੰ ਦੀਰਘ ਸੁਰ ਮੰਨਿਆ ਜਾਂਦਾ ਹੈ। ਇਨ੍ਹਾਂ ਸ੍ਵਰਾਂ (ਸੁਰਾਂ) ਦੇ ਉਦਾਹਰਣ ਸ਼ਬਦ ਨਹੀਂ ਦਿੱਤੇ ਜਾ ਰਹੇ। ਬਾਕੀ ਦੇ ਅੱਖਰਾਂ ਦੇ ਲਗਾਂ ਮਾਤਰਾਂ ਨਾਲ ਬਾਰਾਂ ਰੂਪ ਤੱਕ ਹੋ ਜਾਂਦੇ ਹਨ।

ੳ ਨੂੰ ਸਿਰਫ ਔਂਕੁੜ_ ਦੁਲੈਂਕੜ = ਜਾਂ ਖੁੱਲ੍ਹੇ ਮੂੰਹ ਵਾਲਾ ਓ ਹੀ ਵਰਤਿਆ ਜਾਂਦਾ

ਹੈ। ੲ ਨੂੰ ਸਿਹਾਰੀ ਿ ਬਿਹਾਰੀ ੀ ਜਾਂ ਲਾਂਵ ੇ ਹੀ ਲੱਗਦੀਆਂ ਹਨ। ਬਾਕੀ ਦੇ ਅੱਖਰ ਵਿਅੰਜਨ
ਹੈ। ੲ ਨੂੰ ਸਿਹਾਰੀ ਿ ਬਿਹਾਰੀ ੀ ਜਾਂ ਲਾਂਵ ੇ ਹੀ ਲੱਗਦੀਆਂ ਹਨ। ਸਿਹਾਰੀ ਿ ਅੱਖਰ ਤੋਂ
Consonant ਹਨ ਤੇ ਇਨ੍ਹਾਂ ਨੂੰ ਹੋਰ ਲਗਾਂ ਮਾਤਰਾਂ ਲੱਗਦੀਆਂ ਹਨ। ਕੰਨਾ ਾ ਵੀ ਅੱਖਰ
ਪਹਿਲਾਂ ਲਿਖੀ ਜਾਂਦੀ ਹੈ, ਬਿਹਾਰੀ ੀ ਅੱਖਰ ਤੋਂ ਬਾਅਦ ਲਿਖੀ ਜਾਂਦੀ ਹੈ। ਕੰਨਾ ਾ ਵੀ ਅੱਖਰ
ਤੋਂ ਬਾਅਦ ਵਿਚ ਆਉਂਦਾ ਹੈ। ਔਂਕੁੜ ੁ ਤੇ ਦੁਲੈਂਕੜੇ ੂ ਅੱਖਰ ਦੇ ਹੇਠਾਂ ਲਿਖੇ ਜਾਂਦੇ ਹਨ।
ਲਾਂਵ ੇ ਦੁਲਾਵਾਂ ੈ ਹੋੜਾ ੋ ਤੇ ਕਨੌੜਾ ੌ ਅੱਖਰ ਦੇ ਉੱਪਰ ਲਿਖੇ ਜਾਂਦੇ ਹਨ ਤੇ ਟਿੱਪੀ ੰ ਵੀ
ਅੱਖਰ ਦੇ ਉੱਪਰ ਲੱਗਦੀ ਹੈ। ਬਿੰਦੀ ਂ ਜ਼ਿਆਦਾਤਰ ਅੱਖਰ ਤੋਂ ਬਾਅਦ ਵਿਚ ਉੱਪਰ ਲਿਖੀ
ਜਾਂਦੀ ਹੈ। ਟਿੱਪੀ ਤੇ ਬਿੰਦੀ ਨਾਲ ਅਵਾਜ਼ ਨਾਸਕੀ ਹੋ ਜਾਂਦੀ ਹੈ ਤੇ ਅੱਧਕ (ੱ) ਅੱਖਰ ਦੇ
ਉੱਪਰ ਲਗਾਉਣ ਨਾਲ ਅਵਾਜ਼ ਨੀਵੀਂ ਤੋਂ ਉੱਚੀ ਹੋ ਜਾਂਦੀ ਹੈ। ਅੱਖਰ ਦੇ ਹੇਠਾਂ ਪੈਰ ਵਿਚ
ਲੱਗਣਾ ਵਾਲੇ ਅੱਖਰ ੍ਹ ਗਾਰਾ ਤੇ ੍ਵ ਵਾਵਾ ਆਦਿਕ ਅੱਧੀ ਅਵਾਜ਼ ਕਰਦੇ ਹਨ। ਗੁਰਬਾਣੀ
ਵਿਚ ਕੁਝ ਅੱਖਰਾਂ ਪ੍ਰਤੀ ਔਂਕੜ ਤੇ ਹੋੜਾ ਇੱਕ ਅੱਖਰ ਨੂੰ ਲਗਾਏ ਹੋਏ ਦਰਸ਼ਨ ਹੁੰਦੇ ਹਨ
ਤੇ ਹੋਰ ਕਈ ਗੁਰਬਾਣੀ ਵਿਆਕਰਣ ਦੇ ਭੇਦਾਂ ਨੂੰ ਸਮਝਣ ਲਈ ਸੰਥਿਆ ਕਰਨੀ ਅਤਿ
ਜ਼ਰੂਰੀ ਹੁੰਦੀ ਹੈ। ਸ੍ਵਰਾਂ ਨੂੰ ਅੰਕਿਤ ਕਰਨ ਲਈ ਤਿੰਨ ਸ੍ਵਰ ਅੱਖਰ ੳ,ਅ,ੲ ਹੀ ਹਨ ਪਰ
ਕਈ ਭਾਸ਼ਾਵਾਂ ਦੀਆਂ ਲਿੱਪੀਆਂ ਵਿਚ ਇਹ ਕਾਫੀ ਜ਼ਿਆਦਾ ਹਨ। ਇਉਂ ਗੁਰਮੁਖੀ ਵਿਚ
ਲਿਖੀ ਗਈ ਕਿਸੇ ਵੀ ਲਿਖਤ ਦਾ ਉਚਾਰਨ ਸਿਖਣਾ ਤੇ ਬੋਲਣਾ ਸੌਖਾ ਹੈ।

ਕਈ ਲਿੱਪੀਆਂ ਵਿਚ ਅੱਖਰ ਦੀ ਲਿਖਤ ਵਿਚ ਵਰਤੋਂ ਦੇ ਕਈ-ਕਈ ਤਰੀਕੇ ਹਨ।
ਗੁਰਮੁਖੀ ਵਿਚ ਦੋ ਹੀ ਤਰੀਕੇ ਹਨ—ਇਕ ਪੂਰਾ ਤੇ ਇਕ ਪੈਰ ਵਿਚ। ਪੈਰ ਵਿਚ ਵੀ 'ਸ਼ੁੱਧ
ਵਿਅੰਜਨ' ਦਰਸਾਉਣ ਖਾਤਰ ਵਰਤੋਂ ਹੁੰਦੀ ਹੈ, ਭਾਵ ਗੁਰਮੁਖੀ ਪੈਰ ਅੱਖਰਾਂ ਦੀ ਵਰਤੋਂ
ਜਿੱਥੇ ਸਰਲ, ਸੌਖੀ ਤੇ ਕਾਫ਼ੀ ਵਿਰਲੀ (ਬਹੁਤ ਘੱਟ) ਹੈ, ਉਥੇ ਇਸ ਦਾ ਕਾਰਨ ਧੁਨੀ-
ਅਰਥਾਤਮਕ ਹੈ, ਫਜ਼ੂਲ ਨਹੀਂ। ਇਉਂ ਹੀ ਕਈ ਲਿੱਪੀਆਂ ਵਿਚ ਨਾਸਕੀ ਆਦਿ
ਦਰਸਾਉਣ ਲਈ ਵੀ ਅੱਖਰਾਂ ਨੂੰ ਸ਼ਕਲ ਪੱਖੋਂ ਅੱਧ ਕਰਨਾ ਪੈਂਦਾ ਹੈ, ਪਰ ਗੁਰਮੁਖੀ ਵਿਚ
<0ਂ ਤੇ 0ੰ> ਚਿੰਨ੍ਹ ਇਹ ਕੰਮ ਸੌਖਿਆਂ ਹੀ ਕਰ ਦਿੰਦੇ ਹਨ। ਇਉਂ ਹੀ 'ਦੁਤ' ਲਈ ਅੱਧਰ
ਦਾ ਚਿੰਨ੍ਹ ਮੌਜੂਦ ਹੈ। ਅਸਲ ਗੁਰਮੁਖੀ ਵਿਚ ਤਿੰਨ ਸੁਤੰਤਰ ਅਖੰਡ ਧੁਨੀ '0ਂ,ਤੇ 0ੰ, 0ੱ'
ਕਾਰਨ ਭੁਲੇਖੇ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿੰਦੀ।

'ਸ,ਹ' ਦੋ ਵਿਅੰਜਨ ਧੁਨੀਆਂ (ਸਪਰਸ਼ੀ ਧੁਨੀਆਂ), ਗੁਰਮੁਖੀ ਵਿਚ ਬਿਲਕੁਲ ਉਸ
ਸਥਾਨ ਉਤੇ ਹਨ ਜਿੱਥੇ ਇਨ੍ਹਾਂ ਨੂੰ ਧੁਨੀ-ਵਿਗਿਆਨਕ ਨਿਯਮਾਂ ਅਨੁਸਾਰ ਹੋਣਾ ਚਾਹੀਦਾ
ਹੈ, ਭਾਵ ਇਹ ਸ੍ਵਰਾਂ 'ੳ,ਅ,ੲ' ਤੇ ਵਿਅੰਜਨਾਂ 'ਕ,ਖ,....ੜ' ਦੇ ਵਿਚਾਲੇ ਪਹਿਲੀ ਕਤਾਰ
ਵਿਚ ਹੀ ਹਨ। ਸ੍ਵਰ ਉਚਾਰਨ ਵਿਚ ਕੋਈ ਦੋ ਉਚਾਰਨ-ਅੰਗ ਆਪਸ ਵਿਚ ਛੂੰਹਦੇ ਨਹੀਂ,
ਵਿਅੰਜਨਾਂ ਵਿਚ ਜ਼ਰੂਰ ਛੂੰਹਦੇ ਹਨ, ਪਰ /ਸ, ਹ/ ਵਿਚ ਬਿਲਕੁਲ ਨੇੜੇ ਆ ਜਾਂਦੇ ਹਨ,
ਸਾਹ ਸਪਰਸ਼ ਜਾਂ ਰਗੜ ਖਾ ਕੇ ਲੰਘਦਾ ਹੈ। ਇਉਂ ਇਨ੍ਹਾਂ ਦਾ ਸਥਾਨ ਬਿਲਕੁਲ ਦਰੁਸਤ
ਥਾਂ ਹੈ, ਜਦਕਿ ਕਈਆਂ ਲਿੱਪੀਆਂ ਵਿਚ ਇਨ੍ਹਾਂ ਦਾ ਸਥਾਨ ਦਰੁਸਤ ਤੇ ਨਿਸ਼ਚਿਤ ਨਹੀਂ।

ਗੁਰਮੁਖੀ ਲਿੱਪੀ ਦੀ ਮਹਾਨਤਾ, ਵਿਸ਼ੇਸ਼ਤਾ, ਲੋਕਪ੍ਰਿਅਤਾ ਜਾਂ ਵਿਗਿਆਨਕਤਾ ਦਾ ਇਕ ਸਬੂਤ ਇਹ ਵੀ ਹੈ ਕਿ ਇਸ ਦੇ ਮਿਆਰੀਕਰਨ ਲਈ ਕਦੇ ਕੋਈ ਸਭਾ, ਸੰਗਠਨ ਜਾਂ ਸਮਿਤੀ ਨਹੀਂ ਬਿਠਾਉਣੀ ਪਈ, ਕਿਉਂਕਿ ਗੁਰਮੁਖੀ ਨੂੰ ਅਜਿਹੀ ਕਦੇ ਲੋੜ ਹੀ ਨਹੀਂ ਪਈ।

ਉਪਰੋਕਤ ਤੋਂ ਬਿਨਾਂ ਗੁਰਮੁਖੀ ਦੇ ਲਗਭਗ ਸਾਰੇ ਅੱਖਰ ਬਿਨਾਂ ਹੱਥ ਚੁੱਕਿਆਂ ਲਿਖੇ ਜਾ ਸਕਦੇ ਹਨ। ਇਹ ਖੱਬੇ ਤੋਂ ਸੱਜੇ ਵੱਲ ਲਿਖੀ ਜਾਂਦੀ ਹੈ। ਸਿਰੋਰੇਖਾ ਨਾਲ ਅੱਖਰ ਇਕਾਈ ਰੂਪ ਧਾਰ ਕੇ ਸ਼ਬਦ-ਰੂਪ ਬਣਦੇ ਹਨ। ਇਸ ਲਿੱਪੀ ਵਿਚ ਥੋੜ੍ਹੇ ਬਹੁਤ ਪਰਿਵਰਤਨ ਜਾਂ ਚਿੰਨ੍ਹੀਕਰਨ ਨਾਲ ਕੋਈ ਵੀ ਭਾਸ਼ਾ ਅਸਾਨੀ ਨਾਲ ਲਿਖੀ ਜਾ ਸਕਦੀ ਹੈ ਅਤੇ ਲਿਖੀ ਗਈ ਵੀ ਹੈ, ਜਿਵੇਂ ਉਤਰੀ ਭਾਰਤ ਵਿਚ ਲੰਮੇ ਸਮੇਂ ਤੱਕ ਵਰਤੀਂਦੀ 'ਸਾਧ/ਸਧੂਕੜੀ ਭਾਖਾ' ਦਾ ਮਣਾਂ-ਮੂੰਹੀਂ ਸਾਹਿਤ ਗੁਰਮੁਖੀ ਵਿਚ ਲਿਖਿਆ ਜਾਂਦਾ ਰਿਹਾ ਹੈ। ਗੁਰਮੁਖੀ ਦੇ ਪ੍ਰਚਲਨ ਜਾਂ ਵਿਗਸਣ ਵਿਚ ਰੋਕ ਇਸ ਦੀ ਸੰਰਚਨਾ (ਸਮੁੱਚੀ ਬਣਤਰ) ਵਿਚ ਨਹੀਂ, ਬਲਕਿ 'ਸਿਆਸਤ, ਫਿਰਕੂ ਮਾਨਸਿਕਤਾ, ਅਗਿਆਨ ਤੇ ਸੌੜੀਆਂ ਨੀਤੀਆਂ' ਵਿਚ ਹੈ। ਜਿਨ੍ਹਾਂ ਦੇ ਸਿਰ ਉਤੇ ਇਸ ਦੀ ਜ਼ਿੰਮੇਵਾਰੀ ਹੈ, ਉਹ ਅਵੇਸਲੇ ਹਨ।

ਜਦੋਂ ਅਸੀਂ ਗੁਰਮੁਖੀ ਲਿੱਪੀ ਦਾ ਪਿਛੋਕੜ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਝਾਕ ਕੇ ਦੇਖਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕਈ ਮਤਭੇਦ ਦਿਖਾਈ ਦਿੰਦੇ ਹਨ। ਭਾਵੇਂ ਕੁਝ ਗੁਰਮੁਖੀ ਦੇ ਅੱਖਰ ਹੋਰ ਪੁਰਾਤਨ ਭਾਸ਼ਾਵਾਂ ਜਿਵੇਂ ਲੰਡੇ, ਟਾਕਰੀ, ਬ੍ਰਹਮੀ, ਸ਼ਾਰਦਾ ਤੇ ਸ਼ਾਸਤ੍ਰੀ ਆਦਿ ਨਾਲ ਮੇਲ ਖਾਂਦੇ ਜਾਂ ਮਿਲਦੇ ਜੁਲਦੇ ਪ੍ਰਤੀਤ ਹੁੰਦੇ ਹਨ। ਜੇ ਸਾਰਿਆਂ ਦਾ ਵਿਚਾਰ ਕੀਤਾ ਜਾਵੇ ਤਾਂ ਪਾਠਕ ਸ਼ਾਇਦ ਗੁਆਚ ਹੀ ਜਾਣ, ਇਸ ਲਈ ਇੱਥੇ ਇਹ ਵਿਸਥਾਰ ਨਹੀਂ ਕੀਤਾ ਜਾ ਰਿਹਾ। ਪਰ ਗੁਰਮੁਖੀ ਲਿੱਪੀ ਦੇ ਕੁਝ ਗੁਣ ਲਿਖੇ ਜਾ ਰਹੇ ਹਨ।

ਗੁਰਮੁਖੀ ਲਿੱਪੀ ਇਕ ਧੁਨੀ ਲਿੱਪੀ ਹੈ। ਇਸ ਵਿਚ 35 ਮੂਲ ਆਵਾਜ਼ਾਂ ਲਈ 35 ਚਿੰਨ੍ਹ ਮੌਜੂਦ ਹਨ। ਬਹੁਤੇ ਅੱਖਰ ਬਿਨਾਂ ਕਲਮ ਚੁੱਕੇ ਲਿਖੇ ਜਾ ਸਕਦੇ ਹਨ। ਅੱਖਰ ਸੁੰਦਰ ਤੇ ਸਪੱਸ਼ਟ ਹਨ।

ਦੀਰਘ (**ਈ ਏ ਐ ਊ ਓ ਔ ਆ**) ਤੇ (**ਅ ਇ ਉ**) ਲਘੂ ਸਵਾਰਾਂ ਲਈ ਤੇ ਮਹਾਂ ਪ੍ਰਾਣ ਧੁਨੀਆਂ (**ਖ ਛ ਝ ਢ ਥ ਧ ਤ ਫ**) ਲਈ ਵੱਖਰੇ-ਵੱਖਰੇ ਚਿੰਨ੍ਹ ਤੇ ਅੱਖਰ ਹਨ।

ਕਿਸੇ ਵੀ ਲਿੱਪੀ ਚਿੰਨ੍ਹ ਨੂੰ ਨਾਸਕੀ ਬਣਾਉਣ ਲਈ ਬਿੰਦੀ ਤੇ ਟਿੱਪੀ ਮੌਜੂਦ ਹਨ।

ਦਬਾਅ ਲਈ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ।

ਤਰਤੀਬ ਵਿਗਿਆਨਕ ਹੈ, ਖੱਬੇ ਤੋਂ ਸੱਜੇ ਨੂੰ ਲਿਖਣ ਦੀ ਤਰਤੀਬ ਹੈ।

ਗੁਰਮੁਖੀ ਲਿੱਪੀ ਵਿਖੇ ਕੁਲ 56 ਲਿਪਾਂਕ (ਚਿੰਨ੍ਹ) ਹਨ।

ੳ ਅ ੲ ਸਵਰ ਵਾਹਕ=3 **ਵਿਅੰਜਨ ਸ-ੜ**=32

ਪੈਰ ਬਿੰਦੀ—**ਸ਼ ਖ਼ ਗ਼ ਜ਼ ਫ਼ ਲ਼** = 6 ਪੈ ਲਿਪਾਂਕ ਹ ਰ ਵ = 3

ਲਖਾਗਰ—ਬਿੰਦੀ ਂ ਟਿੱਪੀ ੰ ਅਧਕ ੱ = 3 ਲਗਾਂ ਮਾਤਰਾਂ

ਹੋੜਾ ੋ ਕਨੌੜਾ ੌ ਔਂਕੜ ੁ ਦੁਲੈਂਕੜ ੂ = ਸਿਹਾਰੀ ਿ ਬਿਹਾਰੀ ੀ

ਲਾਂਵ ੇ ਦੁਲਾਵਾਂ ੈ ਕੰਨਾ ਾ = 9 ਮੁਕਤਾ ਚਿੰਨ੍ਹ ਹਨ।

ਉਚਾਰਨ ਤੇ ਨਾਮਕਰਨ ਇਵੇਂ ਹੈ—ਸ=ਸੱਸਾ ਤੇ ਗ=ਗੱਗਾ ਆਦਿ ਹੋਰ ਭਾਸ਼ਾਵਾਂ ਵਿਚ ਇਕ ਅੱਖਰ ਨੂੰ ਬੋਲਣ ਲਈ ਦੋ ਜਾਂ ਤਿੰਨ ਰਲਦੇ ਮਿਲਦੇ ਅੱਖਰ ਹਨ ਜੋ ਕਿ ਆਮ ਸਧਾਰਨ ਵਿਅਕਤੀ ਨੂੰ ਭੁਲੇਖੇ ਪਾ ਦਿੰਦੇ ਹਨ।

ਪੰਜਾਬੀ 1968 ਤੋਂ ਪੰਜਾਬ ਪ੍ਰਾਂਤ ਦੀ ਰਾਜ ਭਾਸ਼ਾ ਹੈ।

ਬੋਲਾਂ ਨੂੰ ਲਕੀਰਾਂ, ਚਿਤਰਾਂ, ਸੰਕੇਤਾਂ ਤੇ ਅੱਖਰਾਂ ਵਿਚ ਉਲੀਕਣ ਦੀ ਵਿਧੀ ਹੀ ਲਿੱਪੀ ਆਖੀ ਜਾਂਦੀ ਹੈ। ਜਿਵੇਂ ਬੋਲੀ ਭਾਵਾਂ ਦੀ ਪੁਸ਼ਾਕ ਹੈ ਉਥੇ ਲਿੱਪੀ ਬੋਲੀ ਦੀ ਪੁਸ਼ਾਕ ਹੈ। ਲਿੱਪੀ ਬੋਲੀ ਦੇ ਭਾਵਾਂ ਤੇ ਵਿਚਾਰਾਂ ਨੂੰ ਲਿਖਤੀ ਰੂਪ ਦੇ ਕੇ ਸਦਾ ਲਈ ਜਿਊਂਦੇ ਰੱਖਦੀ ਹੈ। ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਵੀ ਲਿੱਪੀ ਅਹਿਮ ਯੋਗਦਾਨ ਪਾਉਂਦੀ ਹੈ। ਲਿੱਪੀ ਦੇ ਪ੍ਰਾਚੀਨ ਰੂਪ ਇਵੇਂ ਬਿਆਨ ਕੀਤੇ ਜਾਂਦੇ ਹਨ : ਸੂਤਰ ਲਿੱਪੀ, ਗੰਢ ਲਿੱਪੀ, ਚਿਤਰ ਲਿੱਪੀ, ਭਾਵ ਲਿੱਪੀ ਤੇ ਧੁਨੀ ਲਿੱਪੀ। ਪੰਜਾਬੀ ਭਾਸ਼ਾ ਦੀਆਂ ਸਾਰਥਿਕ ਧੁਨੀਆਂ ਨੂੰ ਅੱਖਰਾਂ ਵਿਚ ਚਿੰਨਤ ਕਰਨ ਦਾ ਜੋ ਸਿੱਖਣ ਪ੍ਰਬੰਧ ਉਸਰਿਆ ਹੈ ਉਹ ਗੁਰਮੁਖੀ ਲਿੱਪੀ ਹੈ।

ਅਰਬੀ, ਫਾਰਸੀ ਤੇ ਸੰਸਕ੍ਰਿਤ ਦੇ ਸ਼ਬਦਾਂ ਨੂੰ ਉਚਾਰਨ ਸਮੇਂ ਜਿਹੜੀਆਂ ਨਵੀਆਂ ਧੁਨੀਆਂ ਪੰਜਾਬੀ ਭਾਸ਼ਾ ਵਿਚ ਪ੍ਰਵੇਸ਼ ਕਰਦੀਆਂ ਹਨ। ਉਨ੍ਹਾਂ ਨੂੰ ਉਚਾਰਨ ਕਰਨ ਸਮੇਂ, ਉਨ੍ਹਾਂ ਨੂੰ ਅੰਕਿਤ ਕਰਨ ਸਮੇਂ ਪੈਰ ਬਿੰਦੀ ਵਾਲੇ ਅੱਖਰ ਗੁਰਮੁਖੀ ਵਿਚ ਜੋੜ ਦਿੱਤੇ ਗਏ। ਗੁਰਮੁਖੀ ਲਿੱਪੀ ਵਿਚ ਦੁਨੀਆਂ ਭਰ ਦੀਆਂ ਬੋਲੀਆਂ ਵੀ ਲੋੜ ਮੁਤਾਬਿਕ ਸਹੀ ਲਿਖੀਆਂ ਜਾ ਸਕਦੀਆਂ ਹਨ।

ਕਈ ਵਿਦਵਾਨ ਗੁਰਮੁਖੀ ਲਿੱਪੀ ਨੂੰ ਵੀ ਬ੍ਰਹਮੀ ਲਿੱਪੀ ਵਿਚੋਂ ਵਿਕਸਤ ਹੋਈਆਂ ਗੁਪਤ, ਕੁਟਿਲ ਤੇ ਸ਼ਾਰਦਾ ਲਿੱਪੀਆਂ ਰਾਹੀਂ ਵਿਕਸਤ ਹੋਈ ਮੰਨਦੇ ਹਨ। ਪੰਜਾਬੀ ਸੱਥ ਵੱਲੋਂ ਕੁਝ ਸਾਲ ਪਹਿਲਾਂ ਛਪੀ ਪੁਸਤਕ (ਮਾਂ ਬੋਲੀ ਦਾ ਕੱਲ੍ਹ ਅੱਜ ਤੇ ਭਲਕ) ਵਿਚੋਂ ਧੰਨਵਾਦ ਸਹਿਤ ਪੰਜਾਬੀ ਦਾ ਕੁਰਸੀਨਾਮਾ ਦਿੱਤਾ ਜਾ ਰਿਹਾ ਹੈ। ਸਭ ਦਾ ਸਾਰੀਆਂ ਗੱਲਾਂ ਨਾਲ ਸਹਿਮਤ ਹੋਣਾ ਕਠਿਨ ਹੁੰਦਾ ਹੈ। ਇਸ ਲਈ ਮਨ-ਮਸਤਕ ਨੂੰ ਖੁੱਲ੍ਹ-ਦਿਲਾ ਤੇ ਨਿਸ਼ਕਪਟ ਰੱਖਣ ਦੀ ਜ਼ਰੂਰਤ ਲਾਜ਼ਮੀ ਹੈ। ਗੁਰਬਾਣੀ ਵਿਚ ਵੀ ਫੁਰਮਾਨ ਹਨ ਕਿ ਪ੍ਰਭੂ ਜੀ ਦੇ ਕੌਤਕਾਂ ਨੂੰ ਕੌਣ ਪੂਰੀ ਤਰ੍ਹਾਂ ਜਾਣ ਸਕਦਾ ਹੈ, ਸਭ ਭਾਲ ਖੋਜ ਕਰਕੇ ਥੱਕ ਜਾਂਦੇ ਹਨ। ਫੁਰਮਾਨ ਹੈ :-

ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ ਸਗਲ ਪਰੋਈ ਅਪੁਨੈ ਸੂਤਿ॥ (ਅੰਗ ੨੮੪)

ਪੰਜਾਬੀ ਦਾ ਕੁਰਸੀਨਾਮਾ



ਮਾਂ ਬੋਲੀ ਦਾ ਕੱਲ੍ਹ ਅੱਜ ਤੇ ਭਲਕ • (293)

ਪੰਜਾਬੀ ਬੋਲੀ ਦੇ ਪ੍ਰਮੁੱਖ ਲਹਿਜੇ ਇਉਂ ਹਨ : ਪੋਠੋਹਾਰੀ, ਲਹਿੰਦੀ, ਝਾਂਗੀ, ਮਲਵਈ, ਮਾਝੀ, ਪੁਆਧੀ, ਭਟਿਆਣੀ, ਰਾਠੀ ਬਾਂਗਰੂ ਤੇ ਪਹਾੜੀ ਡੋਗਰੀ ਆਦਿ। ਪੰਜਾਬੀ ਵਿਚ ਵੀ ਹੋਰ ਬੋਲੀਆਂ ਵਾਂਗੂੰ ਅਰਬੀ, ਫਾਰਸੀ, ਸੰਸਕ੍ਰਿਤ, ਪਾਲੀ, ਯੂਨਾਨੀ,

ਪਸ਼ਤੋ, ਸਾਧੂ ਭਾਸ਼ਾ, ਅੰਗ੍ਰੇਜ਼ੀ ਤੇ ਪੁਰਤਗਾਲੀ ਦੇ ਕਾਫੀ ਸ਼ਬਦ ਰੋਜ਼ਾਨਾ ਦੀ ਬੋਲ-ਚਾਲ ਵਿਚ ਸ਼ਾਮਲ ਹੋ ਗਏ ਹਨ। ਇਹ ਪਰਿਵਰਤਨ, ਸ਼ੈਲੀ-ਪਰਿਵਰਤਨ ਭਾਸ਼ਾਵਾਂ ਦੇ ਵਿਚ ਆਮ ਵਾਪਰ ਜਾਂਦਾ ਹੈ।

ਜਿਵੇਂ ਪਹਿਲਾਂ ਵੀ ਲਿਖਿਆ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਗੁਰਮੁਖੀ ਲਿੱਪੀ ਦੇ ਜਨਮ ਦਾਤਾ ਤੇ ਮੁਖੀ ਮੋਢੀ ਹਨ, ਜਿਨ੍ਹਾਂ ਕੋਲੋਂ ਸਾਨੂੰ ਐਸੀ ਮਹਾਨ ਲਿੱਪੀ ਗੁਰਮੁਖੀ ਪ੍ਰਾਪਤ ਹੋਈ ਹੈ। ਪੂਰੇ ਗੁਰੂ ਜੀ ਨੇ ਹੀ ਐਸੀ ਬਖ਼ਸ਼ਿਸ਼ ਵਰਤਾਈ ਹੈ। ਫ਼ੁਰਮਾਨ ਹੈ :

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ (ਅੰਗ ੧੪੧੨)

ੳ ਊੜਾ **ਅ** ਐੜਾ (ਆਇੜਾ) **ੲ** ਈੜੀ (ਈਵੜੀ) ਸ੍ਵਰ ਅੱਖਰਾਂ ਉਪ੍ਰੰਤ ਇਹ ਅੱਖਰ ਅੱਧਕ ਸਹਿਤ ਤੇ ਇਸੇ ਅੱਖਰ ਦਾ ਇਕ ਹੋਰ ਅੱਖਰ ਨਾਲ ਲਿਖ ਕੇ ਕੰਨਾ ਾ ਲਾ ਕੇ ਬੋਲਿਆ ਜਾਂਦਾ ਹੈ : ਸੱਸਾ, ਕੱਕਾ, ਖੱਖਾ, ਗੱਗਾ, ਘੱਘਾ, ਚੱਚਾ, ਛੱਛਾ, ਜੱਜਾ, ਝੱਝਾ, ਟੱਟਾ (ਟੈਂਕਾ), ਠੱਠਾ, ਡੱਡਾ, ਢੱਢਾ, ਤੱਤਾ, ਥੱਥਾ, ਦੱਦਾ, ਧੱਧਾ, ਪੱਪਾ, ਫੱਫਾ, ਬੱਬਾ, ਭੱਭਾ, ਯੱਯਾ ਤੇ ਲੱਲਾ।

ਇਹ ਚਾਰ ਅੱਖਰ ਟਿੱਪੀ ੰ ਨਾਲ ਲਿਖੇ ਜਾਂਦੇ ਹਨ ਜਾਂ ਆਖ ਲਵੋ ਕਿ ਬੋਲਣ ਵਿਚ ਟਿੱਪੀ ਦੀ ਅਵਾਜ਼ ਸੁਣਾਈ ਪੈਂਦੀ ਹੈ ਪਰ ਟਿੱਪੀ ਦਾ ਉਚਾਰਣ ਸੁਭਾਵਿਕ ਹੈ ਜੋ ਇਨ੍ਹਾਂ ਦੇ ਸਰੂਪ ਨੂੰ ਦੂਸ਼ਿਤ ਨਹੀਂ ਕਰਦਾ :

ਙੰਙਾ, ਞੰਞਾ, ਨੰਨਾ ਤੇ ਮੰਮਾ।

ਹੇਠਾਂ ਲਿਖੇ ਪੰਜ ਅੱਖਰਾਂ ਨੂੰ ਬੋਲਣ ਸਮੇਂ ਪਹਿਲੇ ਅੱਖਰ ਨੂੰ ਵੀ ਕੰਨਾ ਲਗਾ ਕੇ ਉਚਾਰਿਆ ਜਾਂਦਾ ਹੈ :

ਹਾਹਾ, ਣਾਣਾ, ਰਾਰਾ, ਵਾਵਾ ਤੇ ੜਾੜਾ।

ਅਜੋਕੇ ਸਮੇਂ ਕਈ ਵੱਖਰੇ-ਵੱਖਰੇ ਪੈਂਤੀ ਦੇ ਚਾਰਟ (ਨਕਸ਼ਾ ਚਿਤਰ) ਮਿਲਦੇ ਹਨ ਜਿਨ੍ਹਾਂ ਵਿਚ ਵੱਖਰੇ-ਵੱਖਰੇ ਸ਼ਬਦ ਇਨ੍ਹਾਂ ਅੱਖਰਾਂ ਨੂੰ ਸਮਝਾਉਣ ਦਰਸਾਉਣ ਲਈ ਵਰਤੇ ਗਏ ਹਨ। ਕੁਝ ਕਵਿਤਾ ਵਿਚ ਗਾ ਕੇ ਵੀ ਉਪਦੇਸ਼ ਰੀਕਾਰਡ ਕੀਤੇ ਗਏ ਹਨ ਤੇ ਕੁਝ ਧਾਰਮਿਕ ਆਦਿ ਵੀ ਹਨ ਜੋ ਕਿ ਬਹੁਤ ਪ੍ਰਭਾਵਸ਼ਾਲੀ ਹਨ ਪਰ ਇੱਥੇ ਨਹੀਂ ਦਿੱਤੇ ਜਾ ਰਹੇ।

ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਗੁਰਮੁਖੀ ਅੱਖਰਾਂ ਨੂੰ ਕ੍ਰਮ-ਬਧ ਕੀਤਾ, ਇਸ ਤੋਂ ਪਹਿਲਾਂ ਅੱਖਰਾਂ ਦੀ ਕੋਈ ਕ੍ਰਮ-ਬੱਧਤਾ ਤੇ ਟਕਸਾਲੀ ਬਣਤਰ ਨਹੀਂ ਸੀ। ਉਨ੍ਹਾਂ ਨੇ ਅੱਖਰਾਂ ਨੂੰ ਪ੍ਰਮਾਣੀਕ ਤੇ ਸੁੰਦਰ ਦਿੱਖ ਵਾਲਾ ਸਰੂਪ ਦਿੱਤਾ। ਗੁਰਮੁਖੀ ਦੀ ਹੋਰ ਤਰੱਕੀ ਲਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸ਼ਬਦਾਂ ਨੂੰ ਹੋਰ ਵਧੀਆ ਤੇ ਸੁਚੱਜੇ ਤਰੀਕੇ ਨਾਲ ਸਿੱਖਾਂ ਲਈ ਤੇ ਆਮ ਜਨਤਾ ਲਈ ਭੋਜਨ ਵਾਂਗੂੰ ਪਰੋਸਿਆ। ਗੁਰਮੁਖੀ ਨੂੰ ਵਿਕਸਿਤ ਕਰਨ ਲਈ

ਜਨਮ ਸਾਖੀਆਂ ਤੇ ਪੋਥੀਆਂ ਆਦਿ ਰਾਹੀਂ ਪ੍ਰਚਾਰ ਪ੍ਰਸਾਰ ਕੀਤਾ ਕਰਵਾਇਆ। ਸਰਲਤਾ ਸਹਿਤ ਲਿਖਿਆ ਜਾਣਾ, ਨੇ ਹੀ ਗੁਰਮੁਖੀ ਲਿੱਪੀ ਨੂੰ ਕਾਮਯਾਬ ਬਣਾਇਆ। ਸਾਰੇ ਗੁਰੂ ਸਾਹਿਬਾਨਾਂ ਨੇ ਗੁਰਮੁਖੀ ਦੀ ਉੱਨਤੀ ਤਰੱਕੀ ਤੇ ਵਾਧੇ ਲਈ ਬਹੁਤ ਉਸਾਰੂ ਕਦਮ ਉਠਾਏ।

ਪੁਰਾਤਨ ਸਮੇਂ ਗੁਰਮੁਖੀ ਅੱਖਰਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ ਤੇ ਕਦੇ ਵੀ ਪੈਰਾਂ ਵਿਚ ਰੁਲਣ ਨਹੀਂ ਸੀ ਦਿੰਦੇ। ਸਾਰੇ ਗੁਰੂ ਸਾਹਿਬਾਨ ਦੇ ਵੇਲੇ ਗੁਰਮੁਖੀ ਟਕਸਾਲਾਂ ਹੋਂਦ ਵਿਚ ਆਈਆਂ ਤੇ ਗੁਰਮੁਖੀ ਦੇ ਪ੍ਰਚਾਰ ਪਸਾਰ ਲਈ ਬਹੁਤ ਉੱਦਮ ਨਾਲ ਕਾਰਜ ਕੀਤੇ ਗਏ, ਜਿਨ੍ਹਾਂ ਦਾ ਇਤਿਹਾਸ ਵਿਚ ਵੇਰਵਾ ਮਿਲਦਾ ਹੈ। ਬਹੁਤ ਸਾਰੇ ਗੁਰੂ ਸਾਹਿਬਾਨ ਦੇ ਨਿਕਟਵਰਤੀ ਸਿੱਖਾਂ ਨੇ ਇਨ੍ਹਾਂ ਕਾਰਜਾਂ ਵਿਚ ਬਹੁਤ ਯੋਗਦਾਨ ਪਾਇਆ। ਗੁਰਮੁਖੀ ਦੇ ਸਿੱਖਣ-ਸਿਖਾਉਣ ਦਾ ਸੰਬੰਧ ਗੁਰਬਾਣੀ ਸੰਥਿਆ ਨਾਲ ਹੀ ਜੁੜਿਆ ਹੋਇਆ ਹੈ, ਭਾਵ ਜਿਹੜੇ ਵਿਅਕਤੀ, ਸਾਧੂ, ਟਕਸਾਲਾਂ, ਡੇਰੇ ਜਾਂ ਗੁਰਦੁਆਰਾ ਸਾਹਿਬਾਨ ਗੁਰਬਾਣੀ ਦੀ ਸੰਥਿਆ ਦਿੰਦੇ ਸਨ ਉਹ ਪਹਿਲਾਂ ਗੁਰਮੁਖੀ ਹੀ ਸਿਖਾਉਂਦੇ ਸਨ। ਗੁਰਮੁਖੀ ਸਿਖਾਉਣਾ ਗੁਰਬਾਣੀ ਸਿਖਾਉਣਾ ਜਿਹਾ ਹੀ ਪਵਿੱਤਰ ਤੇ ਮਹਾਨ ਕਾਰਜ ਸਮਝਿਆ ਜਾਂਦਾ ਸੀ। ਇਸ ਦਾ ਮੁਖ ਉਦੇਸ਼ ਦੋ-ਪੱਖੀ ਹੁੰਦਾ ਸੀ। ਇਕ ਪਾਸੇ ਤਾਂ ਇਸ ਰਾਹੀਂ ਸਿਖਿਆਰਥੀ, ਜਗਿਆਸੂ ਆਦਿ ਨੂੰ ਹਰੇਕ ਹਾਲਤ ਤਥਾ ਪ੍ਰਸਥਿਤੀ ਵਿਚ ਗੁਰਬਾਣੀ ਨੂੰ ਸਹੀ ਪੜ੍ਹਨ ਦੇ ਯੋਗ ਕੀਤਾ ਜਾਂਦਾ ਸੀ ਤੇ ਦੂਜੇ ਪਾਸੇ ਇਸ ਦੇ ਸਿੱਖਣ ਨਾਲ ਜਨ-ਸਮੂਹ ਦੀ ਜੀਵਨ-ਸ਼ੈਲੀ ਬਦਲਦੀ ਸੀ। ਇਸ ਰਾਹੀਂ ਜਗਿਆਸੂ ਗੁਰਬਾਣੀ ਦੇ ਚਰਨੀਂ ਲੱਗਦੇ ਸਨ, ਜੀਵਨ ਦੀਆਂ ਬਿਹਤਰੀਨ ਕੀਮਤਾਂ ਦੇ ਧਾਰਨੀ ਹੁੰਦੇ ਸਨ। ਵਰਤਮਾਨ ਵਿਚ ਉਦੇਸ਼ ਦੇ ਨਾਲ-ਨਾਲ ਢੰਗ-ਤਰੀਕੇ ਵੀ ਕਾਫੀ ਬਦਲ ਗਏ ਹਨ।

ਸਭ ਤੋਂ ਮੁੱਢਲੇ ਗੁਰਮੁਖੀ ਸਿਖਾਉਣ ਦੇ ਸਕੂਲ (ਪਾਠਸ਼ਾਲਾਵਾਂ), ਗੁਰੂ ਸਾਹਿਬਾਨ ਦੁਆਰਾ ਸਥਾਪਿਤ ਉਹ ਕੇਂਦਰੀ ਸਥਾਨ ਸਨ, ਜਿੱਥੇ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਸੀ ਅਤੇ ਜਿਹੜੇ ਇਕ ਟਕਸਾਲ ਦੀ ਤਰ੍ਹਾਂ ਕਾਰਜਸ਼ੀਲ ਸਨ। ਇਹ ਉਸ ਸਮੇਂ ਦੀਆਂ ਸਿੱਖਿਆ ਸੰਸਥਾਵਾਂ ਸਨ। ਗੁਰਮੁਖੀ ਅਤੇ ਗੁਰਬਾਣੀ ਸੰਥਿਆ, ਅਧਿਐਨ, ਸਾਂਭ-ਸੰਭਾਲ, ਕਥਾ, ਅਰਥ, ਉਤਾਰੇ ਆਦਿ ਦਾ ਵਿਧੀਵਤ ਤੇ ਅਸਲ ਰੂਪ ਤਦੋਂ ਬੱਝਿਆ, ਜਦੋਂ ਸਿੱਖੀ ਦੀ ਪਹਿਲੀ ਟਕਸਾਲ ਸ੍ਰੀ ਕਰਤਾਰਪੁਰ ਸਾਹਿਬ ਵਿਖੇ, ਪਾਤਸ਼ਾਹ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਆਪ ਖੁਦ, ਲਗਭਗ 1532 ਈ. ਵਿਚ ਸਥਾਪਿਤ ਕੀਤੀ ਗਈ। ਸੰਸਾਰੀ ਜੀਵਨ ਦੇ ਆਖਰੀ ਵਰ੍ਹਿਆਂ ਵਿਚੋਂ ਗੁਰੂ ਨਾਨਕ ਦੇਵ ਜੀ, ਸ੍ਰੀ ਕਰਤਾਰਪੁਰ ਸਾਹਿਬ ਵਿਖੇ ਟਿਕ ਗਏ ਤਾਂ ਸਿੱਖ ਵਿਦਵਤਾ ਦੀ ਪਹਿਲੀ ਟਕਸਾਲ ਇੱਥੇ ਬੱਧੀ (ਸਥਾਪਿਤ ਕੀਤੀ), ਜਿੱਥੇ ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ 'ਗਿਆਨੁ ਗੋਸਟਿ' ਦੀ 'ਚਰਚਾ ਸਦਾ' ਚਲਦੀ ਰਹਿੰਦੀ ਸੀ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਦੇਖ-ਰੇਖ ਵਿਚ ਗੁਰਮੁਖੀ ਦੀ ਸਿਰਜਨਾ ਹੋਈ, ਕੀਤੀ ਗਈ ਅਤੇ ਸਾਰੀ ਬਾਣੀ ਇਸੇ ਲਿੱਪੀ ਵਿਚ ਲਿਖੀ ਗਈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਸਿੱਖੀ ਦੇ ਰੂਹਾਨੀ ਤੇ ਸਭਿਆਚਾਰਕ ਅਧਿਐਨ ਨੇ ਚਿੰਤਨ ਦੀ ਦੂਜੀ ਟਕਸਾਲ ਸ੍ਰੀ ਖਡੂਰ ਸਾਹਿਬ ਵਿਖੇ ਸਥਾਪਿਤ ਕੀਤੀ। ਖਡੂਰ ਸਾਹਿਬ ਵਿਖੇ ਗੁਰੂ ਜੀ ਨੇ ਗੁਰਮੁਖੀ ਦੇ ਪ੍ਰਚਾਰ-ਪ੍ਰਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਬਾਲ-ਬੋਧ ਤਿਆਰ ਕਰਵਾਏ ਅਤੇ ਬੱਚਿਆਂ ਨੂੰ ਗੁਰਮੁਖੀ ਤੇ ਗੁਰਬਾਣੀ ਦੀ ਬਾਕਾਇਦਾ ਸਿੱਖਿਆ ਦੇਣੀ ਸ਼ੁਰੂ ਕੀਤੀ। ਸਹੀ ਅਰਥਾਂ ਵਿਚ ਗੁਰਮੁਖੀ ਦੀ ਪਹਿਲੀ ਵਿਧੀਵਤ ਟਕਸਾਲ ਇੱਥੇ ਹੀ ਸ਼ੁਰੂ ਹੋਈ, ਜਿੱਥੇ ਨਾ ਕੇਵਲ ਬਾਣੀ ਹੀ, ਬਲਕਿ ਇਤਿਹਾਸ ਵੀ ਗੁਰਮੁਖੀ ਵਿਚ ਲਿਖਿਆ ਜਾਣ ਲੱਗਿਆ।

''ਨਿਮਾਣਿਆਂ ਦੇ ਮਾਣ'' ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਸਮੇਂ ਗੁਰਮੁਖੀ ਅਤੇ ਗੁਰਬਾਣੀ ਸੰਥਿਆ ਦੀ ਤੀਜੀ ਪ੍ਰਮੁੱਖ ਟਕਸਾਲ ਸ੍ਰੀ ਗੋਇੰਦਵਾਲ ਸਾਹਿਬ ਬਣਿਆ, ਜਿੱਥੇ ਭਾਈ ਗੁਰਦਾਸ ਜੀ, ਭਾਈ ਸੰਸਰਾਮ ਜੀ, ਭਾਈ ਹਿਰਦੇ ਰਾਮ ਜੀ, ਭਾਈ ਬਹਿਲੋ ਜੀ ਵਰਗੇ ਗੁਰਮੁਖੀ ਦੇ ਅਨੇਕ ਹੋਣਹਾਰ ਵਿਦਵਾਨ ਪੈਦਾ ਹੋਏ। ਸਤਿਗੁਰੂ ਜੀ ਨੇ 22 ਮੰਜੀਆਂ ਤੇ 52 ਪੀਹੜੇ ਵੀ ਪ੍ਰਚਾਰ ਵਾਸਤੇ ਕਾਇਮ ਕੀਤੇ, ਗਿਆਨਵਾਨਾਂ ਉੱਪਰ ਬਖ਼ਸ਼ਿਸ਼ ਕਰਕੇ।

ਚਉਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਸਮੇਂ ਅੰਮ੍ਰਿਤਸਰ ਟਕਸਾਲ ਹੋਂਦ ਵਿਚ ਆਉਂਦੀ ਹੈ, ਜਿਸ ਵਿਚ ਗੁਰਬਾਣੀ, ਗੁਰਮੁਖੀ, ਗੁਰਸਿੱਖੀ ਦੀਆਂ ਵਿਦਿਅਕ ਗਤੀਵਿਧੀਆਂ ਦੀ ਹੋਂਦ 20ਵੀਂ ਸਦੀ ਦੇ ਪਿਛਲੇ ਅਧ (੧੯੬੫) ਤੱਕ ਰਹੀ। ਸ੍ਰੀ ਗੁਰੂ ਰਾਮਦਾਸ ਜੀ ਦੇ ਜਪੁ ਦਾ ਉਤਾਰਾ ਨਕਲ ਭਾਈ ਸੱਗੂ ਜੀ ਦੀ ਲਿਖੀ ਹੋਈ ਗੁਰਦੁਆਰਾ ਬੁਰਜ ਮਾਈ ਦੇਸਾਂ ਫਤਹਿ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਵਿਖੇ ਮੌਜੂਦ ਹੈ।

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਟਕਸਾਲ ਵਿਚ ਗੁਰਬਾਣੀ ਸੰਬੰਧੀ ਇਕ ਸ਼ਾਨਦਾਰ, ਇਤਿਹਾਸਕ ਅਤੇ ਜੁੱਗੋ ਜੁੱਗ ਅਟੱਲ ਰਹਿਣ ਵਾਲਾ ਕਾਰਜ 'ਗੁਰਬਾਣੀ ਪ੍ਰਗਾਸ' ਦਾ ਕੀਤਾ ਗਿਆ, ਭਾਵ 'ਆਦਿ ਬੀੜ' ਨੂੰ ਸੰਪਾਦਿਤ ਕੀਤਾ ਗਿਆ। ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਗੁਰਮੁਖੀ ਭਾਖਾ/ਲਿੱਪੀ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ 'ਆਦਿ ਬੀੜ' ਲਿਖਣ ਤੇ ਸੰਪਾਦਨਾ ਨਾਲ ਸਿੱਖ ਧਰਮ, ਦਰਸ਼ਨ, ਸਾਧਨਾ, ਇਤਿਹਾਸ, ਪਰੰਪਰਾ ਅਤੇ ਵਿਦਵਤਾ ਦੇ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੁੰਦੀ ਹੈ। ਹੁਣ ਗੁਰਬਾਣੀ ਇਕ ਵਿਉਂਤਬਧ ਪ੍ਰਮਾਣਿਕ ਰੂਪ ਵਿਚ ਮਿਲਣ ਲੱਗਦੀ ਹੈ।

ਅਗਲੇ ਗੁਰੂ ਸਾਹਿਬਾਨ ਦੇ ਗੁਰਿਆਈ ਸਮੇਂ ਵਿਚ ਗੁਰਮੁਖੀ ਤੇ ਗੁਰਬਾਣੀ ਅਧਿਐਨ, ਅਧਿਆਪਨ, ਖੋਜ ਆਦਿ ਦੇ ਅਨੇਕ ਜਤਨਾਂ ਤਹਿਤ ਸਮਕਾਲੀ ਕੋਸ਼ਿਸ਼ਾਂ ਕਰਨ ਵਾਲੇ ਅਨੇਕ ਵਿਦਵਾਨਾਂ, ਲਿਖਾਰੀਆਂ ਵਿਚ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਭਾਈ ਬੰਨੋ, ਭਾਈ ਸੰਤ ਦਾਸ, ਭਾਈ ਹਰੀਆ, ਭਾਈ ਸੁਖਾ, ਭਾਈ ਮਨਸਾ ਰਾਮ, ਭਾਈ ਬੂੜਾ ਸੰਧੂ, ਭਾਈ ਬਿਧੀ ਚੰਦ। ਭਾਈ ਬਿਧੀ ਚੰਦ ਦੁਆਰਾ ਲਿਖਿਆ ਸਰੂਪ ਸੁਰਸਿੰਘ ਵਾਲਾ

ਵਿਖੇ ਮੌਜੂਦ ਹੈ। ਭਾਈ ਗੁਰਦਿਤਾ ਜਟੇਟਾ। ਭਾਈ ਗੁਰਦਿਤਾ ਜੀ ਜਟੇਟਾ : ਮੈਂ ਜਾਤ ਸੇਖੋਂ ਦਾ ਖੱਤਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸੰਗਤ ਦੀ ਚਰਣ ਧੂੜ ਸਦਕਾ ਇਹ ਸਰੂਪ ਲਿਖ ਰਿਹਾ ਹਾਂ। ਇਸੇ ਤਰ੍ਹਾਂ ਹੀ ਅੱਠਵੇਂ ਪਾਤਿਸ਼ਾਹ ਦੇ ਸਮੇਂ ਭਾਈ ਛੱਜੂ ਜੀ ਬਾਣੀ ਲਿਖਦੇ ਹਨ। ਨੌਵੇਂ ਪਾਤਿਸ਼ਾਹ ਦੇ ਸਮੇਂ ਭਾਈ ਘਨਈਆ ਜੀ ਤੇ ਭਾਈ ਜੈਤਾ ਜੀ ਦੇ ਪਿਤਾ ਸਦਾਨੰਦ ਜੀ ਦੇ ਲਿਖੇ ਸਰੂਪ ਜੌਨਪੁਰ ਇਲਾਕੇ ਵਿਚ ਮਿਲ ਜਾਂਦੇ ਹਨ। ਭਾਈ ਰੂਪ ਕੁਇਰ, ਭਾਈ ਰਾਮ ਰਾਇ, ਭਾਈ ਯੋਗ ਰਾਜ, ਭਾਈ ਬਿਰਦ ਦਾਸ, ਭਾਈ ਹਰਦਾਸ, ਸ਼ਹੀਦ ਭਾਈ ਮਨੀ ਸਿੰਘ ਜੀ, ਭਾਈ ਫਤੇ ਚੰਦ, ਭਾਈ ਪਾਖਰ ਮੱਲ, ਭਾਈ ਹਾਕਮ ਸਿੰਘ ਗ੍ਰੰਥ ਆਦਿ ਅਨੇਕ 'ਹੀਰੇ-ਜਵਾਹਰਾਂ' ਦਾ ਨਾਂ ਲਿਆ ਜਾ ਸਕਦਾ ਹੈ, ਜਿਨ੍ਹਾਂ ਵਿਚੋਂ ਬਹੁਤੇ ਅੰਮ੍ਰਿਤਸਰ ਟਕਸਾਲ ਨਾਲ ਹੀ ਸੰਬੰਧਿਤ ਸਨ।

ਬਾਅਦ ਵਿਚ ਸਿੱਖ ਇਤਿਹਾਸ ਵਿਚ, ਜਿਸ ਨੂੰ 'ਗਿਆਨੀਆਂ ਦੀ ਟਕਸਾਲ' ਕਿਹਾ ਗਿਆ, ਦੇ ਕਾਰਜ ਵਿਸ਼ੇਸ਼ ਧਿਆਨ ਮੰਗਦੇ ਹਨ। ਇਨ੍ਹਾਂ ਦਾ ਸਾਰਾ ਕਾਰਜ-ਕ੍ਰਮ ਅਤੇ ਮੁਕਾਮ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਸੀ। ਇਸ ਗਿਆਨੀਆਂ ਦੀ ਟਕਸਾਲ ਦੇ ਇਕ ਤਰ੍ਹਾਂ ਮੋਢੀ ਦੀ ਭੂਮਿਕਾ ਨਿਭਾਉਣ ਵਾਲੇ ਭਾਈ ਗੁਰਦਾਸ ਜੀ ਅਤੇ ਸ਼ਹੀਦ ਮਨੀ ਸਿੰਘ ਜੀ ਸਨ, ਜਿਨ੍ਹਾਂ ਤੋਂ ਅਗਾਂਹ ਕਈ ਵਿਦਵਾਨ ਪੈਦਾ ਹੋਏ ਅਤੇ ਜਿਨ੍ਹਾਂ ਨੇ ਗੁਰਮੁਖੀ ਦਾ ਜਿੱਥੇ ਦੂਰ-ਦੁਰਾਡੇ ਤੱਕ ਪ੍ਰਸਾਰ ਕੀਤਾ, ਉਥੇ ਗੁਰਮੁਖੀ ਵਿਚ ਉਚ ਪਾਏ ਦੇ ਸਾਹਿਤ ਸਮੇਤ ਕਈ ਸ਼ਾਨਦਾਰ ਸ਼ੈਲੀਆਂ ਦਾ ਵੀ ਨਿਰਮਾਣ ਕੀਤਾ, ਜਿਵੇਂ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਦੀ ਗੁਰਮੁਖੀ ਲਿਖਤ ਸ਼ੈਲੀ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਇਨ੍ਹਾਂ ਸ਼ੈਲੀਆਂ ਦੀ ਸੁਹਜਾਤਮਕਤਾ ਵਿਸ਼ੇਸ਼ ਭਾਵਾਂ ਦੀ ਲਖਾਇਕ (ਤਰਜਮਾਨ) ਰਹੀ ਹੈ।

ਦਸਮ ਪਾਤਿਸ਼ਾਹ ਹਜ਼ੂਰ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਉਪਰੰਤ ਜ਼ਿਕਰਯੋਗ ਗੁਰਮੁਖੀ ਵਿੱਦਿਆ ਦੀ ਟਕਸਾਲ ਦਮਦਮਾ ਸਾਹਿਬ ਸਥਾਪਿਤ ਹੋਈ। ਸ੍ਰੀ ਦਮਦਮਾ ਸਾਹਿਬ ਵਿਖੇ ਦਸਮ ਪਿਤਾ ਗੁਰੂ ਕਲਗੀਧਰ ਨੇ ਗੁਰਮੁਖੀ ਦੀ ਪੜ੍ਹਾਈ, ਗੁਰਬਾਣੀ ਕਥਾ, ਅਧਿਐਨ, ਸੰਥਿਆ, ਉਤਾਰਿਆਂ ਆਦਿ ਦੀ ਇਕ ਵਿਧੀਵਤ ਪਰੰਪਰਾ ਦਾ ਅਗਾਜ਼ ਕੀਤਾ। ਸਤਿਗੁਰੂ ਜੀ ਨੇ ਆਪ ਵੀ ਤੇ 52 ਕਵੀਆਂ ਤੇ ਹੋਰ ਗਿਆਨਵਾਨਾਂ ਕੋਲੋਂ ਹੋਰ ਗ੍ਰੰਥਾਂ ਦੇ ਅਨੁਵਾਦ ਤਰਜਮੇ ਕਰਵਾਏ। ਕਵੀ ਸੈਨਾਪਤੀ ਜੀ ਨੇ ਚਾਣਕਯ ਨੀਤੀ ਦਾ ਅਨੁਵਾਦ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਭਗਤ ਸੂਰਦਾਸ ਜੀ ਦੀ ਇੱਕੋ ਹੀ ਪੰਗਤੀ ਰਾਗ ਸਾਰੰਗ ਵਿਖੇ ਦਰਜ ਹੈ। ਭਗਤ ਸੂਰਦਾਸ ਜੀ ਬਿੰਦ੍ਰਾਬਨ ਤੋਂ ਚਲ ਕੇ ਅੰਮ੍ਰਿਤਸਰ ਵਿਖੇ ਆਏ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਇਕ ਗ੍ਰੰਥ ਦਾ ਸੰਪਾਦਨ ਕਰ ਰਹੇ ਹਨ ਜਿਸ ਵਿਖੇ ਹੋਰ ਭਗਤਾਂ ਦੀ ਬਾਣੀ ਵੀ ਦਰਜ ਕਰ ਰਹੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਦਿੱਤਾ ਤੇ ਆਪਣੀ ਬਾਣੀ ਸੁਣਾਉਣ ਲਈ ਆਖਿਆ ਤਾਂ ਭਗਤ ਸ੍ਰੀ

ਸੂਰਦਾਸ ਜੀ ਨੇ ਸੰਗੀਤ ਸਹਿਤ ਸ਼ੁਰੂ ਕੀਤੀ, "**ਛਾਡਿ ਮਨ ਹਰਿ ਬਿਮੁਖਨ ਕੋ ਸੰਗੁ**" ਇਹ ਦੁਪਹਿਰ ਦੇ ਸਮੇਂ ਐਸੀ ਭਾਵਨਾ ਤੇ ਪ੍ਰੇਮ ਸਹਿਤ ਗਾਵਣੀ ਕੀਤੀ ਕਿ ਇਸੇ ਪੰਗਤੀ ਨੂੰ ਉਚਾਰਦਿਆਂ-ਉਚਾਰਦਿਆਂ ਸਮਾਧੀ ਲੱਗ ਗਈ। ਬਹੁਤ ਸਮਾਂ ਸਮਾਧੀ ਨਾ ਖੁੱਲ੍ਹੀ, ਸੰਗਤਾਂ ਨੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਲੰਗਰ ਪ੍ਰਸ਼ਾਦਿ ਤਿਆਰ ਹੈ ਆਪ ਜੀ ਛਕੋ, ਤਾਂ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਫੁਰਮਾਨ ਕੀਤਾ ਕਿ ਇਨ੍ਹਾਂ ਦੀ ਇਹੋ ਹੀ ਪੰਗਤੀ ਦਰਜ ਕਰ ਦਿਓ ਤੇ ਆਪ ਸਤਿਗੁਰੂ ਜੀ ਨੇ ਇਕ ਸ਼ਬਦ ਉਚਾਰ ਕੇ ਭਗਤ ਸੂਰਦਾਸ ਜੀ ਜਿਵੇਂ ਸਰੋਪਾ ਬਖ਼ਸ਼ ਦਿੱਤਾ, ਇੱਥੇ ਸਾਰੰਗ ਰਾਗ ਵਿਚ ਅੰਗ ੧੨੫੩ ਵਿਖੇ ਇਸ ਤਰ੍ਹਾਂ ਅੰਕਿਤ ਹੈ ਜੀ :

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥
ਸਾਰੰਗ ਮਹਲਾ ੫ ਸੂਰਦਾਸ॥ ੧ੴ ਸਤਿਗੁਰ ਪ੍ਰਸਾਦਿ ॥
ਹਰਿ ਕੇ ਸੰਗ ਬਸੇ ਹਰਿ ਲੋਕ ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ
ਅਨਦ ਸਹਜ ਧੁਨਿ ਝੋਕ ॥ ੧ ॥ ਰਹਾਉ ॥
ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥
ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥ ੧ ॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥

ਸਤਿਗੁਰ ਜੀ ਸ਼ਬਦ ਉਚਾਰ ਕੇ ਮੋਹਰ ਸੂਰਦਾਸ ਜੀ ਦੇ ਨਾਮ ਦੀ ਲਾ ਦਿੱਤੀ ਤੇ ਉਨ੍ਹਾਂ ਨੂੰ ਸਦਾ ਲਈ ਅਮਰ ਕਰ ਦਿੱਤਾ। ਸਤਿਗੁਰੂ ਜੀ ਸੰਗਤਾਂ ਦੀ ਬੇਨਤੀ ਤੇ ਲੰਗਰ ਅਸਥਾਨ ਵਿਖੇ ਪਹੁੰਚੇ, ਉਪ੍ਰੰਤ ਭਗਤ ਸੂਰਦਾਸ ਜੀ ਸਮਾਧੀ ਤੋਂ ਉਥਾਨ ਹੋਏ ਤੇ ਉਨ੍ਹਾਂ ਨੇ ਸਾਰਾ ਸ਼ਬਦ ਉਚਾਰਿਆ ਜੋ ਭਾਈ ਬੰਨੋ ਜੀ ਨੇ ਲਿਖ ਲਿਆ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਉਨ੍ਹਾਂ ਦੀ ਇੱਕੋ ਹੀ ਪੰਗਤੀ ਦਰਜ ਹੈ।

ਇਸੇ ਤਰ੍ਹਾਂ ਹੀ ਆਸਾ ਰਾਗੁ ਵਿਖੇ ਜਿੱਥੇ ਭਗਤ ਧੰਨਾ ਜੀ ਦੀ ਬਾਣੀ ਅੰਕਿਤ ਹੈ ਉਥੇ ਵਿਚਕਾਰਲੇ ਸ਼ਬਦ ਦਾ ਸਿਰਲੇਖ ਹੈ ਮਹਲਾ ੫ ॥

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥ (ਅੰਗ ੪੮੭)

ਇੱਥੇ ਵੀ ਸ਼ਬਦ ਦੇ ਅਖੀਰ ਵਿਚ ਭਗਤ ਧੰਨਾ ਜੀ ਦੇ ਨਾਮ ਦੀ ਮੋਹਰ ਹੈ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਗਤ ਧੰਨਾ ਜੀ ਨੂੰ ਸਿਰਪਾਓ ਬਖ਼ਸ਼ਿਆ ਹੈ। ਸਤਿਗੁਰੂ ਜੀ ਆਪਣੀ ਉਚਾਰੀ ਤੇ ਭਗਤ ਬਾਣੀ ਵਿਚ ਕੋਈ ਵੀ ਅੰਤਰ ਫਰਕ ਨਹੀਂ ਰਹਿਣ ਦਿੰਦੇ ਤਾਂ ਕਿ ਕੋਈ ਬੇਸਮਝ ਵਿਅਕਤੀ ਭਗਤ ਬਾਣੀ ਨੂੰ ਕਿਸੇ ਤਰ੍ਹਾਂ ਵੀ ਘੱਟ ਨਾ ਸਮਝੇ ਤੇ ਜਾਵੇ।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥

ਸਾਰਾ ਸ਼ਬਦ ਆਪ ਜਾਂਚ ਲੈਣਾ ਜੀ, ਹੋਰ ਵੀ ਕਈ ਥਾਵਾਂ 'ਤੇ ਐਸੀਆਂ ਉਦਾਹਰਣਾਂ ਮਿਲਦੀਆਂ ਹਨ ਜਿੱਥੇ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਗਤ ਬਾਣੀ ਨੂੰ ਹੋਰ ਵੀ ਸਪੱਸ਼ਟ ਕਰਨ ਲਈ ਨਾਲ ਹੀ ਉਪਦੇਸ਼ ਬਖ਼ਸ਼ੇ ਹਨ।

ਭਗਤ ਸੂਰਦਾਸ ਜੀ ਦੀ ਉਚਾਰੀ ਪੰਗਤੀ ਬਾਰੇ ਮੈਕਾਲਿਫ ਨੇ ਆਖ ਦਿੱਤਾ ਕਿ ਇਹ ਹੋਰ ਕਿਸੇ ਵਿਅਕਤੀ ਦੀ ਹੈ ਕੁਝ ਦੁਬਿਧਾ ਜਿਹੀ ਉਤਪੰਨ ਹੋ ਗਈ, ਪਰ ਦਸਵੇਂ ਸਤਿਗੁਰੂ ਜੀ ਦੇ ਸਮੇਂ ਦੇ ਗ੍ਰੰਥਾਂ ਦਾ ਅਨੁਵਾਦ ਵਾਚਿਆ ਗਿਆ ਤਾਂ ਭਗਤ ਸੂਰਦਾਸ ਜੀ ਦੇ ਸੁਰ ਸਾਗਰ ਗ੍ਰੰਥ ਦਾ ਤਰਜਮਾ ਮਿਲ ਗਿਆ, ਜਿਸ ਵਿਚ ਉਪਰੋਕਤ ਪੰਗਤੀਆਂ ਦਰਜ ਹੈਨ ਤਾਂ ਸਭ ਗੱਲ ਸਪੱਸ਼ਟ ਹੋ ਗਈ ਕਿ ਇਹ ਪੰਗਤੀਆਂ ਭਗਤ ਸੂਰਦਾਸ ਜੀ ਦੀਆਂ ਹਨ ਤੇ ਹੋਰ ਕਿਸੇ ਵਿਅਕਤੀ ਦੀਆਂ ਨਹੀਂ। ਇਹ ਸਤਿਗੁਰੂ ਜੀ ਦੀ ਬੇਅੰਤ ਬਖ਼ਸ਼ਿਸ਼ ਤੇ ਦੂਰ-ਅੰਦੇਸ਼ੀ ਹੈ ਸੀ ਕਿ ਹੋਰ ਗ੍ਰੰਥਾਂ ਦਾ ਤਰਜਮਾ ਅਨੁਵਾਦ ਗੁਰਮੁਖੀ ਵਿਚ ਕੀਤਾ ਗਿਆ।

ਇਸ ਖੇਤਰ ਵਿਚ ਗੁਰੂ ਜੀ ਤੋਂ ਵਰੋਸਾਏ ਦੋ ਗੁਰਮੁਖਾਂ—ਸ਼ਹੀਦ ਭਾਈ ਮਨੀ ਸਿੰਘ ਜੀ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਇਸ ਖੇਤਰ ਵਿਚਲਾ ਯੋਗਦਾਨ ਅਦੁਤੀ ਹੈ। ਇਨ੍ਹਾਂ ਦੋ ਗੁਰਮੁਖਾਂ ਦੀ ਘਾਲ-ਕਮਾਈ ਰਾਹੀਂ ਹੋਂਦ ਵਿਚ ਆਈਆਂ ਗੁਰਬਾਣੀ ਟਕਸਾਲਾਂ ਨੇ ਗੁਰਮੁਖੀ ਦੇ ਖੇਤਰ ਵਿਚ ਲਾ-ਮਿਸਾਲ ਯੋਗਦਾਨ ਪਾਇਆ। ਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ 'ਸਿੱਖ ਵਿਦਵਤਾ ਦੀ ਨਿਰਮਲ ਟਕਸਾਲ' ਤੇ ਭਾਈ ਘਨੱਈਆ ਜੀ ਦੀ ਪਾਰਸ ਛੋਹ ਰਾਹੀਂ 'ਸੇਵਾ ਪੰਥ' ਦੁਆਰਾ ਗੁਰਮੁਖੀ ਦੇ ਪ੍ਰਸਾਰ-ਪ੍ਰਚਾਰ ਵਿਚ ਪਾਏ ਯੋਗਦਾਨ ਨੂੰ ਮੁਲੰਕਣ ਤਥਾ ਉਲੀਕਣ ਲਈ ਸੁਤੰਤਰ ਪੁਸਤਕਾਂ ਦੀ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਅਠਾਰਵੀਂ-ਉਨੀਵੀਂ ਸਦੀ ਦੇ ਬਿਖੜੇ ਦੌਰ ਵਿਚ ਉਦਾਸੀ, ਨਿਰਮਲ, ਸੇਵਾ ਪੰਥੀ ਆਦਿ ਸਿੱਖ ਟਕਸਾਲਾਂ ਦੇ ਪ੍ਰਚਾਰ-ਪ੍ਰਸਾਰ ਦੀ ਬਦੌਲਤ ਹੀ ਗੁਰਮੁਖੀ ਅਤੇ ਗੁਰਬਾਣੀ ਦਾ ਚਾਨਣ ਦੇਸ਼-ਵਿਦੇਸ਼ ਦੂਰ-ਦੁਰਾਡੇ ਇਲਾਕਿਆਂ ਵਿਚ ਪਹੁੰਚਿਆ ਸੀ।

ਇਸ ਤਰ੍ਹਾਂ 12 ਟਕਸਾਲਾਂ ਸਨ। ਕਰਤਾਰਪੁਰ ਦੀ ਟਕਸਾਲ ਦੇ ਭਾਈ ਸਾਹਿਬ ਰਾਮ ਜੀ ਸਨ। ਇਹ ਟਕਸਾਲਾਂ ਇਕੱਲੇ ਸਰੂਪ ਹੀ ਨਹੀਂ ਸੀ ਲਿਖਦੇ, ਬਲਕਿ ਅਨੁਵਾਦਕ ਵੀ ਸਨ। ਸੇਵਾ ਪੰਥੀ ਭਾਈ ਸੇਵਾ ਰਾਮ ਜੀ ਸਨ ਜਿਨ੍ਹਾਂ ਨੇ ਬਹੁਤ ਸੇਵਾ ਕਰਵਾਈ। ਟਕਸਾਲਾਂ ਲਈ ਭੋਜਨ ਲਈ ਗਜਾ ਕਰਨ ਵਾਲੇ (ਪ੍ਰਸ਼ਾਦੇ ਦੁੱਧ ਵਗੈਰਾ ਇਕੱਤ੍ਰ ਕਰਨ ਵਾਲੇ) ਉਪਰੋਕਤ ਸਮਗਰੀ ਅਹਾਰ ਦੇਣ ਵਾਲੇ ਨੂੰ ਪਾਠ ਦੀ ਇਕ ਪਉੜੀ ਸਿਖਾ ਕੇ ਜਾਂਦੇ ਸਨ, ਸੁਣਦੇ ਸਨ ਬੱਚਿਆਂ ਤੋਂ ਮਾਤਾਵਾਂ ਤੋਂ। ਟਕਸਾਲਾਂ ਵਿਖੇ 9 ਤਰ੍ਹਾਂ ਦੀਆਂ ਲਿਖਤਾਂ ਲਿਖੀਆਂ ਜਾਂਦੀਆਂ ਹਨ। ਉਹ ਇਵੇਂ ਹਨ ਜੀ :- ਨਿੱਜੀ ਲਿਖਤਾਂ, ਪਰਿਵਾਰੀ ਲਿਖਤਾਂ, ਸਮਾਜਿਕ ਲਿਖਤਾਂ, ਗਿਆਨ ਵਿਸਥਾਰੀ ਸੁਧਾਰਿਕ ਲਿਖਤਾਂ, ਸ੍ਰਕਾਰੀ ਦਰਬਾਰੀ ਲਿਖਤਾਂ, ਕਾਨੂੰਨੀ ਲਿਖਤਾਂ, ਵਾਪਾਰਿਕ ਲਿਖਤਾਂ ਤੇ ਧਾਰਮਿਕ ਲਿਖਤਾਂ।

ਮਿਸਲ-ਕਾਲ ਤੇ ਰਣਜੀਤ ਸਿੰਘ-ਕਾਲ ਵਿਚ ਸਿੱਖ ਟਕਸਾਲਾਂ, ਸੰਪ੍ਰਦਾਵਾਂ,

ਸਾਧੂਆਂ ਜਾਂ ਮਿਸਲਦਾਰਾਂ ਅਤੇ ਨਿਜੀ ਰੂਪ ਵਿਚ ਅਨੇਕ ਵਿਅਕਤੀਆਂ ਨੇ ਗੁਰਮੁਖੀ ਵਿੱਦਿਆ ਤੇ ਗੁਰਬਾਣੀ ਸੰਥਿਆ ਵਿਚ ਭਰਪੂਰ ਯੋਗਦਾਨ ਪਾਇਆ। ਇਸ ਸਮਕਾਲ ਵਿਚ ਜਗਿਆਸੂਆਂ ਜਾਂ ਆਮ ਲੋਕਾਂ ਨੂੰ ਪਹਿਲਾਂ ਗੁਰਮੁਖੀ ਸਿਖਾਈ ਜਾਂਦੀ ਸੀ, ਫਿਰ ਗੁਰਬਾਣੀ ਦੀ ਸੰਥਿਆ ਜਾਂ ਹੋਰ ਸਿਖਲਾਈ ਕਰਵਾਈ ਜਾਂਦੀ ਸੀ। ਇਉਂ ਸਿਖਿਆਰਥੀ ਗੁਰਮੁਖੀ/ ਗੁਰਬਾਣੀ ਅੱਖਰਾਂ ਜਾਂ ਲਗਾਂ ਦੀ ਹਰੇਕ ਬਰੀਕ ਤੋਂ ਬਰੀਕ ਧੁਨੀ ਸਿਖ ਜਾਂਦਾ ਸੀ।

ਪੰਜਾਬ ਵਿਚਲੇ 19ਵੀਂ ਸਦੀ ਦੇ ਆਖਰੀ ਤੇ 20ਵੀਂ ਸਦੀ ਦੇ ਮੁੱਢਲੇ ਕੁਝ ਦਹਾਕਿਆਂ ਵਾਲੇ ਸਮੇਂ ਦੇ ਇਤਿਹਾਸ ਵਿਸ਼ੇਸ਼ ਵਿਚ 'ਸਿੰਘ ਸਭਾ ਲਹਿਰ', ਸਿੱਖ ਧਾਰਮਿਕ ਤੇ ਸਭਿਆਚਾਰਕ-ਅਵਚੇਤਨ (ਚੇਤਨਾ ਦੀ ਡੂੰਘ) ਦਾ ਪੁਨਰ-ਸਿਰਜਣ ਸੀ ਅਤੇ ਇਸ ਅਵਚੇਤਨ ਦਾ ਕੇਂਦਰ-ਬਿੰਦੂ 'ਪਛਾਣ' ਸੀ। ਸਿੰਘ ਸਭਾ ਲਹਿਰ ਦੇ ਪ੍ਰਭਾਵ ਤਥਾ ਹਿੰਮਤ ਨਾਲ ਛੋਟੇ-ਛੋਟੇ ਗੁਰਮੁਖੀ ਵਿਦਿਆਲਿਆਂ ਦੀ ਇਕ ਲੜੀ ਖੜ੍ਹੀ ਹੋ ਗਈ, ਜਿਹੜੀ ਕਲਕੱਤੇ (ਬੰਗਾਲ) ਤੋਂ ਲੈ ਕੇ ਪਿਸ਼ਾਵਰ ਤੱਕ ਫੈਲੀ। ਇਸ ਮਹਾਨ ਕਾਰਜ ਵਿਚ ਸਿੰਘ ਸਭਾ ਲਹਿਰ ਦੇ ਉਤਸ਼ਾਹੀ ਸੱਜਣਾਂ ਤੋਂ ਬਿਨਾਂ ਕਈ ਮਿਤ-ਸੰਗਠਨਾਂ, ਸਿੱਖ ਟਕਸਾਲਾਂ, ਸੰਪ੍ਰਦਾਵਾਂ, ਵਿਅਕਤੀਗਤ ਜਾਂ ਪਰੰਪਰਿਕ ਘਰਾਣਿਆਂ ਦਾ ਯੋਗਦਾਨ ਵੀ ਰਿਹਾ। ਪੰਜਾਹਵਿਆਂ-ਸਠਵਿਆਂ ਦੇ ਲਗਭਗ ਸ਼ੁਰੂ ਹੋਈਆਂ ਸਿੱਖ ਮਿਸ਼ਨਰੀ ਲਹਿਰਾਂ ਦਾ ਵੀ ਗੁਰਮੁਖੀ ਪ੍ਰਸਾਰ-ਪ੍ਰਚਾਰ ਵਿਚ ਵਿਸ਼ੇਸ਼ ਯੋਗਦਾਨ ਰਿਹਾ। ਸਤਰਵਿਆਂ ਦੇ ਸ਼ੁਰੂ (1966) ਵਿਚ ਸ਼ਤਾਬਦੀਆਂ ਮਨਾਉਣ ਦੀ ਸ਼ੁਰੂਆਤ ਨਾਲ ਇਕ ਨਵੀਂ ਪ੍ਰਕਾਰ ਦੀ ਚੇਤਨਾ ਦਾ ਉਦੈ ਹੋਇਆ। 1973 ਵਿਚ ਸਿੰਘ ਸਭਾ ਦੀ 100 ਸਾਲਾ ਸ਼ਤਾਬਦੀ ਉਤੇ ਪਾਠ-ਬੋਧ ਸਮਾਗਮਾਂ ਦੀ ਆਰੰਭੀ ਲੜੀ ਨਾਲ ਇਸ ਖੇਤਰ ਵਿਚ ਕਾਫੀ ਜਾਗਿਰਤੀ ਆਈ।

ਪੰਜਾਬ ਦੇ ਬਟਵਾਰੇ, ਖਾਸ ਕਰਕੇ ਪੰਜਾਬੀ ਸੂਬਾ ਬਣਨ ਉਪਰੰਤ ਨਵੀਆਂ ਸਿੱਖਿਆ ਨੀਤੀਆਂ ਨਾਲ ਗੁਰਮੁਖੀ ਅਧਿਐਨ-ਅਧਿਆਪਨ ਦੇ ਪ੍ਰਚਾਰ-ਪ੍ਰਸਾਰ ਵਿਚ ਪ੍ਰਮੁੱਖ ਤੌਰ ਉਤੇ ਦੋ ਦਿਸ਼ਾਵੀ ਤਬਦੀਲੀ ਵਾਪਰੀ — ਇਕ ਪਾਸੇ ਤਾਂ ਪੰਜਾਬੀ ਬੋਲੀ ਲਈ ਕਨੂੰਨੀ ਤੇ ਦਫਤਰੀ ਤੌਰ 'ਤੇ ਗੁਰਮੁਖੀ ਲਿੱਪੀ ਨੂੰ ਮਾਨਤਾ ਮਿਲਣ ਨਾਲ ਇਸ ਦੇ ਵਿਕਾਸ ਦੀਆਂ ਬੇਅੰਤ ਸੰਭਾਵਨਾਵਾਂ ਪੈਦਾ ਹੋਈਆਂ, ਜਿਸ ਨਾਲ ਹੋਰ ਕਈ ਖੇਤਰਾਂ ਦੀਆਂ ਪ੍ਰਾਪਤੀਆਂ ਸਮੇਤ ਇਸ ਵਿਚ ਉਚ ਪੱਧਰ ਦਾ ਕਈ ਪ੍ਰਕਾਰ ਬੇਅੰਤ ਸਾਹਿਤ ਰਚਿਆ ਗਿਆ ਅਤੇ ਇਹ ਪ੍ਰਕਿਰਿਆ ਹੁਣ ਵੀ ਨਿਰੰਤਰ ਜਾਰੀ ਹੈ। ਦੂਜੇ ਪਾਸੇ ਇਸ ਨਾਲ ਜਿਸ ਕਿਸਮ ਦੀ ਪ੍ਰਤੀਬਧਤਾ, ਦ੍ਰਿੜ੍ਹਤਾ, ਭਾਵਨਾ ਤੇ ਦ੍ਰਿਸ਼ਟੀ ਗੁਰਮੁਖੀ ਦੀਆਂ ਮੁੱਢਲੀਆਂ ਟਕਸਾਲਾਂ ਵਿਚ ਕਾਇਮ ਸੀ, ਜੇ ਉਹ ਪੂਰੀ ਤਰ੍ਹਾਂ ਖਤਮ ਨਹੀਂ, ਤਾਂ ਦੁਰਲੱਭ ਹੋਣੀ ਸ਼ੁਰੂ ਹੋ ਗਈ।

ਵਰਤਮਾਨ ਗੁਰਮੁਖੀ ਦਾ ਪ੍ਰਚਾਰ-ਪ੍ਰਸਾਰ ਭਾਵੇਂ ਦੇਸ਼-ਵਿਦੇਸ਼ ਤੱਕ ਕਈ ਨਵੀਆਂ ਤਕਨੀਕਾਂ ਨਾਲ ਹੋ ਰਿਹਾ ਹੈ, ਇਸ ਬਾਰੇ ਢੇਰ ਸਾਰਾ ਸਾਹਿਤ ਉਪਲਬਧ ਹੈ; ਕਈ ਯੂ-ਟਿਊਬ ਚੈਨਲ ਜਾਂ ਹੋਰ ਬਿਜਲਈ ਪਲੇਟਫਾਰਮ ਹਨ। ਪੰਜਾਬੀ ਮਾਧਿਅਮ ਨਾਲ ਸੰਬੰਧਿਤ

ਲਗਭਗ ਹਰੇਕ ਸਕੂਲ, ਕਾਲਜ ਜਾਂ ਯੂਨੀਵਰਸਿਟੀਆਂ ਵਿਚ ਇਸ ਨੂੰ ਪੜ੍ਹਿਆ-ਪੜ੍ਹਾਇਆ ਜਾ ਰਿਹਾ ਹੈ। ਹਰ ਮਹੀਨੇ ਇਸ ਮਾਧਿਅਮ ਵਿਚ ਢੇਰ ਸਾਰਾ ਸਾਹਿਤ ਛਪਦਾ ਹੈ। ਪੀਐਚ.ਡੀ. ਦੀਆਂ ਡਿਗਰੀਆਂ ਇਸ ਮਾਧਿਅਮ ਰਾਹੀਆਂ ਹੁੰਦੀਆਂ ਹਨ। ਪੰਜਾਬੀ ਦੇ ਹਵਾਲੇ ਵਿਚ ਹੋਰ ਵੀ ਬਹੁਤ ਕੁਝ ਹੋ ਰਿਹਾ ਹੈ, ਪਰ ਐਨਾ ਕੁਝ ਹੋਣ ਦੇ ਬਾਵਜੂਦ ਬਦਲ ਰਹੀਆਂ ਪ੍ਰਸਥਿਤੀਆਂ ਕਾਰਨ ਹੁਣ ਗੁਰਮੁਖੀ ਜਾਣਨ, ਸਮਝਣ ਤੇ ਪਿਆਰਨ ਵਾਲਿਆਂ ਦੀ ਲਗਾਤਾਰ ਥੋੜ ਹੁੰਦੀ ਜਾ ਰਹੀ ਹੈ। ਇਸ ਥੋੜ ਨੂੰ ਪੂਰਨ ਕਰਨ ਦੀ ਲੋੜ ਹੈ।

ਧਰਮ ਵਿਚ ਸਿਦਕ, ਪਰੰਪਰਾ, ਨਿਮਰਤਾ, ਸ਼ਰਧਾ, ਵਿਸ਼ਵਾਸ, ਅਦਬ, ਸਤਿਕਾਰ, ਬਿਬੇਕ ਆਦਿ ਬਹੁਤ ਉੱਚੀਆਂ ਕੀਮਤਾਂ ਹੁੰਦੀਆਂ ਹਨ। ਇਸ ਲਈ ਗੁਰਬਾਣੀ ਪ੍ਰਤੀ ਉਸ ਦੇ ਮੰਨਣ ਵਾਲਿਆਂ ਵਿਚ ਇਨ੍ਹਾਂ ਕੀਮਤਾਂ ਦਾ ਹੋਣਾ ਜ਼ਰੂਰੀ ਅਤੇ ਕੁਦਰਤੀ ਹੈ। ਇਹੀ ਕਾਰਨ ਹੈ ਕਿ ਸਾਡੇ ਬਜ਼ੁਰਗ ਗੁਰਮੁਖੀ ਅੱਖਰਾਂ ਨੂੰ ਕਦੇ ਵੀ ਪੈਰਾਂ ਹੇਠ ਰੁਲਣ ਨਹੀਂ ਸੀ ਦਿੰਦੇ, ਕਿਉਂਕਿ ਉਨ੍ਹਾਂ ਦੇ ਇਹ ਅਹਿਸਾਸ ਡੂੰਘੇ ਸਨ ਕਿ ਇਹ ਮਾਤਰ ਅੱਖਰ ਨਹੀਂ, ਇਹ ਗੁਰੂ ਮੁਖ ਵਿਚੋਂ ਸਿਰਜੇ ਗਏ ਹਨ, ਇਨ੍ਹਾਂ ਵਿਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਾਂ ਦੀ ਸੁਗੰਧੀ ਘੁਲੀ ਹੋਈ ਹੈ, ਇਨ੍ਹਾਂ ਵਿਚ ਗੁਰਬਾਣੀ ਦਾ ਪ੍ਰਗਾਸ ਹੋਇਆ ਹੈ। ਅਦਬ ਤੇ ਸਿਦਕ ਦੇ ਇਨ੍ਹਾਂ ਡੂੰਘੇ ਅਹਿਸਾਸਾਂ ਕਾਰਨ ਹੀ ਗੁਰਮੁਖੀ ਦੀ ਜੋਤਿ ਅਠਾਰਵੀਂ ਸਦੀ ਦੇ ਉਨ੍ਹਾਂ ਹਨੇਰੇ ਝੱਖੜਾਂ ਵਿਚ ਜਗਦੀ ਰਹੀ, ਜਦੋਂ ਹਕੂਮਤਾਂ ਅਤੇ ਬੋਣਵਾਦੀ (ਬੋਣੀਆਂ, ਮਾਨਸਿਕ ਰੋਗੀ) ਧਿਰਾਂ ਨੇ, ਬਕੌਲ ਭਾਈ ਰਤਨ ਸਿੰਘ ਭੰਗੂ (ਦੀ ਗਵਾਹੀ ਅਨੁਸਾਰ), ਇਨ੍ਹਾਂ ਗੁਰਮੁਖੀ ਲਿਖਤਾਂ ਨੂੰ ਲੱਭ-ਲੱਭ, ਟੋਲ੍ਹ-ਟੋਲ੍ਹ ਕੇ ਨਸ਼ਟ ਕੀਤਾ।

ਹਨੇਰੇ ਝੱਖੜਾਂ ਦਾ ਇਹ ਤੂਫਾਨ 1947, 1966 ਤੇ 1984 ਵਿਚ ਵੀ ਝੁੱਲਿਆ, ਪਰ 'ਗੁਰਮੁਖੀ' ਦੀ ਜੋਤਿ ਜਗਦੀ ਰਹੀ, ਕਿਉਂਕਿ ਇਸ ਉਤੇ ਗੁਰੂ ਪਾਤਸ਼ਾਹ ਦਾ ਮਿਹਰਾਂ ਭਰਿਆ ਹੱਥ ਰਿਹਾ ਹੈ ਅਤੇ ਇਸ ਜੋਤਿ ਦੇ ਤੇਲ ਜਾਂ ਘਿਉ ਦੀ ਥਾਂ ਦਸਮ ਪਿਤਾ ਗੁਰੂ ਦੇ ਨਿੱਕੇ (ਸ਼ੀਰਖੋਰ) ਬੱਚਿਆਂ ਤੇ ਸੈਂਕੜੇ ਸ਼ਹੀਦਾਂ ਦਾ ਖ਼ੂਨ ਸਿੰਜਿਆ ਹੋਇਆ ਹੈ। ਅਨੇਕ ਅਦਬੀ ਸਾਹਿਤਕਾਰਾਂ, ਕਵੀਆਂ, ਵਿਦਵਾਨਾਂ ਦਾ ਇਸ ਦੀ ਸੀਰਤ ਵਿਚ ਚਿੰਤਨ ਘੁਲਿਆ ਹੋਇਆ ਹੈ। ਗੁਰਮੁਖੀ ਦੀਆਂ ਉਚ-ਕੀਮਤਾਂ ਦੀ ਹੋਣੀ ਨਾਲ ਵਰਤਮਾਨ, ਹੁਣ ਬਹੁਤੀ ਵਫਾ ਨਹੀਂ ਕਰ ਰਿਹਾ।

ਪੰਜਾਬੀ/ਗੁਰਮੁਖੀ ਦੇ ਸਿੱਖਾਂ ਨਾਲ ਜੁੜਨ ਪਿੱਛੇ ਕੇਵਲ ਸੰਪ੍ਰਦਾਇਕ ਕਾਰਨ ਨਹੀਂ, ਜਿਵੇਂ ਕਿ ਪੰਜਾਬੀ ਅਕਾਦਮਿਕਤਾ ਦੇ ਇਕ ਹਿੱਸੇ ਵਲੋਂ ਸਚੇਤ ਪੱਧਰ ਉਤੇ ਪ੍ਰਚਾਰੇ-ਪ੍ਰਸਾਰੇ ਜਾਂਦੇ ਹਨ, ਇਤਿਹਾਸਕ ਵੀ ਹਨ। ਪੰਜਾਬੀ ਗੁਰਮੁਖੀ ਹੋਰਾਂ ਲਈ ਜੋ ਮਰਜ਼ੀ ਹੋਵੇ, ਸਿੱਖਾਂ ਲਈ ਜੀਣ-ਥੀਣ ਤੇ ਰੂਹ ਦੀ ਖੁਰਾਕ ਹੈ ਤੇ ਇਸ ਦੀ ਸੁਰੱਖਿਆ ਜਾਮਨ ਗੁਰਬਾਣੀ (ਗੁਰਮੁਖੀ) ਹੈ। ਇਉਂ ਗੁਰਮੁਖੀ, ਇਕ ਸਿੱਖ ਵਾਸਤੇ ਪਵਿੱਤਰ ਹੈ,ਕਿਉਂਕਿ ਇਹ ਗੁਰੂ ਸਾਹਿਬਾਨ ਦੀ ਸਿਰਜੀ ਹੋਈ ਹੈ ਤੇ ਇਸ ਵਿਚ ਗੁਰਬਾਣੀ ਲਿਖੀ ਹੋਈ ਹੈ। ਇਤਿਹਾਸ ਗਵਾਹ

ਹੈ ਕਿ ਗੁਰਮੁਖੀ ਪੰਜਾਬੀ ਦੀ ਸੁਰੱਖਿਆ ਲਈ ਘੱਟ-ਗਿਣਤੀ ਸਿਰਫ ਸਿੱਖ ਹੀ ਸਾਹਮਣੇ ਆਏ ਹਨ।

ਕਈ ਨਾਵਾਂ 'ਤੇ ਟਕਸਾਲਾਂ ਅੱਜ ਵੀ ਹਨ ਪਰ ਉਹ ਆਪਣੇ ਮੁੱਖ ਕੰਮ ਤੋਂ ਦੂਰ ਹੋ ਗਈਆਂ ਹਨ। ਭਾਈ ਮਨੀ ਸਿੰਘ ਸੱਤੋ ਵਾਲੀ ਗਲੀ, ਭਾਈ ਗੁਰਬਖਸ਼ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਸਮੇਂ ਗਿਆਨੀ ਸੰਤ ਸਿੰਘ ਜੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਨ ਤੇ ਉਨ੍ਹਾਂ ਦੇ ਵਿਦਿਆਰਥੀ ਸਨ ਭਾਈ ਸੰਤੋਖ ਸਿੰਘ ਜੀ ਜਿਨ੍ਹਾਂ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ ਸੀ।

ਮਾਂ-ਬੋਲੀ ਜਾਂ ਬਿਗਾਨੀ ਬੋਲੀ ਤੋਂ ਪਹਿਲਾਂ ਸਾਡੇ ਮਨ ਵਿਚ ਬੋਲੀ ਦਾ ਕੀ ਖਿਆਲ ਹੈ ਤੇ ਇਸ ਤੋਂ ਹੀ ਅੱਗੇ ਕੀਮਤ ਤਹਿ ਹੁੰਦੀ ਹੈ ਕਿਸੇ ਵੀ ਬੋਲੀ ਦੀ ਤੇ ਬੰਦੇ ਦੀ ਆਪਣੇ ਆਪ ਦੇ ਬਾਰੇ ਵਿਚ। ਜੇ ਤੁਹਾਨੂੰ ਆਪਣੀ ਬੋਲੀ ਆਉਂਦੀ ਹੈ ਤਾਂ ਦੂਜੀਆਂ ਬੋਲੀਆਂ ਸਿੱਖਣੀਆਂ ਵੀ ਅਸਾਨ ਹੋ ਜਾਂਦੀਆਂ ਹਨ। ਜਦੋਂ ਵਿਅਕਤੀ ਆਪਣੀ ਬੋਲੀ ਸਿੱਖਦਾ ਹੈ ਤਾਂ ਉਸ ਨੂੰ ਆਪਣੇ ਆਪ ਬਾਰੇ ਪਤਾ ਚਲਣ ਲੱਗ ਪੈਂਦਾ ਹੈ ਕਿ ਮੈਂ ਕੌਣ ਹਾਂ। ਇਹ ਜੋ ਸਾਰੀ ਦੁਨੀਆਂ ਦਿਸਦੀ ਹੈ ਅੱਖਾਂ ਨਾਲ ਹੀ ਨਹੀਂ ਦਿਸਦੀ ਸਗੋਂ ਸ਼ਬਦ ਕੰਨਾਂ ਰਾਹੀਂ ਅੰਦਰ ਪੈਂਦੇ ਹਨ ਤਾਂ ਦਿਸਦੀ ਹੈ। ਪੰਜਾਬੀ ਤਾਂ ਹੀ ਹੋਵਾਂਗੇ, ਬਣਾਂਗੇ ਜੇ ਪੰਜਾਬੀ ਦੇ ਸ਼ਬਦ ਅੱਖਰ ਸੁਣਨੇ, ਪੜ੍ਹਨੇ, ਲਿਖਣੇ ਤੇ ਬੋਲਣੇ ਆਉਂਦੇ ਹਨ। ਸੁਚੇਤ ਹੋਣ ਦੀ ਲੋੜ ਹੈ ਤੇ ਸਾਨੂੰ ਸਭ ਨੂੰ ਇਹ ਸਵਾਲ ਆਪਣੇ ਉੱਪਰ ਲਾਗੂ ਕਰਕੇ ਇਨ੍ਹਾਂ ਦੇ ਜਵਾਬ ਇਮਾਨਦਾਰੀ ਨਾਲ ਆਪਣੇ ਆਪ ਕੋਲੋਂ ਜਾਨਣੇ ਬਣਦੇ ਹਨ। ਕੀ ਸਾਡੇ ਘਰਾਂ ਵਿਚ ਗੁਰਮੁਖੀ ਪੰਜਾਬੀ ਹੈ? ਕੀ ਆਪਣੀ ਬੋਲੀ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਦਿੱਤੀ ਹੈ?

ਇਕ ਸਰਵੇਖਣ ਹੋਇਆ ਤੇ ਉਸ ਤੋਂ ਪਤਾ ਚਲਿਆ ਕਿ ਮਨੁੱਖੀ ਸੱਭਿਅਤਾ ਜੋ ਸਭ ਤੋਂ ਜ਼ਿਆਦਾ ਲੰਬੀ ਗੁਲਾਮੀ ਜਿਨ੍ਹਾਂ ਨੇ ਹੰਢਾਈ ਉਸ ਦਾ ਖਾਸ ਕਾਰਣ ਇਹ ਸੀ ਕਿ ਉਨ੍ਹਾਂ ਤੋਂ ਉਨ੍ਹਾਂ ਦੀ ਮਾਂ ਬੋਲੀ ਖੋਹ ਲਈ ਗਈ। ਅਸੀਂ ਅਜ਼ਾਦ ਹੋਣਾ ਚਾਹੁੰਦੇ ਹਾਂ ਇਹ ਸ਼ਬਦ ਕਿਸ ਬੋਲੀ ਵਿਚੋਂ ਆਉਂਦੇ ਹਨ।

ਜੋ ਸਾਡੀ ਬੋਲੀ ਹੈ ਉਹ ਕਿਤਨੀ ਕੁ ਵਿਕਸਤ ਹੈ? ਬੋਲੀ ਨੂੰ ਸਿੱਖਣ ਲਈ ਜ਼ਿਆਦਾਤਰ ਚਾਰ ਵਸੀਲਿਆਂ ਨੂੰ ਮੁੱਖ ਮੰਨਦੇ ਹਨ। (1) ਪਰਿਵਾਰ (2) ਧਾਰਮਿਕ ਅਸਥਾਨ ਗੁਰਦੁਆਰਾ ਤੇ ਇਤਿਹਾਸ ਆਦਿ (3) ਸਕੂਲ ਕਾਲਜ ਯੂਨੀਵਰਸਿਟੀ ਤੇ (4) ਸਮਾਜ। ਇਸੇ ਤਰ੍ਹਾਂ ਹੀ ਸੱਭਿਆਚਾਰ ਦੇ ਵੀ ਚਾਰ ਅੰਗ ਮੰਨਦੇ ਹਨ : (1) ਖਾਣਾ ਪੀਣਾ, (2) ਪਹਿਰਾਵਾ, (3) ਮਨੁੱਖ ਦਾ ਯਕੀਨ ਵਿਸ਼ਵਾਸ ਤੇ ਉਸ ਦੀ (4) ਬੋਲੀ। ਹੁਣ ਕ੍ਰਮਵਾਰ ਇਨ੍ਹਾਂ ਨੂੰ ਦੇਖਣ ਦੀ ਕੋਸ਼ਿਸ਼ ਕਰਦੇ ਹਾਂ :

ਪਰਿਵਾਰ—ਸਭ ਤੋਂ ਪਹਿਲਾਂ ਬੱਚੇ ਦੀ ਸਿੱਖਿਆ ਦਾ ਵੱਡਾ ਕਾਰਜ ਘਰ ਤੋਂ ਸ਼ੁਰੂ ਹੁੰਦਾ ਹੈ। ਤੁਸੀਂ ਬੱਚੇ ਨੂੰ ਕੀ ਦੱਸਦੇ ਹੋ ਕਿ ਉਹ ਤੁਹਾਨੂੰ ਤੇ ਪਰਿਵਾਰ ਨੂੰ ਕਿਸ ਤਰ੍ਹਾਂ ਸੰਬੋਧਨ ਕਰੇ—

ਮੰਮੀ, ਡੈਡੀ ਜਾਂ ਮਾਤਾ ਜੀ ਤੇ ਪਿਤਾ ਜੀ। ਇਸ ਤਰ੍ਹਾਂ ਭੈਣ ਜੀ, ਭਰਾ ਜੀ ਜਾਂ ਸਿਸਟਰ-ਸਿਸ ਤੇ ਬਰੋ-ਬਰੱਦਰ। ਆਂਟੀ ਅੰਕਲ ਜਾਂ ਅਸਲੀ ਰਿਸ਼ਤੇ ਚਾਚੀ ਜੀ ਚਾਚਾ ਜੀ ਮਾਸੀ ਜੀ ਮਾਸੜ ਜੀ ਤੇ ਇਸ ਤਰ੍ਹਾਂ ਹੋਰ ਪਿਆਰ ਭਰੇ ਰਿਸ਼ਤਿਆਂ ਦੇ ਵੱਖਰੇ-ਵੱਖਰੇ ਨਾਮ ਹਨ। ਅਸੀਂ ਬੱਚਿਆਂ ਨੂੰ ਰਿਸ਼ਤਿਆਂ ਦੇ ਪੰਜਾਬੀ ਨਾਂਵਾਂ ਨਾਲ ਸਿਖਾਈਏ। ਖਾਣਾ ਬਣਾਉਣ ਵੇਲੇ ਰਸੋਈ ਵਿਖੇ ਸਬਜੀਆਂ ਦਾਲਾਂ ਦੇ ਪੰਜਾਬੀ ਨਾਮ ਬੋਲੀਏ ਤੇ ਖਾਣਾ ਖਾਣ ਵੇਲੇ ਵੀ ਬਹੁਤ ਅਸਰ ਪੈਂਦਾ ਹੈ। ਇਕ ਖੋਜ ਹੋਈ ਹੈ ਕਿ ਚੁੱਲੇ ਉਤੇ ਖਾਣੇ ਵੇਲੇ ਜੋ ਸ਼ਬਦ ਬੋਲੇ ਜਾਂਦੇ ਹਨ ਉਸ ਨਾਲ ਬੰਦਾ ਬੰਦਾ ਬਣਦਾ ਹੈ। ਘਰ ਵਿਚ ਜਦੋਂ ਅਸੀਂ ਬੱਚੇ ਨੂੰ ਸਿਖਾਉਂਦੇ ਹਾਂ—ਵਸਤੂ ਦਾ ਨਾਮ, ਉਚਾਰਨ ਤੇ ਅਰਥ ਦੱਸਦੇ ਹਾਂ ਤਾਂ ਵਿਰਾਸਤ ਘੜੀ ਜਾ ਰਹੀ ਹੈ। ਮਾਂ ਬੋਲੀ ਦਾ ਬੰਦੇ ਦੇ ਜੀਵਨ ਦਾ ਤੇ ਉਸ ਦੇ ਸੋਚਣ ਦਾ, ਦੁਨੀਆਂ ਨੂੰ ਵੇਖਣ ਦਾ ਬਹੁਤ ਡੂੰਘਾ ਸੰਬੰਧ ਹੈ। ਮਨੁੱਖ ਸਾਹ ਲੈਣ ਤੋਂ ਬਾਅਦ ਜੋ ਦੂਜੀ ਕ੍ਰਿਆ ਹੈ ਉਹ ਹੈ ਉਸ ਦਾ ਬੋਲਣਾ ਸਾਹ ਲੈਣ ਦੀ ਤਰ੍ਹਾਂ ਕੁਦਰਤੀ ਹੈ।

ਵਰਣ-ਮਾਲਾ ਅੱਖਰ ਕ੍ਰਮ ਧੁਨੀ ਸਿਧਾਂਤ, ਅੱਖਰੀ ਪ੍ਰਬੰਧ ਦੇ ਨਾਲ ਅਸੀਂ ਸ਼ਬਦ ਘੜਦੇ ਹਾਂ ਤੇ ਧੁਨੀਆਂ ਨਾਲ ਅਰਥ ਜਗਤ ਖੜ੍ਹਾ ਕਰ ਲੈਂਦੇ ਹਾਂ। ਮਾਂ ਬੋਲੀ ਜੀਵਨ ਦੇ ਵਿਕਾਸ ਲਈ ਬਹੁਤ ਮਹੱਤਵ ਰੱਖਦੀ ਹੈ। ਬੋਲੀ ਨਾਲ ਸਭ ਕੁਝ ਜੁੜਿਆ ਹੋਇਆ ਹੈ, ਬੰਦਾ ਖਾਣਾ ਪੀਣਾ ਦਵਾਈਆਂ ਤੇ ਪੜ੍ਹਾਈ ਆਦਿ। ਹਰੇਕ ਬੋਲੀ ਵਿਚ ਆਪਣੇ ਤਰੀਕੇ ਨਾਲ ਗਲਤ-ਠੀਕ ਚੰਗਾ ਮਾੜਾ ਹੁੰਦਾ ਹੈ। ਪਰ ਸਾਨੂੰ ਆਪਣੇ ਆਪ ਤੋਂ ਪੁੱਛਣਾ ਬਣਦਾ ਹੈ ਕਿ ਕੀ ਅਸੀਂ ਪੈਂਤੀ ਅੱਖਰਾਂ ਨੂੰ ਉਚਾਰਨ ਤੋਂ ਝਿਜਕਦੇ ਤਾਂ ਨਹੀਂ? ਜੇ ਅਸੀਂ ਕਿਸੇ ਨੂੰ ਪੰਜਾਬੀ ਸਿਖਾਉਣੀ ਹੋਵੇ ਤਾਂ ਸਾਨੂੰ ਆਪਣੀ ਬੋਲੀ ਤੇ ਵਿਆਕਰਣ ਦੀ ਕਿਤਨੀ ਕੁ ਸਮਝ ਹੈ? ਬੋਲੀ ਆਉਂਦੀ ਤਾਂ ਹੀ ਮੰਨੀ ਜਾ ਸਕਦੀ ਹੈ ਜੇ ਉਹ ਬੋਲੀ ਅਸੀਂ ਦੂਜਿਆਂ ਨੂੰ ਪੜ੍ਹਾ ਸਕਦੇ ਹੋਈਏ, ਬੋਲੀ ਦੇ ਮਸਲੇ ਵਿਚ ਜੋ ਸਾਡੀ ਸਮਰੱਥਾ ਹੈ ਉਸ ਨੂੰ ਪਰਖ ਲੈਣਾ ਬਣਦਾ ਹੈ। ਜਿਹੜੇ ਪੁਰਾਣੇ ਸ਼ਬਦ ਹੈਨ ਕੀ ਅਸੀਂ ਉਨ੍ਹਾਂ ਨੂੰ ਨਵੇਂ ਅਰਥ ਦੇ ਸਕਦੇ ਹਾਂ।

ਸਾਡਾ ਘਰ ਪਰਿਵਾਰ ਬੱਚੇ ਦੀ ਬੋਲੀ ਤੇ ਸੱਭਿਆਚਾਰ ਘੜਨ ਦਾ ਖਾਸ, ਸਰਬ ਪ੍ਰਥਮ ਅਹਿਮ ਅੰਗ ਹੈ ਪਰ ਜ਼ਿੰਦਗੀ ਦੀ ਭੱਜ ਦੌੜ ਵਿਚ ਤੇ ਕਈ ਵਾਰੀ ਮਾਤਾ ਪਿਤਾ ਦੋਨਾਂ ਦੇ ਨੌਕਰੀ ਕਰਨ ਨਾਲ ਕੁਝ ਕਮੀ ਆ ਜਾਂਦੀ ਹੈ ਜਿੱਥੇ ਕਿ ਹੋਰ ਰਿਸ਼ਤੇਦਾਰ ਬਾਬਾ ਦਾਦੀ, ਨਾਨਾ ਨਾਨੀ ਜਾਂ ਹੋਰ ਮਦਦ ਕਰਦੇ ਤੇ ਕਰ ਸਕਦੇ ਹਨ। ਸਾਨੂੰ ਸਭ ਨੂੰ ਇਸ ਨੂੰ ਖਾਸ ਸਮਝ ਕੇ ਖਾਸ ਤੌਰ 'ਤੇ ਘਰ ਵਿਚ ਪੰਜਾਬੀ ਹੀ ਬੋਲਣੀ ਚਾਹੀਦੀ ਹੈ ਤੇ ਬੱਚਿਆਂ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ ਕਿ ਉਹ ਕੋਈ ਵੀ ਸਵਾਲ ਪੁੱਛਣਾ ਹੋਵੇ ਤਾਂ ਪੰਜਾਬੀ ਵਿਚ ਹੀ ਪੁੱਛਣ, ਜਿਸ ਨਾਲ ਉਨ੍ਹਾਂ ਦੇ ਸ਼ਬਦਾਂ ਵਿਚ ਵਾਧਾ ਹੋਵੇਗਾ। ਮੈਨੂੰ ਯਾਦ ਆਇਆ ਸਾਡੇ ਰਿਸ਼ਤੇਦਾਰਾਂ ਵਿਚੋਂ ਇਕ ਭੈਣ ਜੀ ਬਹੁਤ ਸਖਤੀ ਨਾਲ ਬੱਚਿਆਂ ਨੂੰ ਘਰ ਵਿਚ ਪੰਜਾਬੀ ਵਿਚ ਹੀ ਗੱਲ ਕਰਨ ਦਿੰਦੇ ਸਨ ਤੇ ਆਖਦੇ ਸਨ ਕਿ ਅੰਗਰੇਜ਼ੀ ਤਾਂ ਇਨ੍ਹਾਂ ਨੇ ਬਥੇਰੀ ਸਿੱਖ ਹੀ ਜਾਣੀ ਹੈ। ਬੱਚਿਆਂ

ਭੈਣ ਭਰਾ ਵਿਚ ਕਾਫੀ ਪਿਆਰ ਸੀ ਤੇ ਪਰ ਜੇ ਕਦੀ ਆਪਸ ਵਿਚ ਝਗੜ ਪੈਣ ਤੇ ਮਾਤਾ ਕੋਲ ਸ਼ਕਾਇਤ ਕਰ ਦੇਣੀ, ''ਬੀਬੀ ਇਹ ਵਲੈਤੀ ਬੋਲਦਾ ਆ'' ਆਖ ਕੇ ਕਦੇ ਝਿੜਕੇ ਤੇ ਕਦੀ ਕੁੱਟ ਪਵਾ ਦੇਣੀ।

ਜੇ ਅਸੀਂ ਸ਼ੁਰੂ ਤੋਂ ਦੇਖੀਏ ਤਾਂ ਸਾਫ ਦਿਸ ਪੈਂਦਾ ਹੈ ਕਿ ਮਾਂ ਦੀ ਗੋਦ ਵਿਚ ਪਏ ਬੱਚੇ ਨੂੰ ਬੋਲੀ ਸਿੱਖਣ ਲਈ ਕਿਸੇ ਸਕੂਲ ਜਾਂ ਮਾਸਟਰ ਦੀ ਲੋੜ ਨਹੀਂ ਪੈਂਦੀ, ਉਸ ਨੇ ਮਾਂ ਦੇ ਬੁੱਲ੍ਹ ਹਿਲਦੇ ਵੇਖਣੇ ਹਨ ਤੇ ਉਸ ਦੇ ਮੂੰਹੋਂ ਉਕਰੇ ਲਫ਼ਜ਼ ਸੁਣਨੇ ਹਨ ਤੇ ਉਸ ਦੇ ਦਿਮਾਗ ਵੱਲ ਜਾਂਦੀਆਂ ਤਰੰਗਾਂ ਨੇ ਉਸ ਨੂੰ ਇਹ ਬੋਲੀ ਦਾ ਗੂੜ੍ਹ ਗਿਆਨ ਆਪੇ ਹੀ ਸਮਝਾ ਦੇਣਾ ਹੈ। ਵਚਨ, ਬਹੁਵਚਨ, ਨਾਂਵ, ਪੜਨਾਂਵ ਜਿਹੜੇ ਵੱਡੀਆਂ ਕਲਾਸਾਂ ਵਿਚ ਰਟਦਿਆਂ ਬੱਚੇ ਫੇਲ੍ਹ ਹੋ ਜਾਂਦੇ ਹਨ, ਕਿਵੇਂ ਪਹਿਲੇ ਦੋ-ਤਿੰਨ ਸਾਲ ਦੀ ਉਮਰ ਵਿਚ ਆਪਣੇ-ਆਪ ਹੀ ਬਿਨ ਸਿਖਾਏ ਬੱਚਿਆਂ ਦੀ ਸਮਝ ਵਿਚ ਆ ਜਾਂਦੇ ਹਨ। ਇਕ ਗੱਲ ਤਾਂ ਸਾਫ ਜ਼ਾਹਰ ਹੈ ਕਿ ਬੱਚੇ ਦੀ ਮੁੱਢਲੀ ਸਿੱਖਿਆ ਬੱਚੇ ਨੂੰ ਬਿਨਾਂ ਪੜ੍ਹਾਏ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਕੁੜੀ ਨਾਲ ''ਜਾਂਦੀ'' ਅੱਖਰ ਹੀ ਲੱਗੇਗਾ ਅਤੇ ਮੁੰਡੇ ਨਾਲ ''ਜਾਂਦਾ'' ਇਹ ਵੀ ਸਮਝ ਹੋ ਆਉਂਦੀ ਹੈ ਇਕ ਪੰਛੀ ਉਡੇਗਾ ਤੇ ਬਹੁਤੇ ਪੰਛੀ ਉਡਣਗੇ।

ਜਦੋਂ ਬੱਚੇ ਨੂੰ ਸਕੂਲ ਵਿਚ ਦਾਖਲ ਕੀਤਾ ਜਾਂਦਾ ਹੈ ਤਾਂ ਜੇ ਅਧਿਆਪਕ ਵੀ ਉਸੇ ਮਾਂ ਬੋਲੀ ਵਿਚ ਪੜ੍ਹਾ ਰਿਹਾ ਹੋਵੇ ਤਾਂ ਉਹ ਬੋਲੀ ਪ੍ਰਪੱਕ ਹੋ ਜਾਂਦੀ ਹੈ ਤੇ ਬੱਚੇ ਨੂੰ ਉਸ ਬੋਲੀ ਵਿਚ ਮੁਹਾਰਤ ਹਾਸਲ ਕਰਨ ਲਈ ਬਹੁਤਾ ਚਿਰ ਨਹੀਂ ਲੱਗਦਾ। ਉਸ ਤੋਂ ਅਗਲੀ ਪੜ੍ਹਾਈ ਆਪਣੇ ਆਪ ਹੀ ਸੌਖੀ ਹੋ ਜਾਂਦੀ ਹੈ ਕਿਉਂਕਿ ਹਰ ਨਵੇਂ ਸ਼ਬਦ ਤੇ ਨਵੀਂ ਬੋਲੀ ਨੂੰ ਵੀ ਸਮਝਣ ਲਈ ਉਸ ਕੋਲ ਆਪਣੀ ਮਾਂ ਬੋਲੀ ਦਾ ਆਧਾਰ ਹੁੰਦਾ ਹੈ। ਇਸ ਮਾਂ ਬੋਲੀ ਦਾ ਬੱਚੇ ਦੇ ਵਿਕਾਸ ਉਤੇ ਇਤਨਾ ਡੂੰਘਾ ਅਸਰ ਹੁੰਦਾ ਹੈ ਕਿ ਜਵਾਨ ਹੋ ਜਾਣ ਤੇ ਵੀ ਆਪਣੀ ਮਾਂ ਬੋਲੀ ਤੇ ਆਪਣੇ ਜਨਮ ਅਸਥਾਨ ਤੇ ਉਸ ਮਿੱਟੀ ਨਾਲ ਮੋਹ ਪਾਲੀ ਰੱਖਦਾ ਹੈ। ਉਸ ਨੂੰ ਆਪਣੀ ਮਾਂ ਬੋਲੀ ਬੋਲਣ ਵਾਲਾ ਹਰ ਇਨਸਾਨ ਵਤਨੋਂ ਪਾਰ ਵੀ ਮਿਲ ਜਾਣ ਤੇ ਆਪਣਾ ਹੀ ਕੋਈ ਰਿਸ਼ਤੇਦਾਰ ਹੀ ਜਾਪਦਾ ਹੈ।

ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੀ ਮਾਂ ਬੋਲੀ ਪੰਜਾਬੀ ਨੂੰ ਸਾਡੇ ਗੁਰੂ ਸਾਹਿਬਾਨ ਦਾ ਆਸ਼ੀਰਵਾਦ ਮਿਲਿਆ ਹੋਇਆ ਹੈ। ਪੰਜਾਬੀ ਮਾਂ ਬੋਲੀ ਦੀ ਲਿੱਪੀ ਗੁਰਮੁਖੀ ਹੈ ਇਹ ਸਾਡੇ ਗੁਰੂ ਸਾਹਿਬਾਨਾਂ ਦੇ ਮੁੱਖ 'ਚੋਂ ਨਿਕਲੀ ਹੈ। ਸੰਨ 1604 ਈ. ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਦਿ ਗ੍ਰੰਥ (ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਸੰਪਾਦਨ ਕੀਤਾ ਜੋ ਕਿ ਭਾਰਤ ਦੇ ਅਧਿਆਤਮਿਕ ਸਾਹਿਤ ਦਾ ਇਕ ਅਦੁੱਤੀ ਭੰਡਾਰ ਹੈ ਕਿਉਂਕਿ ਇਸ ਵਿਚ ਪੰਜ ਸੌ ਵਰ੍ਹਿਆਂ ਦੌਰਾਨ ਵਿਚਾਰੇ ਧਰਮ-ਸਾਧਕਾਂ ਦੇ ਅਨੁਭਵ, ਉਨ੍ਹਾਂ ਦੇ ਆਪਣੇ ਹੀ ਬੋਲਾਂ ਵਿਚ ਪ੍ਰਮਾਣਿਕ ਰੂਪ ਵਿਚ ਸੰਕਲਿਤ ਹਨ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਵੀ ਐਸਾ ਪਵਿੱਤਰ ਫੁਰਮਾਨ ਹੈ :

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥

(ਅੰਗ ੧੮੫)

ਭਾਰਤੀ ਸੱਭਿਆਚਾਰ, ਧਾਰਮਿਕ ਪਰੰਪਰਾਵਾਂ, ਸਰਬ ਸਾਂਝੀਵਾਲਤਾ, ਮਾਨਵ-ਕਲਿਆਣ ਆਦਿ ਮਹੱਤਵਪੂਰਨ ਪੱਖਾਂ ਤੇ ਬਾਣੀਕਾਰਾਂ ਨੇ ਆਪਣੇ ਸਵੱਛ ਭਾਵ ਪ੍ਰਗਟਾਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਵਾਤਮਕ ਏਕਤਾ ਦਾ ਇਕ ਨਿਰਮਲ ਮਾਨ ਸਰੋਵਰ ਹੈ ਅਤੇ ਭਾਰਤੀ ਸੱਭਿਆਚਾਰ ਵਿਚ ਆਪਣੀ ਮੌਲਿਕ ਪਛਾਣ ਰੱਖਦਾ ਹੈ। ਇਸ ਵਿਖੇ ਬੋਲੀ ਭਾਸ਼ਾਈ ਤੰਗ ਨਜ਼ਰੀ ਤੋਂ ਉੱਚੀ ਉੱਠ ਕੇ ਸਭ ਲਈ ਸਾਂਝੇ ਭਾਵ ਸੰਚਾਰ ਦਾ ਮਾਧਿਅਮ ਹੋ ਨਿਬੜੀ ਹੈ। ਇਸ ਵਿਖੇ ਵਰਤੇ ਗਏ ਅਨੇਕ ਪਰੰਪਰਾਗਤ ਕਾਵਿ-ਰੂਪਾਂ, ਬਿੰਬਾਂ, ਪ੍ਰਤੀਕਾਂ, ਕਾਵਿ-ਸ਼ੈਲੀਆਂ ਰਾਹੀਂ ਪੰਜਾਬੀ ਭਾਸ਼ਾ ਦਾ ਗੌਰਵ ਵਧਿਆ ਹੈ।

ਬੋਲੀ ਦਾ ਸੱਭਿਆਚਾਰ ਨਾਲ ਚੋਲੀ-ਦਾਮਨ ਦਾ ਰਿਸ਼ਤਾ ਹੈ। ਜੇ ਬੋਲੀ ਲਈ ਹੁੱਬ ਨਹੀਂ ਤਾਂ ਪੰਜਾਬੀ ਸੱਭਿਆਚਾਰ ਦਾ ਕੀ ਮੁੱਲ ਹੈ? ਬੋਲੀ ਸੱਭਿਆਚਾਰ ਨਾਲ ਜੁੜਨ ਦਾ ਇਕ ਵੱਡਾ ਸਾਧਨ ਹੈ। ਖਾਣਾ ਪੀਣਾ ਤੇ ਪਹਿਰਾਵਾ ਵੀ ਪਹਿਲਾਂ ਬਹੁਤ ਸਾਦਗੀ ਵਾਲਾ ਹੁੰਦਾ ਸੀ। ਆਮ ਤੌਰ 'ਤੇ ਵਿਅਕਤੀ ਘਰਾਂ ਵਿਚ ਹੀ ਬਣਿਆ ਭੋਜਨ ਛਕਦੇ ਸਨ। ਚੁੱਲ੍ਹਾ ਚੌਂਕਾ ਵਿਹੜੇ ਦਾ ਸ਼ਿੰਗਾਰ ਹੁੰਦਾ ਸੀ ਜਿਸ ਨੂੰ ਘਰ ਦੀਆਂ ਸੁਆਣੀਆਂ ਆਪ ਬਣਾਉਂਦੀਆਂ ਸੁਆਰਦੀਆਂ ਸਨ ਜੋ ਕਿ ਅੱਜ ਦੀ ਕਿਸੇ ਕਲਾ ਤੋਂ ਘੱਟ ਨਹੀਂ ਸਨ। ਨਵੀਂ ਵਿਆਹੀ ਨੂੰ ਪਹਿਲਾਂ ਚੌਂਕੇ ਚੁੱਲ੍ਹੇ ਬਿਠਾ ਕੇ ਰੋਟੀ ਬਣਾਉਣੀ ਜ਼ਰੂਰੀ ਸਮਝੀ ਜਾਂਦੀ ਸੀ ਤੇ ਘਰ ਨੂੰ ਲਿੱਪਣ ਪੋਚਣ ਤੋਂ ਲੈ ਕੇ ਕੱਤਣ ਤੱਕ ਸਭ ਕੰਮ ਘਰ ਦੀਆਂ ਸੁਆਣੀਆਂ ਹੀ ਕਰਦੀਆਂ ਸਨ। ਭੜੋਲੀਆਂ 'ਚ ਦਾਲ ਧਰਨੀ, ਜਿਸ ਦਾ ਸੁਆਦ ਹੀ ਵੱਖਰਾ ਹੁੰਦਾ। ਘਰ ਦੇ ਮਾਂਹ, ਛੋਲੇ, ਮੱਕੀਆਂ, ਬਾਜਰੇ ਹੁੰਦੇ। ਬਹੁਤ ਲੰਬਾ ਸਮਾਂ ਤੌੜੀਆਂ ਵਿਚ ਸਾਗ ਰਿੱਝਦਾ ਰਹਿੰਦਾ ਤੇ ਨਾਲ ਘਰ ਦੇ ਗੰਢੇ ਤੇ ਅਚਾਰ ਹੁੰਦਾ ਮੂੰਹੋਂ ਨਹੀਂ ਸੀ ਲਹਿੰਦਾ। ਰੋਜ਼ ਸਵੇਰੇ ਸੁਆਣੀਆਂ ਨੇ ਚਾਟੀ ਵਿਚ ਮਧਾਣੀ ਪਾ ਕੇ ਦੁੱਧ ਰਿੜਕਣਾ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਵੀ ਸੂਹੀ ਰਾਗ ਵਿਚ ਫੁਰਮਾਉਂਦੇ ਨੇ :

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥
ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥ ੧ ॥ ਰਹਾਉ ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥ ੨ ॥

(ਅੰਗ ੭੨੮)

ਸਾਰਾ ਸ਼ਬਦ ਜਾਂਚ ਲੈਣਾ ਜੀ। ਖਾਣਾ ਘਰ ਵਿਚ ਹੀ ਖਾਇਆ ਜਾਂਦਾ ਸੀ ਤੇ ਜੇ ਕਿਸੇ ਸਫਰ 'ਤੇ ਜਾਣਾ ਹੁੰਦਾ ਤਾਂ ਪਰੌਂਠੇ ਵਗੈਰਾ ਬਣਾ ਕੇ ਨਾਲ ਬੰਨ੍ਹ ਲਏ ਜਾਂਦੇ ਸਨ ਤੇ ਇਸੇ

ਕਰਕੇ ਹੀ ਇਹ ਕਹਾਵਤ ਮਸ਼ਹੂਰ ਸੀ :

ਦਾਲ ਰੋਟੀ ਘਰ ਦੀ। ਦੀਵਾਲੀ ਅੰਮ੍ਰਿਤਸਰ ਦੀ।

ਗਰਮ-ਗਰਮ ਘਰ ਦੇ ਬਣੇ ਸਾਗ ਵਿਚ ਮੱਖਣ ਪਾ ਕੇ ਤੇ ਮੱਕੀ ਦੀ ਰੋਟੀ ਨਾਲ ਹੁੰਦੀ ਸੀ ਤੇ ਛੱਤੀ ਪਦਾਰਥਾਂ ਨੂੰ ਮਾਤ ਪਾ ਦਿੰਦੀ ਸੀ। ਛੱਤੀ ਪਦਾਰਥਾਂ ਦੀ ਪੁਰਾਤਨ ਗ੍ਰੰਥਾਂ ਵਿਚ ਲਿਸਟ ਇਸ ਤਰ੍ਹਾਂ ਹੈ ਜੀ :

(1) ਸਭ ਤਰ੍ਹਾਂ ਦੀਆਂ ਰੋਟੀਆਂ (2) ਪੂਰੀਆਂ (3) ਕਚੌਰੀਆਂ (4) ਪੂੜੇ (5) ਚਾਵਲ (6) ਦਾਲਾਂ (7) ਭੁਰਜੀਆਂ (8) ਸਾਗ (9) ਵੜੀਆਂ (10) ਸੇਵੀਆਂ (11) ਖਿਚੜੀ (12) ਪਕੌੜੇ (13) ਚਟਨੀਆਂ (14) ਅਚਾਰ (15) ਮੁਰੱਬੇ (16) ਬੂੰਦੀ,ਦਹੀਂ,ਭਲੇ (17) ਰੈਤਾ (18) ਪਾਪੜ (19) ਕੜਾਹ ਪ੍ਰਸ਼ਾਦਿ (20) ਖੀਰ (21) ਪੰਜੀਰੀ, ਕਸਾਰ, ਸੱਤੂ (22) ਸੀਰਨੀ, ਲੱਡੂ, ਜਲੇਬੀ (23) ਲਾਪਸੀ) (24) ਰਾਬੜੀ (25) ਮਲਾਈ (26) ਮਿਸਰੀ, ਮੱਖਣ (27) ਸਿਰਖਣੀ (28) ਦੁੱਧ ਮਲਾਈ, ਅੰਬ ਰਸ (29) ਦਧਿਤਕਾਰ (30) ਕਾਂਜੀ, ਹਾਜ਼ਮੇ ਦੇ ਪਾਣੀ (31) ਫਲ ਖੁਸ਼ਕਤਰ (32) ਤਾਰੀ (33) ਮੱਠੀ, ਮੱਠੇ (34) ਫੇੜੀ (35) ਘੇਵਰ (36) ਚੂਰਣ ਆਦਿ।

ਪ੍ਰਾਹੁਣਿਆਂ ਦਾ ਬਹੁਤ ਆਦਰ ਸਤਿਕਾਰ ਕਰਨ ਦੀ ਰੀਤ ਹੁੰਦੀ ਸੀ। ਸਭ ਪ੍ਰਵਾਰ ਨੂੰ ਚਾਅ ਚੜ੍ਹ ਜਾਂਦਾ ਸੀ। ਸਾਰਿਆਂ ਦੇ ਚਿਹਰੇ ਖਿੜ ਜਾਂਦੇ ਸਨ। ਬਹੁਤ ਸੋਹਣੇ ਪਕਵਾਨ ਘਰ ਵਿਚ ਬਣਾਏ ਜਾਂਦੇ ਸਨ। ਵਧੀਆ ਪਕਵਾਨ ਬਣਾ ਕੇ ਆਂਢ-ਗੁਆਂਢ ਨਾਲ ਵੀ ਵੰਡੇ ਜਾਂਦੇ ਸਨ। ਅੱਜ ਕੱਲ ਤਾਂ ਘਰੋਂ ਬਾਹਰ ਜਾ ਕੇ ਖਾਣ ਦਾ ਸਭ ਨੂੰ ਬਹੁਤ ਚਾਅ ਚੜ੍ਹ ਜਾਂਦਾ ਹੈ ਤੇ ਇਹ ਸ਼ੌਕ ਬਹੁਤ ਵਧ ਗਿਆ ਹੈ। ਇਸ ਸਾਰੇ ਅਸਾਧਾਰਣ ਬਿਰਤੀ ਦਾ ਸਬੂਤ ਪਿਛਲੇ ਕੁਝ ਦਹਾਕਿਆਂ ਵਿਚ ਥਾਂ-ਥਾਂ ਖੁੱਲ੍ਹੇ ਢਾਬੇ, ਰੈਸਟੋਰੈਂਟ ਤੇ ਹੋਟਲ ਹਨ। ਕਈ ਐਸੇ ਥਾਂਵਾਂ 'ਤੇ ਬੇਹਾ ਭੋਜਨ ਵੀ ਪਰੋਸ ਦਿੰਦੇ ਨੇ ਜੋ ਸਿਹਤ ਲਈ ਵੀ ਨੁਕਸਾਨਦੇਹ ਹੋ ਜਾਂਦੇ ਹਨ।

ਅੱਜ ਕੱਲ ਜੋ ਝਟਪਟ Fast food ਭੋਜਨ ਤਿਆਰ ਵਾਲੇ ਰੈਸਟੋਰੈਂਟ, ਭੋਜਨਸ਼ਾਲਾ ਆਹਾਰ ਗ੍ਰਿਹ ਹਨ ਉਹ ਜਲਦੀ ਨਾਲ ਕਾਹਲੀ ਨਾਲ ਫਰਿਜ਼ ਜਾਂ ਫਰੀਜ਼ਰ ਵਿਚੋਂ ਕੱਢ ਕੇ ਗਰਮ ਕਰਕੇ ਲੋਕਾਂ ਅੱਗੇ ਪਰੋਸ ਦਿੱਤਾ ਜਾਂਦਾ ਹੈ। ਕਿਸੇ ਢਾਬੇ 'ਤੇ ਪਨੀਰ ਆਦਿ ਖਾ ਕੇ ਦੇਖ ਲਓ, ਪਨੀਰ ਕੱਚਾ ਹੀ ਦਾਲ ਜਾਂ ਸਾਗ ਵਿਚ ਸੁੱਟ ਦਿੱਤਾ ਜਾਂਦਾ ਹੈ ਤੇ ਅੱਧਾ ਕੱਚਾ ਹੀ ਸਭ ਖੁਸ਼ੀ-ਖੁਸ਼ੀ ਖਾਈ ਜਾਂਦੇ ਹਨ। ਬਹੁਤ ਥਾਂਵਾਂ 'ਤੇ ਸਸਤਾ ਘਿਉ ਜਾਂ ਸਾਫ ਕੀਤੇ ਤੇਲ (ਰੀਫਾਈਨਡ) Refined oil ਖਾਣੇ ਪਕਾਉਣ ਲਈ ਵਰਤੇ ਜਾਂਦੇ ਹਨ। ਪਨੀਰ ਬਾਰੇ ਸਾਰੇ ਜਾਣਦੇ ਹਨ ਕਿ ਕਈ ਤਰੀਕਿਆਂ ਨਾਲ ਨਕਲੀ ਬਣਾ ਲਿਆ ਜਾਂਦਾ ਹੈ ਤੇ ਕਈ ਲੋਕ ਧੋਖੇ ਨਾਲ ਦੂਜਿਆਂ ਦੀ ਸਿਹਤ ਨੂੰ ਹਾਨੀ ਪੁਚਾ ਦਿੰਦੇ ਹਨ ਆਪਣੀ ਖੁਦਗਰਜ਼ੀ ਲਈ। ਕਈ ਖਾਣੇ ਤਾਂ ਅਤਿ ਗਰਮ ਜਾਂ ਬਹੁਤ ਤੇਜ਼ ਮਿਰਚਾਂ ਵਾਲੇ ਖਾਣ ਲਈ ਉਪਲਬਧ ਹਨ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸਿਰੀਰਾਗੁ ਵਿਚ ਫੁਰਮਾਉਂਦੇ ਹਨ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

(ਅੰਗ ੧੬)

ਤਨ ਭੋਜਨ ਦਾ ਪੁਤਲਾ ਹੈ, ਖਾਧਾ ਹੋਇਆ ਭੋਜਨ ਜੋ ਸਰੀਰ ਵਿਚ ਰਹਿ ਜਾਂਦਾ ਹੈ ਉਹੀ ਖ਼ੂਨ, ਮਿੱਝ ਤੇ ਮਾਸ ਬਣਦਾ ਹੈ। ਜਿੱਥੇ ਲੰਗਰ ਸੁੱਚਮ ਨਾਲ ਸਹਿਜ ਨਾਲ ਸਿਮਰਨ ਕਰਦਿਆਂ ਤਿਆਰ ਕੀਤਾ ਜਾਂਦਾ ਹੈ ਉਥੇ ਵੀ ਕੁਝ ਅਸੂਲ ਹਨ ਕਿ ਲੰਗਰ ਤਿਆਰ ਕਰਨ ਲਈ ਲਕੜੀਆਂ, ਬਾਲਣ ਤੇ ਗੈਸ ਆਦਿ ਭੋਜਨ ਲੰਗਰ ਤਿਆਰ ਕਰਨ ਲਈ ਪਕਾਉਣ ਲਈ ਵਰਤੇ ਜਾ ਸਕਦੇ ਹਨ ਪਰ ਗੋਹੇ ਦੀਆਂ ਪਾਥੀਆਂ ਵਰਤਣ ਦੀ ਮਨਾਹੀ ਹੈ, ਭਾਵੇਂ ਬ੍ਰਾਹਮਣ ਗਊ ਦੇ ਗੋਬਰ ਨਾਲ ਲੇਪਨ ਕਰਕੇ ਆਪਣੇ ਚੌਂਕੇ ਨੂੰ ਸੁੱਚਾ ਹੋ ਗਿਆ ਮੰਨਦੇ ਹਨ। ਭਗਤ ਸ੍ਰੀ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ :

ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥ (ਅੰਗ ੧੧੯੫)

ਘਰ ਦੇ ਭੋਜਨ ਦੀ ਤਰ੍ਹਾਂ ਗੁਰੂ ਸਾਹਿਬ ਜੀ ਨੇ ਜੋ ਲੰਗਰ ਦੀ ਪ੍ਰਥਾ ਚਲਾਈ ਹੈ ਉਹ ਹਰ ਰੋਜ਼ ਸੁਬ੍ਹਾ ਸ਼ਾਮ ਤਾਜ਼ਾ ਭੋਜਨ ਬਣਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਟਿਕਾ ਕੇ ਅਰਦਾਸ ਕਰਕੇ ਕ੍ਰਿਪਾਨ ਭੇਟ ਕਰਕੇ ਲੰਗਰ ਪ੍ਰਸ਼ਾਦਿ ਨੂੰ ਭੋਗ ਲਗਾਇਆ ਜਾਂਦਾ ਹੈ। ਲੰਗਰ ਬੀਬੀਆਂ ਤੇ ਹੋਰ ਸਭ ਸੰਗਤ ਨਾਮ ਜਪਦਿਆਂ-ਜਪਦਿਆਂ ਤਿਆਰ ਕਰਦੀਆਂ ਹਨ ਕਿ ਸਤਿਗੁਰੂ ਜੀ ਨੇ ਭੋਗ ਲਾ ਕੇ ਪ੍ਰਵਾਨ ਕਰਨਾ ਹੈ। ਲੰਗਰ ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਬਰਾਬਰ ਵਰਤਾਉਣ ਦੀ ਖਾਸ ਹਿਦਾਇਤ ਹੈ। ਲੰਗਰ ਗੁਰੂ ਸਾਹਿਬ ਜੀ ਦੀ ਸੰਗਤ ਦੁਆਰਾ ਹੀ ਚਲਦਾ ਹੈ ਜੋ ਕਿ ਰਸਤਾਂ, ਵਸਤਾਂ ਤੇ ਮਾਇਆ ਨਾਲ ਸੇਵਾ ਕਰਦੇ ਹਨ।

ਸਤਿਗੁਰੂ ਜੀ ਨੇ ਆਪਣੀ ਸੰਗਤ ਨੂੰ ਪਹਿਰਾਵੇ ਵੀ ਬਹੁਤ ਸਾਦੇ ਬਖ਼ਸ਼ੇ ਹਨ। ਬਹੁਤ ਸੰਗਤ ਸ੍ਰੀ ਗੁਰੂ ਸਾਹਿਬ ਦੇ ਬਖ਼ਸ਼ੇ ਪਹਿਰਾਵੇ ਪਹਿਨਦੇ ਹਨ, ਜਿਵੇਂ ਨਿਹੰਗ ਸਿੰਘ ਤੇ ਹੋਰ ਸਿੰਘ ਖਾਸ ਬਾਣਾ ਪਹਿਨਦੇ ਹਨ ਚੋਲਾ ਤੇ ਰੇਬ ਪਜਾਮਾ ਤੇ ਕੁਰਤਾ ਆਦਿ। ਇਸੇ ਤਰ੍ਹਾਂ ਹੀ ਬੀਬੀਆਂ ਬਹੁਤ ਸਾਦਗੇ ਦੇ ਸੂਟ ਪਹਿਨਦੀਆਂ ਸਨ ਪਰ ਕਈ ਨੌਜਵਾਨ ਤੇ ਬੀਬੀਆਂ ਜੀਨਜ਼ ਵਗੈਰਾ ਤੰਗ ਪੈਂਟਾਂ ਤੇ ਹੋਰ ਸ਼ੋਖ ਪਹਿਰਾਵੇ ਜੋ ਕਿ ਸਰੀਰ ਨੂੰ ਪੂਰੀ ਤਰ੍ਹਾਂ ਢਕਣ ਦੇ ਸਮਰਥ ਵੀ ਨਹੀਂ ਹੁੰਦੇ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਵੀ ਐਸੇ ਹਾਲਾਤ ਬਾਰੇ ਬਿਆਨਦੇ ਹਨ :

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥

ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥ ੨ ॥ (ਅੰਗ ੧੨੪੩)

ਜਿੱਥੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਬੀਬੀਆਂ ਨੂੰ ਘੁੰਡ ਆਦਿ ਕੱਢਣ ਤੋਂ ਰੋਕਿਆ ਤੇ ਵਰਜਿਆ ਜੋ ਬੀਬੀਆਂ ਵੱਡਿਆਂ ਤੋਂ ਪਰਦਾ ਕਰਨ ਦੀ ਤਰ੍ਹਾਂ ਹੁੰਦਾ ਸੀ। ਅੱਜ ਕੱਲ ਜੋ ਬੀਬੀਆਂ ਸਿਰ ਉੱਪਰ ਚੁੰਨੀ ਦੁਪੱਟਾ ਵੀ ਨਹੀਂ ਲੈਂਦੀਆਂ ਤੇ ਹੋਰ ਕਈ ਤਰ੍ਹਾਂ ਦੇ ਅੱਧ ਨੰਗੇ ਪਹਿਰਾਵੇ ਪਹਿਨਦੀਆਂ ਹਨ ਉਨ੍ਹਾਂ ਬਾਰੇ ਸਤਿਗੁਰੂ ਜੀ ਫੁਰਮਾਉਂਦੇ ਹਨ : ਹੇ ਭਾਈ, ਜਿਸ ਪਹਿਰਾਵੇ ਨੂੰ ਪਹਿਨਣ ਨਾਲ ਸਰੀਰ ਦੁਖੀ ਹੋਵੇ ਤੇ ਮਨ ਵਿਚ ਵੀ ਭੈੜੇ ਖਿਆਲ ਤੁਰ ਪੈਣ, ਇਹੋ ਜਿਹਾ ਪਹਿਨਣ ਦਾ ਸ਼ੌਂਕ ਤੇ ਚਾਉ ਖੁਆਰ ਕਰਦਾ ਹੈ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥
(ਅੰਗ ੧੬)

ਇੱਥੇ ਇਹ ਵੀ ਲਿਖਣਾ ਬਣਦਾ ਹੈ ਕਿ ਕਈ ਲਾੜੀਆਂ ਵਿਆਹ ਸਮੇਂ ਇਤਨਾ ਭਾਰਾ ਲਹਿੰਗਾ ਜਾਂ ਹੋਰ ਖੁੱਲ੍ਹਾ ਪਹਿਰਾਵਾ ਪਹਿਨ ਲਈਦੀਆਂ ਹਨ ਕਿ ਉਨ੍ਹਾਂ ਤੋਂ ਆਪ ਉਹ ਸੰਭਾਲਿਆ ਨਹੀਂ ਜਾਂਦਾ ਤੇ ਹੋਰ ਇਕ, ਦੋ ਜਾਂ ਚਾਰ ਤੱਕ ਸਹੇਲੀਆਂ ਉਸ ਦੀ ਮਦਦ ਕਰਦੀਆਂ ਹਨ। ਗੁਰ ਇਤਿਹਾਸ ਵਿਚ ਇਕ ਐਸੀ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਪੋਤਰੇ ਸ੍ਰੀ ਹਰਿਰਾਇ ਜੀ ਨਾਲ ਬਾਗ ਵਿਚ ਟਹਿਲ ਰਹੇ ਸਨ ਤੇ ਖਿੜੇ ਹੋਏ ਫੁੱਲਾਂ ਨੂੰ ਦੇਖ ਕੇ ਪ੍ਰਸੰਨ ਹੋ ਰਹੇ ਸਨ ਕਿ ਸ੍ਰੀ ਹਰਿਰਾਇ ਜੀ ਦੇ ਖੁੱਲ੍ਹੇ ਚੋਲੇ ਜਾਮੇ ਨਾਲ ਫਸ ਕੇ ਇਕ ਅਤੀ ਸੁੰਦਰ ਫੁੱਲ ਡਾਲੀ ਨਾਲੋਂ ਟੁੱਟ ਗਿਆ, ਇਸ ਤੇ ਕੋਮਲ ਦਿਲ ਸ੍ਰੀ ਹਰਿਰਾਇ ਜੀ ਅਤਿ ਉਦਾਸ ਹੋ ਗਏ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਚਨ ਕੀਤਾ ਕਿ 'ਆਪਣੇ ਜਾਮੇ ਨੂੰ ਸੰਕੋਚ ਕੇ ਚਲਿਆ ਕਰੋ। ਇਸ ਉਪ੍ਰੰਤ ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਆਯੂ ਆਪਣੇ ਜਾਮੇ ਨੂੰ ਪਕੜ ਕੇ ਵਸ ਵਿਚ ਕੰਟਰੋਲ ਵਿਚ ਰੱਖ ਕੇ ਆਗਿਆ ਦਾ ਪਾਲਣ ਕੀਤਾ।

ਇਤਿਹਾਸ ਵਿਚ ਇਹ ਪੜ੍ਹਨ ਨੂੰ ਮਿਲਦਾ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਦੇ ਸੀਸ ਲਏ, ਉਪ੍ਰੰਤ ਜਦੋਂ ਤੰਬੂ ਦੇ ਵਿਚੋਂ ਬਾਹਰ ਉਨ੍ਹਾਂ ਪੰਜਾਂ ਨੂੰ ਸੁਰਜੀਤ ਕਰਕੇ ਲਿਆਂਦਾ ਤਾਂ ਉਨ੍ਹਾਂ ਪੰਜਾਂ ਦੇ ਇੱਕੋ ਜਿਹਾ ਬਹੁਤ ਪਿਆਰਾ ਬਾਣਾ (ਬਸਤਰ) ਪਾਇਆ ਹੋਇਆ ਸੀ ਤੇ ਉਨ੍ਹਾਂ ਨੂੰ "ਪੰਜ ਪਿਆਰੇ" ਖਿਤਾਬ ਨਾਲ ਨਿਵਾਜ਼ਿਆ ਗਿਆ। ਹੁਣ ਵੀ ਜਦੋਂ ਪੰਜ ਸਿੰਘ ਅੰਮ੍ਰਿਤ ਸੰਚਾਰ ਵਿਖੇ ਭਾਗ ਲੈਂਦੇ ਹਨ ਜਾਂ ਨਗਰ ਕੀਰਤਨ ਵਿਚ ਅਗਵਾਈ ਕਰਦੇ ਹਨ ਤਾਂ ਇੱਕੋ ਜਿਹਾ ਬਾਣਾ ਪਹਿਨਦੇ ਹਨ। ਉਸ ਸਮੇਂ ਆਮ ਸਿੱਖ ਸਿੱਖਣੀਆਂ ਤੇ ਬੱਚੇ ਸਭ ਸਾਦਗੀ ਦਾ ਪਹਿਰਾਵਾ ਧਾਰਨ ਕਰਦੇ ਸੀ ਪਰ ਹੁਣ ਪਹਿਲੇ ਸਮੇਂ ਵਾਂਗ ਕੁਰਤਾ ਪਜਾਮਾ, ਚੋਲਾ, ਸਾਦੇ ਸੂਟ ਬੀਬੀਆਂ ਪਹਿਨਦੀਆਂ ਸੀ ਤੇ ਖਾਸ ਤੌਰ 'ਤੇ ਕੋਈ ਵੀ ਬੀਬੀ, ਬੱਚੀ ਨੰਗੇ ਸਿਰ ਨਹੀਂ ਸਨ ਵਿਚਰਦੀਆਂ। ਕੇਸਾਂ ਨੂੰ ਢੱਕਣਾ ਤਾਂ ਅਤਿ ਜ਼ਰੂਰੀ ਸਮਝਿਆ

ਜਾਂਦਾ ਤੇ ਮੰਨਿਆ ਜਾਂਦਾ ਸੀ। ਹੋਰ ਵਿਸਥਾਰ ਲਈ ਦੇਖੋ ਮੇਰੀ ਪੁਸਤਕ "5 ਕਕਾਰ" ਜੋ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਵਿਚ ਉਪਲਬਧ ਹੈ। ਇੱਥੇ ਇਹ ਵੀ ਲਿਖਣਾ ਜ਼ਰੂਰੀ ਮਹਿਸੂਸ ਹੁੰਦਾ ਹੈ ਕਿ ਸ੍ਰੀਮਾਨ ਹਰਭਜਨ ਸਿੰਘ ਯੋਗੀ ਜੀ ਨੇ ਅਮਰੀਕਾ ਵਿਚ ਯੋਗਾ ਦੇ ਨਾਲ-ਨਾਲ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਤੇ ਬਹੁਤ ਸਾਰੇ ਅੰਗ੍ਰੇਜ਼ ਪ੍ਰਵਾਰਾਂ ਨੇ ਸਿੱਖੀ ਧਾਰਨ ਕੀਤੀ ਤੇ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਉਹ ਬੱਚਿਆਂ ਸਮੇਤ ਸਾਰੇ ਪ੍ਰਵਾਰ ਬਾਣੀ ਦੇ ਨਾਲ-ਨਾਲ ਬਾਣੇ ਨਾਲ ਵੀ ਜੁੜੇ ਹੋਏ ਹਨ। ਬਹੁਤ ਪਿਆਰੇ ਚੋਲੇ ਵਗੈਰਾ ਪਹਿਨਦੇ ਹਨ ਸਿੱਖ ਸਿੱਖਣੀਆਂ, ਬੱਚੇ ਤੇ ਕਈ ਵਾਰ ਉਨ੍ਹਾਂ ਨੂੰ ਦੇਖ ਕੇ ਆਪਣੇ ਆਪ ਤੇ ਸ਼ਰਮ ਮਹਿਸੂਸ ਹੁੰਦੀ ਹੈ ਕਿ ਅਸੀਂ ਐਸਾ ਕਿਉਂ ਨਹੀਂ ਕਰ ਸਕੇ?

ਪਰਿਵਾਰ ਉਪ੍ਰੰਤ ਬੱਚੇ ਆਪਣੀ ਬੋਲੀ ਬਾਰੇ ਧਾਰਮਿਕ ਅਸਥਾਨ ਤੋਂ ਸੇਧ ਪ੍ਰਾਪਤ ਕਰ ਸਕਦੇ ਹਨ। ਪੁਰਾਤਨ ਸਮੇਂ ਵਿਚ ਬਹੁਤ ਸਾਰੇ ਗੁਰਦੁਆਰਿਆਂ ਵਿਖੇ ਗੁਰਮੁਖੀ ਪੰਜਾਬੀ ਪੜ੍ਹਾਈ ਜਾਂਦੀ ਸੀ ਤੇ ਗੁਰਬਾਣੀ ਸੰਥਿਆ ਸਿਖਾਈ ਜਾਂਦੀ ਸੀ। ਸਕੂਲੀ ਸੰਗਠਨ ਤੋਂ ਪਹਿਲਾਂ ਸਿਖਲਾਈ ਗੁਰੂ ਘਰਾਂ ਤੇ ਸੰਤਾਂ ਦੇ ਡੇਰਿਆਂ ਤੇ ਬੱਚਿਆਂ ਨੂੰ ਵਿਦਿਅਕ ਤੇ ਧਾਰਮਿਕ ਸੇਧ ਦਿੱਤੀ ਜਾਂਦੀ ਸੀ। ਜਿੱਥੇ ਗੁਰ-ਇਤਿਹਾਸ ਦੇ ਨਾਲ-ਨਾਲ ਸ਼ਹੀਦਾਂ ਸੂਰਮਿਆਂ ਦੀਆਂ ਗਾਥਾਵਾਂ ਵੀ ਦੱਸੀਆਂ, ਸੁਣਾਈਆਂ ਜਾਂਦੀਆਂ ਸਨ ਤੇ ਗੁਰਮੁਖ ਗੁਣੀ ਗਿਆਨੀ ਗ੍ਰੰਥੀ ਸਾਹਿਬਾਨ ਬੱਚਿਆਂ ਨੂੰ ਬਹੁਤ ਵਧੀਆ ਤਰੀਕੇ ਦੇ ਨਾਲ ਜਾਣਕਾਰੀ ਆਪਣੀ ਬੋਲੀ ਵਿਚ ਦਿੰਦੇ ਸਨ। ਜਿਸ ਨਾਲ ਬੱਚੇ, ਵਿਦਿਆਰਥੀ ਆਪਣੀ ਭਾਸ਼ਾ ਤੇ ਗੁਰਬਾਣੀ ਗੁਰੂ ਸਾਹਿਬਾਂ ਦੇ ਸ਼ਬਦ ਕੀਰਤਨ ਕਥਾ ਤੇ ਵਖਿਆਨ ਨੂੰ ਸੌਖੇ ਤਰੀਕੇ ਨਾਲ ਸਮਝ ਕੇ ਗੁਰੂ ਸਾਹਿਬ ਜੀ ਤੇ ਆਪਣੀ ਬੋਲੀ ਸੱਭਿਆਚਾਰ ਨਾਲ ਜੁੜ ਜਾਂਦੇ ਤੇ ਜੁੜੇ ਰਹਿੰਦੇ ਸਨ। ਉਹ ਆਪ ਵੀ ਹੋਰਨਾਂ ਨੂੰ ਅੱਗੇ ਇਹ ਵਿੱਦਿਆ ਦੇਣ ਦੀ ਕਾਬਲੀਅਤ ਰੱਖਦੇ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ (1799-1839) ਈਸਾਈਆਂ ਨੇ ਮਹਾਰਾਜਾ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਕਾਨਵੈਂਟ ਸਕੂਲ ਖੋਲ੍ਹਣ ਦੀ ਇਜਾਜ਼ਤ ਦਿਓ, ਪਰ ਮਹਾਰਾਜਾ ਜੀ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਤੁਸੀਂ ਪੰਜਾਬੀ ਪੜ੍ਹਾਓ। ਉਸ ਸਮੇਂ ਸਿੱਖ ਤੇ ਮੁਸਲਮਾਨ ਦੋਵੇਂ ਕੌਮਾਂ ਚਾਹੁੰਦੀਆਂ ਸਨ ਕਿ ਪੰਜਾਬ ਦੀ ਦਫਤਰੀ (ਸਰਕਾਰੀ) ਜ਼ੁਬਾਨ ਪੰਜਾਬੀ ਹੋਣੀ ਚਾਹੀਦੀ ਹੈ ਪਰ ਝਗੜਾ ਇਸ ਗੱਲ ਦਾ ਖੜ੍ਹਾ ਹੋ ਗਿਆ ਕਿ ਪੰਜਾਬੀ ਲਿਖਣ ਲਈ ਲਿੱਪੀ ਕਿਹੜੀ ਹੋਵੇ। ਮੁਸਲਮਾਨ ਚਾਹੁੰਦੇ ਸਨ ਕਿ ਫਾਰਸੀ (ਸ਼ਾਹਮੁਖੀ) ਅੱਖਰਾਂ 'ਚ ਪੰਜਾਬੀ ਲਿਖੀ ਜਾਵੇ ਤੇ ਸਿੱਖ ਭਾਈਚਾਰੇ ਦੀ ਇੱਛਾ ਸੀ ਕਿ ਪੰਜਾਬੀ ਗੁਰਮੁਖੀ ਲਿੱਪੀ ਵਿਚ ਲਿਖੀ ਜਾਵੇ।

ਮਹਾਰਾਜਾ ਰਣਜੀਤ ਸਿੰਘ ਜੀ ਜੇ ਦ੍ਰਿੜ੍ਹਤਾ ਨਾਲ ਫੈਸਲਾ ਗੁਰਮੁਖੀ ਲਿੱਪੀ ਦਾ ਲੈ ਲੈਂਦੇ ਤਾਂ ਅੱਜ ਪੰਜਾਬੀ ਦੀ ਨੁਹਾਰ ਹੀ ਹੋਰ ਹੋਣੀ ਸੀ। ਕੋਈ ਵੀ ਬੋਲੀ ਜਾਂ ਲਿੱਪੀ ਤਾਂ ਸਿੱਖਣ ਨਾਲ ਹੀ ਆਉਂਦੀ ਹੈ। ਪਰ ਮਹਾਰਾਜਾ ਜੀ ਇਸ ਗੁੰਝਲਦਾਰ ਮਸਲੇ ਤੋਂ ਬਹੁਤ ਅੱਕ ਥੱਕ

ਕੇ ਪ੍ਰੇਸ਼ਾਨ ਹੋ ਗਏ ਤੇ ਅਖੀਰ ਥੱਕ-ਹਾਰ ਕੇ ਮਹਾਰਾਜਾ ਜੀ ਨੇ ਆਪਣੇ ਪ੍ਰਧਾਨ ਮੰਤਰੀ ਫ਼ਕੀਰ ਅਜ਼ੀਜ਼-ਉ-ਦੀਨ ਨਾਲ ਸਲਾਹ ਮਸ਼ਵਰਾ ਕੀਤਾ ਤੇ ਫੈਸਲਾ ਇਹ ਕੀਤਾ ਕਿ ਪੰਜਾਬ ਦੀ ਦਫਤਰੀ ਜ਼ੁਬਾਨ ਫਾਰਸੀ ਹੀ ਰਹੇਗੀ। ਦਰਅਸਲ ਵਿਚ ਮਹਾਰਾਜਾ ਜੀ ਪੰਜਾਬੀ ਮੁਸਲਮਾਨਾਂ ਨੂੰ ਨਰਾਜ਼ ਨਹੀਂ ਸੀ ਕਰਨਾ ਚਾਹੁੰਦੇ, ਪਰ ਪੰਜਾਬੀ ਲਿੱਪੀ ਦਾ ਝਗੜਾ ਤੇ ਇਸ ਦਾ ਹੋਇਆ ਫੈਸਲਾ ਪੰਜਾਬੀ ਜ਼ੁਬਾਨ ਦੇ ਵਧਣ-ਫੁਲਣ ਲਈ ਜ਼ਹਿਰੀਲਾ ਸਾਬਤ ਹੋਇਆ ਤੇ ਇਸ ਤਰ੍ਹਾਂ ਪੰਜਾਬੀ ਜ਼ੁਬਾਨ ਨੂੰ ਉਸ ਦਾ ਬਣਦਾ ਰੁਤਬਾ ਨਾ ਮਿਲ ਸਕਿਆ।

ਅਜੋਕੇ ਸਮੇਂ ਵੀ ਪੰਜਾਬ ਤੇ ਪੰਜਾਬੀਆਂ ਨਾਲ ਬਹੁਤ ਧੱਕਾ ਕੀਤਾ ਗਿਆ ਹੈ। ਪੰਜਾਬ ਵਿਚ ਪੰਜਾਬੀ ਨਾਲ ਵਿਤਕਰਾ ਹੋ ਰਿਹਾ ਹੈ। ਇਸ ਦੇ ਲਈ ਕੋਈ 'ਕੱਲਾ-ਕਾਰਾ ਵਿਅਕਤੀ ਜ਼ਿੰਮੇਵਾਰ ਨਹੀਂ,ਬਲਕਿ ਬਹੁਤ ਸ਼ਕਤੀਆਂ ਜੋ ਅਲੱਗ-ਅਲੱਗ ਹੱਥਾਂ ਦੀਆਂ ਕਠਪੁਤਲੀਆਂ ਹਨ ਜ਼ਿੰਮੇਵਾਰ ਹਨ। ਜਦੋਂ ਕੁਝ ਮੰਤਰੀ ਜਾਂ ਵਿਧਾਇਕ ਪੰਜਾਬੀ ਭਾਸ਼ਾ ਦੀ ਥਾਂ ਕਿਸੇ ਹੋਰ ਭਾਸ਼ਾ ਵਿਚ ਸਹੁੰ ਚੁੱਕਦੇ ਹਨ ਤਾਂ ਮਾਂ-ਬੋਲੀ ਦਾ ਕੀ ਬਣੇਗਾ। ਪੰਜਾਬੀ ਭਾਸ਼ਾ ਉੱਪਰ ਰਾਜਨੀਤਕ ਸਮਾਜਿਕ ਤੇ ਹੋਰਨਾਂ ਪੱਧਰਾਂ ਉੱਪਰ ਹਮਲੇ ਹੋ ਰਹੇ ਹਨ।

ਸਰਕਾਰਾਂ ਚਾਹੁੰਦੀਆਂ ਹਨ ਕਿ ਬੰਦੇ ਦਾ ਖਾਣਾ-ਗਾਣਾ ਬਦਲ ਦਿਓ, ਬੰਦੇ ਦਾ ਭੋਜਨ ਤੇ ਸੁਣਨ ਬਦਲ ਦਿਓ, ਨਸ਼ੇ ਵਰਤਣੇ ਆਮ ਗੱਲ ਕਰ ਦਿਓ, ਸ਼ਰਾਬ ਪੀਣ ਲਈ ਉਕਸਾਉਂਦੇ ਗੀਤ ਤੇ ਹੋਰ ਬਦਮਾਸ਼ੀਆਂ ਦੇ ਗੀਤ ਚਲਦੇ ਹਨ— "ਅਸੀਂ ਬੰਦਾ ਮਾਰ ਦਿੰਨੇ ਹੁੰਦੇ ਆਂ"। ਗੋਰਮਿੰਟਾਂ ਵੀ ਜਨਤਾ ਨੂੰ ਕਾਬੂ ਰੱਖਣਾ ਚਾਹੁੰਦੇ। ਅੰਗਰੇਜ਼ੀ ਤੇ ਹਿੰਦੀ ਨੂੰ ਬੋਲਣ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਤੇ ਪੰਜਾਬੀ ਨੂੰ ਗਵਾਰ ਭਾਸ਼ਾ ਤੱਕ ਆਖ ਦਿੱਤਾ ਜਾਂਦਾ ਹੈ। ਲੱਚਰ ਗੀਤ ਤੇ ਨਾਚ ਗਾਣੇ ਪੰਜਾਬ ਦੀਆਂ ਚੈਨਲਾਂ ਉੱਪਰ ਇਤਨੇ ਜ਼ਿਆਦਾ ਚਲਦੇ ਹਨ ਕਿ ਕੋਈ ਓਪਰਾ ਵਿਅਕਤੀ ਇਹ ਹੀ ਸੋਚੇਗਾ ਕਿ ਪੰਜਾਬੀਆਂ ਨੂੰ ਨਾਚ ਗਾਣੇ ਮਸਤੀ ਕਰਨ ਤੋਂ ਸਿਵਾ ਹੋਰ ਕੁਝ ਆਉਂਦਾ ਹੀ ਨਹੀਂ, ਐਸੇ ਸ਼ਰਮਨਾਕ ਦ੍ਰਿਸ਼ ਵੀ ਇਨ੍ਹਾਂ ਗੀਤਾਂ ਵਿਚ ਦਿਖਾ ਦਿੰਦੇ ਹਨ ਜੋ ਕਿ ਪੰਜਾਬ ਦੀ ਸੱਭਿਅਤਾ ਤੋਂ ਕੋਹਾਂ ਦੂਰ ਹਨ। ਪੰਜਾਬੀਆਂ ਦੇ ਦਿਲਾਂ ਵਿਚ ਇਹ ਬਿਠਾ ਦਿੱਤ ਗਿਆ ਹੈ ਕਿ ਇੱਥੇ ਪੰਜਾਬ ਵਿਚ ਕੁਝ ਨਹੀਂ ਹੈ ਤੇ ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਵੀਹ ਤੋਂ ਪੰਜਾਹ ਲੱਖ ਰੁਪਏ ਤੱਕ ਖਰਚ ਕੇ ਬਾਹਰ ਵਿਦਿਆਰਥੀ ਤੌਰ 'ਤੇ ਪੜ੍ਹਨ ਲਈ ਬਾਹਰ ਚਲੇ ਜਾਂਦੇ ਹਨ। ਉਧਰ ਜਾ ਕੇ ਉਨ੍ਹਾਂ ਨੂੰ ਅਸਲੀਅਤ ਦੀ ਸਮਝ ਆਉਂਦੀ ਹੈ ਕਿ ਇੱਥੇ ਵਿਦੇਸ਼ ਵਿਚ ਤਾਂ ਕੰਮ ਹੀ ਨਹੀਂ ਮਿਲਦੇ ਤੇ ਖਰਚੇ ਪੂਰੇ ਕਰਨੇ ਵੀ ਬਹੁਤ ਮੁਸ਼ਕਲ ਹੋ ਜਾਂਦੇ ਨੇ। ਕਈਆਂ ਨੂੰ ਤਾਂ ਮੁਲਾਜ਼ਮਤ ਵੀ ਬਹੁਤ ਸਸਤੇ ਭਾਅ ਤੇ ਕਰਨੀ ਪੈਂਦੀ ਹੈ।

ਸਰਕਾਰ ਆਪਣੀਆਂ ਸਾਜ਼ਿਸ਼ਾਂ ਨਾਲ ਹੋਰ ਪ੍ਰਾਂਤਾਂ ਉਤਰ ਪ੍ਰਦੇਸ਼ ਤੇ ਬਿਹਾਰ ਆਦਿ ਤੋਂ ਲੋਕਾਂ ਦਾ ਪੰਜਾਬ ਵਿਚ ਨਿਵੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਪੰਜਾਬੀ ਭਾਸ਼ਾ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ ਪਰ ਉਸ ਦੇ ਨਾਲ-ਨਾਲ ਇਨ੍ਹਾਂ ਪ੍ਰਵਾਸੀਆਂ ਦੀਆਂ ਬਹੁਤ

ਨਕਲੀ ਤੇ ਜਾਅਲੀ ਵੋਟਾਂ ਰਜਿਸਟਰ ਕੀਤੀਆਂ ਜਾ ਰਹੀਆਂ ਹਨ ਤੇ ਇਸ ਦਾ ਨਤੀਜਾ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ। ਹਿੰਦੀ ਬੋਲਣ ਵਾਲੇ ਪ੍ਰਵਾਸੀ ਸੂਬਿਆਂ ਤੋਂ ਲਿਆਂਦੇ ਲੋਕਾਂ ਰਾਹੀਂ ਸਰਕਾਰ ਪੰਜਾਬੀ ਭਾਸ਼ਾ ਦਾ ਮਹੱਤਵ ਹੀ ਨਹੀਂ ਰਹਿਣ ਦੇਣਾ ਚਾਹੁੰਦੇ। ਇਨ੍ਹਾਂ ਸਾਰੇ ਗਲਤ ਤੇ ਗੈਰ ਕਾਨੂੰਨੀ ਕੰਮਾਂ ਲਈ ਟੈਲੀਵੀਯਨ, ਇੰਟਰਨੈਟ ਤੇ ਮੋਬਾਇਲ ਫੋਨ ਤੇ ਸਰਕਾਰੀ ਕਰਿੰਦੇ ਅਹਿਮ ਭੂਮਿਕਾ ਨਿਭਾਉਂਦੇ ਹਨ। ਸਰਕਾਰਾਂ ਦੀਆਂ ਇਨ੍ਹਾਂ ਨੀਤੀਆਂ ਕਾਫੀ ਹੱਦ ਤੱਕ ਕਾਮਯਾਬ ਹੋਈਆਂ ਤੇ ਹੋ ਰਹੀਆਂ ਹਨ ਪਰ ਕਈ ਐਸੇ ਗੁਰੂ ਕੇ ਲਾਲ ਤੇ ਬੀਬੀਆਂ ਬੱਚੀਆਂ ਪੰਜਾਬੀ, ਸਿੱਖੀ ਤੇ ਸੱਭਿਆਚਾਰ ਨੂੰ ਬਚਾਉਣ ਲਈ ਬਹੁਤ ਉੱਦਮ ਦੇ ਨਾਲ ਕੋਸ਼ਿਸ਼ਾਂ ਕਰੀ ਜਾਂਦੇ ਹਨ ਤੇ ਗੁਰੂ ਸਾਹਿਬ ਜੀ ਅੱਗੇ ਫਰਿਆਦਾਂ ਅਰਦਾਸਾਂ ਵੀ। ਭਾਵੇਂ ਕਾਫੀ ਨੁਕਸਾਨ ਹੋਇਆ ਹੈ ਪਰ ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਵੀ ਨਹੀਂ ਵਿਗੜਿਆ, ਧੋ ਕੇ ਸਾਫ ਕਰਕੇ ਪੂੰਝ ਕੇ ਵਰਤੇ ਜਾ ਸਕਦੇ ਹਨ। ਸਤਿਗੁਰੂ ਜੀ ਸਾਨੂੰ ਸਾਰਿਆਂ ਨੂੰ ਸੁਮਤਿ ਬਖ਼ਸ਼ਣ ਤਾਂ ਕਿ ਅਸੀਂ ਇਨ੍ਹਾਂ ਗੱਲਾਂ ਨੂੰ ਸਮਝ ਕੇ ਸਾਵਧਾਨ ਹੋ ਸਕੀਏ।

ਪਰ ਦੁਨੀਆਂ ਤਾਂ ਹੀ ਵਧੀਆ ਹੋ ਸਕੇਗੀ ਜੇ ਅਸੀਂ ਆਪਣੀ ਬੋਲੀ ਵਿਚ ਵਧੀਆ ਹੋ ਸਕਾਂਗੇ। ਬੱਚਿਆਂ ਦੀ ਸਿਖਲਾਈ ਮਾਪਿਆਂ ਤੇ ਅਧਿਆਪਕਾਂ ਦੋਨਾਂ ਦੀ ਜ਼ਿੰਮੇਵਾਰੀ ਬਣਦੀ ਹੈ। ਅਧਿਆਪਕ ਵੀ ਇਸ ਤਰ੍ਹਾਂ ਸੋਚਣ ਕਿ ਬੱਚੇ ਆਏ ਨੇ ਤੇ ਉਨ੍ਹਾਂ ਦੀ ਜ਼ਿੰਦਗੀ ਸਾਡੇ 'ਤੇ ਨਿਰਭਰ ਹੈ। ਹਰ ਰੋਜ਼ ਸਿੱਖਿਆ ਰੋਟੀ ਤੋਂ ਵੀ ਜ਼ਿਆਦਾ ਜ਼ਰੂਰੀ ਹੈ। ਅਸਲ ਵਰਤਾਰਾ ਸ਼ਬਦਾਂ ਵਿਚ ਹੈ। ਗੁਰੂ ਸਾਹਿਬ ਜੀ ਨੇ ਸ਼ਬਦ ਨੂੰ ਗੁਰੂ ਆਖਿਆ ਹੈ ਸਮਝਣ ਦੀ ਲੋੜ ਹੈ।

ਸਾਡੀ ਪੰਜਾਬੀ ਇਕ ਅਮੀਰ ਬੋਲੀ ਹੈ ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ ਐਸੀ ਪਿਆਰ ਭਰੀ ਉੱਚੀ ਸੁੱਚੀ ਸਾਨੂੰ ਵੱਡੇ ਭਾਗਾਂ ਨਾਲ ਮਿਲੀ ਹੈ। ਭਾਸ਼ਾ, ਬੋਲੀ ਤੇ ਆਰਥਿਕਤਾ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਪੰਜਾਬੀ ਵਿਚ ਸਮਰਥਾ ਹੈ ਕਿ ਇਸ ਭਾਸ਼ਾ ਵਿਚ ਵਿਗਿਆਨਕ ਖੋਜ ਦੀਆਂ ਗੱਲਾਂ ਦੇ ਨਾਲ-ਨਾਲ ਅਧਿਆਤਮਕ ਦਰਸ਼ਨ ਦਾ ਫਲਸਫਾ ਬਿਆਨ ਕਰਨ ਦੇ ਸਮਰਥ ਹੈ। ਰਾਜਨੀਤਕ ਲੋਕ ਭਾਵੇਂ ਜਿਵੇਂ ਮਰਜ਼ੀ ਆਖਣ, ਜੋ ਮਰਜ਼ੀ ਆਉਂਦੀ ਵਿਰੋਧਤਾ ਕਰਕੇ ਈਰਖਾ ਵਸ ਹੋ ਕੇ ਗਲਤ ਆਖ ਕੇ ਲੋਕਾਂ ਨੂੰ ਭਰਮਾ ਲੈਂਦੇ ਹਨ। ਮਾਂ-ਬੋਲੀ ਪੰਜਾਬੀ ਤੋਂ ਲੋਕਾਂ ਨੂੰ ਦੂਰ ਹਟਾਉਣ ਲਈ ਇਕ ਯੋਜਨਾਬਧ ਇਕ ਬਹੁਤ ਵੱਡੀ ਕੋਝੀ ਤੇ ਸ਼ੈਤਾਨੀ ਚਾਲ ਹੈ। ਮਾਂ-ਬੋਲੀ ਦੇ ਵਿਚੋਂ ਵਿਅਕਤੀਆਂ ਨੂੰ ਤਾਕਤ ਦੇ ਜੀਵਣ ਜੀਊਣ ਲਈ ਹਿੰਮਤ ਮਿਲਦੀ ਹੈ। ਲੋਕਾਂ ਨੂੰ ਵਿਰਸੇ ਸੱਭਿਆਚਾਰ ਤੇ ਗੌਰਵਮਈ ਇਤਿਹਾਸ ਨਾਲੋਂ ਤੋੜ ਕੇ ਦੂਰ ਕਰਕੇ ਹੀ ਗੁਲਾਮ ਬਣਾਇਆ ਜਾ ਸਕਦਾ ਹੈ। ਇਸੇ ਕਰਕੇ ਪਹਿਲਾਂ ਬੋਲੀ ਤੋਂ ਦੂਰ ਕਰਦੇ ਹਨ, ਭਰਮ ਫੈਲਾ ਦਿੱਤਾ ਜਾਂਦਾ ਹੈ ਕਿ ਇਹ ਤਾਂ ਗਵਾਰਾਂ ਦੀ ਬੋਲੀ ਹੈ। ਲੋਕ ਵੀ ਭੁਲੇਖੇ ਵਿਚ ਆ ਜਾਂਦੇ ਹਨ ਕਿ ਜੇ ਅਸੀਂ ਅੰਗ੍ਰੇਜ਼ੀ ਬੋਲਾਂਗੇ ਤਾਂ ਅਸੀਂ ਆਧੁਨਿਕ ਜਾਂ ਮਾਡਰਨ ਲੱਗਾਂਗੇ।

ਪੰਜਾਬੀ ਬੋਲੀ ਸਾਹਿਤਕ, ਸੱਭਿਆਚਾਰ ਤੇ ਸ਼ਬਦ ਭੰਡਾਰ ਦੇ ਤਰੀਕੇ ਨਾਲ ਬਹੁਤ

ਹੀ ਅਮੀਰ ਤੇ ਪ੍ਰਭਾਵਸ਼ਾਲੀ ਬੋਲੀ ਹੈ। ਗੁਰੂ ਸਾਹਿਬਾਨ ਤੇ ਭਗਤਾਂ ਨੇ ਸੰਸਕ੍ਰਿਤ ਭਾਸ਼ਾ ਦੇ ਏਕਾਧਿਕਾਰ ਨੂੰ ਚੁਣੌਤੀ ਦੇ ਕੇ, ਇਤਰਾਜ਼ ਕਰ ਕੇ ਸੰਸਕ੍ਰਿਤ ਦੇ ਅਧਿਆਪਕਾਂ ਪਾਂਧਿਆਂ ਨੂੰ ਉਪਦੇਸ਼ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਅੱਖਰਾਂ ਵਿਚ ਬਖਸ਼ੇ ਹਨ ਤੇ ਕਿਸੇ ਤਰ੍ਹਾਂ ਦੀ ਵੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ। ਪਟੀ ਲਿਖੀ ਬਾਣੀ ਤੇ ਇਨ੍ਹਾਂ ਬਾਣੀਆਂ ਦੀ ਵਿਚਾਰ ਬਾਅਦ ਵਿਚ ਕੀਤੀ ਜਾ ਰਹੀ ਹੈ। ਜਿਸ ਭਾਸ਼ਾ ਵਿਚ ਹਜ਼ਾਰ ਸਾਲ ਤੋਂ ਵੀ ਵੱਧ ਦਾ ਉਚ ਕੋਟੀ ਦਾ ਸਾਹਿਤ ਰਚਿਆ ਹੋਵੇ ਤੇ ਐਵੇਂ ਹੀ ਉਸ ਭਾਸ਼ਾ ਦੀ ਸਮਰਥਾ ਉੱਪਰ ਕਿੰਤੂ ਪ੍ਰੰਤੂ ਕਰੀ ਜਾਣਾ ਉਚਿਤ ਤੇ ਵਾਜਬ ਨਹੀਂ ਹੈ।

ਸਮੁੱਚੇ ਤੌਰ 'ਤੇ ਸਭ ਦਾ ਬੱਚਿਆਂ ਨੂੰ ਪੰਜਾਬੀ ਦੇ ਨਾਲ ਜੋੜਨ ਦਾ ਤੇ ਪੰਜਾਬੀ ਬੋਲਣ ਦਾ ਮਾਣ ਤੇ ਫ਼ਖਰ ਬੱਚਿਆਂ ਨੂੰ ਕਰਾਉਣਾ ਜ਼ਰੂਰੀ ਹੈ ਤਾਂ ਕਿ ਉਹ ਹੋਰ ਬੋਲੀਆਂ ਬੋਲਣ ਵਾਲਿਆਂ ਤੋਂ ਕਿਸੇ ਵੀ ਤਰ੍ਹਾਂ ਹੀਣਤਾ ਨਾ ਮਹਿਸੂਸ ਕਰਨ। ਜੋ ਆਪਣਾਪਨ ਪੰਜਾਬੀ ਮਾਂ ਬੋਲੀ ਵਿਚ ਹੈ ਉਹ ਹੋਰ ਬੋਲੀਆਂ ਵਿਚੋਂ ਲੱਭਣਾ ਔਖਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਤਿੰਨ ਸੁਨਿਹਰੀ ਅਸੂਲ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਕੇ ਛਕਣਾ ਦੇ ਸਿਧਾਂਤ ਸਾਨੂੰ ਮਜ਼ਬੂਤ ਬਣਾਉਂਦੇ ਹਨ ਤੇ ਇਕ ਵਧੀਆ ਸਮਾਜ ਸਿਰਜਦੇ ਹਨ। ਬੱਚਿਆਂ ਨੂੰ ਤਾਂ ਜੋ ਵੀ ਦੱਸਿਆ ਸਿਖਾਇਆ ਜਾਵੇ ਉਹ ਤਾਂ ਉਹੀ ਸਿੱਖਣਗੇ ਤੇ ਜੋ ਵੱਡੇ ਵੀ ਆਪਣੀ ਬੋਲੀ ਦੀ ਥਾਂ ਅੰਗ੍ਰੇਜ਼ੀ ਵਗੈਰਾ ਬੋਲਦੇ ਹਨ ਹੇ ਭਰਾਵੋ ! ਕੀ ਤੁਸੀਂ ਅੰਗਰੇਜ਼ ਬਣ ਜਾਵੋਗੇ? ਪੰਜਾਬੀ ਦੇ ਕਈ ਅੱਖਰਾਂ ਦੇ ਤਾਂ ਅੰਗ੍ਰੇਜ਼ੀ ਭਾਸ਼ਾ ਕੋਲ ਤਾਂ ਅੱਖਰ ਹੀ ਨਹੀਂ ਹਨ। ਕਈ ਵਾਰੀ ਅੰਗ੍ਰੇਜ਼ੀ ਦੇ ਦੋ ਅੱਖਰ ਜੋੜ ਕੇ ਵੀ ਪੂਰਾ ਸਹੀ ਨਹੀਂ ਆਖਿਆ ਜਾ ਸਕਦਾ। ਜੇ ਅਸੀਂ ਆਪ ਜਾਂ ਬੱਚਿਆਂ ਨੂੰ ਪੰਜਾਬੀ ਨਾਲ ਨਹੀਂ ਜੋੜਾਂਗੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਿਵੇਂ ਕਰਾਂਗੇ, ਕਰਨਗੇ?

ਮਾਂ-ਬੋਲੀ ਪੰਜਾਬੀ ਤੋਂ ਸੱਖਣੇ ਰੱਖੇ ਗਏ ਲੋਕ ਤੇ ਬੱਚੇ ਕਿਵੇਂ ਗੁਰੂ ਸਾਹਿਬਾਨ ਤੇ ਭਗਤਾਂ ਦੀਆਂ ਸਿੱਖਿਆਵਾਂ ਤੋਂ ਅਨਜਾਣ ਰਹਿ ਜਾਣਗੇ, ਰਾਜਸੀ ਲੋਕ ਤੇ ਲੀਡਰ ਤਾਂ ਇਹੋ ਹੀ ਚਾਹੁੰਦੇ ਹਨ। ਜਿਵੇਂ ਮਾਂ ਦੀ ਜਗ੍ਹਾ ਮਾਸੀ ਨਹੀਂ ਲੈ ਸਕਦੀ, ਇਸੇ ਤਰ੍ਹਾਂ ਹੀ ਆਪਣੀ ਮਾਂ-ਬੋਲੀ ਪੰਜਾਬੀ ਦੀ ਥਾਂ ਕੋਈ ਹੋਰ ਗੈਰ-ਬੋਲੀ ਨਹੀਂ ਲੈ ਸਕਦੀ। ਮਾਂ-ਬੋਲੀ ਪੰਜਾਬੀ ਵਿਚ ਮਾਂ ਦੀ ਸੁੱਚਮਤਾ ਤੇ ਪਿਆਰ ਝਲਕਦਾ ਹੈ। ਮਾਂ-ਬੋਲੀ ਪੰਜਾਬੀ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀ ਹੈ। ਜੜ੍ਹਾਂ ਤੋਂ ਬਿਨਾਂ ਕਿਸੇ ਵਧੀਆ ਮਜ਼ਬੂਤ ਤੇ ਹਰੇ ਭਰੇ ਦਰੱਖ਼ਤ ਦੇ ਬਾਰੇ ਸੋਚਣਾ ਸਿਆਣਪ ਨਹੀਂ ਹੈ। ਆਪਣੇ ਘਰਾਂ ਦੇ ਵਿਚ ਪੰਜਾਬੀ ਨਾ ਬੋਲਣ ਨੂੰ ਵਿਸ਼ਵਾਸਘਾਤ ਜਾਂ ਗੱਦਾਰੀ ਤੱਕ ਵੀ ਆਖਿਆ ਜਾ ਸਕਦਾ ਹੈ। ਸਾਨੂੰ ਚੜ੍ਹਦੀ ਕਲਾ ਧਰਮ ਤੇ ਬੋਲੀ ਰਾਹੀਂ ਹੀ ਪ੍ਰਾਪਤ ਹੋਵੇਗੀ।

ਸਰਮਾਏਦਾਰ ਜਾਂ ਸਾਮਰਾਜੀ ਤਾਕਤਾਂ ਜਦੋਂ ਕਿਸੇ ਦੇਸ਼, ਸਮਾਜ ਜਾਂ ਲੋਕਾਈ ਨੂੰ ਲੁੱਟਣ ਲਈ ਇਹ ਫੈਸਲਾ ਕਰਦੀਆਂ ਹਨ ਕਿ ਇਨ੍ਹਾਂ ਲੋਕਾਂ ਨੂੰ ਦਿਮਾਗੀ ਤੌਰ 'ਤੇ ਖਤਮ

ਕਰ ਦਿੱਤਾ ਜਾਵੇ ਤਾਂ ਹਰ ਤਰ੍ਹਾਂ ਦੇ ਨਸ਼ੇ ਵੰਡ ਕੇ ਉਹ ਇਨ੍ਹਾਂ ਦਾ ਸੱਭਿਆਚਾਰ ਖਾਣਾ ਪੀਣਾ, ਪਹਿਰਾਵਾ ਤੇ ਬੋਲੀ ਨੂੰ ਖਤਮ ਕਰਨ ਦੀ ਵਿਉਂਤਾਂ ਘੜੀਆਂ ਜਾਂਦੀਆਂ ਹਨ ਤਾਂ ਕਿ ਇਨ੍ਹਾਂ ਦੀ ਪਹਿਚਾਣ ਨੂੰ ਖਤਮ ਕਰਕੇ ਕੋਰਾ ਕਰ ਦਿੱਤਾ ਜਾਵੇ। ਉਨ੍ਹਾਂ ਦੀ ਬੋਲੀ ਨੂੰ ਬਣਦੀ ਕਦਰ ਦੇਣ ਦੀ ਥਾਂ ਭੰਡ-ਭੰਡ ਕੇ ਜਾਹਲ, ਗਵਾਰਾਂ ਤੇ ਅਨਪੜ੍ਹਾਂ ਦੀ ਬੋਲੀ ਆਖ ਕੇ ਮਾਂ-ਬੋਲੀ ਖੋਹ ਲਈ ਜਾਵੇ। ਬੋਲੀ ਦੇ ਨਾਲ-ਨਾਲ ਇਨਸਾਨੀਅਤ ਤੇ ਸੱਭਿਆਚਾਰ ਆਪਣੇ ਆਪ ਹੀ ਕਮਜ਼ੋਰ ਹੋਣ ਲੱਗ ਪੈਣਗੇ।

ਜਿੱਥੇ ਅਸੀਂ ਆਪ ਪੰਜਾਬੀ ਨਾਲ ਜੁੜਨਾ ਹੈ ਤੇ ਆਪਣੇ ਆਲੇ ਦੁਆਲੇ, ਚੌਗਿਰਦੇ ਤੇ ਬੱਚਿਆਂ ਨੂੰ ਵੀ ਇਸ ਨਾਲ ਜੋੜਨ ਅਤਿ ਜ਼ਰੂਰੀ ਹੈ। ਕਈ ਵਾਰੀ ਸਾਨੂੰ ਦੇਖਣ ਵਿਚ, ਪੜ੍ਹਨ ਵਿਚ ਕਈ ਥਾਂਵਾਂ ਉੱਪਰ ਪੰਜਾਬੀ ਦੇ ਸ਼ਬਦ-ਜੋੜ (ਸਪੈਲਿੰਗ) ਵਿਚ ਗਲਤੀ ਜਾਂ ਕਮੀ ਦਿਸਦੀ ਹੈ ਤਾਂ ਨਿਮਰਤਾ ਸਹਿਤ ਉਸ ਵਿਅਕਤੀ ਜਾਂ ਸੰਸਥਾ ਨੂੰ ਇਤਲਾਹ ਦਿੱਤੀ ਜਾਣੀ ਚਾਹੀਦੀ ਹੈ ਕਿ ਇਹ ਕਮਜ਼ੋਰੀ ਇਸ ਸ਼ਬਦ-ਜੋੜ ਵਿਚ ਹੈ ਤੇ ਦਰੁਸਤ ਕਰ ਲਵੋ ਜੀ। ਕਈ ਵਾਰੀ ਜਾਣੇ-ਅਨਜਾਣੇ ਵਿਚ ਵੀ ਐਸਾ ਹੋ ਜਾਂਦਾ ਹੈ। ਨਿਮਰਤਾ ਤੇ ਮਿਠਾਸ ਨਾਲ ਜਾਣੂ ਕਰਵਾ ਦਿੱਤਾ ਜਾਣਾ ਉਚਿਤ ਹੋਵੇਗਾ, ਕਿਉਂਕਿ ਜੇ ਅਸੀਂ ਨਹੀਂ ਦੱਸਾਂਗੇ ਤਾਂ ਉਹ ਗਲਤ ਹੀ ਚਲਦਾ ਰਹੇਗਾ। ਭਾਸ਼ਾ ਦੇ ਸਿਖਾਂਦਰੂ ਵਿਅਕਤੀਆਂ ਨੂੰ ਗਲਤ ਸੂਚਨਾ ਮਿਲੇਗੀ। ਜੇ ਅਸੀਂ ਸਰਲਤਾ ਤੇ ਇਕਸਾਰਤਾ ਲਿਆਉਣ ਦਾ ਸਹਿੰਦਾ-ਸਹਿੰਦਾ ਯਤਨ ਕਰਦੇ ਰਹਾਂਗੇ ਤਾਂ ਇਹ ਵੀ ਪੰਜਾਬੀ ਬੋਲੀ ਦੀ ਇਕ ਕਿਸਮ ਦੀ ਸੇਵਾ ਹੀ ਹੋ ਨਿਬੜੇਗੀ। ਕਈ ਵੱਡੇ ਅਦਾਰੇ ਤੇ ਵਿੱਦਿਅਕ ਸਭਾਵਾਂ ਵਿਚ ਵੀ ਐਸੇ ਗਲਤ ਸ਼ਬਦ-ਜੋੜ ਉਤਪੰਨ ਹੋਏ ਦੇਖੇ ਹਨ ਪਰ ਨਿਮਰਤਾ ਸਹਿਤ ਬੇਨਤੀ ਕਰਨੀ ਹੀ ਬਣਦੀ ਹੈ।

ਕੁਝ ਗੁਰਮੁਖੀ ਦੇ (ਫੌਂਟ) ਸ੍ਰੋਤਾਂ ਵਿਚ ਵੀ ਕਲਾਕਾਰੀ ਤਰੀਕੇ ਨਾਲ, ਹੁਨਰਮੰਦੀ ਨਾਲ ਕੁਝ ਅੱਖਰਾਂ ਦਾ ਆਕਾਰ ਬਦਲ ਜਿਹਾ ਜਾਂਦਾ ਹੈ ਤੇ ਇਸ ਪਾਸੇ ਵੀ ਧਿਆਨ ਦੀ ਜ਼ਰੂਰਤ ਹੈ। ਉੱਦਮ ਕਰਕੇ ਤੇ ਅਮਲ ਕਰਕੇ ਪੰਜਾਬੀ ਬੋਲੀ ਨੂੰ ਹਰੇਕ ਸੰਭਵ ਤਰੀਕੇ ਨਾਲ ਉੱਚਾ ਚੁੱਕਣ ਤੇ ਪਦ-ਉਨਤੀ ਕਰਨੀ ਤੇ ਆਵੱਸ਼ਕ ਕਦਮ ਚੁੱਕਣੇ ਸਾਡਾ ਸਭ ਦਾ ਫ਼ਰਜ਼ ਹੈ ਜੀ।

ਜੇ ਬੰਦੇ ਦੇ ਅੰਦਰੋਂ ਦੁੱਖ, ਭੁੱਖ, ਬੀਮਾਰੀ, ਡਰ ਤੇ ਕਲੇਸ਼ ਕੱਢ ਸਕਣ ਦੀ ਸਮਰੱਥਾ ਹੈ ਤਾਂ ਉਹ ਸਿਰਫ ਸ਼ਬਦ ਵਿਚ ਹੈ।

ਸਿਖੀ ਸਿਖਿਆ ਗੁਰ ਵੀਚਾਰਿ॥ (ਅੰਗ ੪੬੫)

ਅਸਲ ਵਰਤਾਰਾ ਸ਼ਬਦਾਂ ਵਿਚ ਹੈ - ਬੰਦੇ ਦੇ ਅੰਦਰਲੇ ਡਰ ਨੂੰ ਹੱਲ ਕਰਨ ਦਾ ਸਦੀਵੀ ਤਰੀਕਾ ਸ਼ਬਦ ਹੈ ਤੇ ਬੰਦੇ ਨੂੰ ਸ਼ਬਦ ਸਿਖਾਉਣ ਦਾ ਵਿਧੀ-ਬਧ ਤਰੀਕਾ ਹੈ ਉਹ ਸਿੱਖਿਆ ਹੈ। ਇੱਥੇ ਇਹ ਵੀ ਬਹੁਤ ਮਹੱਤਵਪੂਰਣ ਵਿਚਾਰ ਹੈ ਕਿ ਸਿੱਖਿਆ ਰੱਬ ਕੇਂਦਰਤ ਹੈ ਜਾਂ ਮਨੁੱਖ ਕੇਂਦਰਤ। ਮਾਂ-ਬੋਲੀ ਦੀ ਪੜ੍ਹਾਈ ਦਾ ਮਹੱਤਵ ਬਹੁਤ ਜ਼ਿਆਦਾ ਹੈ ਪਰ ਇਸ

ਦੇ ਵਿਚ ਇਕ ਖਤਰਾ ਵੀ ਹੈ ਕਿ ਜੋ ਬੋਲੀ ਦੇ ਨਾਂ 'ਤੇ ਕੀ ਪੜ੍ਹਾਇਆ ਜਾਂਦਾ ਹੈ? ਕੀ ਉਹ ਸਮੇਂ ਦੀ ਸਰਕਾਰ ਦਾ ਮਨੋਰੰਜਨ ਦਾ ਤਰੀਕਾ ਪੜ੍ਹਾਇਆ ਜਾਂਦਾ ਹੈ ਕਿ ਆਪਣੀ ਦੇਹ ਨੂੰ ਭੋਗ ਦੀ ਵਸਤੂ ਸਮਝੋ ਤੇ ਇਸ ਦਾ ਨਜ਼ਾਰਾ ਲਓ ਕਾਮ ਕਰਕੇ ਵੀ ਤੇ ਖਾਣ ਕਰਕੇ ਵੀ ਤੇ ਸੌਣ ਕਰਕੇ ਵੀ ਸਾਰੇ ਤਰੀਕੇ ਨਾਲ।

ਜਨਮ ਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਕਲਜੁਗ ਜਦੋਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਮਿਲਣ ਆਇਆ ਤਾਂ ਉਸ ਨੇ ਇਕ ਹੱਥ ਵਿਚ ਜਿਹਬਾ ਤੇ ਦੂਜੇ ਹੱਥ ਵਿਚ ਲਿੰਗ, ਇੰਦਰੀ ਪਕੜ ਰੱਖੀ ਸੀ ਅਤੇ ਸਰੀਰ ਵੀ ਨਗਨ ਸੀ। ਬੇਅਦਬੀ ਦੀ ਮੁਆਫੀ ਮੰਗਣ ਤੋਂ ਬਾਅਦ ਵਿਚ ਉਸ ਕਿਹਾ ਕਿ ਮਨੁੱਖਾਂ ਵਿਚ ਇਹ ਲੱਛਣ ਵਰਤਣਗੇ। ਸੰਪੂਰਨ ਜਗਤ ਇਨ੍ਹਾਂ ਦੋ ਸਵਾਦਾਂ, ਖਾਣ ਤੇ ਮੈਥਨ ਵਿਚ ਲੱਗ ਕੇ ਗਲਤਾਨ ਹੋਵੇਗਾ। ਮਾਤਾ-ਪਿਤਾ ਅਤੇ ਗੁਰੂ-ਗੁਸਾਈਂ ਦੀ ਲੱਜਾ ਵੀ ਤਿਆਗ ਦੇਣਗੇ। ਪਰ-ਇਸਤ੍ਰੀ, ਪਰ-ਪੁਰਸ਼ ਨਾਲ ਕਾਮ ਸੰਬੰਧਾਂ ਦੀਆਂ ਸਜ਼ਾਵਾਂ ਬਾਰੇ ਗੁਰਬਾਣੀ ਵਿਚ ਫੁਰਮਾਨ ਅੰਕਿਤ ਹਨ ਕਿਉਂਕਿ ਇਸ ਨੂੰ ਅਤਿ ਨੀਚ ਕਰਮ ਗਰਦਾਨਿਆ ਗਿਆ ਹੈ। ਵਿਸਥਾਰ ਲਈ ਦੇਖੋ ਮੇਰੀ ਪੁਸਤਕ "5 ਕਕਾਰ" ਜੋ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਵਿਚ ਉਪਲਬਧ ਹੈ। ਫੁਰਮਾਨ ਹੈਨ :

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥ ੨ ॥ (ਅੰਗ ੪੦੩)

ਕਾਮ ਕ੍ਰੋਧ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ (ਅੰਗ ੯੩੨)

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ (ਅੰਗ ੪੦੩)

ਗੁਰਬਾਣੀ ਅਟੱਲ ਸੱਚਾਈ ਹੈ ਤੇ ਸਿੱਖਾਂ ਨੂੰ, ਪੰਜਾਬੀਆਂ ਨੂੰ ਇਸ ਤੋਂ ਦੂਰ ਕਰਨ, ਦੂਰ ਰੱਖਣ ਲਈ ਸਿਆਸੀ ਹੱਥਕੰਡੇ ਵਰਤੇ ਜਾਂਦੇ ਹਨ ਤੇ ਸਕੂਲ ਕਾਲਜਾਂ ਵਿਚ ਗਲਤ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ ਤੇ ਸਾਡੀ ਆਪਣੀ ਰੁਚੀ ਵੀ ਬੱਚਿਆਂ ਨੂੰ ਗੁਰਬਾਣੀ ਤੇ ਇਤਿਹਾਸ ਨਾਲ ਜੋੜਨ ਦੀ ਬਹੁਤ ਘੱਟ ਗਈ ਹੈ। ਗਲਤ ਇਤਿਹਾਸ ਲਈ ਘਟੀਆ ਤਰੀਕੇ ਨਾਲ ਲਿਖਵਾਈਆਂ ਕਿਤਾਬਾਂ ਸਲੇਬਸ ਵਿਚ ਲਾਈਆਂ ਜਾਂਦੀਆਂ ਹਨ। ਟੈਲੀਵੀਜਨ ਤੇ ਇੰਟਰਨੈੱਟ 'ਤੇ ਤਰੋੜਿਆ ਮਰੋੜਿਆ ਇਤਿਹਾਸ ਵਿਦਿਆਰਥੀਆਂ ਲਈ ਉਪਲਬਧ ਕਰ ਦਿੱਤਾ ਜਾਂਦਾ ਹੈ ਤੇ ਸਾਡੀਆਂ ਕੇਂਦਰੀ ਸੰਸਥਾਵਾਂ ਚੁੱਪ ਤੇ ਬੇਬੱਸ ਹਨ ਪਰ ਕਈ ਜਾਣੇ-ਅਨਜਾਣੇ ਇਸ ਦਾ ਹਿੱਸਾ ਬਣ ਰਹੀਆਂ ਹਨ। ਅਸੀਂ ਇਸ ਗੱਲ 'ਤੇ ਹੀ ਸੰਤੁਸ਼ਟ ਹੋ ਜਾਂਦੇ ਹਾਂ ਕਿ ਬੱਚੇ ਮੋਬਾਇਲ ਤੋਂ ਇਤਿਹਾਸ ਬਾਰੇ ਪੜ੍ਹ ਰਹੇ ਨੇ ਪਰ ਇਹ ਨਹੀਂ ਸਮਝਦੇ ਕਿ ਸਰਕਾਰ ਜਿਹੜੀ ਚੀਜ਼ ਬਿਨਾਂ ਮੰਗਿਆਂ ਨਾਗਰਿਕਾਂ ਨੂੰ ਦੇ ਰਹੀ ਹੈ ਉਸ ਵਿਚ ਨਾਗਰਿਕਾਂ ਦਾ ਨੁਕਸਾਨ ਹੀ ਹੁੰਦਾ ਹੈ। ਫਿਲਮਾਂ ਰਾਹੀਂ ਵੀ ਸਿੱਖਾਂ ਬਾਰੇ ਪੰਜਾਬੀ ਬਾਰੇ ਕੋਝੇ ਮਜ਼ਾਕ ਦਿਖਾਉਂਦੇ ਹਨ। ਜਿਹੜੀ ਸਰਕਾਰ ਸਿੱਖ ਬੱਚਿਆਂ ਦਾ ਕੜਾ ਤੇ ਕਿਰਪਾਨ ਪਰਚਿਆਂ ਵੇਲੇ ਲਹਾ ਲੈਂਦੀ ਹੈ। ਕੀ ਤੁਹਾਨੂੰ ਐਸਾ ਮਹਿਸੂਸ ਹੁੰਦਾ ਹੈ ਕਿ ਉਹ ਫਿਲਮਾਂ ਰਾਹੀਂ ਕਿਤਾਬਾਂ ਰਾਹੀਂ ਤੇ ਮੋਬਾਇਲ ਰਾਹੀਂ ਸਹੀ ਇਤਿਹਾਸ ਦਿਖਾਉਣਗੇ। ਕਈ ਫਿਲਮਾਂ ਵਿਚ ਵੀ

ਇਤਿਹਾਸ ਨੂੰ ਮਨੋਰੰਜਨ ਰਾਹੀਂ ਦਰਸਾਇਆ ਜਾਂਦਾ ਹੈ ਇਹ ਸਹੀ ਨਹੀਂ ਹੈ।

ਸਾਨੂੰ ਜੋ ਖੁਰਾਕ ਮਿਲ ਰਹੀ ਹੈ ਇੱਕੋ ਜਿਹੀ ਹੈ ਸਰੀਰਕ ਤੇ ਮਾਨਸਿਕ ਤੇ ਸਾਡੇ ਕੰਨ ਵੀ ਓਹੀ ਸੁਣਦੇ ਜੋ ਪਹਿਲਾਂ ਦਿਮਾਗ ਵਿਚ ਪਿਆ ਹੋਇਆ ਹੈ। ਸਾਡੀ ਬੋਲੀ ਸਾਡੇ ਦਾਦਿਆਂ ਤੇ ਨਾਨਿਆਂ ਨਾਲ ਕਿਤਨੀ ਕੁ ਮਿਲਦੀ ਹੈ। ਇਕ ਸੱਜਣ ਕਿਸੇ ਰਿਸ਼ਤੇਦਾਰੀ ਵਿਚ ਜਾਂਦਾ ਹੈ। ਵਾਪਸ ਆਉਣ ਲੱਗਿਆਂ ਰਿਸ਼ਤੇਦਾਰ ਬੱਚਾ ਆਖਦਾ ਲੰਚ ਕਰਕੇ ਜਾਣਾ। ਉਸ ਦੀ ਮਾਂ ਆਖਦੀ ਹੈ, ਰੋਟੀ ਖਾ ਕੇ ਜਾਣਾ ਤੇ ਦਾਦੀ ਆਖਦੀ ਹੈ ਕਿ ਅੰਨ-ਪਾਣੀ ਛਕ ਕੇ ਜਾਇਓ। ਕਿਸੇ ਵੀ ਵਿਅਕਤੀ ਦਾ ਧਨ ਉਸ ਦੇ ਸ਼ਬਦ ਹੁੰਦੇ ਹਨ। ਜੇ ਸ਼ਬਦ ਨਾ ਹੁੰਦੇ ਤਾਂ ਕੀ ਗੁਰੂ ਸਾਹਿਬ ਜੀ ਦੀ ਬਾਣੀ ਸਾਡੇ ਕੋਲ ਆਉਂਦੀ? ਗੁਰੂ ਸਾਹਿਬ ਜੀ ਨੇ ਸ਼ਬਦ ਨੂੰ ਆਪਣਾ ਰੂਪ ਆਖਿਆ ਹੈ। ਇਹ ਹੀ ਨਹੀਂ ਪ੍ਰਮਾਤਮਾ ਦਾ ਰੂਪ ਆਖਿਆ ਹੈ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ (ਅੰਗ ੫੧੫)

ਹੁਣ ਅਸੀਂ ਆਪਣੀਆਂ ਮੁਸ਼ਕਲਾਂ ਦਾ ਹੱਲ ਚਾਹੁੰਦੇ ਹਾਂ ਆਪਣੀ ਬੋਲੀ ਛੱਡ ਕੇ, ਆਪਣੇ ਅੱਖਰ ਛੱਡ ਕੇ - ਦੁਨੀਆਂ ਵਿਚ ਐਸਾ ਕਦੀ ਹੋਇਆ ਨਹੀਂ ਹੈ। ਜੇ ਸਾਰੀਆਂ ਚਿੰਤਾਵਾਂ ਤੋਂ ਛੁਟਕਾਰਾ ਚਾਹੁੰਦੇ ਹਾਂ ਤਾਂ ਬਾਣੀ ਨਾਲ ਜੁੜਨਾ ਪਵੇਗਾ ਤੇ ਆਪਣੇ ਬੱਚਿਆਂ ਨੂੰ ਵੀ ਨਾਲ ਜੋੜਨਾ ਪਵੇਗਾ। ਫੁਰਮਾਨ ਹੈ :

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ (ਅੰਗ ੬੨੭)

ਅਸੀਂ ਇਤਿਹਾਸ ਪੜ੍ਹਦੇ ਹਾਂ ਕਿ ਪੁਰਾਤਨ ਸਿੱਖ ਜਰਨੈਲਾਂ ਵਿਚ ਸੇਵਾ ਕਰਨ ਦਾ ਕਿਤਨਾ ਜ਼ਜ਼ਬਾ ਹੈ ਸੀ। ਤੁਹਾਡਾ ਵਿਸ਼ਵਾਸ ਤੇ ਉਤਸ਼ਾਹ ਹੀ ਫਰਕ ਸਾਬਤ ਹੋ ਜਾਂਦਾ ਹੈ ਕਿਉਂਕਿ ਇਤਿਹਾਸ ਬਹੁਤ ਵੱਡਾ ਆਸਰਾ ਹੈ ਜਿਸ ਕਰਕੇ ਅਸੀਂ ਸਮਝ ਲਵੋ ਕਿ ਉੱਡਦੇ ਹਾਂ। ਕੁਝ ਸਮਾਂ ਪਹਿਲਾਂ ਸੜਕਾਂ 'ਤੇ ਬੰਦੇ ਕਈ ਮਹੀਨੇ ਬੈਠੇ, ਸਾਰਿਆਂ ਦਾ ਕੋਈ ਸਾਂਝਾ ਆਗੂ ਨਹੀਂ ਸੀ। ਆਪੇ ਪਿੰਡਾਂ ਵਿਚੋਂ ਉਠ ਕੇ ਗਏ ਸੀ ਤੇ ਕੋਈ ਬਦਨਾਮੀ ਨਹੀਂ ਖੱਟੀ ਤੇ ਲੋਕਾਂ ਨੂੰ ਰੱਜ ਕੇ ਖਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਬੈਠੇ, ਬਹੁਤ ਸਾਰੇ ਗੁਰਮਤਿ ਸਮਾਗਮ ਹੋਏ। ਦੇਸ਼ਾਂ ਵਿਦੇਸ਼ਾਂ ਵਿਚੋਂ ਬੈਠੇ ਸਿੱਖਾਂ ਤੇ ਪੰਜਾਬੀਆਂ ਨੇ ਦਿਲ ਖੋਲ੍ਹ ਕੇ ਹਰ ਤਰ੍ਹਾਂ ਸਹਿਯੋਗ ਕੀਤਾ। ਕਿਸਾਨ ਮੋਰਚੇ ਵਿਚ ਤੇ ਬਹੁਤ ਪ੍ਰਭੂ ਜੀ ਦਾ ਜਸ ਕੀਤਾ ਗਿਆ ਤੇ ਸਤਿਗੁਰੂ ਜੀ ਦਾ ਫੁਰਮਾਨ ਹੈ :

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥ (ਅੰਗ ੬੧੧)

ਕਿਸਾਨ ਮੋਰਚੇ ਵਿਖੇ ਪੰਦਰਾਂ ਹਜ਼ਾਰ ਤੱਕ ਮੇਰੀ ਪੁਸਤਕ "5 ਕਕਾਰ" ਹਿੰਦੀ ਤੇ ਪੰਜਾਬੀ ਵਿਚ ਵਰਤਾਈ ਗਈ ਯੂਰਪੀਨ ਪੰਜਾਬੀ ਸੱਥ ਦੇ ਕਿਤਾਬਾਂ ਦੇ ਲੰਗਰ ਵਿਚ। ਬਿਨਾਂ ਕਿਸੇ ਗੋਲੀ ਚਲਾਇਆਂ ਇਕ ਸਰਕਾਰ ਨੂੰ ਹਰਾ ਕੇ ਆਏ, ਐਸਾ ਦੁਨੀਆਂ ਵਿਚ ਕਦੇ ਹੋਇਆ ਨਹੀਂ। ਪਰ ਇਸ ਹੋਏ ਨੂੰ ਕੋਈ ਸ਼ਬਦਾਂ ਵਿਚ ਕਹਿਣ ਵਾਲਾ ਨਹੀਂ ਹੈ, ਸਾਡੇ ਸ਼ਬਦਾਂ ਵਿਚ। ਅਸੀਂ ਜੋ ਕੀਤਾ, ਸਾਡੇ ਨਾਲ ਜੋ ਹੋਇਆ ਤੇ ਅਸੀਂ ਜੋ ਕਰਨਾ ਉਸ ਦੀ ਕੀਮਤ ਅਸਲ

ਸ਼ਬਦਾਂ ਵਿਚ ਜ਼ਿਆਦਾ ਹੈ। ਅਸੀਂ ਆਪਣੇ ਬੱਚਿਆਂ ਨੂੰ ਨਿੱਜੀ ਰੂਪ ਵਿਚ, ਪ੍ਰਵਾਰਿਕ ਤੌਰ 'ਤੇ ਕੀ ਦੇ ਸਕਦੇ ਹਾਂ ਉਹ ਹੈ ਵਿਰਾਸਤ, ਇਤਿਹਾਸ ਦੀ ਸਮਝ ਤੇ ਗੁਰਬਾਣੀ ਦੀ ਸਮਝ। ਅਸੀਂ ਜੋ ਆਪਣਾ ਭੋਜਨ ਛਕਦੇ ਹਾਂ ਤੇ ਜੋ ਸੁਣਦੇ ਹਾਂ (ਸ਼ਬਦ-ਸੂਖਮ ਭੋਜਨ) ਉਸ ਨੂੰ ਸਹੀ ਕਰ ਲਈਏ ਤਾਂ ਕੋਈ ਵੀ ਮਸਲਾ ਦੁਨੀਆਂ ਹੈ ਜਾਂ ਜੋ ਅਗਾਂਹ ਨੂੰ ਹੋਵੇਗਾ ਉਨ੍ਹਾਂ ਸਾਰਿਆਂ ਦਾ ਹੱਲ ਹੋ ਸਕਦਾ ਹੈ ਤੇ ਸਹੀ ਹੋਵੇਗਾ।

ਸਿਆਣੇ ਆਖਦੇ ਹਨ ਕਿ ਇਲਾਜ ਨਾਲੋਂ ਪ੍ਰਹੇਜ਼ ਚੰਗਾ ਹੁੰਦਾ ਹੈ। ਜਿਹੜੀ ਕੋਈ ਮਾੜੀ ਗੱਲ ਹੈ ਉਸ ਨੂੰ ਸੁਣੋ ਨਾ ਤੇ ਦੇਖੋ ਨਾ, ਤੇ ਜੇ ਦੇਖ ਲਈ ਤਾਂ ਅਗਾਂਹ ਨਾ ਦੱਸੋ। ਚੜ੍ਹਦੀ ਕਲਾ ਵਿਚ ਵਿਚਰਣਾ ਹੈ, ਵੱਡੇ ਘੱਲੂਘਾਰੇ ਸਮੇਂ ਅੱਧਾ ਖ਼ਾਲਸਾ ਪੰਥ ਸ਼ਹੀਦ ਹੋ ਗਿਆ। ਸ਼ਾਮ ਨੂੰ ਅਰਦਾਸ ਹੋਈ, ਤੱਤ ਖ਼ਾਲਸਾ ਰਹਿ ਗਿਆ ਹੈ, ਇਹ ਹੈ ਕਿਸੇ ਵੀ ਮੁਸ਼ਕਲ ਨੂੰ ਦੇਖਣ ਦਾ ਨਜ਼ਰੀਆ ਤਰੀਕਾ। ਜਦੋਂ ਕੁਝ ਵਾਪਰ ਜਾਂਦਾ ਹੈ ਤਾਂ ਉਸ ਸਮੇਂ ਕੋਈ ਵਿਅਕਤੀ ਆਪਣੇ ਉੱਪਰ ਕਿੰਨੀ ਜ਼ਿੰਮੇਵਾਰੀ ਲੈਂਦਾ ਹੈ, ਜਿੰਨੇ ਵਿਅਕਤੀ ਆਪਣੇ ਉੱਪਰ ਨੁਕਸਾਨ ਝੱਲਣ ਨੂੰ ਤਿਆਰ ਹਨ, ਉਥੇ ਮੁਸ਼ਕਲਾਂ ਦਾ ਹੱਲ ਉਤਨਾ ਹੀ ਸੌਖਾ ਹੋ ਜਾਂਦਾ ਹੈ ਤੇ ਮੁਸ਼ਕਲ ਛੋਟੀ ਹੋ ਜਾਂਦੀ ਹੈ। ਸੇਵਾ ਕਰਨੀ ਪ੍ਰੰਪਰਾ ਹੈ ਭਾਂਡੇ, ਜੋੜੇ ਤੇ ਸਿਰ ਦੇਣਾ ਤੇ ਲੈਣਾ ਵੀ ਪ੍ਰੰਪਰਾ ਹੈ। ਜੇ ਅਸੀਂ ਆਪਣੇ ਬੱਚਿਆਂ ਨੂੰ ਸ਼ਬਦ ਦਿੰਦੇ ਹਾਂ ਤਾਂ ਆਉਣ ਵਾਲੇ ਸਮੇਂ ਵਿਚ ਉਹ ਮੁਸ਼ਕਲਾਂ ਦਾ ਮੁਕਾਬਲਾ ਕਰਨਗੇ ਤੇ ਜ਼ਿੰਮੇਵਾਰੀਆਂ ਉਠਾਉਣਗੇ। ਭੋਜਨ ਤੋਂ ਬਾਅਦ ਜ਼ਿਆਦਾ ਸ਼ਬਦ ਬਾਣੀ ਅਸਰ ਪਾਉਂਦੀ ਹੈ। ਇਸੇ ਲਈ ਆਪਣੀ ਬੋਲੀ ਗੁਰਮੁਖੀ ਪੰਜਾਬੀ ਜ਼ਰੂਰੀ ਹੈ। ਜੇ ਅਸੀਂ ਆਪਣੇ ਬੱਚਿਆਂ ਨੂੰ ਪਾਠ ਸਿਖਾਉਂਦੇ ਹਾਂ, ਗੁਰੂ ਸਾਹਿਬ ਜੀ ਨਾਲ ਜੋੜਦੇ ਹਾਂ ਤੇ ਪਿਆਰ ਨਾਲ ਸਹਿਜ ਨਾਲ ਬਿਨਾਂ ਕਾਹਲੀ ਦੇ ਕੀਤਾ ਪਾਠ ਇਵੇਂ ਹੁੰਦਾ ਹੈ ਜਿਵੇਂ ਗੁਰੂ ਸਾਹਿਬ ਜੀ ਨਾਲ ਗੱਲਾਂ ਹੋ ਰਹੀਆਂ ਹੋਵਣ। ਪਾਠ ਕਰਨਾ ਜ਼ਿੰਦਗੀ ਦਾ ਮਕਸਦ ਬਣ ਜਾਵੇ, ਜਿਵੇਂ ਸਤਿਗੁਰੂ ਜੀ ਦਾ ਹੁਕਮ ਹੈ, ਨਿਤਨੇਮ ਕਰਨਾ ਤੇ ਰਹਿਤ ਰੱਖਣੀ। ਜੇ ਅਸੀਂ ਐਸਾ ਕਰਦੇ ਹਾਂ ਤਾਂ ਸਤਿਗੁਰੂ ਜੀ ਵੀ ਸਾਡੀ ਸਹਾਇਤਾ ਕਰਦੇ ਹਨ। ਪਰ ਜੇ ਅਸੀਂ ਖ਼ਾਲਸੇ ਬਣ ਕੇ ਨਿਆਰੇ ਰਹਾਂਗੇ ਤਾਂ ਪਰ ਜੇ ਬਿਪਰਨ ਦੀ ਚਾਲ ਹੋ ਗਈ ਤਾਂ ਫ਼ੁਰਮਾਨ ਹੈ :

ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਇਹ ਬਿਪਰਨ ਕੀ ਰੀਤ ਕੀ ਹੈ, ਜਾਨਣ ਦੀ ਕੋਸ਼ਿਸ਼ ਕਰਦੇ ਹਾਂ :

ਸਿੱਖਾਂ ਨੂੰ ਗੁਰੂ ਸਾਹਿਬਾਨ ਜੀ ਨੇ ਸਿਰਫ ਇਕ ਅਕਾਲ ਪੁਰਖ ਨੂੰ ਮੰਨਣਾ ਸਿਖਾਇਆ ਹੈ। ਹਿੰਦੂ ਬਹੁ ਦੇਵ ਪੂਜਦੇ ਹਨ - ਪਹਿਲਾਂ ਤਿੰਨ ਖਾਸ ਬ੍ਰਹਮਾ, ਵਿਸ਼ਨੂੰ ਤੇ ਸ਼ਿਵ, ਕਿ ਬ੍ਰਹਮਾ ਜੀ ਤੋਂ ਉਤਪਤੀ, ਵਿਸ਼ਨੂੰ ਜੀ ਤੋਂ ਪਾਲਣ ਪੋਸਣਾ ਤੇ ਸ਼ਿਵ ਜੀ ਸੰਘਾਰ ਕਰਦੇ ਹਨ, ਐਸਾ ਮੰਨਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾ ਉਪਦੇਸ਼ ਹੀ ੧ ਇਕ ਤੋਂ ਸ਼ੁਰੂ ਕੀਤਾ

ਹੈ ਤੇ ਬਾਣੀ ਵਿਚ ਉਪਦੇਸ਼ ਹਨ ਕਿ ਇਹ ਤਿੰਨੇ ਹੀ ਦੇਵਤੇ ਉਸ ਅਕਾਲ ਪੁਰਖ ਨੂੰ ਦੇਖ ਨਹੀਂ ਸਕਦੇ ਭਾਵ ਉਥੇ ਤਕ ਇਨ੍ਹਾਂ ਦੀ ਸਮਰਥਾ, ਪਹੁੰਚ ਨਹੀਂ ਹੈ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥

(ਅੰਗ ੭)

ਹਿੰਦੂ ਬੁੱਤ ਪੂਜਾ ਕਰਨ ਵਿਚ ਯਕੀਨ ਰੱਖਦੇ ਹਨ।

ਬਾਣੀ ਗੁਰੂ ਸਾਹਿਬ ਤੇ ਭਗਤ ਬਾਣੀ ਵਿਚ ਬੁੱਤ ਪੂਜਾ ਦੀ ਰੀਤ ਦੇ ਵਿਰੁਧ ਸ਼ਬਦ ਦਰਜ ਹਨ।

ਹਿੰਦੂ ਚਾਰ ਵਰਨ ਵੰਡ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਨੂੰ ਮੰਨਦਾ ਹੈ।

ਗੁਰੂ ਸਾਹਿਬ ਤੇ ਭਗਤ ਬਾਣੀ ਵਿਚ ਸਭ ਨੂੰ ਬਰਾਬਰ ਦਿਖਾਇਆ ਤੇ ਸਮਝਿਆ ਜਾਂਦਾ ਹੈ।

ਆਪਣੀ ਬ੍ਰਾਹਮਣ ਉੱਚੀ ਜਾਤ ਸਮਝਦਾ ਤੇ ਮੰਨਦਾ ਹੈ ਤੇ ਅਖੌਤੀ ਨੀਚ ਜਾਤ ਸ਼ੂਦਰਾਂ ਨੂੰ ਉਸ ਦੇ ਨੇੜੇ ਤੇ ਮੰਦਰਾਂ ਵਿਚ ਜਾਣ ਦੀ ਵੀ ਮਨਾਹੀ ਹੈ। ਐਸਾ ਵੀ ਵਿਦਵਾਨਾਂ ਤੋਂ ਸੁਣਨ ਵਿਚ ਆਇਆ ਹੈ ਕਿ ਤੁਲਸੀ ਦਾਸ ਆਖਦੇ ਨੇ : **ਢੋਲ ਗਵਾਰ ਸ਼ੂਦਰ ਪਸ਼ੂ ਨਾਰੀ, ਇਹ ਪਾਂਚੋ ਤਾੜਨ ਕੇ ਅਧਿਕਾਰੀ।** ਭਾਵ ਔਰਤ ਨੂੰ ਵੀ ਬਰਾਬਰ ਨਹੀਂ ਸਮਝਿਆ ਜਾਂਦਾ। ਇਹ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਫ਼ੁਰਮਾਇਆ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਅੰਗ ੪੭੩)

ਇੱਥੇ ਭਗਤ ਸ੍ਰੀ ਨਾਮਦੇਵ ਜੀ ਦੇ ਜੀਵਨ ਕਾਲ ਦੀ ਸਾਖੀ ਬਹੁਤ ਢੁਕਵੀਂ ਪ੍ਰਤੀਤ ਹੁੰਦੀ ਹੈ। ਭਗਤ ਸ੍ਰੀ ਨਾਮਦੇਵ ਜੀ ਦੇ ਅੰਦਰ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਪ੍ਰਬਲ ਰੂਪ ਘਰ ਕਰਦੀ ਗਈ। ਇਹ ਗੱਲ ਵੱਖਰੀ ਹੈ ਕਿ ਬਣੇ ਹੋਏ ਸੰਸਕਾਰਾਂ ਦੇ ਮੁਤਾਬਿਕ ਤੇ ਦੇਸ਼ ਦੀ ਬਣੀ ਹੋਈ ਸੰਸਕ੍ਰਿਤੀ ਮੁਤਾਬਿਕ ਆਪ ਕੁਝ ਮੰਦਰਾਂ ਦੇ ਦਰਸ਼ਨ ਕਰਨ ਵੀ ਗਏ, ਜੈਸਾ ਕਿ ਆਪ ਜੀ ਦੀ ਬਾਣੀ ਤੋਂ ਵੀ ਪਤਾ ਚਲਦਾ ਹੈ। ਪਰ ਜੋ ਮੰਦਰ ਵਿਚ ਆਪ ਦੇ ਨਾਲ ਵਿਵਹਾਰ ਹੋਇਆ, ਆਪ ਜੀ ਭੈਰਉ ਰਾਗੁ ਦੇ ਸ਼ਬਦ ਵਿਚ ਬਿਆਨਦੇ ਹਨ :

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥
ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥ ੨ ॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥
ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥ ੬ ॥ (ਅੰਗ ੧੧੬੪)

ਮੰਦਰ ਦੇ ਵਿਚ ਭਗਤੀ ਕਰਦਿਆਂ, ਪ੍ਰਭੂ ਦੇ ਗੀਤ ਗਾਉਂਦਿਆਂ ਭਗਤ ਜੀ ਨੂੰ ਬਾਹਰ ਕੱਢ ਦਿੱਤਾ ਗਿਆ, ਕਿਉਂਕਿ ਵਰਨ ਵੰਡ ਅਨੁਸਾਰ ਆਪ ਜੀ ਸ਼ੂਦਰ ਜਾਤੀ ਦੇ ਸਨ ਤੇ ਸ਼ੂਦਰਾਂ ਵਾਸਤੇ ਮੰਦਰ ਵਿਚ ਪ੍ਰਵੇਸ਼ ਬੰਦ ਸੀ। ਭਗਤ ਜੀ ਮਲਾਰ ਰਾਗ ਦੇ ਇਕ ਹੋਰ ਸ਼ਬਦ ਵਿਚ ਵੀ ਬਿਆਨ ਕਰਦੇ ਹਨ,ਇੱਥੇ ਸਾਰਾ ਸ਼ਬਦ ਨਹੀਂ ਦਿੱਤਾ ਜਾ ਰਿਹਾ,ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੨੯੨ ਉੱਪਰ ਦੇਖਿਆ ਪੜ੍ਹਿਆ ਜਾ ਸਕਦਾ ਹੈ।

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥ ੧ ॥....
....ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥ (ਅੰਗ ੧੨੯੨)

ਸ੍ਰੀ ਗੁਰੂ ਰਾਮਦਾਸ ਜੀ ਵੀ ਆਸਾ ਰਾਗ ਵਿਚ ਇਸ ਦੀ ਗਵਾਹੀ ਭਰਦੇ ਹਨ :

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥ (ਅੰਗ ੪੫੧)

ਇਹ ਨਾਗਨਾਥ ਮੰਦਰ ਔਂਡਾ ਸ਼ਹਿਰ ਵਿਖੇ ਅੱਜ ਵੀ ਸੁਸ਼ੋਭਿਤ ਹੈ ਜੋ ਕਿ ਸ੍ਰੀ ਹਜ਼ੂਰ ਸਾਹਿਬ ਤੋਂ ਤਕਰੀਬਨ 60 ਕਿਲੋਮੀਟਰ ਦੀ ਦੂਰੀ 'ਤੇ ਔਰੰਗਾਬਾਦ ਰੋਡ 'ਤੇ ਹੈ। ਐਸਾ ਸੁਣਨ ਵਿਚ ਆਇਆ ਹੈ ਕਿ ਭਾਰਤ ਵਿਚ ਐਸੇ 12 ਮੰਦਰ ਹਨ ਤੇ ਸਭ ਦਾ ਮੂੰਹ ਮੁੱਖ ਦੁਆਰ ਪੂਰਬ ਵੱਲ ਨੂੰ ਹੈ ਤੇ ਸਰੋਵਰ ਵੀ, ਪਰ ਇੱਥੇ ਭਗਤ ਜੀ ਦੀ ਵਡਿਆਈ ਵਿਚ (ਜੋ ਮੰਦਰ ਵਿਚੋਂ ਨਿਕਾਲੇ ਜਾਣ ਤੋਂ ਬਾਅਦ ਮੰਦਰ ਦੇ ਪਿਛਲੇ ਪਾਸੇ ਜਾ ਕੇ ਬੈਠ ਗਏ ਸਨ) ਮੰਦਰ ਪ੍ਰਭੂ ਜੀ ਨੇ ਘੁਮਾ ਕੇ ਮੰਦਰ ਦਾ ਮੂੰਹ ਭਗਤ ਨਾਮਦੇਉ ਜੀ ਵੱਲ ਨੂੰ ਕਰ ਦਿੱਤਾ ਤੇ ਮੂਰਤੀਆਂ ਦਾ ਵੀ ਤੇ ਪੰਡਤਾਂ ਵੱਲ ਤੂੰ ਪਿੱਠ ਹੋ ਗਈ। ਇੱਥੇ ਇਹ ਵਰਣਨਯੋਗ ਹੈ ਕਿ ਇਸ ਮੰਦਰ ਦੇ ਘੁੰਮਣ, ਭੌਣ ਕਰਕੇ ਇਸ ਦੀ ਕੋਈ ਨੀਂਹ ਨਹੀਂ ਹੈ ਤੇ ਇਹ ਆਮ ਖੜ੍ਹਾ ਦਿਖਾਈ ਦਿੰਦਾ ਹੈ ਜਿਸ ਤਰ੍ਹਾਂ ਮਨੁੱਖ ਤੇ ਯਾਤ੍ਰੀ ਉਥੇ ਫਰਸ਼ ਤੇ ਖੜ੍ਹੇ ਹੋਣ। ਔਰੰਗਜ਼ੇਬ ਬਾਦਸ਼ਾਹ ਦੇ ਸਮੇਂ ਇਸ ਦਾ ਉਪਰਲਾ ਹਿੱਸਾ ਤੋੜ ਦਿੱਤਾ ਗਿਆ ਸੀ ਜੋ ਕਿ ਬਾਅਦ ਵਿਚ ਉਪਰਲਾ ਹਿੱਸਾ ਚਿੱਟੇ ਰੰਗ ਵਿਚ ਬਣਾਇਆ ਗਿਆ ਜੋ ਕਿ ਸਮਝਿਆ ਜਾਂਦਾ ਹੈ ਅਹੱਲਿਆ ਬਾਈ ਹੋਲਕਰ ਨੇ ਬਣਵਾਇਆ।

ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ ਤਕਰੀਬਨ ਵੀਹ, ਪੰਝੀ ਸਾਲ ਪਹਿਲਾਂ ਦੀ ਗੱਲ ਦੱਸਦੇ ਨੇ ਕਿ ਜਦੋਂ ਉਹ ਇਸ ਮੰਦਰ ਦੇ ਦਰਸ਼ਨ ਕਰਨ ਗਏ ਤੇ ਅੰਦਰ ਮੂਰਤੀਆਂ ਦੇਖੀਆਂ ਤੇ ਬਾਹਰ ਇਕ ਪੰਡਿਤ ਥਾਲ ਵਿਚ ਭਗਤ ਨਾਮਦੇਵ ਜੀ ਦੀ ਲਘੂ

ਮੂਰਤੀ (ਛੋਟੀ ਜਿਹੀ) ਰੱਖੀ ਹੋਈ ਸੀ ਤੇ ਆਵਾਜ਼ਾਂ ਮਾਰ ਰਿਹਾ ਸੀ ਕਿ ਸੰਤ ਨਾਮਦੇਵ ਜੀ ਦੇ ਦਰਸ਼ਨ ਕਰ ਲਵੋ ਭਾਵ ਭਗਤ ਜੀ ਦੇ ਪਿਆਰ ਵਿਚ ਚੜ੍ਹਾਵਾ ਇੱਥੇ ਚੜ੍ਹਾਵੋ। ਮਸਕੀਨ ਜੀ ਨੇ ਉਸ ਪੰਡਿਤ ਨੂੰ ਪ੍ਰਸ਼ਨ ਕੀਤਾ ਕਿ ਤੁਸੀਂ ਸੰਤ ਨਾਮਦੇਵ ਜੀ ਦੀ ਮੂਰਤੀ ਅੰਦਰ ਕਿਉਂ ਨਹੀਂ ਅਸਥਾਪਨ ਕਰ ਦਿੰਦੇ ਤੇ ਉਸ ਪੰਡਿਤ ਨੇ ਆਖਿਆ, "ਜੀ ਐਸਾ ਨਹੀਂ ਹੋ ਸਕਤਾ ਵੋਹ ਸ਼ੂਦਰ ਹੈਂ ਇਸ ਵਜਾ ਸੇ ਐਸਾ ਨਹੀਂ ਹੋ ਸਕਤਾ"।

ਸਿਆਸੀ ਚਾਲਾਂ ਰਾਹੀਂ ਵੀ ਕਈ ਵਾਰੀ ਸ਼ਰਧਾਲੂਆਂ ਵਿਚ ਤੇ ਸਿੱਖਾਂ ਵਿਚ ਵੱਖਰੇਵੇਂ ਪਾਉਣ ਲਈ ਕਈ ਕੁਝ ਪਿਆਰੀਆਂ-ਪਿਆਰੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਫਰਕ ਪਾ ਕੇ ਪਾਖੰਡ ਕਰਕੇ ਆਪਣਾ ਕੰਮ ਕੱਢ ਲੈਂਦੇ ਹਨ, ਵਰਤ ਜਾਂਦੇ ਹਨ ਲੋਕਾਂ ਨੂੰ, ਪਰ ਇਹ ਕਦੀ ਵੀ ਕੋਈ ਭੁਲੇਖੇ ਵਿਚ ਨਾ ਰਹੇ ਕਿ ਕੋਈ ਹਿੰਦੂ ਸ੍ਰੀ ਰਵਿਦਾਸ ਜੀ ਮਹਾਰਾਜ ਜਾਂ ਸ੍ਰੀ ਕਬੀਰ ਜੀ ਮਹਾਰਾਜ ਦੀ ਮੂਰਤੀ ਮੰਦਰ ਵਿਚ ਸਥਾਪਿਤ ਕਰੇਗਾ। ਜਿੱਥੇ ਤੱਕ ਗੁਰੂ ਸਾਹਿਬਾਨ ਦਾ ਪ੍ਰਸ਼ਨ ਆਉਂਦਾ ਹੈ ਇਸ ਸਬੰਧੀ ਤਾਂ ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਇਤਨਾ ਪਿਆਰ ਤੇ ਸਤਿਕਾਰ ਬਖ਼ਸ਼ਿਆ ਕਿ ਜਿੱਥੇ ਹਿੰਦੂ ਮੰਦਰਾਂ ਵਿਚ ਨਹੀਂ ਸੀ ਜਾਣ ਦਿੰਦੇ, ਸਤਿਗੁਰੂ ਜੀ ਨੇ ਇਨ੍ਹਾਂ ਨੂੰ ਹਰਿਮੰਦਰ ਵਿਖੇ ਬੈਠਾ ਦਿੱਤਾ, ਸੁਸ਼ੋਭਿਤ ਕਰ ਦਿੱਤਾ ਤੇ ਸਦਾ ਸਦਾ ਲਈ ਅਟੱਲ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥
(ਅੰਗ ੭੪੭)

ਸਤਿਗੁਰੂ ਜੀ ਸਭ ਨੂੰ ਬਰਾਬਰ ਸਮਝਦੇ ਤੇ ਮੰਨਦੇ ਹਨ ਤੇ ਜਾਤ ਦੇ ਹੰਕਾਰ ਤੇ ਮਾਣ ਨੂੰ ਸਿੱਖੀ ਵਿਚ ਕੋਈ ਥਾਂ ਨਹੀਂ ਹੈ। ਫੁਰਮਾਨ ਹਨ :

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ੧ ॥ ਰਹਾਉ ॥
ਚਾਰੇ ਵਰਨ ਆਖੈ ਸਭੁ ਕੋਈ ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥ ੨ ॥
(ਅੰਗ ੧੧੨੭)

ਵਰਨ ਵੰਡ ਵਿਚ ਇਕ ਹੋਰ ਵੀ ਖਾਸ ਨੁਕਤਾ ਹੈ, ਕੋਈ ਵੀ ਵਿਅਕਤੀ ਕੰਮ ਬਦਲ ਸਕਦਾ ਹੈ ਪਰ ਜਾਤ ਨਹੀਂ। ਪਰ ਖ਼ਾਲਸਾ ਬਣਨ ਵੇਲੇ ਅੰਮ੍ਰਿਤ ਛਕਣ ਸਮੇਂ ਪੰਜ ਪਿਆਰਿਆਂ ਦੇ ਜਥੇਦਾਰ ਸਾਹਿਬ ਦੱਸਦੇ ਹਨ ਕਿ ਅੱਜ ਤੋਂ ਤੁਹਾਡੀ ਪਿਛਲੀ ਜਾਤ, ਗੋਤ ਨਹੀਂ ਰਹੀ ਤੇ ਹੁਣ ਤੁਸੀਂ ਖ਼ਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਗਏ ਹੋ। ਅੱਜ ਤੋਂ ਤੁਹਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਹਨ। ਤੁਹਾਡਾ ਜਨਮ ਕੇਸਗੜ੍ਹ ਦਾ ਹੈ ਤੇ ਤੁਸੀਂ ਅਨੰਦਪੁਰ ਸਾਹਿਬ ਦੇ ਵਾਸੀ ਹੋ।

ਸ਼ੁਰੂ ਤੋਂ ਹੀ ਨੇਕੀ ਬਦੀ ਦੀ ਜੰਗ ਚਲਦੀ ਆ ਰਹੀ ਹੈ। ਕਈ ਵਾਰੀ ਇਸ ਤਰ੍ਹਾਂ

ਲੱਗਦਾ ਹੈ ਕਿ ਬਦੀ ਜਿੱਤ ਰਹੀ ਹੈ ਤੇ ਹਰੇਕ ਤਰ੍ਹਾਂ ਵਲ-ਛਲ ਕਰਕੇ ਸਿੱਖਾਂ ਨੂੰ ਹਿੰਦੂਆਂ ਦਾ ਹੀ ਹਿੱਸਾ ਦੱਸੀ ਜਾ ਰਹੇ ਹਨ ਤੇ ਸਿੱਖਾਂ ਦੇ ਸੁਨਿਹਰੀ ਇਤਿਹਾਸ ਨੂੰ ਵਿਗਾੜੀ ਜਾ ਰਹੇ ਹਨ ਨਵੀਆਂ ਲਿਖਤਾਂ ਰਾਹੀਂ, ਟੈਲੀਵੀਜਨ ਤੇ ਮੋਬਾਇਲਾਂ ਰਾਹੀਂ। ਸਿੱਖਾਂ ਨੂੰ ਹਰੇਕ ਤਰ੍ਹਾਂ ਦੇ ਤਰੀਕਿਆਂ ਨਾਲ ਨਫਰਤ ਦਾ ਸ਼ਿਕਾਰ ਬਣਾਈ ਜਾ ਰਹੇ ਹਨ। ਸਿੱਖੀ ਦੀ ਗੱਲ ਜਾਂ ਹਮਾਇਤ ਕਰਨ ਵਾਲੇ ਵਿਅਕਤੀਆਂ ਦੇ ਬਿਜਲਈ ਅਕਾਊਂਟਾ 'ਤੇ ਪਾਬੰਦੀ ਲਾ ਦਿੱਤੀ ਜਾਂਦੀ ਹੈ। ਇਨ੍ਹਾਂ ਦੇ ਕੂੜ ਪ੍ਰਚਾਰ ਦੇ ਸਾਹਮਣੇ ਕੋਈ ਵਿਦੇਸ਼ੀ ਅਦਾਰਾ ਆਪਣਾ ਪੱਖ ਤੇ ਅਸਲੀਅਤ ਰੱਖਣ ਦੀ ਗੱਲ ਕਰਦਾ ਹੈ ਤਾਂ ਉਸ 'ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ, ਤਾਂ ਕਿ ਭਾਰਤ ਦੇ ਨਾਗਰਿਕ ਅਸਲੀਅਤ ਤੋਂ ਵਾਕਫ ਨਾ ਹੋਵਣ ਤੇ ਸਰਕਾਰ ਫੁੱਟ ਪਾ ਕੇ ਆਪਣਾ ਉੱਲੂ ਸਿੱਧਾ ਕਰਕੇ ਲੋਕਾਂ ਉਪਰ ਆਪਣੀ ਖੁਦਗਰਜ਼ੀ ਦੀ ਸਲਾਹ ਨੂੰ ਹੀ ਬੇਹਤਰੀਨ ਵਧੀਆ ਦਰਸਾ ਕੇ ਆਪਣੀਆਂ ਵੋਟਾਂ ਪੱਕੀਆਂ ਕਰ ਲੈਂਦੇ ਹਨ। ਇੱਥੇ ਇਹ ਵੀ ਕਹਿਣਾ ਬਣਦਾ ਹੈ ਕਿ ਦੁਨੀਆਂ ਦੇ ਦੇਸ਼ਾਂ ਵਿਚ ਸੱਚਾਈ ਦੇ ਬਿਆਨ ਦੇਣ ਵਾਲੇ ਦੇਸ਼ਾਂ ਦੀ ਲਿਸਟ ਵਿਚ ਭਾਰਤ ਦਾ 160ਵਾਂ ਨੰਬਰ ਹੈ ਤਕਰੀਬਨ ਅਖੀਰ 'ਤੇ, ਆਪ ਭਾਵੇਂ ਇਹ ਜੋ ਮਰਜ਼ੀ ਆਖੀ ਜਾਣ। ਵਿਦੇਸ਼ੀ ਸਿੱਖ ਲੀਡਰਾਂ ਨੂੰ ਆਤੰਕਵਾਦੀ ਕਹਿ ਕੇ ਨਿਸ਼ਾਨਾ ਬਣਾਉਣਾ ਸਭ ਦੇ ਸਾਹਮਣੇ ਖਬਰਾਂ ਆ ਰਹੀਆਂ ਹਨ ਕਿਉਂਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸਿੱਧੇ ਦੋਸ਼ ਲਗਾਏ ਹਨ ਇਨ੍ਹਾਂ ਉੱਪਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਮਾਨਸਿਕ ਰੋਗੀ ਆਖ ਕੇ ਛੱਡ ਦਿੱਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਕਰਨ ਵਾਲੇ ਵਿਅਕਤੀ (ਜਿਸ ਨੇ ਆਪਣਾ ਕੀਤਾ ਪਾ ਲਿਆ) ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ, ਜਦੋਂ ਕਿ ਉਸ ਦੇ ਫਿੰਗਰ ਪਰਿੰਟ ਹੱਥਾਂ ਦੀਆਂ ਉਂਗਲੀਆਂ ਦੇ ਨਿਸ਼ਾਨ ਲੈ ਕੇ ਲੱਭਿਆ ਜਾ ਸਕਦਾ ਸੀ, ਪਰ ਸਾਡੀ ਕੇਂਦਰੀ ਸੰਸਥਾ ਨੇ ਆਪ ਕਿਉਂ ਨਹੀਂ ਉਸ ਦੇ ਨਿਸ਼ਾਨ ਲੈ ਲਏ?

ਇਤਿਹਾਸ ਵਿਚੋਂ ਬਿਪਰ ਦੀ ਰੀਤ ਦੀਆਂ ਉਦਾਹਰਣਾਂ ਮਿਲਦੀਆਂ ਹਨ। ਪਹਾੜੀ ਰਾਜਾ ਭੀਮ ਚੰਦ ਆਪਣੇ ਪੁੱਤਰ ਦੀ ਬਰਾਤ ਲੰਘਾਉਣ ਲਈ ਦਸਵੇਂ ਸਤਿਗੁਰੂ ਜੀ ਤੋਂ ਰਸਤਾ ਲੈਣ ਲਈ ਵਜ਼ੀਰ ਨੂੰ ਇਹ ਕਹਿ ਕੇ ਭੇਜਦਾ ਹੈ ਕਿ ਤੂੰ ਸੱਚ ਝੂਠ ਵਲ ਛਲ ਕਰਕੇ ਹਰੇਕ ਤਰੀਕੇ ਨਾਲ ਰਸਤਾ ਲੰਘਣ ਲਈ ਮਨਜ਼ੂਰੀ ਲੈਣੀ ਹੈ, ਨਹੀਂ ਤਾਂ ਸਾਨੂੰ ਬਹੁਤ ਲੰਬਾ ਵਲ ਪਾ ਕੇ ਜਾਣਾ ਪਵੇਗਾ। ਅਨੰਦਪੁਰ ਸਾਹਿਬ ਦੇ ਲੰਬੇ ਘੇਰੇ ਪਿੱਛੋਂ ਪਹਾੜੀ ਰਾਜਿਆਂ ਵੱਲੋਂ ਆਟੇ ਦੀ ਗਊ ਬਣਾ ਕੇ ਤੇ ਕੁਰਾਨ ਸ਼ਰੀਫ ਦੀਆਂ ਸੌਂਹਾਂ ਖਾ ਕੇ ਕਿਲ੍ਹਾ ਛੱਡਣ ਲਈ ਆਖਿਆ ਜਾਂਦਾ ਹੈ। ਬਾਅਦ ਵਿਚ ਕਿਸ ਤਰ੍ਹਾਂ ਗੁਰੂ ਸਾਹਿਬ ਤੇ ਸਿੰਘਾਂ ਉੱਪਰ ਸਭ ਰਲ ਕੇ ਟੁੱਟ ਕੇ ਪੈ ਜਾਂਦੇ ਹਨ। ਪਰ ਜੇ ਬਿਪਰਨ ਕੀ ਰੀਤ ਸਮਝਣ ਲਈ, ਬਿਆਨ ਕਰਨ ਲਈ ਜੇ ਇਕ ਵਿਅਕਤੀ ਦਾ ਕਿਰਦਾਰ ਹੈ ਤਾਂ ਉਹ ਹੈ ਗੰਗੂ, ਜੋ ਥੈਲੀ ਚੋਰੀ ਕਰਕੇ, ਪ੍ਰਾਪਤ ਕਰਕੇ ਵੀ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਨੂੰ ਪਕੜਵਾ ਦਿੰਦਾ ਹੈ।

ਖ਼ਾਲਸਾ ਆਦਰਸ਼ ਦਾ ਵਿਰੋਧ ਕਰਕੇ ਗੁਰੂ ਸਾਹਿਬ ਜੀ ਦੇ ਬੁੱਤ ਵਗੈਰਾ ਬਣਾ ਕੇ

ਵਰਤਾਉਣ ਦੀ ਕੋਝੀ ਕੋਸ਼ਿਸ਼ ਤੇ ਸਾਜ਼ਿਸ਼ ਕਰ ਰਹੇ ਹਨ। ਪੰਜਾਬ ਦੀ ਧਰਤੀ 'ਤੇ ਪਾਣੀ ਗਲਤ ਵਸਤੂਆਂ ਦੇ ਕਾਰਖਾਨਿਆਂ ਨਾਲ ਦੂਸ਼ਿਤ ਕੀਤਾ ਜਾ ਰਿਹਾ ਹੈ, ਭਾਵੇਂ ਮੁਜਾਹਰੇ ਕੀਤੇ ਜਾਣ ਪਰ ਪੂੰਜੀਪਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਕਿਸਾਨਾਂ ਨੂੰ ਪਿਛਲੇ ਕੁਝ ਦਹਾਕਿਆਂ ਤੋਂ ਖਾਦਾਂ ਤੇ ਕੀੜੇ ਮਾਰ ਦਵਾਈਆਂ ਤੇ ਜ਼ਹਿਰਲੀਆਂ ਸਪ੍ਰੇਆਂ ਨੂੰ ਸਮਰਥਨ ਦੇ ਕੇ ਆਵੱਸ਼ਕ ਆਖ ਕੇ ਵਰਤਣ ਲਈ ਪ੍ਰੇਰਿਆ ਗਿਆ ਹੈ। ਇਨ੍ਹਾਂ ਦਾ ਕੁਦਰਤੀ ਤੌਰ 'ਤੇ ਸਿੱਧਾ ਅਸਰ ਅਨਾਜ ਵਰਤਣ ਤੇ ਸਿਹਤ ਉੱਪਰ ਪੈਂਦਾ ਹੈ। ਪੁਰਾਣੇ ਤਰੀਕੇ ਨਾਲ ਰੂੜੀ, ਢੇਰ ਆਦਿ ਪਾ ਕੇ ਹੁਣ ਖੇਤੀ ਘੱਟ ਹੀ ਕੋਈ ਕਰਦਾ ਹੈ ਜਿਸ ਦਾ ਫਲਸਰੂਪ ਜ਼ਹਿਰੀਲੀਆਂ ਦਵਾਈਆਂ ਦਾ ਛਿੜਕਾਅ ਸਿਹਤ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਤੇ ਰੋਗ ਲਾ ਦਿੰਦਾ ਹੈ।

ਮਈ 2025 ਵਿਚ ਪਾਕਿਸਤਾਨ ਨਾਲ ਭਾਰਤ ਦੀ ਕੁਝ ਝੜਪ ਹੋਈ,ਜਿਸ ਬਾਰੇ ਕਈ ਵਿਅਕਤੀਆਂ ਨੇ ਬਹੁਤ ਦਿਲਚਸਪੀ ਦਿਖਾਈ ਤੇ ਰਾਤ ਨੂੰ ਵੀ ਜਾਗ ਕੇ ਦੇਖਦੇ ਰਹੇ ਇਨ੍ਹਾਂ ਡਰੋਨਾਂ ਤੇ ਮਿਜ਼ਾਇਲਾਂ ਨੂੰ। ਕੁਝ ਕੁ ਐਸੇ ਵਿਅਤੀਆਂ ਨੇ ਐਸੇ ਬਿਆਨ ਦਿੱਤੇ ਕਿ ਸੁਨਣ ਵਾਲੇ ਅਚੰਭਤ ਰਹਿ ਗਏ, ਜਦੋਂ ਕੁਝ ਐਸੇ ਪੰਜਾਬ ਵਿਚ ਡਿੱਗੇ ਡਰੋਨਾਂ ਆਦਿ ਬਾਰੇ ਆਖਿਆ ਕਿ ਇਹ ਪਾਕਿਸਤਾਨ ਦੀ ਦਿਸ਼ਾ ਵੱਲੋਂ ਤਾਂ ਨਹੀਂ ਆਏ ! ਕੀ ਭਾਰਤੀ ਫ਼ੌਜ ਵੱਲੋਂ ਉੱਪਰੋਂ ਹੁਕਮ ਅਨੁਸਾਰ ਹੀ ਇਹ ਹਥਿਆਰ ਭਾਰਤੀ ਪੰਜਾਬ ਉੱਪਰ ਚਲਾਏ ਤੇ ਸੁੱਟੇ ਗਏ? ਇੱਥੇ ਇਹ ਵੀ ਆਖਣਾ ਬਣਦਾ ਹੈ ਕਿ ਭਾਰਤ ਵੱਲੋਂ ਹੋਰ ਥਾਂਵਾਂ ਦੇ ਨਾਲ-ਨਾਲ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਪਾਕਿਸਤਾਨ ਵਿਖੇ ਵੀ ਐਸੇ ਹਥਿਆਰਾਂ ਨਾਲ ਹਮਲੇ ਕੀਤੇ ਗਏ ਜੋ ਕਿ ਪਾਕਿਸਤਾਨ ਵੱਲੋਂ ਨਾਕਾਮਯਾਬ ਕਰ ਦਿੱਤੇ ਗਏ। ਭਾਰਤ ਦੇ ਹਵਾਈ ਜਹਾਜ਼ਾਂ ਦਾ ਨੁਕਸਾਨ ਹੋਇਆ ਜੋ ਇਨ੍ਹਾਂ ਨੇ ਸਵੀਕਾਰ ਨਹੀਂ ਕੀਤਾ, ਪਰ ਫਰਾਂਸ ਦੀ ਕੰਪਨੀ ਰਾਫੇਲ ਨੇ ਮੰਨ ਲਿਆ ਕਿ ਨੁਕਸਾਨ ਹੋਇਆ ਹੈ।

ਇਸ ਘਟਨਾ ਕਰਕੇ ਪੰਜਾਬ ਵਿਚੋਂ ਬਹੁਤ ਸਾਰੇ ਪ੍ਰਵਾਸੀ ਭਈਏ ਧੜਾ-ਧੜ ਵਾਪਸ ਬਿਹਾਰ ਤੇ ਉਤਰ ਪ੍ਰਦੇਸ਼ ਨੂੰ ਡਰਦੇ ਦੌੜ ਗਏ ਤੇ ਰੇਲਵੇ ਸਟੇਸ਼ਨਾਂ ਉੱਪਰ ਬਹੁਤ ਭੀੜ ਰਹੀ ਐਸੇ ਕਰਕੇ। ਇਨ੍ਹਾਂ ਦਿਨਾਂ ਵਿਚ ਇਕ ਹੋਰ ਤਬਦੀਲੀ ਦੇਖਣ ਨੂੰ ਮਿਲੀ ਜਿੱਥੇ ਆਮ ਸਿੱਖਾਂ ਨੂੰ ਆਤੰਕਵਾਦੀ ਆਖ ਕੇ ਭੰਡਿਆ ਜਾਂਦਾ ਹੈ - ਕਕਾਰਾਂ ਦੀ ਹਾਸੋ ਹੀਣੀ ਜ਼ਾਹਰ ਕੀਤੀ ਜਾਂਦੀ ਹੈ ਉਥੇ ਇਨ੍ਹਾਂ ਨੇ ਸਿੱਖਾਂ ਦੀਆਂ ਬਹੁਤ ਤਾਰੀਫਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਇਹ ਸਮਝ ਕੇ ਜੇ ਜੰਗ ਜ਼ਿਆਦਾ ਮਘ ਗਿਆ ਤਾਂ ਸਿੱਖਾਂ ਨੂੰ ਹੀ ਮੂਹਰੇ ਕਰਨਾ ਹੈ। ਇਹ ਸਾਰੇ ਮਸਲੇ ਦੇ ਵਿਚੋਂ ਬਿਪਰਨ ਕੀ ਰੀਤ ਝਲਕਦੀ ਹੈ।

ਅਗਸਤ ਸਤੰਬਰ 2025 ਨੂੰ ਪੰਜਾਬ ਵਿਚ ਆਏ ਹੜ੍ਹਾਂ ਬਾਰੇ ਪਬਲਿਕ ਐਕਸ਼ਨ ਕਮੇਟੀ Pac ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ BBMB ਤੇ ਪੰਜਾਬ ਗੌਰਮਿੰਟ 'ਤੇ ਦੋਸ਼ ਲਾਇਆ ਹੈ ਕਿ ਇਨ੍ਹਾਂ ਦੀ ਅਣਗਹਿਲੀ ਤੇ ਇਨ੍ਹਾਂ ਦੀ ਲਾਪ੍ਰਵਾਹੀ ਤੇ ਪੰਜਾਬ ਨੂੰ ਨੁਕਸਾਨ ਪਹੁੰਚਾਣ ਲਈ ਯੋਜਨਾਬਧ ਤਰੀਕੇ ਨਾਲ ਆਪ ਮੌਸਮੀ ਹੜ੍ਹ ਨੂੰ ਵੱਡੇ ਪੈਮਾਨੇ 'ਤੇ ਤਬਾਹੀ

ਲਈ ਵਰਤਿਆ। ਇਹ ਬਿਆਨ ਲੁਧਿਆਣਾ ਵਿਖੇ 8 ਸਤੰਬਰ 2025 ਨੂੰ ਇਕ ਪ੍ਰੈਸ ਕਾਨਫਰੰਸ ਵਿਚ ਦਿੱਤਾ ਗਿਆ।

ਇੱਥੇ ਇਹ ਵੀ ਕਹਿਣਾ ਬਣਦਾ ਹੈ ਜਦੋਂ ਭਾਰਤ ਦਾ ਗ੍ਰਹਿ ਮੰਤਰੀ ਸਤੰਬਰ ਦੇ ਪਹਿਲੇ ਹਫਤੇ ਪੰਜਾਬ ਵਿਖੇ ਹੜ੍ਹਾਂ ਦਾ ਜਾਇਜ਼ਾ ਲੈਣ ਆਇਆ ਤਾਂ ਕੋਈ ਇਕ ਵੀ ਵਿਅਕਤੀ ਇਸ ਨੂੰ ਮਿਲਣ ਨਹੀਂ ਗਿਆ ਤੇ ਇਸ ਨੂੰ ਵੀਡੀਓ ਵਿਚ ਆਪਣੇ ਅੰਗ-ਰੱਖਿਅਕ ਤੇ ਹੋਰ ਲੋਕਾਂ ਨੂੰ ਆਖਦਾ ਹੈ ਕਿ ਚਾਰ-ਪੰਜ ਵਿਅਕਤੀ ਤਾਂ ਇਕੱਠੇ ਕਰਕੇ ਲਿਆਓ। ਪੰਜਾਬੀ ਸਭ ਜਾਣਦੇ ਤੇ ਸਮਝਦੇ ਹਨ ਤੇ ਇਹ ਸਾਰੇ ਮੰਤਰੀ ਆਪ ਵੀ ਜਾਣਦੇ ਹਨ ਕਿ ਕੌਣ ਕਸੂਰਵਾਰ ਹੈ। ਪੰਜਾਬ ਦੇ ਉੱਪਰ ਇਹ ਐਸਾ ਪਾਣੀ ਦਾ ਹਥਿਆਰ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ। ਕੇਂਦਰ ਦੀ ਪੰਜਾਬ ਦੀ ਤਰਫ ਤੰਗਦਿਲ ਸੋਚ ਸਾਰੇ ਭਾਰਤ ਦਾ ਬਹੁਤ ਨੁਕਸਾਨ ਕਰ ਰਹੀ ਹੈ। ਪਰ ਪੰਜਾਬੀ ਕਿਸਾਨਾਂ ਤੇ ਬਾਹਰਲੇ ਦੇਸ਼ਾਂ ਵਿਚ ਵਸੇ ਪੰਜਾਬੀ ਤੇ ਪੰਜਾਬ ਦੇ ਵਸਨੀਕ ਹੜ੍ਹ ਪੀੜਤਾਂ ਦੀ ਬਹੁਤ ਹੀ ਆਪਣੇ ਵਿਤ ਅਨੁਸਾਰ ਮਦਦ ਕਰ ਰਹੇ ਹਨ ਤੇ ਪੰਜਾਬੀਆਂ ਨੇ ਕਿਸੇ ਅੱਗੇ ਹੱਥ ਨਹੀਂ ਫੈਲਾਇਆ ਜੋ ਮਾਣ ਦੀ ਗੱਲ ਹੈ।

ਸਰਕਾਰਾਂ ਨੂੰ ਪਤਾ ਹੈ ਕਿ ਜਿਨ੍ਹਾਂ ਕੌਮਾਂ ਕੋਲ ਆਪਣੀ ਲਿੱਪੀ ਹੈ ਆਪਣੀ ਪੁਰਾਤਨ ਇਤਿਹਾਸਕ ਸਮੱਗਰੀ ਹੈ ਉਤਨੀ ਦੇਰ ਤੱਕ ਉਹ ਆਪਣੀ ਬੋਲੀ ਤੋਂ ਬਾਹਰਲੇ ਨਹੀਂ ਹੋ ਸਕਦੇ। ਉਨ੍ਹਾਂ ਨੂੰ ਬਾਹਰੇ ਕਰਨ ਲਈ ਪਹਿਲਾਂ ਜੋ ਇਤਿਹਾਸ ਦੀ ਸਮੱਗਰੀ ਹੈ ਉਹ ਖਤਮ ਹੋਵੇ। 1984 ਵਿਚ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾੜਿਆ ਜਾਣਾ, ਤਾਮਿਲ ਵਿਖੇ ਵੀ ਐਸਾ ਹੋਇਆ ਤੇ ਕੁਚ ਬਿਹਾਰ ਵਿਖੇ ਵੀ ਐਸਾ ਵਰਤਿਆ। ਇਹ ਤਿੰਨ ਘਟਨਾਵਾਂ ਦੇਖਣ ਨੂੰ ਵੱਖਰੀਆਂ-ਵੱਖਰੀਆਂ ਹਨ ਪਰ ਇਹ ਰਾਜ ਬੋਲੀ ਨਾਲ ਸੰਬੰਧਤ ਹਨ। ਸੰਵਿਧਾਨ ਦੇ ਵਿਚ ਵੀ ਉਹ ਗੱਲਾਂ ਦਰਜ ਹਨ ਜੋ ਦੂਜੀਆਂ ਬੋਲੀਆਂ ਨੂੰ ਥੱਲੇ ਲਾਉਂਦੀਆਂ ਹਨ ਤੇ ਉਨ੍ਹਾਂ ਦਾ ਹੱਕ ਖੋਹਦੀਆਂ ਨੇ। ਰਾਜ ਦੇ ਅਧੀਨ ਬਹੁਤ ਸਾਰੀਆਂ ਬੋਲੀਆਂ ਦਾ ਐਸਾ ਹੀ ਹਾਲ ਹੈ। ਬਹੁਤ ਸਾਰੀਆਂ ਬੋਲੀਆਂ ਖਤਮ ਕਰ ਦਿੱਤੀਆਂ ਗਈਆਂ। ਇਸ ਤਰ੍ਹਾਂ ਵੀ ਕਿਹਾ ਗਿਆ ਹੈ ਕਿ ਪਿਛਲੇ 30-35 ਸਾਲਾਂ ਵਿਚ ਇੱਥੇ ਭਾਰਤ ਵਿਚ 114 ਬੋਲੀਆਂ ਮਰ ਚੁੱਕੀਆਂ ਹਨ। ਜਦੋਂ ਕੋਈ ਸਾਡਾ ਆਪਣਾ ਮਰਦਾ ਤਾਂ ਸਾਨੂੰ ਦੁੱਖ ਲੱਗਦਾ,ਪਰ ਦੂਜਿਆਂ ਦੀ ਮੌਤ ਇਕ ਗਿਣਤੀ ਹੀ ਹੁੰਦੀ ਹੈ।

ਸਾਡੀ ਜਿਹੜੀ ਸੰਵੇਦਨਾ ਸਮਝ ਹੈ ਜਿਤਨੀ ਉਹ ਬੋਲੀ ਬਾਰੇ ਬਣ ਸਕਦੀ ਹੈ, ਜਿਤਨੀ ਜ਼ਿਆਦਾ ਵਧੀਆ ਬਣੇਗੀ ਅਸੀਂ ਆਪਣੀ ਬੋਲੀ ਦਾ ਅਹਿਸਾਸ ਹੈ ਉਤਨਾ ਹੀ ਜ਼ਿਆਦਾ ਠੀਕ ਲੈ ਸਕਦੇ ਹਾਂ। ਜੇ ਸਾਨੂੰ ਲੱਗਦਾ ਕੋਈ ਖਤਰਾ ਹੈ, ਵਿਰੋਧ ਹੈ ਉਸ ਨੂੰ ਵੀ ਅਸੀਂ ਉਤਨਾ ਹੀ ਠੀਕ ਸਮਝ ਸਕਦੇ ਹਾਂ। ਜੇ ਅਸੀਂ ਕਿਸੇ ਦਾ ਵਿਰੋਧ ਕਰਨਾ ਚਾਹੁੰਦੇ ਹਾਂ ਜਿਤਨੀ ਸਾਨੂੰ ਸਮਝ ਜ਼ਿਆਦਾ ਆਵੇਗੀ ਉਤਨਾ ਹੀ ਠੀਕ ਹੋਵੇਗਾ। ਜੇ ਅਸੀਂ ਅੰਧੇਰੇ ਵਿਚ ਹਾਂ/ਅੰਧੇਰੇ ਕਮਰੇ ਵਿਚ ਤਾਂ ਅਸੀਂ ਕਿਸੇ ਦੇ ਵਿਰੁੱਧ ਹਾਂ ਸਾਨੂੰ ਪਤਾ ਹੀ ਨਹੀਂ ਚਲਦਾ ਕਿ

ਉਹ ਖਤਰਾ ਸੱਪ ਹੈ ਕਿ ਹਾਥੀ ਹੈ? ਕੁਝ ਕੁ ਸਿਆਣੇ ਲੇਖਕਾਂ ਨੇ ਪਿੱਛੇ ਜਿਹੇ ਲਿਖਿਆ ਹੈ ਕਿ ਜਿਤਨੀਆਂ ਵੀ ਜਨਤਕ ਲਹਿਰਾਂ ਦੀ ਹਾਰ ਹੋਈ ਹੈ ਉਸ ਦਾ ਵੱਡਾ ਕਾਰਨ ਇਹ ਹੋਇਆ ਕਿ ਜਿਹੜਾ ਸਾਮਰਾਜਵਾਦ ਹੈ ਉਹਨੇ ਬੋਲੀ ਦੇ ਹਥਿਆਰ ਨੂੰ ਅਹਿਮੀਅਤ ਦਿੱਤੀ, ਉਸ ਦੀ ਪੱਧਰ 'ਤੇ ਉਹ ਜੰਗ ਜਿੱਤ ਗਏ। ਜਿਹੜੇ ਬੰਦੇ ਦੂਜੇ ਪਾਸੇ ਸੀ ਉਨ੍ਹਾਂ ਨੇ ਬੋਲੀ ਦੀ ਅਹਿਮੀਅਤ ਨਹੀਂ ਸਮਝੀ ਉਹ ਇਸ ਜੰਗ ਨੂੰ ਹਾਰ ਗਏ।

ਅਗਲੀ ਜੰਗ ਜੋ ਦੁਨੀਆਂ ਪੱਧਰ ਵਿਚ ਉਸ ਵਿਚ ਬੋਲੀ ਨੇ ਇਕ ਵੱਡਾ ਹਥਿਆਰ ਬਣਨਾ ਹੈ। ਉਹ ਹਥਿਆਰ ਕੌਣ ਕਿਤਨਾ ਵਰਤ ਸਕਦਾ ਹੈ ਜਿਤਨੀ ਉਸ ਨੂੰ ਜਾਣਕਾਰੀ ਹੈ। ਜਿਹੜਾ ਆਪਣੀ ਵਿਰਾਸਤ ਵਾਲਾ ਮਾਮਲਾ ਹੈ, ਇਕ ਤਾਂ ਭਾਵਕਤਾ ਹੁੰਦੀ ਹੈ ਬੰਦੇ ਦੀ ਆਪਣੀ ਹਰੇਕ ਚੀਜ਼ ਲਈ, ਪਰ ਜਦੋਂ ਅਸੀਂ ਆਪਣੀ ਗੱਲ ਨੂੰ ਆਪਣੇ ਆਪ ਤੋਂ ਅੱਗੇ ਰੱਖਣਾ ਹੋਰਾਂ ਅੱਗੇ ਤਾਂ ਇਕੱਲੀ ਭਾਵਕਤਾ ਕੰਮ ਨਹੀਂ ਦਿੰਦੀ, ਸਾਨੂੰ ਇਸ ਚੀਜ਼ ਦੀ ਸਮਝ ਕਿਤਨੀ ਆਂ, ਸਾਨੂੰ ਆਪਣੇ ਆਲੇ ਦੁਆਲੇ ਦੀ ਸਮਝ ਕਿੰਨੀ ਆਂ, ਅਸੀਂ ਜਿਸ ਨਾਲ ਟਕਰਾ ਕੇ ਆਪਣੀ ਗੱਲ ਕਹਿਣੀ ਚਾਹੁੰਦੇ ਹਾਂ, ਅਸੀਂ ਉਸ ਨੂੰ ਕਿੰਨਾ ਜਾਣਦੇ ਹਾਂ, ਕਿੰਨਾ ਸਮਝਦੇ ਹਾਂ, ਸਾਨੂੰ ਉਸ ਦਾ ਪਤਾ ਹੋਣਾ ਚਾਹੀਦਾ ਹੈ।

ਯੂ.ਐਨ.ਓ. ਦਾ ਚਾਰਟਰ (ਸੰਵਿਧਾਨ) ਵਿਚ ਲਿਖਿਆ ਹੈ ਕਿ ਬੋਲੀਆਂ ਨੂੰ ਬਚਾਉਣਾ ਕਿਉਂ ਜ਼ਰੂਰੀ ਹੈ - ਉਹ ਆਖਦੇ ਹਨ ਕਿ — ਇਕ ਬੋਲੀ ਇਸ ਜਹਾਨ ਨੂੰ ਦੇਖਣ ਦਾ ਇਕ ਨਜ਼ਰੀਆ ਹੈ ਤੇ ਉਸ ਬੋਲੀ ਦਾ ਮਰ ਜਾਣਾ, ਸੰਸਾਰ ਨੂੰ ਜਾਨਣ ਦੇ ਇਕ ਨਜ਼ਰੀਏ ਦਾ ਮਰਨਾ ਹੈ। ਇਸ ਨਜ਼ਰੀਏ ਨੂੰ ਹਜ਼ਾਰਾਂ ਲੱਖਾਂ ਵਿਅਕਤੀਆਂ ਨੇ ਬਹੁਤ ਸਮਾਂ ਲਗਾ ਕੇ ਬਣਾਇਆ ਹੰਢਾਇਆ ਤੇ ਜੀਵਿਆ ਹੈ।

ਵਿਅਕਤੀਆਂ ਨੇ ਦੋ ਵਸਤੂਆਂ ਸਾਜੀਆਂ ਹਨ ਸ਼ਬਦ ਤੇ ਹਥਿਆਰ, ਜਿੰਨਾ ਨਾਲ ਚੰਗਾ ਮੰਦਾ ਬੱਝਾ ਹੋਇਆ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕਿਸ ਬੋਲੀ ਦਾ ਖਿਆਲ ਦੁਨੀਆਂ ਨੂੰ ਨਵੇਂ ਨਕਸ਼ੇ ਦਿੰਦਾ ਹੈ? ਸ਼ਬਦ ਦੀ ਮਹੱਤਤਾ ਬੋਲੀ ਵਜੋਂ ਇਹ ਆਪਣੀ ਬੋਲੀ ਕਿਸ ਰੂਪ ਵਿਚ ਅਸੀਂ ਤਹਿ ਕਰਦੇ ਹਾਂ? ਮਸਲਾ ਵਪਾਰ ਜਾਂ ਰੁਜ਼ਗਾਰ ਦਾ ਨਹੀਂ,ਸਗੋਂ ਇਹ ਹੈ ਕਿ ਕੀ ਅਸੀਂ ਆਪਣੀ ਬੋਲੀ ਵਿਚ ਗਿਆਨ ਪੈਦਾ ਕਰ ਸਕਦੇ ਹਾਂ?

ਪੰਜਾਬ ਦੇ ਮਸ਼ਹੂਰ ਗਵੱਈਏ ਗੀਤਾਂ ਵਿਚ ਗਾਲ੍ਹਾਂ ਆਮ ਵਰਤਦੇ ਹਨ। ਗਾਲ੍ਹਾਂ ਸਹਿਜ ਨੂੰ ਖਰਾਬ ਕਰਦੀਆਂ ਹਨ। ਜਿਸ ਖਿੱਤੇ ਦੇ ਲੋਕਾਂ ਦਾ ਮਾਨਸਿਕ ਜਗਤ ਗੰਧਲਾ ਗਿਆ ਉਹ ਆਪਣਾ ਵਾਤਾਵਰਨ ਪਵਿੱਤਰ ਨਹੀਂ ਕਰ ਸਕੇ। ਸ਼ਬਦ ਗੁਰੂ ਨੂੰ ਪੜ੍ਹਾਉਣ ਵੇਲੇ ਹੀ ਵੱਖ ਕਰ ਦਿੱਤਾ ਗਿਆ ਕਿ ਇਹ ਧਾਰਮਿਕ ਹੈ। ਬੋਲੀ ਬਦਲਣ ਨਾਲ ਮਨੁੱਖ ਦਾ ਕਿਰਦਾਰ ਬਦਲ ਜਾਂਦਾ ਹੈ।

ਬੋਲੀ ਦੇ ਹਰ ਅੱਖਰ, ਸ਼ਬਦ, ਅਖਾਉਤ ਮੁਹਾਵਰੇ, ਵਾਕ, ਬਾਤ ਦਾ ਆਪਣਾ ਇਕ ਵੱਖਰਾ ਸੰਸਾਰ ਹੁੰਦਾ ਹੈ। ਇਹਦਾ ਇਤਿਹਾਸ, ਮਿਥਿਹਾਸ ਤੇ ਸਮਾਜ ਵੀ ਖੁਦ ਮੁਖਤਾਰ

ਨਿਵੇਕਲਾ ਤੇ ਅੱਡਰੀ ਪਛਾਣ ਵਾਲਾ ਹੁੰਦਾ ਹੈ। ਸਾਡੀ ਆਪਣੀ ਬੋਲੀ ਦੇ ਅਣਗਿਣਤ ਅਜਿਹੇ ਸ਼ਬਦ ਨੇ ਜਿਨ੍ਹਾਂ ਦਾ ਸਹੀ ਉਲੱਥਾ ਕਿਸੇ ਵੀ ਹੋਰ ਜ਼ੁਬਾਨ ਵਿਚ ਹੋ ਹੀ ਨਹੀਂ ਸਕਦਾ। ਇਸੇ ਕਰਕੇ ਮੁਸਲਮਾਨ ਆਪਣੇ ਬੱਚਿਆਂ ਨੂੰ ਅਰਬੀ ਜ਼ਰੂਰ ਸਿਖਾਉਂਦੇ ਹਨ ਭਾਵੇਂ ਉਹ ਦੁਨੀਆਂ ਵਿਚ ਕਿਸੇ ਵੀ ਮੁਲਕ ਵਿਚ ਰਹਿੰਦੇ ਹੋਣ, ਕਿਉਂਕਿ ਕੁਰਾਨ ਸ਼ਰੀਫ ਅਰਬੀ ਵਿਚ ਹੈ। ਕੁਰਾਨ ਸ਼ਰੀਫ ਨੂੰ ਅਰਬੀ ਵਿਚ ਪੜ੍ਹਨ ਜੋਗੀ ਅਰਬੀ ਭਾਸ਼ਾ ਉਹ ਬੱਚਿਆਂ ਨੂੰ ਜ਼ਰੂਰ ਸਿਖਾਉਂਦੇ ਹਨ। ਬੱਚਿਆਂ ਨੂੰ ਮੁਸਲਮਾਨ ਲੋਗ ਆਮ ਸਕੂਲ ਤੋਂ ਉਪ੍ਰੰਤ ਅਰਬੀ ਸਿੱਖਣ ਲਈ ਮੌਲਵੀ ਕੋਲ ਜਾਂ ਮਦਰਸੇ ਜ਼ਰੂਰ ਭੇਜਦੇ ਹਨ। ਸਾਨੂੰ ਵੀ ਉਨ੍ਹਾਂ ਦੀ ਇਸ ਖ਼ੂਬੀ, ਵਿਸ਼ੇਸ਼ਤਾ ਦੀ ਅਮਲੀ ਰੂਪ ਵਿਚ ਨਕਲ ਕਰਨੀ ਬਣਦੀ ਹੈ, ਤਾਂ ਕਿ ਸਾਡੇ ਬੱਚੇ ਵੀ ਗੁਰਮੁਖੀ ਪੰਜਾਬੀ ਪੜ੍ਹ ਸਕਣ। ਇਹੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਨ ਦਾ ਖਾਸ ਵਸੀਲਾ ਹੈ ਤੇ ਇਹ ਬਹੁਤ ਜ਼ਰੂਰੀ ਹੈ।

ਹਰ ਭਾਸ਼ਾ ਦੀ ਆਪਣੀ ਸੰਸਕ੍ਰਿਤੀ ਹੁੰਦੀ ਹੈ। ਪੰਜਾਬੀ ਭਾਸ਼ਾ ਦਾ ਵੀ ਆਪਣਾ ਸੱਭਿਆਚਾਰ ਹੈ। ਇਸ ਦਾ ਆਪਣਾ ਵਿਰਸਾ ਹੈ। ਜਦ ਤੱਕ ਹਰ ਪੰਜਾਬੀ ਦੇ ਮਨ ਅੰਦਰ ਆਪਣੇ ਇਸ ਅਮੁਲ ਵਿਰਸੇ ਪ੍ਰਤੀ ਮਾਣ ਦੀ ਭਾਵਨਾ ਉਜਾਗਰ ਨਹੀਂ ਹੁੰਦੀ, ਇਸ ਦਾ ਵਿਕਾਸ ਠੀਕ ਲੀਹਾਂ 'ਤੇ ਸੰਭਵ ਨਹੀਂ ਹੋਵੇਗਾ ਅਤੇ ਇਕ ਵਿਕਸਤ ਭਾਸ਼ਾ ਹੀ ਸਿੱਖਿਆ ਦੇ ਮਾਧਿਅਮ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕੇਗੀ। ਮਾਂ-ਬੋਲੀ ਦੀ ਇਨਸਾਨ ਲਈ ਬਹੁਤ ਮਹੱਤਤਾ ਹੈ। ਜਿਸ ਤਰ੍ਹਾਂ ਮਾਂ ਤੋਂ ਬਿਨਾਂ ਬੱਚਾ ਨਹੀਂ ਹੋ ਸਕਦਾ, ਇਸੇ ਤਰ੍ਹਾਂ ਮਾਂ ਬੋਲੀ ਤੋਂ ਬਿਨਾਂ ਪੂਰਨ ਮਨੁੱਖ ਨਹੀਂ ਬਣ ਸਕਦਾ। ਮਨੋਵਿਗਿਆਨੀਆਂ ਦਾ ਵੀ ਵਿਚਾਰ ਹੈ ਜਿੰਨਾ ਮਨੁੱਖ ਆਪਣੀ ਮਾਂ-ਬੋਲੀ ਵਿਚ ਸਿੱਖਦਾ ਹੈ, ਓਨਾ ਹੋਰ ਕਿਸੇ ਭਾਸ਼ਾ ਵਿਚ ਨਹੀਂ ਸਿੱਖ ਸਕਦਾ।

ਕੁਝ ਸਾਡੇ ਘਰਾਂ ਤੇ ਸਮਾਜ ਦੇ ਸਿੱਖਿਆ ਦੇ ਤਰੀਕੇ ਵਿਦਿਆਰਥੀਆਂ ਲਈ ਕਿਸ ਤਰ੍ਹਾਂ ਦੇ ਹਨ ਤੇ ਸਮੇਂ ਅਨੁਸਾਰ ਕੀ ਤਬਦੀਲੀਆਂ ਆਈਆਂ ਹਨ? ਅਸੀਂ ਆਪਣੀਆਂ ਆਈਆਂ ਮੁਸ਼ਕਲਾਂ ਨੂੰ ਕਿਸ ਤਰੀਕੇ ਨਾਲ ਹੱਲ ਕਰਦੇ ਹਾਂ ਤੇ ਕੀ ਅਸੀਂ ਇਨ੍ਹਾਂ ਮੁਸ਼ਕਲਾਂ ਪ੍ਰਤੀ ਕੁਝ ਅਵੇਸਲੇ ਹੋ ਗਏ ਹਾਂ? ਕੀ ਅਸੀਂ ਜ਼ਿੰਮੇਵਾਰੀਆਂ ਸਹੀ ਤਰੀਕੇ ਨਾਲ ਨਿਭਾ ਰਹੇ ਹਾਂ? ਕਿਸ ਤਰੀਕੇ ਨਾਲ ਅਸੀਂ ਇਹ ਬਦਲ ਸਕਦੇ ਹਾਂ? ਕੁਝ ਸਵਾਲ ਵਿਚਾਰਨ ਦੀ ਕੋਸ਼ਿਸ਼ ਕਰਦੇ ਹਾਂ :

ਇਤਿਹਾਸ ਨੂੰ ਸੁਣਾਉਣ ਦੇ ਮਸਲੇ ਵਿਚ, ਆਪਣੇ ਧੀਆਂ ਪੁੱਤਾਂ ਨੂੰ ਸਿਖਾਉਣ ਦੇ ਮਸਲੇ ਵਿਚ ਜਿਹੜੇ ਅਸੂਲ ਸਾਡੇ ਸਾਹਮਣੇ ਚਲਦੇ ਪਏ ਨੇ,ਕੁਝ ਕੁ ਮਿਸਾਲਾਂ ਸਾਹਮਣੇ ਆਈਆਂ ਹਨ। ਲਗਭਗ ਗੁਰਦੁਆਰਿਆਂ ਵਿਚ ਜਿੱਥੇ-ਜਿੱਥੇ ਵੀ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਸੀ ਉਥੇ ਸੰਥਿਆ ਦਾ, ਸੇਵਾ ਦਾ, ਗਤਕੇ ਦਾ ਤੇ ਹੋਰ ਸਿਖਲਾਈ ਦਾ ਅਮਲ ਚਲਦਾ ਸੀ। ਹੁਣ ਜਿੱਥੇ-ਜਿੱਥੇ ਵੀ ਇਹ ਅਮਲ ਨਹੀਂ ਹੈ ਉਥੇ ਇਸ ਪ੍ਰੰਪਰਾ ਦੀ ਪਾਲਣਾ ਵਿਚ ਫਰਕ

ਪਈ ਜਾਂਦਾ ਹੈ। ਮਿਸਾਲ ਵਜੋਂ ਜੋ ਗੁਰੂ ਘਰਾਂ ਵਿਚ ਸੇਵਾ ਹੈ ਉਹ ਕਰਨ ਵਾਲੇ ਵਿਅਕਤੀ ਘੱਟਦੇ ਜਾ ਰਹੇ ਹਨ। ਸਮਾਗਮਾਂ ਵੇਲੇ ਵੀ ਬਹੁਤੀ ਸੰਗਤ ਦੀ ਆਮਦ ਭੋਗ ਵੇਲੇ ਹੁੰਦੀ ਹੈ। ਜਦੋਂ ਬਹੁਗਿਣਤੀ ਇਸ ਤਰੀਕੇ ਨਾਲ ਵਿਚਰਣ ਲੱਗ ਪਵੇ ਤਾਂ ਸਾਨੂੰ ਇਸ ਬਦਲ ਗਏ ਤਰੀਕੇ ਨੂੰ ਸਮਝਣ ਦੀ ਲੋੜ ਹੈ।

ਜੇ ਅਸੀਂ ਆਪਣੇ ਇਤਿਹਾਸ ਬਾਰੇ ਗੱਲ ਕਰ ਲਈਏ ਜਾਂ ਆਪਣੇ ਧੀਆਂ ਪੁੱਤਾਂ ਬਾਰੇ ਗੱਲ ਕਰ ਲਈਏ ਜਾਂ ਆਪਣੇ ਆਪ ਬਾਰੇ ਗੱਲ ਕਰੀਏ ਤਾਂ ਸਾਰੇ ਰੂਪਾਂ ਵਿਚ ਸਮਝਣ ਵਾਲੀ ਇਤਨੀ ਕੁ ਹੈ ਕਿ ਕਿਸ ਅਸੂਲ ਨੂੰ ਮੁੱਖ ਰੱਖ ਕੇ ਅਸੀਂ ਜ਼ਿੰਦਗੀ ਚਲਾ ਰਹੇ ਹਾਂ। ਕੀ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਟਾਲ ਕੇ, ਹੋਰਨਾਂ ਦੇ ਮੱਥੇ ਤਾਂ ਨਹੀਂ ਮੜ੍ਹ ਰਹੇ। ਇਕ ਕਹਾਵਤ ਯਾਦ ਆ ਗਈ ਇਸ ਬਾਰੇ :

ਤੂੰ ਆਪਣੀ ਵਿਚਾਰ ਤੈਨੂੰ ਹੋਰ ਨਾਲ ਕੀ।
ਤੂੰ ਗੱਠੜੀ ਸੰਭਾਲ ਤੈਨੂੰ ਚੋਰ ਨਾਲ ਕੀ।

ਅਸੀਂ ਇਸ ਗੱਲ ਵਿਚ ਦਿਲਚਸਪੀ ਲਈਏ ਤੇ ਜ਼ਿੰਮੇਵਾਰੀ ਸਮਝੀਏ ਕਿ ਜੋ ਬੱਚਿਆਂ ਨੂੰ ਸਾਂਭਣ ਵਾਲੇ, ਪੜ੍ਹਾਉਣ ਵਾਲੇ ਸੇਵਾ ਵਜੋਂ ਜਾਂ ਸਕੂਲ ਵਿਚ ਉਹ ਜੋ ਬੱਚਿਆਂ ਨੂੰ ਸਿਖਲਾਈ ਦਿੰਦੇ ਹਨ ਕੀ ਉਸ ਦੌਰਾਨ ਜੋ ਸ਼ਬਦ ਬੱਚਿਆਂ ਦੀ ਕੰਨੀਂ ਪੈਂਦੇ ਹਨ ਤਾਂ ਕੀ ਉਨ੍ਹਾਂ ਸ਼ਬਦਾਂ ਦਾ ਸੰਬੰਧ ਸਾਡੇ ਇਤਿਹਾਸ ਤੇ ਗੁਰਬਾਣੀ ਨਾਲ ਹੈ ਤਾਂ ਫਿਰ ਇਹ ਸਾਡੀ ਸੇਵਾ ਜ਼ਿੰਮੇਵਾਰੀ ਸਫਲ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਬੱਚੇ ਸ਼ਬਦਾਂ ਦਾ ਨਾਲ ਜੁੜਨ ਤਾਂ ਅਸੀਂ ਵੀ ਉਨ੍ਹਾਂ ਸ਼ਬਦਾਂ ਨੂੰ ਮੰਨੀਏ ਤੇ ਬੋਲੀਏ।

ਤੁਹਾਡੇ ਬੱਚਿਆਂ ਨੂੰ ਇਤਿਹਾਸ ਕਿਥੋਂ ਪਤਾ ਲਗਦਾ ਹੈ, ਇਸ ਦਾ ਬਹੁਤ ਫਰਕ ਪੈਂਦਾ ਹੈ, ਜਿਹੜੀਆਂ ਗੱਲਾਂ ਤੁਸੀਂ ਗੁਰੂ ਘਰ ਬੈਠ ਕੇ ਸਿੱਖੀਆਂ ਹਨ। ਉਹ ਰੂੜੀਆਂ 'ਤੇ ਬੈਠ ਕੇ ਨਹੀਂ ਸਿੱਖ ਸਕਦੇ। ਮੋਬਾਇਲ ਫੋਨ ਨਾ ਸਾਡਾ ਘਰ ਹੈ, ਨਾ ਗੁਰੂ ਘਰ ਹੈ ਤੇ ਨਾ ਹੀ ਇਤਿਹਾਸ ਦਾ ਘਰ ਹੈ। ਜੇ ਬੱਚਿਆਂ ਨੇ ਮੋਬਾਇਲ (ਬਜ਼ਾਰ) ਦੇ ਵਿਚੋਂ ਇਤਿਹਾਸ ਸਿੱਖਿਆ ਤਾਂ ਉਹ ਬਜ਼ਾਰ ਦੇ ਗ੍ਰਾਹਕ ਬਣਨਗੇ, ਇਤਿਹਾਸ ਦੇ ਜਾਣਕਾਰ ਨਹੀਂ ਬਣਨਗੇ। ਸਾਨੂੰ ਲਗਦਾ ਹੈ ਕਿ ਬੱਚਿਆਂ ਨੂੰ ਇਤਿਹਾਸ ਸੌਖਾ ਪਤਾ ਲਗ ਜਾਊ, ਜਦੋਂ ਇਤਿਹਾਸ ਇਤਨਾ ਖ਼ੂਨ, ਪਸੀਨਾ ਤੇ ਹੰਝੂ ਡੁੱਲ ਕੇ ਬਣਿਆ ਤਾਂ ਸਿਖਾ ਐਵੇਂ ਹੀ ਦਿਓਗੇ। ਸਿਖਾਉਣ ਤੇ ਵੀ ਉਤਨੀ ਹੀ ਮਿਹਨਤ ਲੱਗੇਗੀ।

ਬੱਚੇ ਇਤਿਹਾਸ ਨਾਲ ਉਸ ਸਮੇਂ ਜੁੜਨਗੇ, ਜਦੋਂ ਸਾਡੀ ਭਾਵਨਾ ਜੁੜੀ। ਸਾਡੇ ਬੱਚਿਆਂ ਨੂੰ ਕੋਈ ਰਾਗੀ, ਢਾਡੀ, ਪ੍ਰਚਾਰਕ ਤੇ ਗੁਰਦੁਆਰੇ ਦਾ ਗ੍ਰੰਥੀ ਸਿੰਘ ਇਤਿਹਾਸ ਸੁਣਾ ਸਕਦਾ ਹੈ ਪੰਥ ਦੀ ਪ੍ਰਵਾਨਗੀ ਹੈ। ਜਿਹੜਾ ਇੱਥੇ ਖੜ੍ਹਨ ਦਾ ਬੋਲਣ ਦਾ ਹੱਕਦਾਰ ਨਹੀਂ ਹੈ ਉਹ ਸਾਡੇ ਇਤਿਹਾਸ ਨੂੰ ਸੁਣਾਉਣ ਦਾ ਹੱਕਦਾਰ ਕਿਵੇਂ ਹੈ? ਜਿਨ੍ਹਾਂ ਨੇ ਇਤਿਹਾਸ ਸਿਰਜਿਆ ਹੈ ਉਨ੍ਹਾਂ ਨੇ ਆਪ ਸੀਸ ਤਲੀ ਉੱਪਰ ਰੱਖ ਕੇ ਬਣਾਇਆ, ਕਿਉਂਕਿ ਸਤਿਗੁਰੂ

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕਸਵੱਟੀ ਰੱਖ ਦਿੱਤੀ ਸੀ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ ੧੪੧੨)

ਇੱਥੇ ਇਹ ਵੀ ਕਹਿਣਾ ਬਣਦਾ ਹੈ ਕਿ ਇਸਲਾਮ ਧਰਮ ਵਾਲੇ ਮੁਸਲਮਾਨ ਤੋਂ ਇਲਾਵਾ ਆਪਣੇ ਬੱਚਿਆਂ ਨੂੰ ਹੋਰ ਕਿਸੇ ਵਿਅਕਤੀ ਤੋਂ ਧਾਰਮਿਕ ਸਿੱਖਿਆ ਲੈਣ ਲਈ ਸਹਿਮਤ ਨਹੀਂ ਹੁੰਦੇ। ਅਸੀਂ ਆਪਣੇ ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿਚ ਦਾਖਲ ਕਰਵਾਇਆ ਹੋਇਆ ਹੈ ਜਿਨ੍ਹਾਂ ਦਾ ਹੈੱਡ ਮਾਸਟਰ ਵੀ ਪੰਜਾਬੀ ਭਾਸ਼ਾ ਨਹੀਂ ਜਾਣਦਾ ਤੇ ਪੰਜਾਬੀ ਬੋਲਣ ਤੇ ਵੀ ਬੱਚਿਆਂ ਨੂੰ ਸਜ਼ਾਵਾਂ ਤੇ ਜ਼ੁਰਮਾਨੇ ਕੀਤੇ ਜਾਂਦੇ ਹਨ। ਕੁਝ ਪੰਜਾਬੀ ਦੇ ਹਮਦਰਦ ਤੇ ਸਰਗਰਮ ਸੱਜਣ ਸਾਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜਿਹੜੇ ਇਤਿਹਾਸਕ ਤੇ ਧਰਮ ਨਾਲ ਜੁੜੀਆਂ ਹੋਈਆਂ ਫਿਲਮਾਂ ਬਣਾਉਂਦੇ ਹਨ ਉਨ੍ਹਾਂ ਦਾ ਪਹਿਲਾ ਕੰਮ ਹੁੰਦਾ ਹੈ ਸਵਾਦ ਪੈਦਾ ਕਰਨਾ ਤਾਂ ਕਿ ਖ਼ੁਸ਼ ਹੋ ਕੇ ਲੋਗ ਪੈਸੇ ਦੇਣ। ਜਿਨ੍ਹਾਂ ਨੇ ਇਤਿਹਾਸ ਨੂੰ ਅੱਖਾਂ ਦਾ ਸਵਾਦ ਬਣਾ ਦਿੱਤਾ,ਫਿਰ ਇਤਿਹਾਸ ਦਾ ਸਤਿਕਾਰ ਨਹੀਂ ਰਹਿੰਦਾ। ਜਿਸ ਦਾ ਸਾਡੇ ਮਨ ਵਿਚ ਸਤਿਕਾਰ ਹੈ ਉਸ ਨੂੰ ਅਸੀਂ ਸਵਾਦ ਦੀ ਖੇਡ ਨਹੀਂ ਬਣ ਸਕਦੇ, ਇਤਿਹਾਸ ਮਨੋਰੰਜਨ ਨਹੀਂ ਹੁੰਦਾ। ਮਨੋਰੰਜਨ ਚੁਗਲੀ, ਠੱਠਾ ਹੁੰਦਾ ਹੈ, ਸੱਚ ਦਾ ਰਾਹ ਦਿਖਾਉਣ ਲਈ ਤਰੀਕਾ ਵੀ ਸੱਚ ਦਾ ਹੀ ਹੋਣਾ ਚਾਹੀਦਾ ਹੈ।

ਅਸੀਂ ਸਭ ਇਹ ਜਾਣਦੇ ਤੇ ਮੰਨਦੇ ਹਾਂ ਕਿ ਦੁਨਿਆਵੀ ਜਾਇਦਾਦ ਸਾਰੀ ਇੱਥੇ ਹੀ ਰਹਿ ਜਾਵੇਗੀ, ਪਰ ਜਿਹੜੀ ਪ੍ਰੰਪਰਾ ਹੈ, ਇਤਿਹਾਸ ਹੈ ਉਹ ਅਸੀਂ ਬੱਚਿਆਂ ਨੂੰ ਦੇ ਕੇ ਜਾ ਸਕਦੇ ਹਾਂ ਜੇ ਸਾਡੇ ਆਪਣੇ ਪੱਲੇ ਹੈ। ਪਰ ਗੁਰੂ ਘਰ ਦੀ ਪ੍ਰੰਪਰਾ ਦਾ ਵਾਧਾ ਇਸ ਤਰ੍ਹਾਂ ਹੈ ਕਿ ਜੇ ਸਾਡੇ ਕੋਲ ਇਹ ਗਿਆਨ ਨਹੀਂ ਹੈ ਤਾਂ ਗੁਰੂ ਘਰ ਵਿਖੇ ਲਿਆ ਕੇ ਸੰਗਤ ਦੇ ਵਿਚੋਂ ਐਸੀ ਪ੍ਰਾਪਤੀ ਹੋ ਸਕਦੀ ਹੈ ਸਿਰਫ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ। ਜਿਵੇਂ ਬੱਚਿਆਂ ਦੀ ਰੋਟੀ ਪਾਣੀ ਦੀ ਲੋੜ ਪੂਰੀ ਕਰਦੇ ਹਾਂ ਇਸੇ ਤਰ੍ਹਾਂ ਹੀ ਇਹ ਵੀ ਜ਼ਰੂਰੀ ਹੈ,ਬਹੁਤ ਜ਼ਰੂਰੀ ਹੈ ਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਗੁਰਦੁਆਰੇ ਲੈ ਕੇ ਜਾਣ ਦੀ ਆਦਤ ਪੱਕੀ ਪਾਈ ਜਾਵੇ ਤੇ ਗੁਰੂ ਸਾਹਿਬ ਜੀ ਦੇ ਸ਼ਬਦਾਂ ਨਾਲ ਜੋੜ ਕੇ ਬੱਚਿਆਂ ਵਿਚ ਭਰੋਸਾ ਪ੍ਰਪੱਕ ਕੀਤਾ ਜਾਵੇ ਕਿ :

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥

ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥ (ਅੰਗ ੨੦੧)

ਸਤਿਗੁਰੂ ਜੀ ਦੀ ਸ਼ਰਨ ਵਿਚ ਜਾਣ ਨਾਲ ਇਮਾਨਦਾਰੀ ਨਾਲ ਕੀਤੇ ਸਾਰੇ ਕਾਰਜ ਸੰਪੂਰਨ ਹੋਵਣਗੇ। ਅਸੀਂ ਜ਼ਿੰਮੇਵਾਰੀ ਆਪ ਬਣੀਏ ਤੇ ਸਾਡੇ ਸੰਪਰਕ ਵਿਚ ਆਉਣ ਵਾਲੇ ਜਾਂ ਜਿਨ੍ਹਾਂ ਨਾਲ ਸਾਡੀ ਸਾਂਝ ਪੈਂਦੀ ਹੈ ਉਥੇ ਵੀ ਉਹ ਹੀ ਸ਼ਬਦ ਵਰਤੇ ਜਾਣ ਜੋ ਸਾਡੇ ਵਿਰਸੇ ਨਾਲ ਜੁੜੇ ਹੋਏ ਹਨ। ਇਹ ਸ਼ਬਦਾਂ ਦਾ ਖ਼ਜ਼ਾਨਾ ਜੇ ਅਸੀਂ ਆਪ ਨਹੀਂ ਵਧਾਵਾਂਗੇ ਤਾਂ ਹੋਰ ਕੌਣ ਵਧਾਏਗਾ।

ਗੱਲ ਥੋੜ੍ਹੀ ਕਉੜੀ ਲੱਗੇਗੀ, ਇਕ ਗੈਰ ਸਿੱਖ ਵਿਦਵਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੁਝ ਅਧਿਐਨ ਕੀਤਾ ਤੇ ਆਖਿਆ ਕਿ ਸਿੱਖਾਂ ਕੋਲ ਬਹੁਤ ਵੱਡਾ ਖ਼ਜ਼ਾਨਾ ਹੈ ਪਰ ਇਹ ਸੱਪ ਦੀ ਤਰ੍ਹਾਂ ਖ਼ਜ਼ਾਨੇ ਦੀ ਰਾਖੀ ਕਰ ਰਹੇ ਹਨ (ਪੁਰਾਤਨ ਖ਼ਜ਼ਾਨੇ ਜਿੱਥੇ ਲੱਭੇ ਗਏ ਹਨ ਉਥੇ ਨੇੜੇ ਹੀ ਸੱਪ ਵੀ ਪਾਏ ਗਏ ਹਨ) ਨਾ ਤਾਂ ਇਹ ਆਪ ਵਰਤਦੇ ਹਨ ਤੇ ਨਾ ਹੀ ਹੋਰਨਾਂ ਨੂੰ ਇਸ ਖ਼ਜ਼ਾਨੇ ਬਾਰੇ ਦੱਸਦੇ ਹਨ। ਇਕ ਵਾਰੀ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਵੀ ਆਖਿਆ ਸੀ ਕਿ ਸਿੱਖਾਂ ਨੂੰ ਪ੍ਰਚਾਰ ਕਰਨਾ ਹੀ ਨਹੀਂ ਆਇਆ ਤੇ ਜੇ ਕਿਤੇ ਸਹੀ ਤਰੀਕੇ ਨਾਲ ਪ੍ਰਚਾਰ ਕੀਤਾ ਜਾਂਦਾ ਤਾਂ ਸਿੱਖਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਨਾ ਕਰਨੇ ਪੈਂਦੇ।

ਜੇ ਅਸੀਂ ਗੁਰਬਾਣੀ ਇਤਿਹਾਸ ਦੀ ਪ੍ਰੰਪਰਾ ਨਾਲ ਜੁੜੇ ਹੋਏ ਹਾਂ ਤੇ ਬੱਚਿਆਂ ਨੂੰ ਜੋੜ ਰਹੇ ਹਾਂ ਤਾਂ ਬੱਚਿਆਂ ਨੂੰ ਜੀਵਨ ਵਿਚ ਦੁੱਖ ਨਾਲ, ਬੀਮਾਰੀ ਨਾਲ ਤੇ ਮੁਸੀਬਤਾਂ ਨਾਲ ਜੂਝਣ ਦੀ ਸੋਝੀ ਤੇ ਸੇਧ ਮਿਲੇਗੀ। ਪ੍ਰੰਪਰਾ ਨਾਲ ਜੁੜਨ ਦੀ ਵਿਧੀ ਗੁਰੂ ਸਾਹਿਬ ਜੀ ਦੇ ਵੇਲੇ ਤੋਂ ਹੀ ਮਿਲੀ ਹੋਈ ਹੈ, ਅੱਖਰਾਂ ਨੂੰ ਸਿਖਾਉਣ ਦੀ ਤੇ ਇਤਿਹਾਸ ਨੂੰ ਸੁਣਾਉਣ ਦੀ ਤੇ ਸਾਰੀ ਦੁਨੀਆਂ ਨੂੰ ਸਮਝਣ ਦੀ, ਜਿਹੜਾ ਅਸੂਲ ਅੱਜ ਦੁਨੀਆਂ ਵਿਚ ਚਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਵਿਤਾ, ਸੰਗੀਤ, ਵਿਗਿਆਨ, ਮਨੋਵਿਗਿਆਨ ਤੇ ਆਤਮ ਗਿਆਨ ਤੇ ਚਾਰ ਪਦਾਰਥ : ਧਰਮ, ਅਰਥ, ਕਾਮ ਤੇ ਮੋਖ ਦੇ ਭਰਪੂਰ ਖ਼ਜ਼ਾਨੇ ਹਨ ਪਰ ਅੱਖਰਾਂ ਦਾ, ਲਿੱਪੀ ਦਾ, ਭਾਸ਼ਾ ਦਾ ਗਿਆਨ ਹੋਵੇਗਾ ਤਾਂ ਹੀ ਕੋਈ ਜੁੜ ਸਕੇਗਾ।

ਕਬੀਰ ਸਾਹਿਬ 'ਅੱਖਰ' ਦੀ ਜ਼ਰੂਰਤ ਦੱਸਦਿਆਂ ਕਹਿੰਦੇ ਹਨ ਕਿ ਵਿੱਦਿਆ ਦੀ ਲੋੜ ਮਨ ਨੂੰ ਠੀਕ ਪ੍ਰਸਥਿਤੀਆਂ ਦਾ ਬੋਧ ਕਰਵਾਉਣ ਵਾਸਤੇ ਹੈ। ਉਹ ਕਹਿੰਦੇ ਹਨ :

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥ (ਅੰਗ ੩੪੦)

ਅੱਖਰ ਗਿਆਨ ਦਾ ਇਕ ਸਫਲ ਮਾਧਿਅਮ ਹੈ, ਕਿਉਂਕਿ ਬੋਲੀ ਨੂੰ ਰੇਖਾਂਕਿਤ ਕਰਨ ਵਾਸਤੇ ਅੱਖਰ ਹੀ ਉਚਿਤ ਸਾਧਨ ਹੈ। ਭਗਤ ਜੀ ਦੱਸਦੇ ਹਨ ਕਿ ਬੋਲੀ ਅਤੇ 'ਅੱਖਰ' ਦਾ ਅਨਿਖੜ ਸੰਬੰਧ ਹੈ। ਜਿੱਥੇ ਬੋਲੀ ਹੈ ਉਥੇ ਅੱਖਰ ਹੈ, ਕਿਉਂ ਜੁ ਮਨ ਨੂੰ ਸਮਝਾਵਣ ਵਾਸਤੇ ਬੋਲ ਜਾਂ ਸ਼ਬਦ ਦੀ ਜ਼ਰੂਰਤ ਹੈ। ਇਸ ਲਈ ਲਿਖਿਤ ਮਨ ਨੂੰ ਸਮਝਾਉਣ ਵਾਸਤੇ ਲਾਭਕਾਰੀ ਹੈ। ਮਨ ਬੋਲ ਜਾਂ ਸ਼ਬਦ ਨੂੰ ਹੀ ਜਾਣ ਸਕਦਾ ਹੈ।

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥ (ਅੰਗ ੧੧੭)

ਇੰਞ 'ਸ਼ਬਦ' ਅਤੇ 'ਅੱਖਰ' ਦਾ ਭੇਦ ਖਤਮ ਹੋ ਜਾਂਦਾ ਹੈ। ਹਕੀਕਤ ਵਿਚ 'ਅੱਖਰ' ਸ਼ਬਦ ਤੋਂ ਭਿੰਨ ਵੀ ਨਹੀਂ ਹੈ, ਬਲਕਿ ਉਸੇ ਦਾ ਸਾਕਾਰ ਰੂਪ ਹੈ। ਜਿਵੇਂ ਸ਼ਬਦ ਬ੍ਰਹਮ ਦੇ ਨਾਲ ਰਹਿੰਦਾ ਹੈ ਅਤੇ ਬ੍ਰਹਮ ਵਿਚ ਅਭੇਦ ਰਹਿੰਦਾ ਹੈ, ਉਂਞ ਹੀ 'ਅੱਖਰ' ਵੀ 'ਸ਼ਬਦ' ਦੇ ਨਾਲ ਅਭੇਦ ਰਹਿੰਦਾ ਹੈ। ਦੋਹਾਂ ਨੂੰ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ।

ਭਗਤ ਸ੍ਰੀ ਕਬੀਰ ਜੀ ਨੇ ਅੱਖਰ ਵਿਕਾਸ ਨੂੰ ਤਿੰਨਾਂ ਲੋਕਾਂ ਨਾਲ ਸਬੰਧਿਤ ਦਰਸਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ 'ਅੱਖਰ' ਨੂੰ ਹੀ ਤਿੰਨਾਂ ਲੋਕਾਂ ਦਾ ਸਾਰ ਆਖਦੇ ਹਨ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਆਮ ਲੋਕਾਂ ਤੱਕ ਵਿੱਦਿਆ ਦੇ ਪ੍ਰਸਾਰ ਦੇ ਰਸਤੇ ਵਿਚ ਵੱਡੀ ਰੁਕਾਵਟ ਲਿੱਪੀ ਦੀਆਂ ਪੰਡਿਤਾਊ ਗੁੰਝਲਾਂ ਸਨ। ਵਾਸਤਵ ਵਿਚ ਲਿੱਪੀ ਗਿਆਨ ਦੇ ਪ੍ਰਸਾਰ ਵਾਸਤੇ ਹੁੰਦੀ ਹੈ ਜਦੋਂ ਕਿ ਗੁਰੂ ਸਾਹਿਬ ਜੀ ਦੇ ਸਮੇਂ ਇਹੋ ਵਿੱਦਿਆ ਦੇ ਪ੍ਰਸਾਰ ਵਿਚ ਵੱਡੀ ਰੁਕਾਵਟ ਸੀ। ਇਸ ਦੀ ਗਵਾਹੀ ਭਗਤ ਸ੍ਰੀ ਕਬੀਰ ਜੀ ਦੀ ਬਾਵਨ ਅੱਖਰੀ ਵਿਚੋਂ ਵੀ ਮਿਲਦੀ ਹੈ।

ਸਤਿਗੁਰੂ ਜੀ ਨੇ ਬਹੁਤ ਸਾਰੇ ਥਾਂਵਾਂ 'ਤੇ ਇਨ੍ਹਾਂ ਗੁਰਮੁਖੀ ਦੇ ਵਰਣਾਂ ਨੂੰ ਸਪੱਸ਼ਟ ਕੀਤਾ ਹੈ ਜੋ ਕਿ ਸੰਸਕ੍ਰਿਤ, ਦੇਵਨਾਗਰੀ ਦੇ ਇਕ ਤੋਂ ਜ਼ਿਆਦਾ ਵਰਤਣ ਦੀਆਂ ਗੁੰਝਲਾਂ ਤੋਂ ਖਲਾਸੀ ਕਰਵਾਈ ਹੈ। ਸੋ ਅੱਖਰ ਤਿੰਨ ਲੋਕਾਂ ਦੇ ਗਿਆਨ ਧਿਆਨ ਦਾ ਮੂਲ ਹਨ।

ਸਾਡੇ ਧੀਆਂ ਪੁੱਤ ਉਤਨਾ ਚਿਰ ਸਾਡੇ ਨਹੀਂ ਹਨ ਜਿਤਨਾ ਚਿਰ ਉਹ ਸਾਡੇ ਅੱਖਰਾਂ ਨਾਲ ਨਹੀਂ ਜੁੜੇ ਤੇ ਜਿਤਨਾ ਚਿਰ ਉਹ ਗੁਰੂ ਦੇ ਅੱਖਰਾਂ ਸ਼ਬਦਾਂ ਨਾਲ ਨਹੀਂ ਜੁੜੇ, ਇਨ੍ਹਾਂ ਤੋਂ ਬਿਨਾਂ ਕੀ ਉਨ੍ਹਾਂ ਨੂੰ ਜਿਊਂਦੇ ਆਖਿਆ ਜਾ ਸਕਦਾ ਹੈ? ਭਾਈ ਗੁਰਦਾਸ ਜੀ ਸ਼ਬਦ ਸਿਖਾਉਣ ਦੀ ਵਡਿਆਈ ਵਰਣਨ ਕਰਦੇ ਹਨ :

ਜੈਸੇ ਸਾਤ ਮੰਦਰ ਕੰਚਨ ਕੇ ਉਸਾਰ ਦੀਨੇ
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।

ਪਰ ਇਸ ਦੇ ਉਲਟ ਸਰਕਾਰਾਂ ਦੇ ਮਨਸੂਬੇ ਹਨ ਕਿ ਇਨ੍ਹਾਂ ਨੂੰ ਇਤਿਹਾਸ ਤੇ ਪ੍ਰੰਪਰਾ ਨਾਲੋਂ ਤੋੜ ਦਿੱਤਾ ਜਾਵੇ, ਵੱਖ ਕਰ ਦਿੱਤਾ ਜਾਵੇ, ਇਸ ਮਕਸਦ ਲਈ ਉਹ ਟੈਲੀਵੀਜਨ, ਇੰਟਰਨੈੱਟ ਮੋਬਾਇਲ ਰਾਹੀਂ ਤੇ ਪ੍ਰਭਾਵਸ਼ਾਲੀ ਵਿਅਕਤੀਆਂ ਰਾਹੀਂ ਤੁਹਾਡੇ ਅੰਦਰ ਦਾਖਲ ਹੋ ਕੇ ਤੁਹਾਡੀ ਰਾਏ ਬਦਲ ਦਿੰਦੇ ਹਨ। ਵਟਸਐੱਪ ਦੇ ਗਰੁੱਪਾਂ ਨੂੰ ਵੀ ਖਾਸ ਨਿਸ਼ਾਨਾ ਬਣਾਇਆ ਜਾਂਦਾ ਹੈ ਤੇ ਇਸ ਬਿਜਲਈ ਢੰਗ ਨੂੰ ਬਹੁਤ ਖ਼ੂਬੀ ਨਾਲ ਉਹ ਵਰਤ ਜਾਂਦੇ ਹਨ ਕਿ ਆਮ ਵਿਅਕਤੀਆਂ ਨੂੰ ਅਸਲੀ ਨਿਸ਼ਾਨੇ ਦਾ ਪਤਾ ਹੀ ਨਹੀਂ ਚਲਦਾ। ਮੱਲੋਮਲੀ ਅੰਗਰੇਜ਼ੀ ਦੇ ਸ਼ਬਦ ਤੁਹਾਡੀ ਸ਼ਬਦਾਵਲੀ ਵਿਚ ਸ਼ਾਮਲ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਸਾਨੂੰ ਆਪਣੇ ਆਪਣੀ ਬੋਲ-ਚਾਲ, ਖਾਣ-ਪੀਣ ਤੇ ਪਹਿਰਾਵੇ ਦੇ ਉੱਪਰ ਧਿਆਨ ਦੇਣ ਦੀ ਲੋੜ ਹੈ। ਮਸਲਾ ਇਕ ਭੋਜਨ ਦਾ, ਇਕ ਸ਼ਬਦਾਂ ਦਾ ਹੈ, ਤੁਸੀਂ ਆਪਣੀ ਧਰਤੀ 'ਤੇ ਆਪਣੇ ਭੋਜਨ ਨੂੰ ਕਿਤਨਾ ਕੁ ਬਚਾਅ ਸਕਦੇ ਹੋ ਇਸ ਦੇ ਵਿਚ ਹੀ ਸਾਡੀਆਂ ਮੁਸ਼ਕਲਾਂ ਦਾ ਹੱਲ ਛੁਪਿਆ ਹੋਇਆ ਹੈ। ਜੇ ਸਾਡਾ ਖਾਣ ਪੀਣ ਸਹੀ ਹੋਵੇਗਾ, ਸਾਡਾ ਸੁਣਨਾ, ਬੋਲਣਾ ਤੇ ਪਹਿਰਾਵਾ ਤੇ ਸਾਡੇ ਸ਼ਬਦ ਸਹੀ ਹੋਣਗੇ ਤਾਂ ਕੁਝ ਗਲਤ ਹੋਣ ਦੀ ਸੰਭਾਵਨਾ ਥੋੜ੍ਹੀ ਹੈ।

ਵਿਰੋਧੀ ਚਾਹੁੰਦੇ ਹਨ ਕਿ ਤੁਹਾਡੇ ਪੀਣ ਵਿਚ ਸ਼ਰਾਬ ਸ਼ਾਮਲ ਹੋ ਜਾਵੇ ਤੇ ਤੁਹਾਡੇ ਬੋਲਣ ਵਿਚ ਗਾਲ੍ਹਾਂ ਤੇ ਤੁਹਾਡੇ ਇਖਲਾਕ ਵਿਚ ਐਸੀ ਖੁੱਲ੍ਹ ਕਿ ਤੁਹਾਡੇ ਰਿਸ਼ਤਿਆਂ ਦੀ ਕਦਰ

ਹੀ ਨਾ ਰਹੇ। ਐਸੇ ਗੀਤ, ਡਰਾਮੇ ਤੇ ਨਾਚ ਪੇਸ਼ ਕੀਤੇ ਜਾ ਰਹੇ ਹਨ ਜੋ ਕਿ ਸਾਡੀ ਪ੍ਰੰਪਰਾ ਦੇ ਵਿਰੁਧ ਹਨ। ਅਸਲੀਅਤ ਨੂੰ ਦਰਸਾਉਂਦੀਆਂ ਫਿਲਮਾਂ ਜਿਵੇਂ ਖਾਲੜਾ ਜੀ ਦੇ ਉੱਪਰ ਬਣੀ ਫਿਲਮ ਉਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ ਤੇ ਇਕ ਬਹੁਤ ਹੀ ਘਟੀਆ ਗਵੱਈਏ ਬਾਰੇ ਬਣੀ ਫਿਲਮ ਨੂੰ ਉਤਸ਼ਾਹਿਤ ਕਰਕੇ ਅੱਗੇ ਵਧਾਉਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇੱਥੇ ਇਹ ਵੀ ਕਹਿਣਾ ਬਣਦਾ ਹੈ ਕਿ ਆਮ ਪੰਜਾਬੀ ਫਿਲਮਾਂ ਨੂੰ ਦੇਸ਼ ਦੀਆਂ ਪ੍ਰਮੁੱਖ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਇਕ ਦੋ ਲਾਈਨਾਂ ਜਿੰਨੀ ਹੀ ਥਾਂ ਦਿੱਤੀ ਜਾਂਦੀ ਹੈ ਤੇ ਇਸ ਘਟੀਆ ਫਿਲਮ ਤੇ ਇਸ ਦੇ ਵਿਸ਼ਾ ਮਜਮੂਨ ਨੂੰ ਦੇਸ਼ ਦੀਆਂ ਪ੍ਰਮੁੱਖ ਅਖਬਾਰਾਂ ਬਹੁਤ ਵੱਡੇ-ਵੱਡੇ ਲੇਖ ਬਾਰ-ਬਾਰ ਛਾਪ ਰਹੇ ਹਨ। ਇਹ ਕੌਣ ਕਰਵਾ ਰਿਹਾ ਹੈ? ਕਿਸ ਦੇ ਆਦੇਸ਼ 'ਤੇ ਕਿਸ ਦੀ ਹਿਦਾਇਤ 'ਤੇ ਇਹ ਹੋ ਰਿਹਾ ਹੈ ਕਿ ਪੰਜਾਬੀਆਂ ਦੇ ਦਿਲ ਦਿਮਾਗ ਵਿਚ ਰਿਸ਼ਤਿਆਂ ਬਾਰੇ ਕਦਰ ਨਾ ਰਹੇ ਤੇ ਗਾਲ੍ਹਾਂ ਗੱਲਾਂ ਵਿਚ ਆਮ ਹੋ ਜਾਵੇ ਤੇ ਕਾਮਕ ਵਰਤਾਰਾ ਆਮ ਵਰਤ ਜਾਵੇ ਤੇ ਪੰਜਾਬੀ ਸਿੱਖ ਆਪਣਾ ਗੌਰਵਮਈ ਇਤਿਹਾਸ ਤੇ ਜੀਵਨ ਛੱਡ ਕੇ ਇਧਰਲੇ ਪਾਸੇ ਨੂੰ ਤੁਰ ਪੈਣ। ਸਿੱਖਾਂ ਦੇ ਸੁਨਿਹਰੀ ਅਸੂਲਾਂ ਸੇਵਾ ਸਿਮਰਨ ਤੇ ਸ਼ਹਾਦਤ ਦੇ ਵੀ ਅਰਥ ਬਦਲ ਦੇਣ ਦੀਆਂ ਕੋਝੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮਨਘੜਤ ਤੇ ਇਖਲਾਕ ਤੋਂ ਹੇਠਾਂ ਡਿਗੀਆਂ ਹੋਈਆਂ ਗੱਲਾਂ ਨੂੰ ਪੰਜਾਬੀ ਕਹਾਣੀਆਂ ਕਹਿ ਕੇ ਇੰਟਰਨੈੱਟ 'ਤੇ ਪਰੋਸਿਆ ਜਾ ਰਿਹਾ ਹੈ। ਜੇ ਅਸੀਂ ਐਸੇ ਗਲਤ ਗੀਤਾਂ ਦੇ ਨਾਲ ਆਪ ਵੀ ਗੁਨਗਨਾ ਰਹੇ ਹਾਂ ਤਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਇਹ ਫ਼ੁਰਮਾਨ ਵਿਚਾਰਨ ਦੀ ਜ਼ਰੂਰਤ ਹੈ :

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ (ਅੰਗ ੪੭੩)

ਜੇ ਅਸੀਂ ਆਪਣੇ ਆਲੇ ਦੁਆਲੇ ਪਸ਼ੂ, ਪੰਖੀਆਂ ਤੇ ਹੋਰ ਜਾਨਵਰਾਂ ਦਾ ਜੀਵਨ ਦੇਖੀਏ ਜਾਂ ਟੈਲੀਵੀਜਨ ਉਤੇ ਕੁਦਰਤੀ, ਪ੍ਰਕਿਰਤੀ ਤੇ ਸੁਭਾਵਕਤਾ ਦੇ ਪ੍ਰੋਗਰਾਮ ਇਨ੍ਹਾਂ ਬਾਰੇ ਦੇਖੀਏ ਤਾਂ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਸਾਰੇ ਜਾਨਵਰ, ਪੰਖੀ ਆਦਿ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਨ ਕਿ ਕਿਵੇਂ ਸ਼ਿਕਾਰ ਕਰਨਾ ਹੈ, ਖਾਣਾ ਕਿਸ ਤਰ੍ਹਾਂ ਲੱਭਣਾ ਹੈ, ਖਤਰੇ ਤੋਂ ਕਿਸ ਤਰ੍ਹਾਂ ਬਚਣਾ ਹੈ, ਆਪਣੀ ਬੋਲੀ ਵਿਚ ਕਿਵੇਂ ਖਤਰੇ ਦੀ ਚਿਤਾਵਨੀ ਹੋਰਨਾਂ ਨੂੰ ਸਭ ਨੂੰ ਦੇਣੀ ਹੈ। ਇਸ ਤਰ੍ਹਾਂ ਹਜ਼ਾਰਾਂ ਸਾਲਾਂ ਤੋਂ ਆਪਣੀਆਂ ਨਸਲਾਂ ਨੂੰ ਐਸੇ ਗੁਣ ਦੇਣੇ ਆਪਣਾ ਖਾਸ ਤੇ ਪਹਿਲਾ ਫ਼ਰਜ਼ ਸਮਝਦੇ ਹਨ। ਪਰ 84 ਲੱਖ ਜੂਨੀਆਂ ਦਾ ਸਰਦਾਰ:

ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ (ਅੰਗ ੧੦੭੫)

ਆਪਣਾ ਫ਼ਰਜ਼ ਪੂਰਾ ਨਹੀਂ ਕਰ ਰਿਹਾ, ਮਾਇਆ ਦੇ ਪਿੱਛੇ ਇਸ ਤਰ੍ਹਾਂ ਭੱਜਾ ਫਿਰਦਾ

ਹੈ ਜਿਵੇਂ ਕਿਸੇ ਪਾਗਲ ਦੀ ਬਿਰਤੀ ਇਕ ਹੀ ਥਾਂ ਟਿਕ ਜਾਂਦੀ ਹੈ। ਜੋ ਪ੍ਰਭੂ ਜੀ ਨੇ ਤੁਹਾਨੂੰ ਬੱਚੇ ਬਖਸ਼ੇ ਹਨ ਉਨ੍ਹਾਂ ਨੂੰ ਜੀਵਨ ਬਾਰੇ, ਧਰਮ ਬਾਰੇ ਸਿੱਖਿਆ ਦੇਣੀ ਇਹ ਪਹਿਲਾ ਖਾਸ ਪ੍ਰਥਮ ਕਾਰਜ ਹੋਣਾ ਲੋੜੀਂਦਾ ਹੈ। ਇਹ ਜੋ ਮਾਇਆ ਦੇ ਪਿੱਛੇ ਦਿਨੇ ਰਾਤੀਂ ਦੌੜ ਲਾਈ ਹੋਈ ਹੈ, ਕਦੀ ਸੋਚਿਆ ਹੈ ਗੁਰਬਾਣੀ ਵਿਚ ਅੰਕਿਤ ਹੈ ਕਿ ਅੱਧੀ ਗਿਣਤੀ ਦੇ ਜੀਵ ਬਤਾਲੀ ਲੱਖ ਪਾਣੀ ਦੇ ਵਿਚ ਹੈ ਕੀ ਉਥੇ ਕੋਈ ਦੁਕਾਨਾਂ ਚਲਦੀਆਂ ਹਨ ਜਿਥੋਂ ਕਿ ਉਹ ਸੌਦਾ ਖਰੀਦਦੇ ਹਨ?

ਬਇਆਲੀਸ ਲਖ ਜੀ ਜਲ ਮਹਿ ਹੋਤੇ......॥ (ਅੰਗ ੪੮੫)

ਮਨੁੱਖ ਪ੍ਰਭੂ ਦੀ ਚਿਤਵਨੀ ਸਿਮਰਨ ਕਰਨ ਦੀ ਥਾਂ ਚਿੰਤਾ ਕਰਨ ਲੱਗ ਪੈਂਦਾ ਹੈ ਕਿ ਬੱਚਿਆਂ ਦਾ ਕੀ ਬਣੇਗਾ ਤੇ ਮੈਂ ਬਹੁਤ ਸਾਰਾ ਧਨ ਇਕੱਠਾ ਕਰਕੇ ਇਨ੍ਹਾਂ ਨੂੰ ਸੁਖੀ ਕਰਾਂਗਾ, ਪਰ ਸਾਰੀ ਸ਼ਕਤੀ ਧਨ ਕਮਾਉਣ ਵਿਚ ਲਗਾਉਣ ਕਰਕੇ ਬੱਚਿਆਂ ਦੀ ਪਰਵਰਿਸ਼ ਵਿਚ ਘਾਟ ਰਹਿ ਜਾਂਦੀ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਚਿੰਤਾ ਨਾ ਕਰ, ਚਿੰਤਾ ਪ੍ਰਭੂ ਜੀ ਨੂੰ ਹੈ ਜਿਸ ਨੇ ਜੀਵਾਂ ਨੂੰ ਇੱਥੇ ਭੇਜਿਆ ਹੈ। ਪਰਦੇਸਾਂ ਨੂੰ ਜਾਣ ਦੀ ਦੌੜ ਵੀ ਇਸੇ ਕਰਕੇ ਹੈ। ਮਾਇਆਵੀ ਜੀਵਾਂ ਨੂੰ ਉਦਾਹਰਣ ਦੇ ਕੇ ਸਮਝਾਉਂਦੇ ਹਨ ਸਤਿਗੁਰੂ ਜੀ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ ੧ ॥ (ਅੰਗ ੯੫੫)

ਸਤਿਗੁਰੂ ਜੀ ਤਾਂ ਸਿਮਰਨ, ਚਿੰਤਨ ਕਰਨ ਨੂੰ ਹੀ ਉਪਦੇਸ਼ ਕਰਦੇ ਹਨ, ਕਿਉਂਕਿ ਸ਼ਬਦ ਹੀ ਜ਼ਿੰਦਗੀ ਨੂੰ ਅੱਗੇ ਤੋਰਦਾ ਹੈ। ਗੁਰਮੁਖੀ ਨੇ ਹੀ ਸਿੱਖੀ ਨੂੰ ਜਿਉਂਦਾ ਰੱਖਿਆ ਹੈ, ਛਾਪੇਖਾਨੇ, ਰੇਡੀਓ, ਟੈਲੀਵੀਜਨ ਤੇ ਇੰਟਰਨੈੱਟ ਨੇ ਸਾਨੂੰ ਸੁੰਗੜਾ ਦਿੱਤਾ ਹੈ। ਇਹ ਬਿਜਲਈ ਸਾਧਨਾਂ ਰਾਹੀਂ ਸਾਨੂੰ ਜਾਣਕਾਰੀ ਤਾਂ ਮਿਲਦੀ ਹੈ ਪਰ ਜ਼ਿਆਦਾਤਰ ਉਹ ਹੀ ਜੋ ਹਕੂਮਤ, ਗੌਰਮਿੰਟ ਸਾਨੂੰ ਪਰੋਸ ਕੇ ਦੇਣਾ ਚਾਹੁੰਦੀ ਹੈ ਤੇ ਕਈ ਬਾਰ ਉਹ ਗਲਤ ਨੂੰ, ਝੂਠ ਨੂੰ ਬਾਰ-ਬਾਰ ਇਤਨਾ ਦੁਹਰਾਈ ਜਾਂਦੇ ਨੇ ਕਿ ਕਈਆਂ ਨੂੰ ਉਹ ਹੀ ਸੱਚ ਪ੍ਰਤੀਤ ਹੋਣ ਲੱਗ ਪੈਂਦਾ ਹੈ। ਜਿਹੜੀਆਂ ਕੰਪਨੀਆਂ ਬਾਰ-ਬਾਰ ਮਸ਼ਹੂਰੀ ਕਰਦੀਆਂ ਹਨ ਆਪਣੀਆਂ ਵਸਤਾਂ ਬਾਰੇ, ਉਨ੍ਹਾਂ ਦਾ ਵੀ ਜ਼ਿਆਦਾਤਰ ਇਹੋ ਹੀ ਨਿਸ਼ਾਨਾ ਹੁੰਦਾ ਹੈ ਕਿ ਇਸ਼ਤਿਹਾਰ ਵਿਗਿਆਪਨ ਤੇ ਢੰਡੋਰਾ, ਡੌਂਡੀ ਪਿੱਟਣ ਨਾਲ ਸਾਡੀ ਵਸਤ ਜ਼ਿਆਦਾ ਕਾਮਯਾਬੀ ਨਾਲ ਵਿਕੇਗੀ। ਕਈ ਧਰਮਾਂ ਵਾਲੇ ਵੀ ਲੋਕਾਂ ਨੂੰ ਉਕਸਾ ਕੇ ਉਨ੍ਹਾਂ ਦੇ ਉੱਪਰ ਅਹਿਸਾਨ ਕਰਕੇ

ਆਪਣੇ ਧਰਮ ਦੀ ਗਿਣਤੀ ਵਧਾਉਂਦੇ ਹਨ, ਪਰ ਜਿੱਥੇ ਮਨੁੱਖੀ ਸੁਭਾਅ ਅਨੁਸਾਰ ਕਈ ਵਿਅਕਤੀ ਡੋਲ ਜਾਂਦੇ ਹਨ, ਸਤਿਗੁਰੂ ਜੀ ਕੂਕਰ ਦਾ ਗੁਣ ਬਿਆਨ ਕਰਦੇ ਹਨ ਕਿ ਉਹ ਆਪਣੇ ਮਾਲਕ ਦੇ ਘਰ ਨੂੰ ਛੱਡ ਕੇ ਨਹੀਂ ਜਾਂਦਾ। ਫੁਰਮਾਨ ਹੈ :

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥ (ਅੰਗ ੧੪੨੮)

ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਪੰਜਾਬੀ ਦਾ ਵਿਦਵਾਨ ਕਵੀ ਬਿਆਨ ਕਰਦਾ ਹੈ ਕਿ ਬਾਜ਼ੀ ਲੈ ਗਏ ਕੁੱਤੇ।

ਪੰਜਾਬੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜ਼ੁਬਾਨ ਹੈ ਤੇ ਇੰਜ ਇਹ ਰੱਬ ਦੀ ਜ਼ੁਬਾਨ ਹੈ। ਰੱਬ ਦੀ ਜ਼ੁਬਾਨ ਨੂੰ ਭਲਾ ਕੌਣ ਮਿਟਾ ਸਕਦਾ ਹੈ। ਇਸ ਜ਼ੁਬਾਨ ਨੂੰ ਮਿਟਾਉਣ ਦੀ ਕੋਸ਼ਿਸ਼ ਦਰਅਸਲ ਰੱਬ ਨਾਲ ਬਗਾਵਤ ਵਾਲੀ ਗੱਲ ਹੈ। ਆਓ, ਆਪਾਂ ਸਭ ਰਲ ਕੇ ਰੱਬ ਕੋਲੋਂ ਮੁਆਫੀ ਮੰਗੀਏ। ਉਸ ਦੇ ਹਜ਼ੂਰ ਝੁਕ ਜਾਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਲੋ ਕੇ ਸਿਰ ਝੁਕਾਈਏ। ਆਪਣੀ ਇਸ ਗਲਤੀ ਨੂੰ ਬਖ਼ਸ਼ਣ ਦੀ ਅਰਦਾਸ ਕਰੀਏ ਤੇ ਵਾਅਦਾ ਕਰੀਏ ਕਿ ਅਸੀਂ ਆਪਣੀ ਮਾਂ-ਬੋਲੀ ਗੁਰਮੁਖੀ ਪੰਜਾਬੀ ਦਾ ਸਤਿਕਾਰ ਕਰਾਂਗੇ ਤੇ ਉਸ ਨੂੰ ਪਹਿਲ ਦੇਵਾਂਗੇ। ਸਾਨੂੰ ਆਪਣੇ ਆਪ ਨੂੰ ਸੁਧਾਰਨ ਦੀ ਜ਼ਰੂਰਤ ਹੈ ਤਾਂ ਹੀ ਸਾਡੇ ਬੱਚੇ ਵੀ ਇਸ ਬੋਲੀ ਨੂੰ ਅਪਨਾਉਣਗੇ। ਸਮਾਂ ਪਿੱਛੇ ਨੂੰ ਤਾਂ ਨਹੀਂ ਮੋੜਿਆ ਜਾ ਸਕਦਾ, ਪਰ ਜਿਸ ਤਰ੍ਹਾਂ ਕਹਾਵਤ ਹੈ ਕਿ "ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ" ਭਾਵ ਝਾੜ ਕੇ, ਧੋ ਕੇ, ਪੂੰਝ ਕੇ ਖਾਧੇ ਜਾ ਸਕਦੇ ਹਨ।

ਦਸਵੇਂ ਸਤਿਗੁਰੂ ਜੀ ਕਈ ਵਾਰੀ ਸਿੰਘਾਂ ਦੇ ਦੋ ਜਥੇ ਬਣਾ ਕੇ ਉਨ੍ਹਾਂ ਵਿਚ ਸਿਖਾਉਣ ਲਈ, ਅਭਿਆਸ ਲਈ, ਕਸਰਤ ਲਈ ਜੰਗ ਕਰਵਾਉਂਦੇ ਹਨ ਜੋ ਜੱਥਾ ਵਧੀਆ ਪੈਂਤੜੇ ਵਰਤ ਕੇ ਜਿੱਤ ਜਾਂਦਾ ਉਨ੍ਹਾਂ ਨੂੰ ਸਿਰੋਪੇ ਦਿੱਤੇ ਜਾਂਦੇ ਸਨ ਤੇ ਦੂਜੇ ਜੱਥੇ ਨੂੰ ਸਲਾਹ ਤੇ ਉਪਦੇਸ਼ ਤਰੀਕੇ ਦੱਸੇ ਜਾਂਦੇ ਕਿ ਤੁਸੀਂ ਇਕ ਤਰ੍ਹਾਂ ਵਧੀਆ ਬਣ ਸਕਦੇ ਹੋ। ਜੇ ਸਾਰੇ ਰਲ ਕੇ ਸਤਿਗੁਰੂ ਜੀ ਦੇ ਚਰਨੀਂ ਲੱਗ ਜਾਣ ਤਾਂ ਫੁਰਮਾਨ ਹੈ :

ਸਤਿਗੁਰ ਅਗੈ ਢਹਿ ਪਉ ਸਭ ਕਿਛੁ ਜਾਣੈ ਜਾਣ ॥ (ਅੰਗ ੬੪੬)
ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ (ਅੰਗ ੧੦੯੬)

ਚੜ੍ਹਦੀਆਂ ਕਲਾਂ ਵਿਚ ਵਿਚਰ ਕੇ ਸਤਿਗੁਰੂ ਜੀ ਨੂੰ ਰੱਖਿਆ, ਸਹਾਇਤਾ ਤੇ ਅਗਵਾਈ ਕਰਨ ਲਈ ਰਲ ਕੇ ਬੇਨਤੀ ਕੀਤੀ ਜਾਵੇ ਤਾਂ ਸਤਿਗੁਰੂ ਜੀ ਆਪਣੇ ਬਿਰਦ ਬਾਣੇ ਦੀ ਲਾਜ ਰੱਖਣਗੇ।

ਲੱਕੜ ਦੀ ਫੱਟੀ (ਪੱਟੀ) ਉੱਪਰ ਲਿਖਣ ਦੀ ਸ਼ੁਰੂਆਤ ਕੀਤੀ ਜਾਂਦੀ ਸੀ ਪਰ ਕਈ ਅਧਿਆਪਕ ਵਿਦਿਆਰਥੀ ਤੋਂ ਧਰਤੀ ਦੇ ਉੱਪਰ ਹੀ ਉਂਗਲੀ ਫੜ ਕੇ ਅੱਖਰ ਲਿਖਣ ਦਾ

ਹੈ ਜਿਵੇਂ ਕਿਸੇ ਪਾਗਲ ਦੀ ਬਿਰਤੀ ਇਕ ਹੀ ਥਾਂ ਟਿਕ ਜਾਂਦੀ ਹੈ। ਜੋ ਪ੍ਰਭੂ ਜੀ ਨੇ ਤੁਹਾਨੂੰ ਬੱਚੇ ਬਖਸ਼ੇ ਹਨ ਉਨ੍ਹਾਂ ਨੂੰ ਜੀਵਨ ਬਾਰੇ, ਧਰਮ ਬਾਰੇ ਸਿੱਖਿਆ ਦੇਣੀ ਇਹ ਪਹਿਲਾ ਖਾਸ ਪ੍ਰਥਮ ਕਾਰਜ ਹੋਣਾ ਲੋੜੀਂਦਾ ਹੈ। ਇਹ ਜੋ ਮਾਇਆ ਦੇ ਪਿੱਛੇ ਦਿਨੇ ਰਾਤੀਂ ਦੌੜ ਲਾਈ ਹੋਈ ਹੈ, ਕਦੀ ਸੋਚਿਆ ਹੈ ਗੁਰਬਾਣੀ ਵਿਚ ਅੰਕਿਤ ਹੈ ਕਿ ਅੱਧੀ ਗਿਣਤੀ ਦੇ ਜੀਵ ਬਤਾਲੀ ਲੱਖ ਪਾਣੀ ਦੇ ਵਿਚ ਹੈ ਕੀ ਉਥੇ ਕੋਈ ਦੁਕਾਨਾਂ ਚਲਦੀਆਂ ਹਨ ਜਿਥੋਂ ਕਿ ਉਹ ਸੌਦਾ ਖਰੀਦਦੇ ਹਨ?

ਬਇਆਲੀਸ ਲਖ ਜੀ ਜਲ ਮਹਿ ਹੋਤੇ......॥ (ਅੰਗ ੪੮੫)

ਮਨੁੱਖ ਪ੍ਰਭੂ ਦੀ ਚਿਤਵਨੀ ਸਿਮਰਨ ਕਰਨ ਦੀ ਥਾਂ ਚਿੰਤਾ ਕਰਨ ਲੱਗ ਪੈਂਦਾ ਹੈ ਕਿ ਬੱਚਿਆਂ ਦਾ ਕੀ ਬਣੇਗਾ ਤੇ ਮੈਂ ਬਹੁਤ ਸਾਰਾ ਧਨ ਇਕੱਠਾ ਕਰਕੇ ਇਨ੍ਹਾਂ ਨੂੰ ਸੁਖੀ ਕਰਾਂਗਾ, ਪਰ ਸਾਰੀ ਸ਼ਕਤੀ ਧਨ ਕਮਾਉਣ ਵਿਚ ਲਗਾਉਣ ਕਰਕੇ ਬੱਚਿਆਂ ਦੀ ਪਰਵਰਿਸ਼ ਵਿਚ ਘਾਟ ਰਹਿ ਜਾਂਦੀ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਚਿੰਤਾ ਨਾ ਕਰ, ਚਿੰਤਾ ਪ੍ਰਭੂ ਜੀ ਨੂੰ ਹੈ ਜਿਸ ਨੇ ਜੀਵਾਂ ਨੂੰ ਇੱਥੇ ਭੇਜਿਆ ਹੈ। ਪਰਦੇਸਾਂ ਨੂੰ ਜਾਣ ਦੀ ਦੌੜ ਵੀ ਇਸੇ ਕਰਕੇ ਹੈ। ਮਾਇਆਵੀ ਜੀਵਾਂ ਨੂੰ ਉਦਾਹਰਣ ਦੇ ਕੇ ਸਮਝਾਉਂਦੇ ਹਨ ਸਤਿਗੁਰੂ ਜੀ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ ੧ ॥ (ਅੰਗ ੯੫੫)

ਸਤਿਗੁਰੂ ਜੀ ਤਾਂ ਸਿਮਰਨ, ਚਿੰਤਨ ਕਰਨ ਨੂੰ ਹੀ ਉਪਦੇਸ਼ ਕਰਦੇ ਹਨ, ਕਿਉਂਕਿ ਸ਼ਬਦ ਹੀ ਜ਼ਿੰਦਗੀ ਨੂੰ ਅੱਗੇ ਤੋਰਦਾ ਹੈ। ਗੁਰਮੁਖੀ ਨੇ ਹੀ ਸਿੱਖੀ ਨੂੰ ਜਿਉਂਦਾ ਰੱਖਿਆ ਹੈ, ਛਾਪੇਖਾਨੇ, ਰੇਡੀਓ, ਟੈਲੀਵੀਜਨ ਤੇ ਇੰਟਰਨੈੱਟ ਨੇ ਸਾਨੂੰ ਸੁੰਗੜਾ ਦਿੱਤਾ ਹੈ। ਇਹ ਬਿਜਲਈ ਸਾਧਨਾਂ ਰਾਹੀਂ ਸਾਨੂੰ ਜਾਣਕਾਰੀ ਤਾਂ ਮਿਲਦੀ ਹੈ ਪਰ ਜ਼ਿਆਦਾਤਰ ਉਹ ਹੀ ਜੋ ਹਕੂਮਤ, ਗੌਰਮਿੰਟ ਸਾਨੂੰ ਪਰੋਸ ਕੇ ਦੇਣਾ ਚਾਹੁੰਦੀ ਹੈ ਤੇ ਕਈ ਬਾਰ ਉਹ ਗਲਤ ਨੂੰ, ਝੂਠ ਨੂੰ ਬਾਰ-ਬਾਰ ਇਤਨਾ ਦੁਹਰਾਈ ਜਾਂਦੇ ਨੇ ਕਿ ਕਈਆਂ ਨੂੰ ਉਹ ਹੀ ਸੱਚ ਪ੍ਰਤੀਤ ਹੋਣ ਲੱਗ ਪੈਂਦਾ ਹੈ। ਜਿਹੜੀਆਂ ਕੰਪਨੀਆਂ ਬਾਰ-ਬਾਰ ਮਸ਼ਹੂਰੀ ਕਰਦੀਆਂ ਹਨ ਆਪਣੀਆਂ ਵਸਤਾਂ ਬਾਰੇ, ਉਨ੍ਹਾਂ ਦਾ ਵੀ ਜ਼ਿਆਦਾਤਰ ਇਹੋ ਹੀ ਨਿਸ਼ਾਨਾ ਹੁੰਦਾ ਹੈ ਕਿ ਇਸ਼ਤਿਹਾਰ ਵਿਗਿਆਪਨ ਤੇ ਢੰਡੋਰਾ, ਡੌਂਡੀ ਪਿੱਟਣ ਨਾਲ ਸਾਡੀ ਵਸਤ ਜ਼ਿਆਦਾ ਕਾਮਯਾਬੀ ਨਾਲ ਵਿਕੇਗੀ। ਕਈ ਧਰਮਾਂ ਵਾਲੇ ਵੀ ਲੋਕਾਂ ਨੂੰ ਉਕਸਾ ਕੇ ਉਨ੍ਹਾਂ ਦੇ ਉੱਪਰ ਅਹਿਸਾਨ ਕਰਕੇ

ਆਪਣੇ ਧਰਮ ਦੀ ਗਿਣਤੀ ਵਧਾਉਂਦੇ ਹਨ, ਪਰ ਜਿੱਥੇ ਮਨੁੱਖੀ ਸੁਭਾਅ ਅਨੁਸਾਰ ਕਈ ਵਿਅਕਤੀ ਡੋਲ ਜਾਂਦੇ ਹਨ, ਸਤਿਗੁਰੂ ਜੀ ਕੂਕਰ ਦਾ ਗੁਣ ਬਿਆਨ ਕਰਦੇ ਹਨ ਕਿ ਉਹ ਆਪਣੇ ਮਾਲਕ ਦੇ ਘਰ ਨੂੰ ਛੱਡ ਕੇ ਨਹੀਂ ਜਾਂਦਾ। ਫੁਰਮਾਨ ਹੈ :

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥ (ਅੰਗ ੧੪੨੮)

ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਪੰਜਾਬੀ ਦਾ ਵਿਦਵਾਨ ਕਵੀ ਬਿਆਨ ਕਰਦਾ ਹੈ ਕਿ
ਬਾਜ਼ੀ ਲੈ ਗਏ ਕੁੱਤੇ।

ਪੰਜਾਬੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜ਼ੁਬਾਨ ਹੈ ਤੇ ਇੰਜ ਇਹ ਰੱਬ ਦੀ ਜ਼ੁਬਾਨ ਹੈ। ਰੱਬ ਦੀ ਜ਼ੁਬਾਨ ਨੂੰ ਭਲਾ ਕੌਣ ਮਿਟਾ ਸਕਦਾ ਹੈ। ਇਸ ਜ਼ੁਬਾਨ ਨੂੰ ਮਿਟਾਉਣ ਦੀ ਕੋਸ਼ਿਸ਼ ਦਰਅਸਲ ਰੱਬ ਨਾਲ ਬਗਾਵਤ ਵਾਲੀ ਗੱਲ ਹੈ। ਆਓ, ਆਪਾਂ ਸਭ ਰਲ ਕੇ ਰੱਬ ਕੋਲੋਂ ਮੁਆਫੀ ਮੰਗੀਏ। ਉਸ ਦੇ ਹਜ਼ੂਰ ਝੁਕ ਜਾਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਲੋ ਕੇ ਸਿਰ ਝੁਕਾਈਏ। ਆਪਣੀ ਇਸ ਗਲਤੀ ਨੂੰ ਬਖਸ਼ਣ ਦੀ ਅਰਦਾਸ ਕਰੀਏ ਤੇ ਵਾਅਦਾ ਕਰੀਏ ਕਿ ਅਸੀਂ ਆਪਣੀ ਮਾਂ-ਬੋਲੀ ਗੁਰਮੁਖੀ ਪੰਜਾਬੀ ਦਾ ਸਤਿਕਾਰ ਕਰਾਂਗੇ ਤੇ ਉਸ ਨੂੰ ਪਹਿਲ ਦੇਵਾਂਗੇ। ਸਾਨੂੰ ਆਪਣੇ ਆਪ ਨੂੰ ਸੁਧਾਰਨ ਦੀ ਜ਼ਰੂਰਤ ਹੈ ਤਾਂ ਹੀ ਸਾਡੇ ਬੱਚੇ ਵੀ ਇਸ ਬੋਲੀ ਨੂੰ ਅਪਨਾਉਣਗੇ। ਸਮਾਂ ਪਿੱਛੇ ਨੂੰ ਤਾਂ ਨਹੀਂ ਮੋੜਿਆ ਜਾ ਸਕਦਾ, ਪਰ ਜਿਸ ਤਰ੍ਹਾਂ ਕਹਾਵਤ ਹੈ ਕਿ "ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ" ਭਾਵ ਝਾੜ ਕੇ, ਧੋ ਕੇ, ਪੂੰਝ ਕੇ ਖਾਧੇ ਜਾ ਸਕਦੇ ਹਨ।

ਦਸਵੇਂ ਸਤਿਗੁਰੂ ਜੀ ਕਈ ਵਾਰੀ ਸਿੰਘਾਂ ਦੇ ਦੋ ਜਥੇ ਬਣਾ ਕੇ ਉਨ੍ਹਾਂ ਵਿਚ ਸਿਖਾਉਣ ਲਈ, ਅਭਿਆਸ ਲਈ, ਕਸਰਤ ਲਈ ਜੰਗ ਕਰਵਾਉਂਦੇ ਹਨ ਜੋ ਜੱਥਾ ਵਧੀਆ ਪੈਂਤੜੇ ਵਰਤ ਕੇ ਜਿੱਤ ਜਾਂਦਾ ਉਨ੍ਹਾਂ ਨੂੰ ਸਿਰੋਪੇ ਦਿੱਤੇ ਜਾਂਦੇ ਸਨ ਤੇ ਦੂਜੇ ਜੱਥੇ ਨੂੰ ਸਲਾਹ ਤੇ ਉਪਦੇਸ਼ ਤਰੀਕੇ ਦੱਸੇ ਜਾਂਦੇ ਕਿ ਤੁਸੀਂ ਇਕ ਤਰ੍ਹਾਂ ਵਧੀਆ ਬਣ ਸਕਦੇ ਹੋ। ਜੇ ਸਾਰੇ ਰਲ ਕੇ ਸਤਿਗੁਰੂ ਜੀ ਦੇ ਚਰਨੀਂ ਲੱਗ ਜਾਣ ਤਾਂ ਫੁਰਮਾਨ ਹੈ :

ਸਤਿਗੁਰ ਅਗੈ ਢਹਿ ਪਉ ਸਭ ਕਿਛੁ ਜਾਣੈ ਜਾਣੁ॥ (ਅੰਗ ੬੪੬)
ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ (ਅੰਗ ੧੦੯੬)

ਚੜ੍ਹਦੀਆਂ ਕਲਾਂ ਵਿਚ ਵਿਚਰ ਕੇ ਸਤਿਗੁਰੂ ਜੀ ਨੂੰ ਰੱਖਿਆ, ਸਹਾਇਤਾ ਤੇ ਅਗਵਾਈ ਕਰਨ ਲਈ ਰਲ ਕੇ ਬੇਨਤੀ ਕੀਤੀ ਜਾਵੇ ਤਾਂ ਸਤਿਗੁਰੂ ਜੀ ਆਪਣੇ ਬਿਰਦ ਬਾਣੇ ਦੀ ਲਾਜ ਰੱਖਣਗੇ।

ਲੱਕੜ ਦੀ ਫੱਟੀ (ਪੱਟੀ) ਉੱਪਰ ਲਿਖਣ ਦੀ ਸ਼ੁਰੂਆਤ ਕੀਤੀ ਜਾਂਦੀ ਸੀ ਪਰ ਕਈ ਅਧਿਆਪਕ ਵਿਦਿਆਰਥੀ ਤੋਂ ਧਰਤੀ ਦੇ ਉੱਪਰ ਹੀ ਉਂਗਲੀ ਫੜ ਕੇ ਅੱਖਰ ਲਿਖਣ ਦਾ

ਤਰੀਕਾ ਦੱਸਦੇ ਸਨ। ਫੱਟੀ ਵੱਡੇ ਫੱਟੇ ਦਾ ਹੀ ਛੋਟਾ ਹਿੱਸਾ ਹੀ ਹੁੰਦੀ ਸੀ ਤੇ ਇਸ ਦਾ ਸਾਈਜ਼ ਆਮ ਤੌਰ 'ਤੇ ਤਕਰੀਬਨ ਇਕ ਫੁੱਟ ਲੰਬੀ ਤੇ ਨੌਂ ਜਾਂ ਦਸ ਇੰਚ ਚੌੜੀ ਹੁੰਦੀ ਸੀ। ਫੱਟੀ ਆਮ ਤੌਰ 'ਤੇ ਉਹ ਲੱਕੜੀ ਜੋ ਗੰਢਾਂ ਤੋਂ ਬਿਨਾਂ ਹੁੰਦੀ ਸੀ ਦੀ ਬਣਾਈ ਜਾਂਦੀ ਸੀ। ਫੱਟੀ ਨੂੰ ਧੋ ਕੇ ਉੱਪਰ ਗਾਚਣੀ ਮਲ ਕੇ ਸੁਕਾ ਕੇ ਫਿਰ ਉੱਪਰ ਕਲਮ ਨਾਲ ਲਿਖਿਆ ਜਾਂਦਾ ਸੀ। ਕਲਮਾਂ ਆਮ ਤੌਰ 'ਤੇ ਕਾਨਿਆਂ ਨੂੰ ਘੜ ਕੇ ਚਾਕੂ ਜਾਂ ਬਲੇਡ ਨਾਲ ਕੱਟ ਕੇ ਘੜਦੇ ਸਨ। ਕਲਮ ਦੀ ਚੁੰਝ ਮੋਟੀ ਜਾਂ ਬਾਰੀਕ ਲੋੜ ਅਨੁਸਾਰ ਘੜਦੇ ਬਣਾਉਂਦੇ ਸਨ। ਇਸੇ ਤਰ੍ਹਾਂ ਸਿਆਹੀ ਸੁੱਕੀ ਹੋਈ ਪਤਲੀ ਜਾਂ ਢੇਲੇ ਜਾਂ ਟਿੱਕੀਆਂ ਦੇ ਰੂਪ ਵਿਚ ਮਿਲ ਜਾਂਦੀ ਸੀ ਤੇ ਉਸ ਨੂੰ ਦਵਾਤ ਵਿਚ ਪਾ ਕੇ ਤੇ ਪਾਣੀ ਮਿਲਾ ਕੇ ਰਲਾਇਦਾ ਸੀ ਤੇ ਜੇ ਕਿਤੇ ਜ਼ਿਆਦਾ ਪਾਣੀ ਪੈ ਜਾਵੇ ਤੇ ਉਸ ਨੂੰ ਗਾੜ੍ਹੀ ਕਰਨ ਲਈ ਗੁੜ ਜਾਂ ਖੰਡ ਵਿਚ ਪਾ ਲੈਂਦੇ ਸਨ। ਸਿਆਹੀ ਬਣਾਉਣ ਦੇ ਕਈ ਨੁਸਖੇ ਹੁੰਦੇ ਸਨ। ਇੱਥੇ ਇਹ ਵੀ ਆਖਣਾ ਬਣਦਾ ਹੈ ਕਿ ਕਈ ਪੁਰਾਤਨ ਹੱਥ ਲਿਖਤ ਗ੍ਰੰਥਾਂ ਵਿਚ ਪੱਕੀ ਸਿਆਹੀ ਬਣਾਉਣ ਦੇ ਨੁਸਖੇ ਤਰਲ ਤੇ ਠੋਸ ਆਮ ਤੌਰ 'ਤੇ ਗ੍ਰੰਥ ਦੇ ਅਖੀਰ ਵਿਚ ਲਿਖੇ ਹੋਏ ਸਨ ਤੇ ਕਈ ਪੁਰਾਤਨ ਹੱਥ ਲਿਖਤਾਂ ਵਿਚ ਤਾਂ ਸਿਆਹੀ ਇਤਨੀ ਗੂੜ੍ਹੀ ਤੇ ਵਧੀਆ ਹੈ ਕਿ ਆਮ ਵਿਅਕਤੀ ਦੱਸ ਹੀ ਨਹੀਂ ਸਕਦਾ ਕਿ ਇਹ ਇਤਨੀ ਪੁਰਾਣੀ ਹੱਥ ਲਿਖਤ ਹੈ। ਦੀਵੇ ਦੀ ਕਾਲਖ (ਸਿਆਹੀ) ਤੇ ਕਿੱਕਰ ਦਾ ਗੂੰਦ ਰਲਾ ਕੇ ਵੀ ਸਿਆਹੀ ਨੂੰ ਵਧੀਆ ਬਣਾਉਂਦੇ ਸਨ।

ਅਜੋਕੇ ਸਮੇਂ ਦੇ ਵਿਚ ਵੀ ਕਈ ਥਾਂਵਾਂ 'ਤੇ ਪੰਜਾਬੀ ਦੀ ਸੁਲੇਖ-ਕਲਾ Calligraphy ਖੁਸ਼ਖਤ ਲਿਖਣ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜੋ ਕਿ ਬਹੁਤ ਵਧੀਆ ਕਾਰਜ ਹੈ ਤੇ ਐਸੇ ਵਿਅਕਤੀ ਤੇ ਸੰਸਥਾਵਾਂ ਵਧਾਈ ਦੇ ਪਾਤਰ ਹਨ। ਫੱਟੀ ਦੇ ਇਕ ਪਾਸੇ ਅੱਖਰ ਤੇ ਕਈ ਅਧਿਆਪਕ ਦੂਜੇ ਪਾਸੇ ਪਹਾੜੇ ਲਿਖਵਾਉਂਦੇ ਸਨ। ਸਿੱਧੀਆਂ ਲਾਈਨਾਂ ਵਹਾਈਆਂ ਜਾਂਦੀਆਂ ਸਨ ਇਕਸਾਰਤਾ ਲਈ। ਮਾਸਟਰ ਦੇ ਚੈੱਕ ਕਰਨ ਉਪ੍ਰੰਤ ਫਿਰ ਫੱਟੀ ਧੋ ਕੇ ਗਾਚਣੀ ਮਲ ਕੇ ਸੁੱਕਣ ਲਈ ਕੁਝ ਸਮਾਂ ਰੱਖ ਦਿੱਤਾ ਜਾਂਦਾ ਸੀ ਤੇ ਕਈ ਥਾਂਵਾਂ 'ਤੇ ਤਾਂ ਬੱਚੇ ਇਸ ਤਰ੍ਹਾਂ ਵੀ ਗਾਉਂਦੇ ਸਨ :

ਸੂਰਜਾ ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ ਤਾਂ ਗੰਗਾ ਜਾਹ।

ਜਾਂ

ਸੂਰਜਾ ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ ਤਾਂ ਜੰਗਲ ਜਾਹ।
ਜੰਗਲ ਜਾ ਕੇ ਪਿੰਨੀਆਂ ਪਕਾ
ਇਕ ਪਿੰਨੀ ਫੁੱਟ ਗਈ
ਮੇਰੀ ਫੱਟੀ ਸੁੱਕ ਗਈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਅੱਖਰਾਂ ਦੀ ਮਹਾਨਤਾ ਦਰਸਾਉਣ ਵਾਲੀਆਂ ਬਾਣੀਆਂ ਤੋਂ ਇਲਾਵਾ ਵੀ ਪੱਟੀ ਕਲਮ ਆਦਿ ਦਾ ਜ਼ਿਕਰ ਕਰਦੇ ਹਨ। ਇਸ ਸਲੋਕ ਵਿਚ ਵੀ ਫੁਰਮਾਉਂਦੇ ਹਨ ਕਿ ਹੇ ਪ੍ਰਭੂ ਜੀ ! ਤੁਸੀਂ ਹੀ ਹੋ ਜੋ ਸਭ ਵਿਚ ਵਿਚਰ ਰਹੇ ਹੋ। ਫੁਰਮਾਨ ਹੈ :

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨ ॥ (ਅੰਗ ੧੨੯੧)

ਸਤੈ ਬਲਵੰਡ ਰਾਮਕਲੀ ਰਾਗ ਦੀ ਵਾਰ ਵਿਚ ਫੁਰਮਾਉਂਦੇ ਹਨ ਕਿ ਉਹ ਆਪ ਹੀ ਵਰਤ ਰਿਹਾ ਹੈ ਤੇ ਸਦੀਵ ਹੈ ਜੋ ਹਮੇਸ਼ਾ ਨਵਾਂ ਤੇ ਤਾਜ਼ਾ ਹੈ। ਫੁਰਮਾਨ ਹੈ :

ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥
ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥ (ਅੰਗ ੯੬੮)

ਭਾਈ ਗੁਰਦਾਸ ਜੀ ਵੀ ਪਹਿਲੀ ਵਾਰ ਦੀ 22ਵੀਂ ਪਉੜੀ ਵਿਚ ਐਸਾ ਫੁਰਮਾਨ ਦਰਜ ਕਰਦੇ ਹਨ :

ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ ॥

ਪਰ ਕਿਤੇ ਮਨੁੱਖ ਨੂੰ ਭੁਲੇਖਾ ਨਾ ਪੈ ਜਾਵੇ ਕਿ ਜੇ ਸੌ ਦੇ ਕਰੀਬ ਵਿਦਵਾਨ ਤੇ ਕਵੀ ਜਨ ਰਲ ਕੇ ਵੀਚਾਰ ਕਰਨ ਤਾਂ ਸ਼ਾਇਦ ਪ੍ਰਭੂ ਦੀ ਸਮਝ ਪੈ ਜਾਵੇ। ਸਾਹਿਬ ਜੀ ਦਾ ਫੁਰਮਾਨ ਹੈ :

ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥ (ਅੰਗ ੫੩)

ਭਗਤ ਸ੍ਰੀ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਜੇ ਸੱਤਾਂ ਸਮੁੰਦਰਾਂ ਦੀ ਸਿਆਹੀ ਬਣਾ ਕੇ ਤਿਆਰ ਕਰ ਲਈਏ ਤੇ ਸਾਰੀ ਬਨਾਸਪਤੀ ਦੀਆਂ ਕਲਮਾਂ ਘੜ ਲਈਏ ਤੇ ਸਾਰੀ ਧਰਤੀ ਨੂੰ ਕਾਗਜ਼ ਸਮਝ ਕੇ ਲਿਖੀ ਜਾਈਏ, ਫਿਰ ਵੀ ਪ੍ਰਭੂ ਜੀ ਦੀ ਵਡਿਆਈ ਨਹੀਂ ਬਿਆਨ ਕੀਤੀ ਜਾ ਸਕਦੀ। ਫੁਰਮਾਨ ਹੈ :

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥ (ਅੰਗ ੧੩੬੮)

ਫਿਰ ਕੀ ਲਿਖੀਐ ? ਪ੍ਰਭੂ ਜੀ ਦੇ ਨਾਮ ਦੀ ਸਿਫਤ ਲਿਖ, ਪਰ ਇਸ ਤਰ੍ਹਾਂ ਕਿ ਹੇ ਪ੍ਰਭੂ ਜੀ ! ਤੁਹਾਡੀਆਂ ਵਡਿਆਈਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਫੁਰਮਾਨ ਹੈ :

(ਅੰਗ ੧੬)
ਲਿਖੁ ਨਾਮੁ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥

ਸਤਿਗੁਰੂ ਜੀ ਆਪ ਉਸ ਅਕਾਲ ਪੁਰਖ ਦੀ ਵਡਿਆਈ ਇਕੱਲੇ-ਇਕੱਲੇ ਅੱਖਰ ਦੁਆਰਾ ਉਪਦੇਸ਼ ਬਖ਼ਸ਼ ਕੇ ਸਾਨੂੰ ਸਮਝਾਉਂਦੇ ਹਨ। ਸਤਿਗੁਰੂ ਜੀ ਨੇ ਉੱਚੀਆਂ ਤੇ ਵੱਡੀਆਂ ਭਾਸ਼ਾਵਾਂ ਨੂੰ

ਛੱਡ ਕੇ ਆਮ ਲੋਕਾਂ ਦੀ ਬੋਲੀ ਵਿਚ ਬਾਣੀ ਉਚਾਰੀ ਤੇ ਵਰਤਾਈ। ਜਿੱਥੇ ਪਟੀ ਲਿਖ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਦਰਸਾਈ ਉਥੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਗੁਰਮੁਖੀ ਨੂੰ ਉੱਤਮ ਤੇ ਸ੍ਰੇਸ਼ਟ ਜਾਣ ਕੇ ਜਨਤਾ ਵਿਚ ਹਰਮਨ ਪਿਆਰੀ, ਪ੍ਰਚਲਿਤ ਤੇ ਲੋਕਪ੍ਰਿਯ ਕਰਵਾਇਆ ਤੇ ਤੀਜੇ ਸਤਿਗੁਰੂ ਜੀ ਨੇ ਫਿਰ ਪਟੀ ਬਾਣੀ ਉਚਾਰ ਕੇ ਇਸ ਨੂੰ ਦ੍ਰਿੜ੍ਹ ਕਰਵਾਇਆ। ਸਾਰੇ ਗੁਰੂ ਸਾਹਿਬਾਨ ਜੀ ਦੇ ਗੁਰਮੁਖੀ, ਪੰਜਾਬੀ ਉੱਪਰ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ।

ਕਈ ਗੁਰਮਤਿ ਵਿਰੋਧੀ ਆਖਦੇ ਨੇ ਕਿ ਅੱਖਰ ਮੁਰਦਾ ਤੇ ਵਿਅਰਥ ਹੈਨ ਪਰ ਸਤਿਗੁਰੂ ਜੀ ਕਈ ਸ਼ਬਦਾਂ ਵਿਚ ਅੱਖਰਾਂ ਦੀ ਵਡਿਆਈ ਫੁਰਮਾਉਂਦੇ ਹਨ। ਇੱਥੇ ਇਕ ਦੋ ਉਦਾਹਰਣਾਂ ਹੀ ਲਿਖੀਆਂ ਜਾ ਰਹੀਆਂ ਹਨ। ਫੁਰਮਾਨ ਹਨ :

ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ (ਅੰਗ ੪)

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥ (ਅੰਗ ੨੬੧)

ਪੱਟੀ ਲਿਖਣ ਦੀ ਵਿਰਾਸਤ ਨੂੰ ਭੁੱਲਣਾ ਨਹੀਂ ਚਾਹੀਦਾ ਤੇ ਇਸ ਵਿਰਸੇ ਨੂੰ ਆਪਣੇ ਸਭਿਆਚਾਰ ਦਾ ਖਾਸ ਅੰਗ, ਹਿੱਸਾ ਬਣਾਉਣ ਦੀ ਖਾਸ ਜ਼ਰੂਰਤ ਹੈ। ਪੱਟੀ (ਫੱਟੀ) ਅੱਖਰਾਂ ਨੂੰ ਤਰਤੀਬ ਦੇਣੀ ਲਿਖਣ ਦੀ ਆਰੰਭਤਾ ਸ਼ੁਰੂਆਤ ਹੈ। ਅੱਖਰਾਂ ਦੇ ਜੋੜਨ ਤੋਂ ਹੀ ਸ਼ਬਦ ਬਣਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੰਜ ਬਾਣੀਆਂ ਵਿਖੇ ਅੱਖਰਾਂ ਦੀ ਮਹਾਨਤਾ ਦਰਜ ਕੀਤੀ ਗਈ ਹੈ। ਪਟੀ ਲਿਖੀ, ਪਟੀ, ਬਾਵਨ ਅਖਰੀ ਮਹਲਾ ੫, ਬਾਵਨ ਅਖਰੀ ਭਗਤ ਸ੍ਰੀ ਕਬੀਰ ਜੀ ਤੇ ਦਖਣੀ ਓਅੰਕਾਰ ਵਿਖੇ ਅੱਖਰਾਂ ਪ੍ਰਤੀ ਪ੍ਰਭੂ ਜੀ ਬਾਰੇ ਤੇ ਹੋਰ ਦੁਨਿਆਵੀ ਗਿਆਨ ਬਾਰੇ ਬੇਅੰਤ ਰੂਹਾਨੀ ਉਪਦੇਸ਼ ਹੈ। ਭਗਤ ਸ੍ਰੀ ਕਬੀਰ ਜੀ ਵੀ ਗੁਰਮੁਖੀ ਲਿੱਪੀ ਦੇ ਅੱਖਰਾਂ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਂਗੇ ਜਾਂ ਸੁਣਾਂਗੇ ਤਾਂ ਹੀ ਪਤਾ ਲਗੇਗਾ ਤੇ ਸੋਝੀ ਪਵੇਗੀ।

ਇਤਿਹਾਸ ਦੇ ਪੰਨਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੇ ਭਗਤ ਸ੍ਰੀ ਕਬੀਰ ਜੀ ਦੀ ਮਿਲਣੀ ਦਰਜ ਹੈ। ਇਸੇ ਸਮੇਂ ਹੀ ਗੁਰੂ ਸਾਹਿਬ ਜੀ ਨੇ ਭਗਤ ਕਬੀਰ ਜੀ ਤੇ ਹੋਰ ਭਗਤ ਬਾਣੀ ਇਕੱਤ੍ਰ ਕੀਤੀ। ਉੱਚੀ ਕੁਲ ਦੇ ਵਿਦਵਾਨਾਂ ਨੇ ਗੁਰੂ ਸਾਹਿਬ ਜੀ ਨੂੰ ਬੁਰਾ ਆਖਿਆ ਕਿ ਇਹ ਭੁੱਲ ਗਿਆ ਹੈ ਨੀਚਾਂ ਦੀ ਸੰਗਤ ਕਰਦਾ ਹੈ। ਸਤਿਗੁਰੂ ਜੀ ਦੇ ਕੁਝ ਸ਼ਬਦਾਂ ਵਿਚ ਐਸੇ ਸੰਕੇਤ ਮਿਲਦੇ ਹਨ। ਸਿਰੀਰਾਗ ਦੇ ਵਿਚ ਉਚਾਰਦੇ ਹਨ ਚਲੋ ਠੀਕ ਹੈ ਅਸੀਂ ਤੁਹਾਡੀ ਰੀਸ ਨਹੀਂ ਕਰਨੀ, ਅਸੀਂ ਪ੍ਰਭੂ ਪਿਆਰਿਆਂ (ਨੀਚਾਂ) ਦੇ ਨਾਲ ਹੀ ਸਾਥ ਦਿਆਂਗੇ, ਕਿਉਂਕਿ ਉਥੇ ਅਕਾਲ ਪੁਰਖ ਦੀ ਬਖ਼ਸ਼ਿਸ਼ ਵਰਤਦੀ ਹੈ। ਫੁਰਮਾਨ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਅੰਗ ੧੫)

ਸਤਿਗੁਰੂ ਜੀ ਦੀਆਂ ਅੱਖਰਾਂ ਪ੍ਰਤੀ ਉਪਦੇਸ਼ ਬਖ਼ਸ਼ਦੀਆਂ ਪੰਜ ਬਾਣੀਆਂ ਦੀ ਤਰਤੀਬ ਨੂੰ ਸਮਝਣ ਤੇ ਪਟੀ ਲਿਖੀ ਤੇ ਪਟੀ ਬਾਣੀ ਦੇ ਅਰਥ ਸਮਝਣ, ਜਾਨਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਬਾਣੀ ਵਿਚੋਂ ਹੋਰ ਉਦਾਹਰਣਾਂ ਦੇ ਕੇ ਸਪੱਸ਼ਟ ਕਰਨ ਦੀ ਕੋਸ਼ਿਸ਼ ਹੋਵੇਗੀ। ਸਤਿਗੁਰੂ ਜੀ ਮਿਹਰਾਂ ਵਰਤਾਉਣ ਤਾਂ ਹੀ ਇਹ ਸੰਭਵ ਹੋ ਸਕਦਾ ਹੈ ਕਿਉਂਕਿ ਧੁਰ ਕੀ ਬਾਣੀ ਦੇ ਅਰਥ ਪੜ੍ਹਨੇ, ਕਰਨੇ ਜਾਂ ਕੋਸ਼ਿਸ਼ ਕਰਨੀ ਉਸ ਪ੍ਰਭੂ ਜੀ ਦੀ, ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਤੋਂ ਬਿਨਾਂ ਹੋ ਹੀ ਨਹੀਂ ਸਕਦੇ। ਗੁਰਬਾਣੀ ਅਥਾਹ ਸਾਗਰ ਹੈ ਤੇ ਜਿਤਨਾ ਕੋਈ ਡੂੰਘਾ ਜਾਂਦਾ ਹੈ ਤਾਂ ਹੋਰ ਤੋਂ ਹੋਰ ਅਰਥ ਪ੍ਰਤੀਤ ਹੁੰਦੇ ਹਨ। ਅਸਲ ਵਿਚ ਅਰਥ ਤਾਂ ਗੁਰੂ ਸਾਹਿਬ ਜੀ ਹੀ ਕਰ ਸਕਦੇ ਹਨ ਜਿਨ੍ਹਾਂ ਨੇ ਇਹ ਬਾਣੀ ਉਚਾਰੀ ਹੈ। ਪਰ ਸਤਿਗੁਰੂ ਜੀ ਦੀ ਬਾਣੀ ਬਾਰੇ ਗੱਲਾਂ ਬਾਤਾਂ ਕਹਾਣੀਆਂ ਸਾਨੂੰ ਪੁੱਤ ਤੋਂ ਸਪੁੱਤ ਕਰਦੀਆਂ ਹਨ। ਫੁਰਮਾਨ ਹੈ :

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥
ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ॥ (ਅੰਗ ੯੫੧)

ਸਤਿਗੁਰੂ ਜੀ ਦੇ ਬਚਨ ਮੰਨ ਕੇ ਜੀਵਨ ਵਿਚ ਲਾਗੂ ਕਰਨ ਨਾਲ ਐਸੀਆਂ ਬਖ਼ਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ।

ਪਹਿਲਾਂ ਗੁਰਮੁਖੀ ਦੇ ਪੈਂਤੀ ਅੱਖਰਾਂ ਦੇ ਦਰਸ਼ਨ ਕਰਕੇ ਤੇ ਉਚਾਰਨ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ।

੧.	ੳ	ਅ	ੲ	ਸ	ਹ	ਪਹਿਲਾ ਵਰਗ
੨.	ਕ	ਖ	ਗ	ਘ	ਙ	ਕਵਰਗ
੩.	ਚ	ਛ	ਜ	ਝ	ਞ	ਚਵਰਗ
੪.	ਟ	ਠ	ਡ	ਢ	ਣ	ਟਵਰਗ
੫.	ਤ	ਥ	ਦ	ਧ	ਨ	ਤਵਰਗ
੬.	ਪ	ਫ	ਬ	ਭ	ਮ	ਪਵਰਗ
੭.	ਯ	ਰ	ਲ	ਵ	ੜ	ਅੰਤਿਮ ਵਰਗ

ਇਸ ਨੂੰ ਗੁਰਮੁਖੀ ਅੱਖਰ ਮਾਲਾ ਦੀ ਪਹਿਲੀ ਪਾਲ ਆਖਦੇ ਹਨ। ਇਸ ਪਾਲ ਵਿਚ
੧. ਇਸ ਨੂੰ ਗੁਰਮੁਖੀ ਅੱਖਰ ਮਾਲਾ ਦੀ ਪਹਿਲੀ ਪਾਲ ਆਖਦੇ ਹਨ। ਇਸ ਪਾਲ ਵਿਚ
ਓ, ਅ, ੲ ਤਿੰਨ ਸੁਰ ਹਨ। ਸੁਰ ਧੁਨੀਆਂ ਉਹ ਹੁੰਦੀਆਂ ਹਨ, ਜਿਨ੍ਹਾਂ ਨੂੰ ਉਚਾਰਨ
ਕਰਨ ਸਮੇਂ ਮੂੰਹ ਵਿਚ ਫੇਫੜਿਆਂ ਵਿਚੋਂ ਆਉਂਦੀ ਹਵਾ ਨੂੰ ਕੋਈ ਰੋਕ ਨਹੀਂ ਪੈਂਦੀ।
'ਸ' ਅਤੇ 'ਹ' ਦੋ ਵਿਅੰਜਨ ਹਨ। ਵਿਅੰਜਨ ਉਨ੍ਹਾਂ ਧੁਨੀਆਂ ਨੂੰ ਆਖਦੇ ਹਨ, ਜਿਨ੍ਹਾਂ
ਦਾ ਉਚਾਰਨ ਕਰਨ ਸਮੇਂ ਫੇਫੜਿਆਂ ਵਿਚੋਂ ਆਉਂਦੀ ਹਵਾ ਨੂੰ ਮੂੰਹ ਵਿਚ ਕੋਈ ਨਾ
ਕੋਈ ਰੋਕ ਜ਼ਰੂਰ ਪੈਂਦੀ ਹੈ। ਜਦੋਂ ਅਸੀਂ 'ਸ' ਧੁਨੀ ਬੋਲਦੇ ਹਾਂ ਤਾਂ ਜੀਭ ਉਪਰਲੇ
ਦੰਦਾਂ ਦੇ ਬਿਲਕੁਲ ਪਿਛੇ ਪਾਸੇ, ਤਾਲੂ ਵੱਲ ਲੱਗਦੀ ਹੈ, ਇਸ ਲਈ 'ਸ' ਨੂੰ ਦੰਦੀ
ਧੁਨੀ ਆਖਿਆ ਜਾਂਦਾ ਹੈ। 'ਹ' ਨੂੰ ਸੁਰ ਯੰਤਰੀ ਧੁਨੀ ਕਿਹਾ ਜਾਂਦਾ ਹੈ। ਜਦੋਂ ਅਸੀਂ
'ਹ' ਧੁਨੀ ਬੋਲਦੇ ਹਾਂ ਤਾਂ ਸਾਡੇ ਗਲ ਵਿਚ ਮੌਜੂਦ ਸੁਰ ਤੰਦਾਂ ਇਕ ਦੂਜੇ ਦੇ ਨੇੜੇ
ਆ ਜਾਂਦੀਆਂ ਹਨ, ਜਿਸ ਨਾਲ ਫੇਫੜਿਆਂ ਵਿਚੋਂ ਆ ਰਹੀ ਹਵਾ ਨੂੰ ਰੋਕ ਪੈ ਜਾਂਦੀ
ਹੈ ਤੇ 'ਹ' ਧੁਨੀ ਪੈਦਾ ਹੁੰਦੀ ਹੈ।

੨. ਇਸ ਪਾਲ ਨੂੰ ਕਵਰਗ ਕਿਹਾ ਜਾਂਦਾ ਹੈ। ਕਵਰਗ ਵਿਚ ਪੰਜ ਅੱਖਰ 'ਕ ਖ ਗ ਘ
ਙ' ਸ਼ਾਮਲ ਹਨ। ਇਨ੍ਹਾਂ ਪੰਜਾਂ ਅੱਖਰਾਂ ਦੀਆਂ ਧੁਨੀਆਂ ਨੂੰ ਕੰਠੀ ਧੁਨੀਆਂ ਕਿਹਾ
ਜਾਂਦਾ ਹੈ। ਜਦੋਂ ਅਸੀਂ 'ਕ ਖ ਗ ਘ' ਨੂੰ ਬੋਲਦੇ ਹਾਂ ਤਾਂ ਸਾਡੀ ਜੀਭ ਦਾ ਪਿਛਲਾ
ਹਿੱਸਾ, ਕੰਠ ਵਿਚਲੇ ਪਿਛਲੇ ਕੋਮਲ ਤਾਲੂ ਨਾਲ ਲੱਗ ਕੇ, ਫੇਫੜਿਆਂ ਵਿਚੋਂ ਬਾਹਰ
ਆਉਂਦੀ ਹਵਾ ਨੂੰ ਰੋਕ ਪਾਉਂਦਾ ਹੈ, ਜਿਸ ਦੇ ਨਤੀਜੇ ਵਜੋਂ 'ਕ ਖ ਗ ਘ ਙ'
ਧੁਨੀਆਂ ਦਾ ਉਚਾਰਨ ਹੁੰਦਾ ਹੈ। ਇਸ ਲਈ ਇਨ੍ਹਾਂ ਧੁਨੀਆਂ ਦਾ ਉਚਾਰਨ ਕੰਠ
ਵਿਚੋਂ ਹੁੰਦਾ ਹੈ, ਸਿਟੇ ਵਜੋਂ ਇਨ੍ਹਾਂ ਨੂੰ ਕੰਠੀ ਧੁਨੀਆਂ ਕਿਹਾ ਜਾਂਦਾ ਹੈ। 'ਙ' ਧੁਨੀ
ਕੰਠੀ ਵੀ ਹੈ ਅਤੇ ਨਾਸਕੀ ਵੀ। ਇਸ ਦਾ ਉਚਾਰਨ ਕੰਠ ਵਿਚ ਹੁੰਦਾ ਹੋਇਆ ਨੱਕ
ਵਿਚ ਚਲਾ ਜਾਂਦਾ ਹੈ। ਇਸ ਲਈ 'ਙ' ਨੂੰ ਕੰਠੀ ਨਾਸਕੀ ਕਿਹਾ ਜਾਂਦਾ ਹੈ।

੩. ਇਸ ਪਾਲ ਨੂੰ ਚਵਰਗ ਕਿਹਾ ਜਾਂਦਾ ਹੈ। ਚਵਰਗ ਵਿਚ ਪੰਜ ਅੱਖਰ 'ਚ ਛ ਜ ਝ ਞ' ਸ਼ਾਮਲ ਹਨ। ਇਨ੍ਹਾਂ ਅੱਖਰਾਂ ਦੀਆਂ ਧੁਨੀਆਂ ਨੂੰ ਤਾਲਵੀ ਕਿਹਾ ਜਾਂਦਾ ਹੈ। ਜਦੋਂ ਅਸੀਂ 'ਚ ਛ ਜ ਝ ਞ' ਬੋਲਦੇ ਹਾਂ ਤਾਂ ਸਾਡੀ ਜੀਭ ਦਾ ਅਗਲਾ ਹਿੱਸਾ ਦੰਦਾਂ ਤੋਂ ਪਿਛਲੇ ਕਠੋਰ ਤਾਲੂ ਨਾਲ ਲੱਗ ਕੇ ਅੰਦਰੋਂ ਆਉਂਦੀ ਹਵਾ ਵਿਚ ਰੋਕ ਪਾਉਂਦਾ ਹੈ। ਸਿੱਟੇ ਵਜੋਂ ਇਨ੍ਹਾਂ ਧੁਨੀਆਂ ਦਾ ਉਚਾਰਨ ਹੁੰਦਾ ਹੈ। ਇਸ ਲਈ ਇਨ੍ਹਾਂ ਧੁਨੀਆਂ ਨੂੰ ਤਾਲਵੀ ਧੁਨੀਆਂ ਕਿਹਾ ਜਾਂਦਾ ਹੈ। 'ਞ' ਧੁਨੀ ਤਾਲਵੀ ਵੀ ਹੈ ਤੇ ਨਾਸਕੀ ਵੀ। ਇਸ ਦਾ ਮੂੰਹ ਵਿਚ ਉਚਾਰਨ ਵੀ ਉਵੇਂ ਹੀ ਹੁੰਦਾ ਹੈ, ਜਿਵੇਂ ਬਾਕੀ ਚਾਰ ਧੁਨੀਆਂ ਦਾ। ਇਸ ਵਿਚ ਇਕ ਵੱਖਰਤਾ ਇਹ ਹੈ ਕਿ ਇਸ ਦਾ ਉਚਾਰਨ ਮੂੰਹ ਵਿਚੋਂ ਹੋ ਕੇ ਨੱਕ ਵਿਚ ਚਲਾ ਜਾਂਦਾ ਹੈ, ਕਿਉਂਕਿ ਇਸ ਦਾ ਉਚਾਰਨ ਮੂੰਹ ਦੇ ਨਾਲ-ਨਾਲ ਨੱਕ ਵਿਚੋਂ ਵੀ ਹੁੰਦਾ ਹੈ।

੪. ਇਸ ਪਾਲ ਨੂੰ ਟਵਰਗ ਕਿਹਾ ਜਾਂਦਾ ਹੈ। ਟਵਰਗ ਵਿਚ ਪੰਜ ਅੱਖਰ 'ਟ ਠ ਡ ਢ ਣ' ਸ਼ਾਮਲ ਹਨ। ਇਨ੍ਹਾਂ ਅੱਖਰਾਂ ਦੀਆਂ ਧੁਨੀਆਂ ਨੂੰ ਉਲਟ ਜੀਭੀ ਕਿਹਾ ਜਾਂਦਾ ਹੈ। ਜਦੋਂ ਅਸੀਂ 'ਟ ਠ ਡ ਢ ਣ' ਬੋਲਦੇ ਹਾਂ ਤਾਂ ਸਾਡੀ ਜੀਭ ਦੀ ਨੋਕ ਉੱਪਰ ਵੱਲ ਪੁੱਠੀ ਹੋ ਕੇ ਤਾਲੂ ਨਾਲ ਲੱਗ ਕੇ ਅੰਦਰੋਂ ਆਉਂਦੀ ਹਵਾ ਨੂੰ ਰੋਕ ਪਾਉਂਦੀ ਹੈ, ਜਿਸ ਦੁਆਰਾ ਇਹ ਧੁਨੀਆਂ ਪੈਦਾ ਹੁੰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਉਲਟ ਜੀਭੀ ਕਿਹਾ ਜਾਂਦਾ ਹੈ। 'ਣ' ਧੁਨੀ ਉਲਟ ਜੀਭੀ ਨਾਸਕੀ ਧੁਨੀ ਹੈ। ਇਸ ਦਾ ਉਚਾਰਨ ਮੂੰਹ ਦੇ ਨਾਲ-ਨਾਲ ਨੱਕ ਵਿਚੋਂ ਦੀ ਹੋ ਕੇ ਹੁੰਦਾ ਹੈ।

੫. ਇਸ ਪਾਲਕ ਨੂੰ ਤਵਰਗ ਕਿਹਾ ਜਾਂਦਾ ਹੈ। ਇਸ ਵਿਚ ਪੰਜ ਅੱਖਰ 'ਤ ਥ ਦ ਧ ਨ' ਸ਼ਾਮਲ ਹਨ। ਇਨ੍ਹਾਂ ਅੱਖਰਾਂ ਦੀਆਂ ਧੁਨੀਆਂ ਨੂੰ ਦੰਤੀ ਕਿਹਾ ਜਾਂਦਾ ਹੈ। ਜਦੋਂ ਅਸੀਂ 'ਤ ਥ ਦ ਧ ਨ' ਬੋਲਦੇ ਹਾਂ ਤਾਂ ਸਾਡੀ ਜੀਭ ਦਾ ਅਗਲਾ ਹਿੱਸਾ ਉਪਰਲੇ ਦੰਦਾਂ ਦੇ ਪਿਛਲੇ ਹਿੱਸੇ ਨੂੰ ਛੂੰਹਦਾ ਹੈ ਅਤੇ ਅੰਦਰੋਂ ਆਉਂਦੀ ਹਵਾ ਨੂੰ ਰੋਕ ਪਾਉਂਦਾ ਹੈ, ਸਿਟੇ ਵਜੋਂ ਇਨ੍ਹਾਂ ਧੁਨੀਆਂ ਦਾ ਉਚਾਰਨ ਹੁੰਦਾ ਹੈ। ਇਨ੍ਹਾਂ ਧੁਨੀਆਂ ਵਿਚੋਂ 'ਨ' ਧੁਨੀ ਦੰਤੀ ਹੋਣ ਦੇ ਨਾਲ-ਨਾਲ ਨਾਸਕੀ ਵੀ ਹੈ, ਇਸ ਦਾ ਉਚਾਰਨ ਮੂੰਹ ਅਤੇ ਨੱਕ ਦੋਵਾਂ ਰਾਹੀਂ ਹੁੰਦਾ ਹੈ।

੬. ਇਸ ਪਾਲ ਨੂੰ ਪਵਰਗ ਕਿਹਾ ਜਾਂਦਾ ਹੈ। ਇਸ ਵਿਚ ਪੰਜ ਅੱਖਰ 'ਪ ਫ ਬ ਭ ਮ' ਸ਼ਾਮਲ ਹਨ। ਇਨ੍ਹਾਂ ਅੱਖਰਾਂ ਦੀਆਂ ਧੁਨੀਆਂ ਨੂੰ ਦੋ ਹੋਠੀ ਕਿਹਾ ਜਾਂਦਾ ਹੈ। ਜਦੋਂ ਅਸੀਂ 'ਪ ਫ ਬ ਭ ਮ' ਬੋਲਦੇ ਹਾਂ ਤਾਂ ਸਾਡੇ ਦੋਵੇਂ ਹੋਠ ਆਪਸ ਵਿਚ ਜੁੜ ਕੇ ਅੰਦਰੋਂ ਆਉਂਦੀ ਹਵਾ ਵਿਚ ਰੋਕ ਪਾਉਂਦੇ ਹਨ, ਜਿਸ ਦੇ ਨਤੀਜੇ ਵਜੋਂ ਇਹ ਧੁਨੀਆਂ ਪੈਦਾ ਹੁੰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਦੋ ਹੋਠੀ ਧੁਨੀਆਂ ਕਿਹਾ ਜਾਂਦਾ ਹੈ। 'ਮ' ਧੁਨੀ ਦੋ ਹੋਠੀ ਨਾਸਕੀ ਧੁਨੀ ਹੈ। ਇਸ ਦਾ ਉਚਾਰਨ ਮੂੰਹ ਅਤੇ ਨੱਕ ਦੋਵਾਂ ਰਾਹੀਂ ਹੁੰਦਾ ਹੈ।

੭. ਇਸ ਪਾਲ ਨੂੰ ਅੰਤਿਮ ਵਰਗ ਆਖਦੇ ਹਨ। ਇਸ ਵਿਚ ਪੰਜ ਅੱਖਰ 'ਯ ਰ ਲ ਵ ੜ' ਸ਼ਾਮਲ ਹਨ। ਇਸ ਵਰਗ ਵਿਚ ਸ਼ਾਮਲ ਧੁਨੀਆਂ ਪੂਰੀ ਤਰ੍ਹਾਂ ਕਿਸੇ ਵਰਗ ਨਾਲ ਸੰਬੰਧ ਨਹੀਂ ਰੱਖਦੀਆਂ ਹਨ। 'ਯ' ਧੁਨੀ ਦਾ ਉਚਾਰਨ, ਤਾਲਵੀ ਧੁਨੀਆਂ 'ਚ ਛ ਜ ਝ' ਦੇ ਬਹੁਤ ਨੇੜੇ ਹੈ, ਇਸ ਲਈ ਇਸ ਨੂੰ ਤਾਲਵੀ ਕਿਹਾ ਜਾਂਦਾ ਹੈ। 'ਰ ਲ' ਧੁਨੀਆਂ ਦਾ ਉਚਾਰਨ, ਦੰਤੀ ਧੁਨੀਆਂ 'ਤ ਥ ਦ ਧ' ਦੇ ਬਹੁਤ ਨੇੜੇ ਹੈ, ਇਸ ਲਈ ਇਨ੍ਹਾਂ ਨੂੰ ਦੰਤੀ ਧੁਨੀਆਂ ਕਿਹਾ ਜਾਂਦਾ ਹੇ। 'ਵ' ਧੁਨੀ ਦਾ ਉਚਾਰਨ, ਦੋ ਹੋਠੀ ਧੁਨੀਆਂ 'ਪ ਫ ਬ ਭ' ਦੇ ਬਹੁਤ ਨੇੜੇ ਹੈ, ਇਸ ਲਈ ਇਸ ਨੂੰ ਦੋ ਹੋਠੀ ਧੁਨੀਆਂ ਦੀ ਸ਼੍ਰੇਣੀ ਵਿਚ ਰੱਖ ਲਿਆ ਜਾਂਦਾ ਹੈ। 'ੜ' ਧੁਨੀ ਦੇ ਉਚਾਰਨ ਵੇਲੇ ਜੀਭ ਉਲਟ ਹੋਣ ਦੇ ਨਾਲ-ਨਾਲ ਫਟਕਦੀ ਵੀ ਹੈ, ਇਸ ਲਈ ਇਸ ਨੂੰ ਉਲਟ ਜੀਭੀ ਫਟਕਵੀਂ ਧੁਨੀ ਕਿਹਾ ਜਾਂਦਾ ਹੈ।

ਪਹਿਲਾਂ ਸਿਖਿਆਰਥੀਆਂ ਨੂੰ ਮੁਹਾਰਨੀ ਦਾ ਅਭਿਆਸ ਕਰਵਾਇਆ ਜਾਂਦਾ ਹੈ ਤੇ ਪਰੰਪਰਾ ਅਨੁਸਾਰ ਇਸ ਦਾ ਅਭਿਆਸ ਵੀ ਪਹਾੜਿਆਂ ਵਾਂਗੂੰ ਉੱਚੀ-ਉੱਚੀ ਗਾ ਕੇ ਕੀਤਾ ਜਾਂਦਾ ਹੈ। ਇਹ ਅਭਿਆਸ ਗੁਰਬਾਣੀ ਨੂੰ ਸ਼ੁਧ ਪੜ੍ਹਨ, ਬੋਲਣ ਵਿਚ ਬਹੁਤ ਹੀ ਸਹਾਇਕ ਹੁੰਦਾ ਹੈ। ਇੱਥੇ ਇਹ ਮੁਹਾਰਨੀ ਨਹੀਂ ਲਿਖੀ ਜਾ ਰਹੀ।

ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਜੋ ਪੰਜ ਬਾਣੀਆਂ ਅੱਖਰਾਂ ਦੁਆਰਾ ਉਪਦੇਸ਼ ਵਰਨਣ ਕਰਦੀਆਂ ਹਨ ਉਨ੍ਹਾਂ ਦੇ ਨਕਸ਼ਾ, ਮਾਨ-ਚਿਤਰ ਬਣਾ ਕੇ ਕੁਝ ਸਮਝਣ, ਅਨੁਮਾਨ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਸਤਿਗੁਰੂ ਜੀ ਦੀ ਬਖ਼ਸ਼ਿਸ਼ ਮਿਹਰ ਦੁਆਰਾ। ਹਰੇਕ ਗੱਲ ਨੂੰ ਸਮਝਣਾ ਜਾਂ ਉਸ ਦੀ ਬੁਨਿਆਦ ਮੂਲ ਨੂੰ ਜਾਣ ਲੈਣਾ ਬਹੁਤ ਹੀ ਕਠਿਨ ਕਾਰਜ ਹੈ। ਬਹੁਤ ਸਾਰੇ ਭਾਸ਼ਾ ਵਿਗਿਆਨੀ ਤੇ ਖੋਜੀ ਪੁਰਾਤਨ ਗ੍ਰੰਥਾਂ, ਦਸਤਾਵੇਜਾਂ ਨੂੰ ਜਾਂਚ ਕੇ ਤੇ ਆਪਣੇ ਰਾਏ ਦਿੰਦੇ ਨੇ, ਪਰ ਗੁਰਬਾਣੀ ਦੇ ਅੱਖਰਾਂ ਤੇ ਉਨ੍ਹਾਂ ਦੇ ਪ੍ਰਤੀ ਉਪਦੇਸ਼ਾਂ ਨੂੰ ਸਮਝਣਾ ਸਤਿਗੁਰ ਜੀ ਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਹੈ।

ਇਨ੍ਹਾਂ ਪੰਜਾਂ ਹੀ ਬਾਣੀਆਂ ਦੁਆਰਾ ਜੋ ਅੱਖਰਾਂ ਦੁਆਰਾ ਉਪਦੇਸ਼ ਹਨ ਉਹ ਬਹੁਤ ਹੀ ਪਵਿੱਤਰ, ਪਾਵਨ, ਭਾਵਨਾ ਭਰੇ ਰੂਹਾਨੀ ਉਪਦੇਸ਼ ਹਨ ਜੋ ਕਿ ਮਨੁੱਖ ਦੁਆਰਾ ਅਪਣਾਏ ਜਾਣ ਤੇ ਬਹੁਤ ਕਲਿਆਣਕਾਰੀ ਸਿੱਧ ਹੋ ਸਕਦੇ ਹਨ। ਇਨ੍ਹਾਂ ਪੰਜਾਂ ਬਾਣੀਆਂ ਦੀ ਤਰਤੀਬ ਲਿਖੀ ਜਾ ਰਹੀ ਹੈ, ਸਤਿਗੁਰੂ ਜੀ ਨੇ ਜਿਸ ਤਰ੍ਹਾਂ ਠੀਕ ਮਹਿਸੂਸ ਕੀਤਾ ਉਸੇ ਤਰੀਕੇ ਨਾਲ ਉਪਦੇਸ਼ ਬਖ਼ਸ਼ਿਆ ਹੈ। ਸਾਡੇ ਵੱਲੋਂ ਕੀਤਾ ਕੋਈ ਵੀ ਕਿੰਤੂ, ਪ੍ਰੰਤੂ ਸਾਡੀ ਭੁੱਲ ਤੇ ਅਗਿਆਨਤਾ ਹੋਵੇਗੀ। ਪੂਰੇ ਸਤਿਗੁਰੂ ਜੀ ਨੇ ਜਿਵੇਂ ਵੀ ਉਪਦੇਸ਼, ਪ੍ਰੇਰਨਾ ਬਖ਼ਸ਼ੀ ਹੈ ਸਭ ਸਹੀ ਹੈ। ਫ਼ੁਰਮਾਨ ਵੀ ਹੈ :

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥ (ਅੰਗ ੧੪੧੨)

ਪਟੀ ਲਿਖੀ

ਇਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਆਸਾ ਰਾਗ ਦੇ ਵਿਖੇ ਪੰਨਿਆਂ ੪੩੨-੪੩੪ ਵਿਖੇ ਬਿਰਾਜਮਾਨ ਬਾਣੀ ਹੈ। ਇਸ ਬਾਣੀ ਦੇ ਪੈਂਤੀ ਬੰਦ ਹਨ ਤੇ ਗੁਰਮੁਖੀ ਦੇ ਸਾਰੇ ਪੈਂਤੀ ਅੱਖਰਾਂ ਦੁਆਰਾ ਸਤਿਗੁਰੂ ਜੀ ਸਾਡੇ ਸਭ ਦੇ ਭਲੇ ਲਈ ਉਪਦੇਸ਼ ਬਖ਼ਸ਼ਦੇ ਹਨ। ਅੱਖਰਾਂ ਦੁਆਰਾ ਉਪਦੇਸ਼ ਦੀ ਤਰਤੀਬ ਇਉਂ ਹੈ ਜੀ :

ਸ	ੲ	ੳ	ਙ	ਕ
	ਖ	ਗ	ਘ	
ਚ	ਛ	ਜ	ਝ	ਞ
ਟ	ਠ	ਡ	ਢ	ਣ
ਤ	ਥ	ਦ	ਧ	ਨ
ਪ	ਫ	ਬ	ਭ	ਮ
ਯ	ਰ	ਲ	ਵ	ੜ
	ਹ	ਅ		

ਸਤਿਗੁਰੂ ਜੀ ਦੀ ਆਪਣੀ ਅਜ਼ਾਦੀ ਤੇ ਮੌਜ ਹੈ ਜੋ ਤਰਤੀਬ ਵਿਚ ਉਨ੍ਹਾਂ ਨੇ ਉਪਦੇਸ਼ ਬਖ਼ਸ਼ਿਆ ਹੈ। ਇਸ ਆਤਮਿਕ, ਅਧਿਆਤਮਿਕ ਤੇ ਰੂਹਾਨੀ ਸਬਕ ਨਾਲ ਗੋਪਾਲ ਪਾਂਧਾ ਜੀ ਨੂੰ ਨਿਹਾਲ ਕੀਤਾ। ਸਤਿਗੁਰੂ ਜੀ ਸਾਨੂੰ ਵੀ ਮਿਹਰ ਕਰਕੇ ਸੋਝੀ ਬਖ਼ਸ਼ਣ ਤਾਂ ਕਿ ਸਾਡਾ ਵੀ ਗੁਰਮੁਖੀ ਪ੍ਰਤੀ ਪਿਆਰ ਤੇ ਸਤਿਕਾਰ ਪ੍ਰਫੁੱਲਤ ਹੋਵੇ।

ਪਟੀ

ਇਹ ਬਾਣੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਆਸਾ ਰਾਗ ਦੇ ੪੩੪-੪੩੫ ਪੰਨਿਆਂ ਵਿਖੇ ਦਰਜ ਹੈ। ਇਸ ਦੇ ਅਠਾਰਾਂ ਬੰਦ ਹਨ ਤੇ ਇਸ ਪਟੀ ਬਾਣੀ ਵਿਚ ਸਾਰੇ ਗੁਰਮੁਖੀ ਅੱਖਰ ਨਹੀਂ ਵਰਤੇ ਗਏ, ਸਤਿਗੁਰ ਜੀ ਦੀ ਆਪਣੀ ਸੁਤੰਤਰਤਾ ਹੈ। ਇਹ ਜਿਵੇਂ ਪੈਂਤੀ ਤੋਂ ਬਾਅਦ ਭੁਲਾਵੇਂ ਅੱਖਰ ਕਾਇਦਿਆਂ ਵਿਚ ਲਿਖੇ ਹੋਏ ਹੁੰਦੇ ਨੇ। ਸਰਬੱਤ ਦੇ ਭਲੇ ਵਾਸਤੇ ਸਤਿਗੁਰੂ ਜੀ ਇਸ ਤਰਤੀਬ ਨਾਲ ਉਪਦੇਸ਼ ਬਖ਼ਸ਼ਦੇ ਹਨ :

ਨ	ਛ	ਬ	ਜ	ਸ
	ਮ	ਕ		
ਤ	ਥ	ਘ	ਦ	
ਪ	ਭ	ਵ	ਝ	
	ਧ	ਗ		
	ਹ	ਰ		

ਐਲਾਨੀਆ ਤੌਰ 'ਤੇ ਫੁਰਮਾਨ ਕਰਨ ਤੋਂ ਬਿਨਾਂ ਹੇਠ ਲਿਖੇ ਅੱਖਰ ਇਸ ਬਾਣੀ ਵਿਚ ਨਹੀਂ ਵਰਤੇ ਗਏ,ਪਰ ਕੁਝ ਅੱਖਰ ਗੁਹਜ ਰੂਪ ਵਿਚ ਵਰਤੇ ਗਏ ਹਨ ਉਪਦੇਸ਼ ਵਾਸਤੇ। ਪ੍ਰਗਟ ਰੂਪ ਵਿਚ ਹੇਠ ਲਿਖੇ ਅੱਖਰ ਇਸ ਬਾਣੀ ਵਿਚ ਸ਼ਾਮਲ ਨਹੀਂ ਹਨ।

ੳ	ਅ	ੲ		
ਖ	ਙ	ਚ	ਞ	
ਟ	ਠ	ਡ	ਢ	ਣ
ਫ	ਯ	ਲ	ੜ	

ੴ ਸਤਿਗੁਰ ਪ੍ਰਸਾਦਿ॥
ਗਉੜੀ ਬਾਵਨ ਅਖਰੀ ਮਹਲਾ ੫

ਇਹ ਗੁਰਮੁਖੀ ਅੱਖਰਾਂ ਪ੍ਰਤੀ ਉਪਦੇਸ਼ ਬਾਣੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਗਉੜੀ ਰਾਗ ਦੇ ਪੰਨਿਆਂ ੨੫੦-੨੬੨ ਦੇ ਵਿਖੇ ਬਿਰਾਜਮਾਨ ਹੈ। ਇਸ ਬਾਣੀ ਵਿਚ ਸਲੋਕ ਤੇ ਪਉੜੀਆਂ ਹਨ ਵਾਰਾਂ ਦੀ ਤਰ੍ਹਾਂ। ਇਸ ਬਾਣੀ ਦੇ 55 ਬੰਦ ਹਨ। ਇਸ ਬਾਣੀ ਵਿਚ ਸ ਤੇ ਙ ਅੱਖਰ ਤਿੰਨ ਵਾਰੀ ਵਰਤੇ ਗਏ ਹਨ ਤੇ ਇਨ੍ਹਾਂ ਅੱਖਰਾਂ ਦੁਆਰਾ ਤਿੰਨ-ਤਿੰਨ ਵਾਰੀ ਵੱਖਰੇ ਉਪਦੇਸ਼ ਹਨ। ਅੱਖਰ ਮ ਲ ਯ ਤੇ ਰ ਦੁਆਰਾ ਦੋ-ਦੋ ਵਾਰੀ ਉਪਦੇਸ਼ ਅੰਕਿਤ ਹਨ। ਅੱਖਰ ਅ ੲ ਤੇ ਟ ਬਾਰੇ ਅੱਖਰ ਨੂੰ ਬੋਲ ਕੇ ਉਪਦੇਸ਼ ਨਹੀਂ ਹੈ ਪਰ ਸਲੋਕ ਤੇ ਪਉੜੀਆਂ ਇਨ੍ਹਾਂ ਅੱਖਰਾਂ ਦੁਆਰਾ ਸ਼ੁਰੂ ਹੁੰਦੀਆਂ ਹਨ। ਸੋ ਭਾਵ ਇਹ ਹੈ ਕਿ ਸਾਰੇ ਅੱਖਰ ਵਰਤੇ ਗਏ ਹਨ ਤੇ ਅੱਖਰਾਂ ਪ੍ਰਤੀ ਉਪਦੇਸ਼ਾਂ ਵਿਚ ਇਹ ਸਭ ਤੋਂ ਲੰਬੀ ਬਾਣੀ ਹੈ। ਇਸ ਦੀ ਤਰਤੀਬ ਇਉਂ ਹੈ ਜੀ :

ੳ	ਅੰ	ਸ	ਧ	ਙ
ਰ	ਲ	ਯ	ਙ	
ਕ	ਖ	ਗ	ਘ	ਙ
ਚ	ਛ	ਜ	ਝ	ਞ
ਠ	ਡ	ਢ	ਣ	
ਤ	ਥ	ਦ	ਧ	ਨ
ਪ	ਫ	ਬ	ਭ	ਮ
ਯ	ਰ	ਲ	ਵ	ੜ
ਸ	ਖ	ਸ		

ਰਾਮਕਲੀ ਮਹਲਾ ੧ ਦਖਣੀ ਓਅੰਕਾਰ

ਇਹ ਗੁਰਮੁਖੀ ਅੱਖਰਾਂ ਰਾਹੀਂ ਉਪਦੇਸ਼ ਬਾਣੀ ਰਾਮਕਲੀ ਰਾਗ ਵਿਚ ਪੰਨਿਆਂ ੯੨੯-੯੩੮ ਵਿਖੇ ਬਿਰਾਜਮਾਨ ਹੈ। ਇਸ ਲਈ ਵਿਚ 54 ਬੰਦ ਹਨ ਜਾਂ ਪਉੜੀਆਂ ਵੀ ਕਈ ਵਿਅਕਤੀ ਆਖ ਲੈਂਦੇ ਹਨ। ਇਸ ਬਾਣੀ ਵਿਚ ਸਾਰੇ ਅੱਖਰ ਵਰਤੇ ਗਏ ਹਨ ਤੇ ਅੱਖਰ ਸ ਗ ਤੇ ਜ ਤਿੰਨ-ਤਿੰਨ ਵਾਰੀ ਵਰਤੇ ਗਏ ਹਨ। ਅੱਖਰ ਖ, ਧ, ਬ, ਰ ਤੇ ਲ ਦੋ-ਦੋ ਵਾਰੀ ਵਰਤੇ ਗਏ ਹਨ। ਇਸੇ ਬਾਣੀ ਵਿਖੇ ਙ ਦੀ ਥਾਂ ਗ ਵਰਤਿਆ ਗਿਆ ਹੈ ਪਰ ਪਹਿਲਾਂ ਙ ਲਿਖਿਆ ਗਿਆ ਤੇ ਇਸੇ ਤਰ੍ਹਾਂ ਯ ਦੀ ਥਾਂ ਜ ਅਤੇ ਵ ਦੀ ਥਾਂ ਬ ਵਰਤਿਆ ਗਿਆ ਹੈ। ੲ ਅੱਖਰ ਨਾਲ 5,6 ਤੇ 7 ਨੰਬਰ ਅੰਕ ਪਉੜੀਆਂ ਹਨ ਤੇ ੳ ਅੱਖਰ ਨਾਲ 8 ਤੇ 9 ਨੰਬਰ 1 ਅੱਖਰ ਰ ਨਾਲ 10,11 ਤੇ 44 ਨੰਬਰ ਪਉੜੀਆਂ ਹਨ। ਅੱਖਰਾਂ ਦੀ ਤਰਤੀਬ ਇਸ ਤਰ੍ਹਾਂ ਹੈ ਜੀ :

ਸ	ਧ	ਙ	ਏ		
ੳ	ਰ	ਲ	ਅ		
ਜ	ਵ	ਗ	ਕ		
ਖ	ਗ	ਘ	ਗ		
ਚ	ਛ	ਜ	ਝ	ਞ	
ਞ	ਟ	ਠ	ਡ	ਢ	ਣ
ਤ	ਥ	ਦ	ਧ	ਨ	
ਪ	ਫ	ਬ	ਭ	ਮ	
ਜ	ਰ	ਲ	ਬ	ੜ	
ਸ	ਖ	ਸ	ਹ		

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀ ਕੀ

ਇਹ ਗੁਰਮੁਖ ਅੱਖਰਾਂ ਪ੍ਰਤੀ ਉਪਦੇਸ਼ ਭਗਤ ਸ੍ਰੀ ਕਬੀਰ ਜੀ ਦੀ ਬਾਣੀ ਗਉੜੀ ਰਾਗੁ ਵਿਖੇ ਪੰਨਿਆਂ ੩੪੦-੩੪੩ ਉੱਪਰ ਬਿਰਾਜਮਾਨ ਹੈ। ਇਸ ਬਾਣੀ ਦੇ 45 ਬੰਦ ਹਨ ਤੇ ਇਸ ਬਾਣੀ ਵਿਚ ਚਾਰ ਅੱਖਰ ਸ ਮ ਵ ਤੇ ਖ ਦੋ-ਦੋ ਵਾਰੀ ਆਏ ਹਨ ਭਾਵ ਇਨ੍ਹਾਂ ਅੱਖਰਾਂ ਬਾਰੇ ਦੋ ਵਾਰੀ ਉਪਦੇਸ਼ ਹਨ। ਤਿੰਨ ਅੱਖਰ ਅ ੲ ਤੇ ੜ ਐਲਾਨੀਆ ਤੌਰ 'ਤੇ ਦਰਜ ਨਹੀਂ ਹਨ ਪਰ ਇਹ ਓਅੰ ਤੇ ਓਅੰਕਾਰ ਲਿਖਦਿਆਂ ਗੁਹਜ ਤੇ ਗੁਪਤ ਰੂਪ ਵਿਚ ਆ ਹੀ ਜਾਂਦੇ ਹਨ। ਇਸੇ ਤਰ੍ਹਾਂ ਹੀ ਊ ਲਿਖਦਿਆਂ ਊ-ੜਾ ੜ ਆ ਹੀ ਜਾਂਦਾ ਹੈ। ਇਸ ਬਾਣੀ ਦੀ ਤਰਤੀਬ ਇਸ ਤਰ੍ਹਾਂ ਹੈ ਜੀ :

		ੳ			
ਕ	ਖ	ਗ	ਘ	ਙ	
ਚ	ਛ	ਜ	ਝ	ਞ	
ਟ	ਠ	ਡ	ਢ	ਣ	
ਤ	ਥ	ਦ	ਧ	ਨ	
ਪ	ਫ	ਬ	ਭ	ਮ	
ਮ	ਯ	ਰ	ਲ	ਵ	
ਵ	ਸ	ਖ	ਸ	ਹ	ਖ

ਅੱਖਰਾਂ ਪ੍ਰਤੀ ਉਚਾਰੀਆਂ ਇਹ ਬਾਣੀਆਂ ਦੇ ਅਰਥ ਵੀਚਾਰਨ ਤੋਂ ਪਹਿਲਾਂ ਇਨ੍ਹਾਂ ਬਾਣੀਆਂ ਬਾਰੇ ਕਾਫੀ ਸਪੱਸ਼ਟ ਹੋ ਕੇ ਇਕ ਗੱਲ ਉਭਰ ਕੇ ਸਾਮ੍ਹਣੇ ਆਉਂਦੀ ਹੈ ਕਿ ਇਹ ਬਾਣੀਆਂ ਜ਼ਿਆਦਾਤਰ ਅਧਿਆਪਕ ਪਾਂਧੇ ਜੋ ਸੰਸਕ੍ਰਿਤ ਦੀ ਵਿੱਦਿਆ ਬੱਚਿਆਂ ਨੂੰ ਦੇ ਰਹੇ ਸਨ ਉਨ੍ਹਾਂ ਨੂੰ ਸੰਬੋਧਨ ਕਰਕੇ ਸਮਝਾਉਣ ਲਈ ਉਚਾਰੀਆਂ ਗਈਆਂ ਹਨ। ਪਾਂਧੇ ਪਹਿਲਾਂ ਬੱਚਿਆਂ ਨੂੰ ਜੋ ਸੰਸਕ੍ਰਿਤ ਦੀ ਪੱਟੀ ਲਿਖ ਕੇ ਦਿੰਦੇ ਸਨ ਸਤਿਗੁਰੂ ਜੀ ਤੇ ਭਗਤ ਕਬੀਰ ਜੀ ਨੇ ਵੀ ਓਹੋ ਹੀ ਸੰਸਕ੍ਰਿਤ ਦੀ ਤਰਤੀਬ ਅਨੁਸਾਰ ਰੂਹਾਨੀ ਉਪਦੇਸ਼ ਬਖ਼ਸ਼ੇ ਹਨ।

ਗੁਰਮੁਖੀ ਪੈਂਤੀ ਵਾਗੂੰ ਸੰਸਕ੍ਰਿਤ ਦੀ ਵਰਣਮਾਲਾ ਨੂੰ ਬਾਵਨ ਅੱਖਰ ਆਖਿਆ ਹੈ। ਜੇ ਇਸ ਵਰਣਮਾਲਾ ਨੂੰ ਕ੍ਰਮਵਾਰ ਦੇਖੀਏ ਤਾਂ ਇਹ ਜੋੜ 52 ਨਹੀਂ ਬਣਦਾ, ਪਰ ਉਸ ਸਮੇਂ ਦੇ ਪਾਂਧਿਆਂ ਨੇ ਇਸ ਨੂੰ ਬਾਵਨ-ਚੰਦਨ ਵਾਂਗੂੰ ਬਾਵਨ ਅਖਰੀ ਪ੍ਰਸਿੱਧ ਕੀਤਾ ਹੋਇਆ ਸੀ। ਉਨ੍ਹਾਂ ਨੇ ਕੇਵਲ ਸ਼ੁਧ ਉਚਾਰਨ ਦੀ ਪਰਪਾਟੀ ਚਲਾਈ ਹੋਈ ਸੀ ਪਰ ਸਤਿਗੁਰੂ ਜੀ ਨੇ ਭਗਤੀ ਮਾਰਗ ਤੇ ਆਤਮਿਕ ਉਪਦੇਸ਼ ਦੀ ਬਖ਼ਸ਼ਿਆ ਹੈ ਇਨ੍ਹਾਂ ਅੱਖਰਾਂ ਰਾਹੀਂ। ਸਤਿਗੁਰੂ ਜੀ ਦੀ ਵਡਿਆਈ ਹੈ ਕਿ ਉਨ੍ਹਾਂ ਨੇ ਸੰਸਕ੍ਰਿਤ ਦੀ ਤਰਤੀਬ ਅਨੁਸਾਰ ਹੀ ਉਨ੍ਹਾਂ ਨੂੰ ਉਪਦੇਸ਼ ਬਖ਼ਸ਼ ਕੇ ਪ੍ਰਭੂ, ਅਕਾਲ ਪੁਰਖ ਜੀ ਨਾਲ ਜੋੜਨ ਦੀ ਪੂਰਨ ਕੋਸ਼ਿਸ਼ ਕੀਤੀ ਹੈ। ਇਹ ਬਾਣੀਆਂ ਜੁੱਗੋ ਜੁੱਗ ਪ੍ਰਭੂ ਜੀ ਦੇ ਗੁਣਾਂ ਨਾਲ ਗੁੰਦੀਆਂ ਹੋਈਆਂ ਜੀਵਨ ਵਿਚ ਤਬਦੀਲੀ ਲਿਆ ਕੇ ਸੱਚਾ-ਸੁੱਚਾ ਪੰਡਿਤ (ਵਿਦਵਾਨ) ਬਣਾ ਸਕਦੀਆਂ ਹਨ ਤਾਂ ਕਿ ਉਹ ਵਿਦਿਆਰਥੀਆਂ ਨੂੰ ਇਨ੍ਹਾਂ ਬਾਣੀਆਂ ਦੇ ਅੱਖਰਾਂ ਰਾਹੀਂ ਰੂਹਾਨੀ ਉਪਦੇਸ਼ ਦਾ ਪਰਿਚਯ ਕਰਵਾ ਕੇ ਮਹਾਂਰਸ ਨਾਲ ਜੋੜ ਦੇਣ।

ਸੰਸਕ੍ਰਿਤ ਦੇ ਅੱਖਰਾਂ ਦੀ ਤਰਤੀਬ ਵੱਖਰੀ ਹੈ। ਸਤਿਗੁਰੂ ਜੀ ਸੰਸਕ੍ਰਿਤ ਭਾਸ਼ਾ ਦੇ ਜਗਿਆਸੂਆਂ ਨੂੰ ਪ੍ਰਭੂ ਨਾਲ ਸਦਾ ਲਈ ਜੋੜਨ ਲਈ ਮਹਾਨ ਰੂਹਾਨੀ ਉਪਦੇਸ਼ ਬਖ਼ਸ਼ਿਆ ਜੋ ਕਿ ਸਭ ਸੰਸਾਰ ਤੇ ਚੋਹਾਂ ਵਰਨਾਂ ਲਈ ਸਾਂਝਾ ਹੈ ਤੇ ਸਾਰੇ ਵਰਣਮਾਲਾ ਦੇ ਅੱਖਰਾਂ ਰਾਹੀਂ ਮਨ ਨੂੰ ਉਪਦੇਸ਼ ਬਖ਼ਸ਼ਿਆ ਤੇ ਹਰੀ ਜਸ ਕਰਨ ਦੀ ਸੇਧ ਪ੍ਰਦਾਨ ਕੀਤੀ ਗਈ ਹੈ। ਪਾਠਸ਼ਾਲਾ ਵਿਚ ਪਾਂਧੇ ਵਿਦਿਆਰਥੀਆਂ ਕੋਲੋਂ ਮੁਹਾਰਨੀ ਦੀ ਤਰ੍ਹਾਂ ਉਚਾਰਨ ਕਰਾਉਂਦੇ ਸਨ ਤੇ ਮੁਹਾਰਨੀ ਇਵੇਂ ਸ਼ੁਰੂ ਹੁੰਦੀ ਸੀ :

ਓਅੰ ਸਿਧੰ ਗੰਗੰ ਲਲੀ ਅਯੋ ਅੰਙੈ ਆਦਿ।

ਇਨ੍ਹਾਂ ਬਾਣੀਆਂ ਨੂੰ ਵੀਚਾਰੀਏ ਤਾਂ ਇਹ ਸੋਝੀ ਹੋ ਆਉਂਦੀ ਹੈ ਕਿ ਸਭ ਨੂੰ ਗੁਰਸਿੱਖਾਂ ਸਮੇਤ ਅਤਿ ਸੁੰਦਰ ਜੀਵਨ ਜਾਚ ਸਿਖਾਈ ਹੈ ਜਿਸ ਵਿਚ ਸ਼ੁਭ ਗੁਣਾਂ ਨੂੰ ਜੀਵਨ ਵਿਚ ਲਿਆ ਕੇ ਕਈਆਂ ਦਾ ਤਿਆਗ ਕਰਨਾ ਤੇ ਕਿਸੇ ਉੱਪਰ ਜ਼ੁਲਮ ਨਾ ਕਰਨਾ। ਫੋਕੇ ਦਿਖਾਵੇ ਦੇ ਕਰਮਕਾਂਡਾਂ ਦਾ ਤਿਆਗ ਤੇ ਆਪ ਜ਼ਿੰਮੇਦਾਰ ਬਣਨਾ ਆਪਣੇ ਕਾਰਜਾਂ ਕਰਤਵਾਂ ਲਈ।

ਸੰਸਕ੍ਰਿਤ ਵਿਚ ਸੱਸੇ ਅੱਖਰ ਤਿੰਨ ਅੱਖਰ ਹਨ : श ष ਤੇ स। ਵੇਦਾਂ ਦਾ ॐ ਅੱਖਰ ਸ਼ਬਦਾਂ ਵਿਚ ਨਹੀਂ ਵਰਤਿਆ ਜਾਂਦਾ।

ਹੋਰ ਕਈ ਅੱਖਰਾਂ ਦੇ ਵੀ ਕਈ ਭੇਦ ਹਨ। ਭਗਤ ਸ੍ਰੀ ਰਵਿਦਾਸ ਜੀ ਫੁਰਮਾਉਂਦੇ ਹਨ ਕਿ 34 ਅੱਖਰਾਂ ਵਿਚ ਹੀ ਬੇਦ ਪੁਰਾਨ ਆਦਿ ਬਿਆਨੇ ਗਏ ਹਨ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥ (ਅੰਗ ੬੫੮)

ਪਰ ਇਨ੍ਹਾਂ 34 ਅੱਖਰਾਂ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ ਤੇ ਵੱਖਰੀਆਂ-ਵੱਖਰੀਆਂ ਦਲੀਲਾਂ ਪੜ੍ਹਨ-ਦੇਖਣ ਨੂੰ ਮਿਲਦੀਆਂ ਹਨ। ਸੰਸਕ੍ਰਿਤ ਦੇ ਅੱਖਰਾਂ ਸਬੰਧੀ ਵਿਸਥਾਰ ਨਹੀਂ ਕੀਤਾ ਜਾ ਰਿਹਾ, ਨਹੀਂ ਤਾਂ ਪੁਸਤਕ ਦਾ ਆਕਾਰ ਬਹੁਤ ਵੱਧ ਜਾਏਗਾ।

ਗਉੜੀ ਰਾਗ ਦੀ ਭਗਤ ਬਾਣੀ ਵਿਚ ਕਬੀਰ ਜੀਉ ਕੀ ਬਾਵਨ ਅਖਰੀ ਵਿਚ ਵੀ 34 ਅੱਖਰ ਵਰਤੇ ਗਏ ਹਨ। ਜੇ ਓਅੰ ਪਾ ਲਈਏ ਤਾਂ 35 ਸਮਝ ਲਉ ਪਰ ਬਾਣੀ ਦਾ ਸਿਰਲੇਖ ਬਾਵਨ ਅੱਖਰੀ ਹੈ। ਜੁੱਗੋ-ਜੁੱਗ ਅਟੱਲ ਗੁਰਬਾਣੀ ਨਿਰਸੰਦੇਹ ਸਹੀ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਪਟੀ ਲਿਖੀ, ਸ੍ਰੀ ਗੁਰੂ ਅਮਰਦਾਸ ਜੀ ਨੇ ਪਟੀ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਵਨ ਅਖਰੀ ਸਲੋਕ ਤੇ ਪਉੜੀਆਂ ਭਾਵ ਵਾਰ ਦੀ ਬਣਤਰ ਅਨੁਸਾਰ ਉਚਾਰੀ ਹੈ। ਭਗਤ ਕਬੀਰ ਜੀ ਨੇ ਗਉੜੀ ਪੂਰਬੀ ਵਿਚ ਬਾਵਨ ਅਖਰੀ ਉਚਾਰੀ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਰਾਮਕਲੀ ਰਾਗ ਵਿਚ ਦਖਣੀ ਓਅੰਕਾਰ ਬਾਣੀ ਅੱਖਰਾਂ ਪ੍ਰਤੀ ਉਪਦੇਸ਼ ਬਖ਼ਸ਼ ਕੇ ਸਾਰੀ ਸ੍ਰਿਸ਼ਟੀ ਦੇ ਭਲੇ ਲਈ ਉਪਦੇਸ਼ ਬਖ਼ਸ਼ਿਆ ਹੈ। ਉਥੇ ਇਹ ਵੀ ਸਮਝਾਇਆ ਹੈ ਕਿ ਪ੍ਰਭੂ ਦਾ ਨਾਮ ਸਭ ਤੋਂ ਸ਼੍ਰੋਮਣੀ ਹੈ। ਜਿੱਥੇ ਵਿੱਦਿਆ ਪੜ੍ਹਨ ਦੇ ਬਹੁਤ ਲਾਭ ਹਨ ਪਰ ਜੇ ਕੋਈ ਵਿਦਵਾਨ ਵਾਦ-ਵਿਵਾਦ ਵਿਚ ਹੀ ਖੁੱਭ ਜਾਵੇ ਤਾਂ ਪੜ੍ਹੀ ਹੋਈ ਵਿੱਦਿਆ ਵਿਅਰਥ ਹੀ ਸਮਝੋ।

ਸਤਿਗੁਰੂ ਜੀ ਤਾਂ ਸਿਆਣੇ, ਵਿਦਵਾਨ ਦੀ ਜਾਣ-ਪਛਾਣ ਕਰਵਾਉਂਦੇ ਹਨ :

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥ (ਅੰਗ ੯੩੮)

ਸੰਸਕ੍ਰਿਤ ਭਾਸ਼ਾ ਕਾਫੀ ਔਖੀ ਹੈ ਪੜ੍ਹਨੇ ਲਈ ਤੇ ਪੁਰਾਣੇ ਸਮੇਂ ਬ੍ਰਾਹਮਣ ਸਮਾਜ ਹੀ ਇਸ ਵੇਦ ਭਾਸ਼ਾ ਨੂੰ ਪੜ੍ਹਦਾ ਸੀ ਤੇ ਸ਼ੂਦਰਾਂ ਨੂੰ ਤਾਂ ਪੜ੍ਹਨ ਦੀ ਸੁਣਨ ਦੀ ਤੇ ਮੰਦਰਾਂ, ਪਾਠਸ਼ਾਲਾਵਾਂ ਵਿਚ ਜਾਣ ਦੀ ਮਨਾਹੀ ਸੀ। ਸੰਸਕ੍ਰਿਤ ਦੇ ਵਿਦਵਾਨ ਪੰਡਿਤ ਹਾਕਮਾਂ ਦੇ ਰਾਜ ਗੁਰੂ ਆਦਿ ਹੁੰਦੇ ਸਨ ਤੇ ਚਾਰ ਵਰਨਾਂ ਦੀ ਵੰਡ ਨੂੰ ਲਾਗੂ ਕਰਦੇ ਸਨ ਤੇ ਸ਼ੂਦਰਾਂ ਨੂੰ ਤਾਂ ਪ੍ਰਭੂ ਜੀ ਦੀ ਭਗਤੀ ਕਰਨ ਦੀ ਇਜਾਜ਼ਤ ਨਹੀਂ ਸੀ। ਸੰਸਕ੍ਰਿਤ ਇਨ੍ਹਾਂ ਦੀ ਤੰਗਦਿਲ ਸੋਚ ਨਾਲ ਫਲ-ਫੁਲ ਨਹੀਂ ਸਕੀ। ਇਸ ਸਮੇਂ ਦੌਰਾਨ ਸੰਸਕ੍ਰਿਤ ਨੂੰ ਲਾਗੂ ਕਰਨ ਲਈ ਬਹੁਤ ਸਾਰਾ ਸਰਮਾਇਆ ਗੌਰਮਿੰਟ ਖਰਚ ਰਹੀ ਹੈ ਪਰ ਪੰਜਾਬੀ ਦੀ ਖੋਜ-ਵਿਸਥਾਰ ਲਈ ਰੋਕਾਂ ਲਾਈਆਂ ਜਾ ਰਹੀਆਂ ਹਨ। ਦਸਵੇਂ ਪਾਤਸ਼ਾਹ ਜੀ ਨੇ ਵੀ ਕੁਝ ਸਿੰਘਾਂ ਨੂੰ ਬਨਾਰਸ ਵਿਖੇ ਸੰਸਕ੍ਰਿਤ ਆਦਿ ਪੜ੍ਹਨ ਲਈ ਭੇਜਿਆ ਸੀ ਜਿਨ੍ਹਾਂ ਨੂੰ ਬਾਅਦ ਵਿਚ ਨਿਰਮਲੇ ਸਿੰਘ

ਆਖਿਆ ਗਿਆ।

ਹੁਣ ਪਟੀ ਲਿਖੀ, ਪਟੀ, ਬਾਵਨ ਅਖਰੀ ਮਹਲਾ ੫ ਤੇ ਬਾਵਨ ਅਖਰੀ ਭਗਤ ਕਬੀਰ ਜੀਉ ਕੀ ਤੇ ਦਖਣੀ ਓਅੰਕਾਰ ਬਾਣੀਆਂ ਵਿਚੋਂ ਅੱਖਰਾਂ ਪ੍ਰਤੀ ਉਪਦੇਸ਼ ਵਿਚਾਰਨ ਦਾ ਯਤਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਪਟੀ ਲਿਖੀ ਤੇ ਪਟੀ ਬਾਣੀ ਦੇ ਅਰਥ ਵੀਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਨਾਲ ਰਲਦੇ ਮਿਲਦੇ ਭਾਵਾਂ ਦੇ ਸ਼ਬਦ ਅੰਕਿਤ ਕੀਤੇ ਜਾਣਗੇ ਤਾਂ ਕਿ ਅਰਥ ਕੁਝ ਸਾਫ ਤੇ ਸਪੱਸ਼ਟ ਹੋ ਜਾਵਣ। ਕੁਝ ਹੋਰ ਉਦਾਹਰਣਾਂ ਵੀ ਦੂਜੀਆਂ ਅੱਖਰਾਂ ਪ੍ਰਤੀ ਉਪਦੇਸ਼ਕ ਬਾਣੀਆਂ ਵਿਚੋਂ ਵੀ ਲਈਆਂ ਜਾਣਗੀਆਂ। ਕੋਈ ਵੀ ਦਾਅਵਾ ਨਹੀਂ ਕਰ ਸਕਦਾ ਕਿ ਜੋ ਮੈਂ ਅਰਥ ਤਜਵੀਜ ਕਰ ਰਿਹਾਂ ਜਾਂ ਮੈਂ ਸੁਝਾਉ ਦੇ ਰਿਹਾ ਹਾਂ ਉਹ ਹੀ ਸਹੀ ਹਨ। ਸਤਿਗੁਰੂ ਜੀ ਮਿਹਰਾਂ ਵਰਤਾਉਣ ਤਾਂ ਹੀ ਕੁਝ ਵੀਚਾਰ ਹੋ ਸਕੇਗੀ।

ਰਾਗੁ ਆਸਾ ਮਹਲਾ ੧ ਪਟੀ ਲਿਖੀ

੧ੴ ਸਤਿਗੁਰ ਪ੍ਰਸਾਦਿ ॥

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ ॥ ੧ ॥ ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ ੧ ॥ ਰਹਾਉ ॥ (ਅੰਗ ੪੩੨)

ਰਾਗੁ ਆਸਾ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਪਟੀ ਲਿਖੀ। 'ਲਿਖੀ' ਪਦ ਇਸ ਨਿਰਣੇ ਦਾ ਲਖਾਇਕ ਹੈ ਕਿ ਇਹ ਉਹੋ ਪਟੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਪਾਂਧੇ ਦੀ ਮੁਹਾਰਨੀ ਵਾਲੀ ਪਟੀ ਪੜ੍ਹਦਿਆਂ ਰੂਹਾਨੀਅਤ ਤੇ ਪਰਮਾਰਥਕ ਅਰਥਾਂ ਵਾਲੀ ਪਟੀ ਆਪ ਲਿਖੀ ਸੀ। ਪਹਿਲਾਂ ਮੰਗਲ ਉਚਾਰਦੇ ਹਨ ਇਕ ਪ੍ਰਭੂ ਜੋ ਸਾਡੇ ਹਿਰਦਿਆਂ ਦਾ ਪ੍ਰਕਾਸ਼ਕ ਹੈ ਤੇ ਸ੍ਰਿਸ਼ਟੀ ਦਾ ਪ੍ਰਕਾਸ਼ਕ ਹੈ। ਜਿਸ ਉੱਪਰ ਸਤਿਗੁਰੂ ਜੀ ਦੀ ਕ੍ਰਿਪਾ ਹੁੰਦੀ ਹੈ ਉਸੇ ਨੂੰ ਅਕਾਲ ਪੁਰਖ ਦਾ ਗਿਆਨ ਪ੍ਰਾਪਤ ਹੁੰਦਾ ਹੈ।

ੳ ਅ ੲ ਤਿੰਨੇ ਸੁਰ ਧੁਨਾਂ ਤੋਂ ਬਾਅਦ ਪਹਿਲਾਂ ਵਿਅੰਜਨ ਅੱਖਰ ਸਸੇ ਦੁਆਰਾ ਇਹ ਉਪਦੇਸ਼ ਸ਼ੁਰੂ ਕਰਦੇ ਹਨ, ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਅੱਖਰ ਵੀ **ਸ** ਹੈ ੧ੴ ਤੋਂ ਬਾਅਦ ਸਤਨਾਮੁ **ਸ** ਅੱਖਰ ਦੁਆਰਾ ਪ੍ਰਾਰੰਭਤਾ ਕੀਤੀ ਜਾਂਦੀ ਹੈ ਤੇ ਸੰਪੂਰਨਤਾ ਤੇ ਵੀ ਸ ਅੱਖਰ ਹੀ ਦਰਜ ਹੈ "**ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥**" ਸੋ **ਸ** ਅੱਖਰ ਨੂੰ ਇਹ ਮਾਣ ਪ੍ਰਾਪਤ ਹੈ। ਸਸੈ ਅੱਖਰ ਦੁਆਰਾ ਪ੍ਰਭੂ ਜੀ ਨੂੰ **ਸੋਇ** ਕਹਿ ਕੇ ਮੁਖਾਤਿਬ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪ੍ਰਭੂ ਜੀ ਨੂੰ **ਸੋਈ** ਤੇ **ਸੋਊ** ਵੀ

ਆਖਿਆ ਗਿਆ ਹੈ। ਸੱਸਾ ਇਸ ਤਰ੍ਹਾਂ ਲਿਖਿਆ ਜਾਂਦਾ ਹੈ ਜੀ, ਪਹਿਲਾਂ ਉੱਪਰ ਕੁਝ ਲੰਬੀ ਲਾਈਨ ਵਾਹ ਕੇ ਫਿਰ ਰਾਰਾ ਲਿਖ ਕੇ ਰਾਰੇ ਦੀ ਲਾਈਨ ਨੂੰ ਸੱਜੇ ਪਾਸੇ ਨੂੰ ਵਧਾ ਲਿਆ ਜਾਂਦਾ ਹੇ। ਫਿਰ ਉੱਪਰੋਂ ਲਾਈਨ (ਡੰਡੀ) ਤੋਂ ਹੇਠਾਂ ਨੂੰ ਡੰਡੀ ਦੀ ਤਰ੍ਹਾਂ ਖਿੱਚ ਕੇ ਵਾਹ ਲਿਆ ਜਾਂਦਾ ਹੈ ਤੇ ਇਹ ਸਾਰਾ ਇਕੱਠਾ ਹੀ ਹੋਣਾ ਚਾਹੀਦਾ ਹੈ। ਜੇ ਸੱਸੇ ਦੇ ਹੇਠਾਂ ਦਰਮਿਆਨ ਵਿਚ ਬਿੰਦੀ ਲਗਾ ਦਿੱਤੀ ਜਾਵੇ ਤਾਂ ਇਹ ਛ ਦੀ ਤਰ੍ਹਾਂ ਅਵਾਜ਼ ਦਿੰਦਾ ਹੈ ਜੀ।

ਜਿਸ ਨੇ ਇਹ ਸਾਰੀ ਜਗਤ ਰਚਨਾ ਕੀਤੀ ਹੈ ਉਹ ਹਜ਼ੂਰ ਇੱਕੋ ਪ੍ਰਭੂ ਹੀ ਸਭ ਦਾ ਮਾਲਕ ਹੈ। ਐਸੇ ਹੋਰ ਭੀ ਫੁਰਮਾਨ ਹਨ :

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ (ਅੰਗ ੪੬੩)

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ (ਅੰਗ ੯੭)

ਦਖਣੀ ਓਅੰਕਾਰ ਬਾਣੀ ਦੀ ਸ਼ੁਰੂਆਤ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਰਾਮਕਲੀ ਰਾਗੁ ਵਿਚ ਪਾਂਧੇ ਨੂੰ ਲੜਕਿਆਂ ਨੂੰ ਪੜ੍ਹਾਉਂਦਿਆਂ ਦੇਖ ਕੇ ਜੋ ਪਹਿਲਾਂ "ਓਅੰ ਨਮਹ" ਲਿਖ ਦਿੰਦੇ ਤੇ ਫਿਰ ਆਸ਼ੀਰਵਾਦ ਵਜੋਂ "ਸਿਧੰ ਆਇਐ" ਭਾਵ ਤੈਨੂੰ ਸਿਧੀ ਮਿਲੇ। ਪੜ੍ਹਨ ਲੱਗਿਆਂ 'ਧ' ਦੀ ਟਿੱਪੀ " ਅਗਲੇ 'ਅ' ਨਾਲ ਮਿਲਾ ਕੇ 'ਙ' ਵਾਂਗ ਉਚਾਰੀ ਜਾਵੇਗੀ। ਇਸੇ ਕਰਕੇ ਸਤਿਗੁਰੂ ਜੀ ਨੇ ਇਸ ਬਾਣੀ ਦਖਣੀ ਓਅੰਕਾਰ ਵਿਖੇ ਪਹਿਲਾਂ ਅੱਖਰ 'ਸ,ਧ,ਙ,ਤੇ ੲ' ਨੂੰ ਲੈ ਕੇ ਪਉੜੀਆਂ ਉਚਾਰੀਆਂ ਹਨ। ਪਰ ਉਥੇ ਜਦੋਂ ਗੁਰੂ ਸਾਹਿਬ ਜੀ ਸੰਗਲਾਦੀਪ ਤੋਂ ਮੁੜ ਕੇ ਸੋਮਨਾਥ ਦੁਆਰਕਾ ਹੁੰਦੇ ਹੋਏ ਨਰਬਦਾ ਨਦੀ ਦੇ ਕੰਢੇ ਪਹੁੰਚੇ ਜਿੱਥੇ ਓਅੰਕਾਰ ਦਾ ਮੰਦਰ ਹੈ। ਸਤਿਗੁਰੂ ਜੀ ਨੇ ਦੇਖਿਆ ਕਿ ਲੋਕ ਮੰਦਰ ਵਿਚ ਥਾਪੀ ਹੋਈ ਸ਼ਿਵ ਮੂਰਤੀ ਨੂੰ ਹੀ ਓਅੰਕਾਰ ਸਮਝ ਕੇ ਮਿੱਥ ਕੇ ਪੂਜਦੇ ਨੇ। ਸਤਿਗੁਰੂ ਜੀ ਨੇ ਉਨ੍ਹਾਂ ਸਭ ਦੇ ਭੁਲੇਖਿਆਂ ਨੂੰ ਦੂਰ ਕਰਨ ਹਿਤ ਇਹ ਬਾਣੀ ਉਚਾਰ ਕੇ ਸਭ ਨੂੰ ਪ੍ਰਭੂ ਜੀ ਦਾ ਉਪਦੇਸ਼ ਬਖ਼ਸ਼ਿਆ, ਜਦੋਂ ਕਿ ਉਹ ਸਭ ਬ੍ਰਹਮਾ ਨੂੰ ਸ੍ਰਿਸ਼ਟੀ ਸਾਜਣ ਕਰਤਾ ਸਮਝਦੇ ਸਨ।

ਸਤਿਗੁਰੂ ਜੀ ਨੇ ਇਹ ਉਪਦੇਸ਼ ਗੁਰਮੁਖੀ ਦੇ ਅੱਖਰਾਂ ਵਿਚ ਦਿੱਤਾ ਹੈ, ਜਿਵੇਂ ਸੱਸਾ ਤੇ ਧੱਧਾ ਆਦਿਕ ਨਾ ਕਿ ਸਾ ਧਾ ਜਿਵੇਂ ਸੰਸਕ੍ਰਿਤ ਆਦਿ ਭਾਸ਼ਾ ਵਿਚ ਹਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਓਅੰਕਾਰ ਉਹ ਪਰਮਾਤਮਾ ਹੈ ਜਿਸ ਤੋਂ ਬ੍ਰਹਮਾ ਤੇ ਬੇਦ ਪ੍ਰਗਟ ਹੋਏ ਹਨ। ਉਸ ਓਅੰਕਾਰ ਤੋਂ ਹੀ ਜੁੱਗ ਹੋਏ ਤੇ ਉਸ ਦੇ ਨਾਮ ਦੁਆਰਾ ਉਸ ਦੇ ਸ਼ਬਦ ਦੁਆਰਾ ਹੀ ਜੀਵ ਉਧਰਦੇ ਹਨ। ਉਸ ਸਰਬ ਵਿਆਪਕ ਪ੍ਰਮਾਤਮਾ ਦੀ ਮਦਦ ਨਾਲ (ਜੋ ਕਿ ਤਿੰਨਾਂ ਭਵਨਾਂ ਦਾ ਤੱਤ, ਤਿੰਨ ਭਵਨਾਂ ਦਾ ਮੂਲ, ਸਾਰੀ ਸ੍ਰਿਸ਼ਟੀ ਦਾ ਕਰਤਾ) ਜੀਵ ਸੰਸਾਰ ਦੇ ਵਿਕਾਰਾਂ ਤੋਂ ਬਚਦੇ ਹਨ ਤੇ ਗੁਰੂ ਜੀ ਦੱਸੇ ਰਾਹ ਉੱਪਰ ਤੁਰ ਕੇ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਦੇ ਹਨ।

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ ੧ ॥ ਰਹਾਉ ॥ (ਅੰਗ ੯੩੦)

ਪੁਰਾਤਨ ਸਮੇਂ ਮੰਦਰਾਂ ਦੇ ਨਾਲ ਹੀ ਵਿਦਿਆਲੇ ਹੁੰਦੇ ਸਨ ਜਿੱਥੇ ਕਿ ਸੰਸਾਰਕ ਵਿੱਦਿਆ ਪੜ੍ਹਾਈ ਜਾਂਦੀ ਸੀ। ਪਰ ਵਿੱਦਿਆ ਪੜ੍ਹਨ ਤੇ ਪੜ੍ਹਾਉਣ ਵਾਲੇ ਇਸ ਨੂੰ ਧਾਰਮਿਕ ਕੰਮ ਸਮਝਦੇ ਰਹੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਦੇ ਭੁਲੇਖੇ ਨਵਿਰਤ ਕੀਤੇ। ਹੇ ਪਾਂਡੇ (ਅਧਿਆਪਕ)! ਨਿਰੀ ਝੰਬੇਲਿਆਂ ਵਾਲੀ ਲਿਖਾਈ ਲਿਖਣ ਤੋਂ ਕੋਈ ਆਤਮਿਕ ਲਾਭ ਨਹੀਂ ਪ੍ਰਾਪਤ ਹੁੰਦਾ, ਆਪਣੇ ਜੀਵਨ ਨੂੰ ਸਫਲ ਕਰਨ ਲਈ ਗੁਰੂ ਦੇ ਸਨਮੁਖ ਹੋ ਕੇ ਸਾਰੀ ਸ੍ਰਿਸ਼ਟੀ ਦੇ ਮਾਲਕ ਕਰਤਾ ਪ੍ਰਭੂ ਜੀ ਦਾ ਨਾਮ ਭੀ ਆਪਣੇ ਮਨ ਵਿਚ ਲਿਖ।

ਸ ਅੱਖਰ ਰਾਹੀਂ ਤਿੰਨ ਵਾਰੀ ਉਪਦੇਸ਼ ਬਖ਼ਸ਼ਦੇ ਹਨ ਕਿ ਉਸ ਪ੍ਰਭੂ ਜੀ ਨੇ ਬਿਨਾਂ ਕਿਸੇ ਖਾਸ ਉੱਦਮ ਤੋਂ ਬਿਨਾਂ ਹੀ ਸਾਰਾ ਜੱਗ ਪੈਦਾ ਕੀਤਾ ਹੈ ਤੇ ਉਸ ਦੀ ਹੀ ਜੋਤਿ ਪਸਰ ਰਹੀ ਹੈ ਸਾਰੇ ਸੰਸਾਰ ਵਿਖੇ। ਜੋ ਗੁਰਮੁਖ ਬਣ ਕੇ ਭਾਵ ਗੁਰੂ ਦੇ ਦੱਸੇ ਰਾਹ ਉੱਪਰ ਚਲਦਾ ਹੀ ਹੈ ਤੇ ਉਹ ਪ੍ਰਭੂ ਜੀ ਦਾ ਸਦਾ ਕਾਇਮ ਰਹਿਣ ਵਾਲਾ ਨਾਮ ਇਕੱਠਾ ਕਰ ਲੈਂਦਾ ਹੈ।

48ਵੇਂ ਅੰਕ ਰਾਹੀਂ ਸਸੇ ਅੱਖਰ ਰਾਹੀਂ ਦੂਜਾ ਉਪਦੇਸ਼ ਬਖ਼ਸ਼ਦੇ ਹਨ ਕਿ ਸੋਨਾ ਚਾਂਦੀ ਆਦਿ ਧਨ ਕੱਚਾ ਤੇ ਸੁਆਹ ਰੂਪ ਹੈ ਕਿਉਂਕਿ ਚਲਾਣੇ ਉਪ੍ਰੰਤ ਤੁਹਾਡੇ ਨਾਲ ਨਹੀਂ ਜਾਂਦਾ ਤੇ ਸੱਚੇ ਵਪਾਰੀ ਨਾਮ ਧਨ ਇਕੱਠਾ ਕਰਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਇੱਜ਼ਤ ਮਿਲਦੀ ਹੈ ਸੱਚਾ ਤੇ ਪਵਿੱਤਰ ਨਾਮ ਧਨ ਇਕੱਠਾ ਕਰਨ ਕਰਕੇ। ਹੇ ਪ੍ਰਭੂ ਜੀ ! ਤੂੰ ਹੀ ਮੇਰਾ ਰਖਵਾਲਾ ਸੱਜਣ ਹੈਂ ਤੇ ਤੁਸੀਂ ਆਪ ਹੀ ਸਤਿਸੰਗਤ ਰੂਪੀ ਮਾਨ ਸਰੋਵਰ ਹੋ ਤੇ ਆਪ ਹੀ ਸਿੱਖ ਰੂਪੀ ਹੰਸ ਹੋ। ਜਿਸ ਐਸੇ ਪਿਆਰੇ ਦੇ ਮਨ ਵਿਚ ਤੁਸੀਂ ਵੱਸਦੇ ਹੋ ਮੈਂ ਉਸ ਤੋਂ ਕੁਰਬਾਨ ਹਾਂ,ਕਿਉਂਕਿ ਉਸ ਨੂੰ ਸੋਝੀ ਹੋ ਆਉਂਦੀ ਹੈ ਕਿ ਇਹ ਮਨ ਨੂੰ ਮੋਹਣ ਵਾਲੀ ਮਾਇਆ ਵੀ ਤੁਸੀਂ ਹੀ ਮਮਤਾ ਰੂਪ ਜੀਵਾਂ ਨੂੰ ਲਾ ਦਿੱਤੀ ਹੈ ਤੇ ਉਹ ਫਿਰ ਜ਼ਹਿਰ ਤੇ ਅੰਮ੍ਰਿਤ ਭਾਵ ਦੁੱਖ ਸੁੱਖ ਨੂੰ ਬਰਾਬਰ ਸਮਝਦਾ ਹੈ।

50ਵੇਂ ਅੰਕ ਰਾਹੀਂ ਸਸੇ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਸਿਰਜਣਹਾਰ ਪ੍ਰਭੂ ਦਾ ਕੋਈ ਪੂਰਾ ਭੇਤ ਨਹੀਂ ਪਾ ਸਕਦਾ, ਉਹ ਮਾਲਕ ਜੋ ਕਰਨਾ ਚਾਹੇ ਉਹੀ ਹੁੰਦਾ ਹੈ। ਧਨ ਪੂਰਬਲੇ ਕੀਤੇ ਕਰਮਾਂ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ। ਭਾਵੇਂ ਇਸ ਧਨ ਲਈ ਕਈ ਪ੍ਰਭੂ ਦੀ ਆਰਧਨਾ ਵੀ ਕਰਦੇ ਹਨ ਤੇ ਕਈ ਨੌਕਰ ਤੇ ਧਨ ਚੁਰਾ ਕੇ ਚੋਰ ਵੀ ਅਖਵਾ ਲੈਂਦੇ ਹਨ। ਇਹ ਧਨ ਕਿਸੇ ਦੇ ਵੀ ਨਾਲ ਨਹੀਂ ਜਾਂਦਾ। ਰੱਬੀ ਦਰਗਾਹ ਦੇ ਵਿਚ ਪ੍ਰਭੂ ਦੇ ਨਾਮ ਤੋਂ ਬਿਨਾ ਕਿਸੇ ਨੂੰ ਆਦਰ ਨਹੀਂ ਮਿਲਦਾ। ਜੋ ਮਨੁੱਖ ਉਸ ਪ੍ਰਭੂ ਦੇ ਨਾਮ ਨੂੰ ਰਸਨਾ ਨਾਲ ਜੱਪਦਾ ਪੀਂਵਦਾ ਹੈ ਉਹ ਮਾਇਆ ਦੇ ਮੋਹ ਤੋਂ ਬਚ ਜਾਂਦਾ ਹੈ।

ਭਗਤ ਕਬੀਰ ਜੀ ਵੀ ਸੱਸੇ ਅੱਖਰ ਦੁਆਰਾ ਦੋ ਵਾਰੀ, ਦੋਹਰਾ ਉਪਦੇਸ਼ ਬਖ਼ਸ਼ਦੇ ਹਨ ਕਿ ਉਸ ਪ੍ਰਭੂ ਜੀ ਦੇ ਬਚਨਾਂ ਨੂੰ ਮਨ ਵਿਚ ਲਿਆ ਕੇ ਮਨ ਨੂੰ ਪਰਚਾਉ ਤੇ ਜਦੋਂ ਮਨ ਵਿਚ ਪ੍ਰੇਮ ਪੈਦਾ ਹੁੰਦਾ ਹੈ ਤਾਂ ਸਭ ਥਾਂਵਾਂ 'ਤੇ ਹੀ ਉਹ ਤਿੰਨਾਂ ਭਵਨਾਂ ਦਾ ਮਾਲਕ ਪ੍ਰਭੂ ਵਿਚਰ ਰਿਹਾ ਦਿਖਾਈ ਦਿੰਦਾ ਹੈ। ਸੱਸੇ ਅੱਖਰ ਦੇ ਦੂਜੇ ਉਪਦੇਸ਼ ਰਾਹੀਂ ਉਪਦੇਸ਼ ਬਖ਼ਸ਼ਦੇ ਹਨ ਕਿ ਪ੍ਰਭੂ

ਦੀ ਪ੍ਰਾਪਤੀ ਲਈ ਜੀਵ ਨੂੰ ਲੋੜੀਂਦਾ ਹੈ ਕਿ ਉਹ ਆਪਣੀ ਅੰਤਸ਼ਕਰਣ ਰੂਪੀ ਸੇਜ ਨੂੰ ਸ਼ਰਧਾ ਨਾਲ ਸਵਾਰੇ ਤੇ ਦੁਨਿਆਵੀ ਹੋਛੇ ਸੁੱਖਾਂ ਦਾ ਤਿਆਗ ਕਰੇ। ਵਿਸ਼ਿਆਂ ਦਾ ਤਿਆਗ ਕਰਕੇ ਭਗਤੀ ਕਰਨ ਨਾਲ ਪਰਮ ਸੁਖ ਦੀ ਪ੍ਰਾਪਤੀ ਹੋ ਆਉਂਦੀ ਹੈ ਤਾਂ ਇਹ ਜੀਵ-ਇਸਤਰੀ ਤੇ ਉਹ ਪ੍ਰਭੂ ਮਾਲਕ ਪਤੀ ਅਖਵਾਉਂਦਾ ਹੈ।

ਗਉੜੀ ਬਾਵਨ ਅਖਰੀ ਪੰਜਵੇਂ ਸਤਿਗੁਰਾਂ ਦੀ ਉਚਾਰੀ ਬਾਣੀ ਵਿਚ ਵੀ ਸਸੇ ਅੱਖਰ ਪ੍ਰਤੀ ਤਿੰਨ ਵਾਰੀ ਉਪਦੇਸ਼ ਕੀਤਾ ਗਿਆ ਹੈ ਜੋ ਕਿ ਅੰਕਾਂ 3,48 ਤੇ 50 ਵਿਖੇ ਦਰਜ ਹਨ। ਸਲੋਕ ਵਿਚ ਫ਼ੁਰਮਾਨ ਹੈ ਕਿ ਉਹ ਹੀ ਅਸਲੀ ਅਮੀਰ ਹਨ ਜਿਨ੍ਹਾਂ ਦੇ ਕੋਲ ਨਾਮ ਧਨ ਹੈ। ਅਜਿਹੇ ਸੰਤ, ਸਾਧੂ ਜਨਾਂ ਤੋਂ ਹੀ ਪਵਿੱਤ੍ਰਤਾ ਤੇ ਨਿਰਵਿਕਾਰਤਾ ਹਾਸਲ ਹੁੰਦੀ ਹੈ। ਪਉੜੀ ਵਿਚ ਫ਼ੁਰਮਾਨ ਹੈ ਕਿ ਉਹ ਵਾਹਿਗੁਰੂ ਪਹਿਲਾਂ ਵੀ ਸਤ ਸਰੂਪ ਪਿੱਛੇ ਵੀ ਸੀ ਹੁਣ ਵੀ ਹੈ ਅਗਾਂਹ ਨੂੰ ਵੀ ਹੋਵੇਗਾ, ਜਿਵੇਂ ਫ਼ੁਰਮਾਨ ਹੈ :

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਉਹ ਪ੍ਰਭੂ ਜੀ ਹੀ ਸਭ ਥਾਂ ਵਿਚਰ ਰਹੇ ਹਨ। ਉਹ ਪ੍ਰਭੂ ਜੀ ਤਿੰਨਾਂ ਕਾਲਾਂ ਤੇ ਤਿੰਨਾਂ ਗੁਣਾਂ ਤੋਂ ਉੱਪਰ ਹਨ। ਜੋ ਉਸ ਦੇ ਗੁਣ ਗਾਉਂਦੇ ਹਨ, ਉਨ੍ਹਾਂ ਨੂੰ ਉਹ ਪ੍ਰਭੂ ਜੀ ਆਪਣੀ ਸ਼ਰਨ ਵਿਚ ਟਿਕਾ ਲੈਂਦੇ ਹਨ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਭਰਮ ਵਹਿਮ ਆਦਿ ਨਹੀਂ ਵਿਆਪਦਾ। ਸਭ ਥਾਂਵਾਂ 'ਤੇ ਉਹ ਪ੍ਰਭੂ ਹੀ ਦਿਖਾਈ ਦਿੰਦਾ ਹੈ। ਜੋ ਇਸ ਉੱਚੀ ਅਵਸਥਾ 'ਤੇ ਪਹੁੰਚਦਾ ਹੈ ਉਸ ਨੂੰ ਸਾਧੂ ਜਾਣੋ ਤੇ ਮੈਂ ਉਨ੍ਹਾਂ ਨੂੰ ਹਮੇਸ਼ਾ ਸਦਕੇ ਜਾਂਦਾ ਹਾਂ।

48ਵੇਂ ਅੰਕ ਵਿਚ ਉਪਦੇਸ਼ ਹੈ ਕਿ ਮੇਰੇ ਮਨ ਤੂੰ ਆਪਣੀਆਂ ਸਿਆਣਪਾਂ ਤੇ ਦਲੀਲਬਾਜ਼ੀਆਂ ਛੱਡ ਦੇ, ਕਿਉਂਕਿ ਜਿਨ੍ਹਾਂ ਦੇ ਮਨ ਵਿਚ ਗੁਰੂ ਦੀ ਸਿੱਖਿਆ ਵੱਸ ਜਾਂਦੀ ਹੈ ਉਹ ਵਡਭਾਗੀ ਹੋ ਜਾਂਦਾ ਹੈ। ਪਉੜੀ ਵਿਚ ਫ਼ੁਰਮਾਨ ਹੈ ਕਿ ਪ੍ਰਭੂ ਜੀ ਹੁਣ ਹਾਰ ਕੇ ਤੁਹਾਡੀ ਸ਼ਰਨ ਵਿਚ ਆ ਗਏ ਹਾਂ। ਧਾਰਮਿਕ ਗ੍ਰੰਥ ਵੇਦ ਸਿੰਮ੍ਰਤੀਆਂ ਤੇ ਸ਼ਾਸਤਰ ਵੀ ਏਹੋ ਆਖਦੇ ਹਨ ਕਿ ਰੱਬ ਦੇ ਭਜਨ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ। ਹੇ ਪ੍ਰਭੂ ਜੀ ! ਅਸੀਂ ਤਾਂ ਹਰੇਕ ਸਾਹ ਨਾਲ ਭੁੱਲਾਂ ਕਰਦੇ ਹਾਂ। ਤੁਸੀਂ ਹਰੇਕ ਤਰ੍ਹਾਂ ਸਮਰੱਥ ਮਾਲਕ ਹੋ ਜੀ। ਅਸੀਂ ਤੁਹਾਡੇ ਨਾਸਮਝ ਬੱਚੇ ਹਾਂ ਜੀ, ਤੁਹਾਡੇ ਸ਼ਰਨ ਆਏ ਹਾਂ ਜੀ, ਸਾਡੀ ਲਾਜ ਰੱਖਣੀ ਜੀ।

50ਵੇਂ ਅੰਕ ਵਿਚ ਵੀ ਉਪਦੇਸ਼ ਹੈ ਕਿ ਪ੍ਰਭੂ ਜੀ ਦੀ ਸ਼ਰਨ ਪਕੜ ਲਾ, ਏਹੋ ਹੀ ਤੈਨੂੰ ਸੱਚੀ ਸਿੱਖਿਆ ਹੈ। ਜੇ ਤੂੰ ਆਪਣੀਆਂ ਚਲਾਕੀਆਂ ਤੇ ਬੁੱਧੀ ਦੀਆਂ ਸਿਆਣਪਾਂ ਛੱਡ ਕੇ ਪ੍ਰਭੂ ਜੀ ਦੀ ਸ਼ਰਨ ਗ੍ਰਹਿਣ ਕਰ ਲਵੇਂਗਾ ਤਾਂ ਉਹ ਪ੍ਰਮਾਤਮਾ ਤੈਨੂੰ ਆਪਣੇ ਵਿਚ ਮਿਲਾ ਲਵੇਗਾ। ਪ੍ਰਭੂ ਜੀ ਦੇ ਨਾਮ ਸਿਮਰਨ ਕਰਨ ਨਾਲ ਤੇ ਸਾਧਸੰਗਤ ਦੀ ਸੇਵਾ ਕਮਾਉਣ ਨਾਲ ਫਿਰ ਦੁੱਖ ਨਹੀਂ ਲੱਗਦਾ। ਪ੍ਰਭੂ ਜੀ ਦਾ ਨਾਮ ਹੀ ਤੇਰੇ ਨਾਲ ਅੱਗੇ ਜਾਵੇਗਾ।

ਸਤਿਗੁਰੂ ਜੀ ਨੇ ਸ ਅੱਖਰ ਨੂੰ ਬਹੁਤ ਵਡਿਆਈ ਬਖ਼ਸ਼ੀ ਹੈ। ਅੱਖਰਾਂ ਪ੍ਰਤੀ ਪੰਜੇ ਹੀ ਬਾਣੀਆਂ ਵਿਚ ਸ ਅੱਖਰ ਦੁਆਰਾ ਦਸ ਵਾਰੀ ਉਪਦੇਸ਼ ਅੰਕਿਤ ਕੀਤੇ ਹਨ। ਬਾਣੀਆਂ

ਦਖਣੀ ਓਅੰਕਾਰ, ਬਾਵਨ ਅਖਰੀ ਮਹਲਾ ੫ ਤੇ ਬਾਵਨ ਅਖਰੀ ਕਬੀਰ ਜੀਉ ਕੀ ਵਿਖੇ ਜਿਵੇਂ ਸੰਸਕ੍ਰਿਤ ਭਾਸ਼ਾ ਵਿਚ ਅਖੀਰ 'ਤੇ ਸਾ (ਸ) ਵਰਣਮਾਲਾ ਵਿਖੇ ਅੰਕਿਤ ਹੈ। ਜਿੱਥੇ ਕਿ ਸੰਸਕ੍ਰਿਤ ਵਿਖੇ 3 ਵੱਖਰੇ ਅੱਖਰ ਸ ਲਈ ਵਰਤੇ ਜਾਂਦੇ ਹਨ ਉਥੇ ਇਨ੍ਹਾਂ ਬਾਣੀਆਂ ਦੇ ਅਖੀਰ ਵਿਖੇ :

ਸ ਖ ਸ ਹ **ਦਖਣੀ ਓਅੰਕਾਰ**

ਸ ਖ ਸ ਹ ਖ **ਗਉੜੀ ਬਾਵਨ ਅਖਰੀ ਕਬੀਰ ਜੀਉ ਕੀ**

ਸ ਖ ਸ **ਗਉੜੀ ਬਾਵਨ ਅਖੀਰ ਮਹਲਾ ੫**

ਸਾਰੀਆਂ ਬਾਣੀਆਂ ਕਿਸੇ ਨਾ ਕਿਸੇ ਵਿਅਕਤੀ ਜਾਂ ਵਿਅਕਤੀਆਂ ਜ਼ਿਆਦਾਤਰ ਇਹ ਅੱਖਰਾਂ ਪ੍ਰਤੀ ਉਪਦੇਸ਼ ਵਾਲੀਆਂ ਬਾਣੀਆਂ ਪਾਂਧੇ, ਪੰਡਿਤ ਜਾਂ ਵਿਦਵਾਨਾਂ ਪ੍ਰਤੀ ਉਚਾਰੀਆਂ ਗਈਆਂ ਹਨ ਤੇ ਸਤਿਗੁਰੂ ਜੀ ਨੇ ਤਰਤੀਬ ਸੰਸਕ੍ਰਿਤ ਅਨੁਸਾਰ ਹੀ ਰੱਖ ਕੇ ਇਨ੍ਹਾਂ ਵਡਭਾਗਿਆਂ ਨੂੰ ਉਪਦੇਸ਼ ਬਖ਼ਸ਼ਿਆ ਤੇ ਇਸੇ ਤਰ੍ਹਾਂ ਭਗਤ ਕਬੀਰ ਜੀ ਨੇ।

ਸਤਿਗੁਰ ਕੀਨੋ ਪਰਉਪਕਾਰੁ ॥ (ਅੰਗ ੩੩੧)

ਦਇਆਲੂ ਤੇ ਨਿਰਵੈਰ ਸਤਿਗੁਰੂ ਜੀ ਨੇ ਜਿੱਥੇ ਸੰਸਕ੍ਰਿਤ ਵਰਣਮਾਲਾ ਦੇ ਕਰਮ ਅਨੁਸਾਰ ਬਾਣੀਆਂ ਹੀ ਨਹੀਂ ਉਚਾਰੀਆਂ, ਬਲਕਿ ਸੰਸਕ੍ਰਿਤ ਦੇ ਸਰਲ ਰੂਪ ਸਹਸਕ੍ਰਿਤੀ ਵਿਚ ਸਲੋਕ ਬਾਣੀ ਉਚਾਰ ਕੇ ਸੰਸਕ੍ਰਿਤ ਭਾਸ਼ਾ ਨੂੰ ਵੀ ਚਿਰੰਜੀਵੀ ਬਣਾ ਦਿੱਤਾ। ਇਹ ਸਲੋਕ ਵੀ ਪੰਡਿਤ ਵਿਦਵਾਨਾਂ ਪ੍ਰਤੀ ਉਚਾਰੇ ਗਏ ਤਾਂ ਕਿ ਉਹ ਵੀ ਤੱਤ ਗਿਆਨ ਆਪਣੀ ਭਾਸ਼ਾ ਵਿਚ ਗ੍ਰਹਿਣ ਕਰਕੇ ਅਹੰਕਾਰ ਰਹਿਤ ਹੋ ਕੇ ਮਾਲਕ ਪ੍ਰਭੂ ਨਾਲ ਜੁੜ ਸਕਣ।

ਇਨ੍ਹਾਂ ਬਾਣੀਆਂ ਤੇ ਸੰਸਕ੍ਰਿਤ ਦੇ ਅੱਖਰਾਂ ਦੇ ਭੇਦਾਂ ਬਾਰੇ ਵਿਦਵਾਨਾਂ ਵਿਚ ਕਈ ਮਤਭੇਦ ਹਨ ਪਰ ਇਹ ਸਭ ਮੰਨਦੇ ਹਨ ਕਿ ਸੰਸਕ੍ਰਿਤ ਦੇ 52 ਬਾਵਨ ਅਖਰ ਹੋਣ ਦੇ ਬਾਵਜੂਦ ਵੀ ਬਹੁਤ ਸਾਰੇ, ਕਈ ਸੋਲਾਂ ਮੰਨਦੇ ਹਨ ਜੋ ਕਿ ਪੂਰੇ ਅੱਖਰ ਨਹੀਂ ਹਨ ਤੇ ਉਹ ਆਪ ਇਕੱਲੇ ਅੱਖਰ ਅਜ਼ਾਦ ਤੌਰ 'ਤੇ ਆਪ ਲਿਖਣ ਦੇ ਸਮਰੱਥ ਨਹੀਂ ਹਨ ਤੇ ਦੂਜੇ ਅੱਖਰ ਨਾਲ ਜੋੜ ਕੇ ਹੀ ਲਿਖਿਆ ਜਾ ਸਕਦਾ ਹੈ। ਭਗਤ ਸ੍ਰੀ ਰਵਿਦਾਸ ਜੀ ਨੇ ਭਾਵੇਂ ਅੱਖਰਾਂ ਪ੍ਰਤੀ ਉਪਦੇਸ਼ ਬਾਣੀ ਨਹੀਂ ਉਚਾਰੀ, ਪਰ ਫਿਰ ਵੀ ਉਹ ਬਿਆਨਦੇ ਹਨ ਕਿ :

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥

ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥ (ਅੰਗ ੬੫੮)

ਭਗਤ ਰਵਿਦਾਸ ਜੀ ਨੇ 'ਸੋਰਠਿ' ਰਾਗ ਦੇ ਇਕ ਸ਼ਬਦ ਵਿਚ ਚੌਂਤੀ ਅੱਖਰਾਂ ਦੀ ਗੱਲ ਕੀਤੀ ਹੈ। ਇਹਸ ਤੋਂ ਇਕ ਤਾਂ ਇਹ ਸਿਧ ਹੋ ਜਾਂਦਾ ਹੈ ਕਿ ਦੇਵਨਾਗਰੀ ਦੇ ਵੱਡੇ ਛੋਟੇ ਅੱਖਰ ਭੇਦਾਂ ਤੋਂ ਉਤਰ ਭਾਰਤ ਦਾ ਸਾਰਾ ਸੰਤ-ਸਮਾਜ ਤ੍ਰਸਤ ਸੀ, ਕਿਉਂਕਿ ਉਹ ਮਹਿਸੂਸ ਕਰਦਾ ਸੀ ਕਿ ਇਸ ਦੀਆਂ ਗੁੰਝਲਾਂ ਲੋਕਾਂ ਨੂੰ ਅਵਿਦਿਤ ਰੱਖਣ ਦਾ ਕਾਰਨ ਬਣ ਰਹੀਆਂ ਹਨ।

ਗੁਰਮੁਖੀ ਦੇ 35 ਵਰਣ ਅਤੇ ਰਵਿਦਾਸ ਜੀ ਦੁਆਰਾ ਕਲਪਿਤ ਚੌਂਤੀਸ ਅੱਖਰਾਂ ਵਿਚ ਕੇਵਲ ਇਕ ਵਰਣ ਦਾ ਅੰਤਰ ਹੈ। ਇਹ ਵਰਣ 'ੜ' ਹੋ ਸਕਦਾ ਹੈ, ਕਿਉਂਕਿ ਇਸ ਦੀ ਇਸ ਰੂਪ ਵਿਚ ਵਰਤੋਂ ਗੁਰਮੁਖੀ ਦੀ ਹੀ ਖ਼ੂਬੀ ਹੈ। ਇਸ ਲਈ ਇਹੋ 'ੜ' ਵਰਣ ਸੀ, ਜਿਸ ਦੀ ਗੈਰ-ਮੌਜੂਦਗੀ ਨੇ ਰਵਿਦਾਸ ਜੀ ਦੇ ਵਰਣਾਂ ਨੂੰ 34 ਤੀਕ ਸੀਮਿਤ ਕਰ ਦਿੱਤਾ ਸੀ। ਰਵਿਦਾਸ ਜੀ ਕਹਿੰਦੇ ਹਨ ਕਿ ਲਿੱਪੀ ਦੇ ਇਨ੍ਹਾਂ 34 ਵਰਣਾਂ ਵਿਚ ਅਨੇਕਾਂ ਪੌਰਾਣਿਕ ਆਖਿਆਨ ਹਨ, ਵੈਦਿਕ ਕਰਮ-ਕਾਂਡ ਦੀਆਂ ਵਿਧੀਆਂ ਵੀ ਹਨ (ਅਰਥਾਤ ਇਹ ਰਚਨਾਵਾਂ ਚੌਂਤੀ ਅੱਖਰਾਂ ਵਿਚ ਲਿਖੀਆਂ ਜਾ ਸਕਦੀਆਂ ਹਨ)। ਪਰ ਧਰਮ ਗ੍ਰੰਥਾਂ ਨੂੰ ਵਿਆਸ ਵਾਂਗ ਵਿਵਸਥਿਤ ਕਰਨ ਵਾਲੇ ਤਤ੍ਵੇਤਆਂ ਨੇ ਵੀ ਵਿਚਾਰ ਕੇ ਇਹੋ ਸਾਰ-ਗਿਆਨ ਦ੍ਰਿੜ੍ਹ ਕਰਵਾਇਆ ਕਿ ਧਰਮ ਗ੍ਰੰਥਾਂ ਦੀਆਂ ਕਥਾ ਕਹਾਣੀਆਂ ਪ੍ਰਭੂ ਦੇ ਨਾਮ ਤੁਲ ਨਹੀਂ ਹਨ।

ਇਹ ਵੀ ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਇਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਸਾਰੇ ਵੇਦ, ਵੇਦਾਂ ਦੀਆਂ ਰੀਤਾਂ ਦਰਸਾਉਣ ਵਾਲੇ ਬ੍ਰਾਹਮਣ ਗ੍ਰੰਥ, ਪੁਰਾਣ ਆਦਿ ਜਿਨ੍ਹਾਂ ਦੇ ਲਿਖਣ ਵਾਸਤੇ ਦੇਵਨਾਗਰੀ ਦੀ ਗੁੰਝਲਦਾਰ 52 ਅੱਖਰੀ ਲਿੱਪੀ ਦੇ ਵਰਣ ਰੂੜ੍ਹ ਕਰ ਦਿੱਤੇ ਗਏ ਹਨ ਉਹ 34 ਅੱਖਰਾਂ ਦੀ ਸਰਲ ਵਰਣਮਾਲਾ ਨਾਲ ਵੀ ਸਫਲਤਾ ਸਹਿਤ ਲਿਖੇ ਜਾ ਸਕਦੇ ਹਨ। ਪਰ ਵਿੱਦਿਆ ਉਤੇ ਆਪਣਾ ਏਕਾਧਿਕਾਰ ਰੱਖਣ ਵਾਲੇ ਲੋਕਾਂ ਨੇ ਲੇਖਣੀ ਨੂੰ ਅਨਉਪਯੁਕਤ ਵਰਣਮਾਲਾ ਦੁਆਰਾ ਇਤਨਾ ਗੁੰਝਲਮਈ ਕਰ ਦਿੱਤਾ ਹੈ ਕਿ ਧਰਮ ਗ੍ਰੰਥਾਂ ਦਾ ਗਿਆਨ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੋ ਗਿਆ ਹੈ। ਉਹ ਵਿੱਦਿਆ ਦੇ ਪੁਰੋਹਿਤਵਾਦੀ ਸਿਸਟਮ ਨੂੰ ਚੁਣੌਤੀ ਦੇਂਦਿਆਂ ਇਹ ਕ੍ਰਾਂਤੀਕਾਰੀ ਸੁਝਾਅ ਦੇ ਰਹੇ ਹਨ ਕਿ ਵਿੱਦਿਆ ਕਿਸੇ ਵਰਗ-ਵਿਸ਼ੇਸ਼ ਵਾਸਤੇ ਰਾਖਵੀਂ ਨਹੀਂ ਹੋਣੀ ਚਾਹੀਦੀ, ਬਲਕਿ ਸਾਧਾਰਣ ਲੋਕਾਂ ਨੂੰ ਵਿਦਿਤ ਹੋਣ ਦਾ ਅਵਸਰ ਮਿਲਣਾ ਚਾਹੀਦਾ ਹੈ। ਭਗਤੀ ਲਹਿਰ ਸਮੇਂ ਦੇਵਨਾਗਰੀ ਵਿਰੁਧ ਪ੍ਰਵਾਹਿਤ ਇਨ੍ਹਾਂ ਵਿਚਾਰਾਂ ਨੂੰ ਉਸ ਸਮੇਂ ਫਲ ਲੱਗਿਆ, ਜਦੋਂ ਗੁਰਮੁਖੀ ਦੇ ਰੂਪ ਵਿਚ 35 ਅੱਖਰਾਂ ਦੀ ਲਿੱਪੀ ਵਿਵਸਥਿਤ ਹੋ ਗਈ ਅਤੇ ਰਵਿਦਾਸ ਜੀ ਦੀ ਕਲਪਨਾ ਉਸ ਸਮੇਂ ਸਾਕਾਰ ਹੁੰਦੀ ਨਜ਼ਰ ਆਈ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਆਈਆਂ ਨੇ ਵੱਡੀ ਪੱਧਰ ਤੇ ਵੇਦ, ਪੁਰਾਣ, ਉਪਨਿਸ਼ਦ ਆਦਿ ਸੰਸਕ੍ਰਿਤ ਗ੍ਰੰਥ ਗੁਰਮੁਖੀ ਲਿੱਪੀ ਵਿਚ ਸਰਲਤਾ ਸਹਿਤ ਉਲਥਾਉਣੇ ਸ਼ੁਰੂ ਕਰ ਦਿੱਤੇ। ਸੋ ਰਵਿਦਾਸ ਜੀ ਦਾ ਇਹ ਪਦ ਇਹ ਸਪੱਸ਼ਟ ਕਰਨ ਵਾਸਤੇ ਕਾਫੀ ਹੈ ਕਿ ਗੁਰਮੁਖੀ ਦੀ ਈਜਾਦ ਸੰਪ੍ਰਦਾਇਕ ਭਾਵਨਾਵਾਂ ਵਿਚੋਂ ਨਹੀਂ ਸੀ ਹੋਈ, ਬਲਕਿ ਉਤਰੀ ਭਾਰਤ ਦੇ ਆਮ ਲੋਕਾਂ ਦੀਆਂ ਗਿਆਨ-ਅਭਿਲਾਸ਼ੀ ਭਾਵਨਾਵਾਂ ਦੀ ਪੂਰਤੀ ਵਾਸਤੇ ਕੀਤੀ ਗਈ।

ਸਤਿਗੁਰੂ ਸਾਹਿਬ ਜੀ ਦੀ ਤੇ ਭਗਤ ਕਬੀਰ ਜੀ ਦੀ ਆਪਣੀ ਮੌਜ ਤੇ ਸੁਤੰਤਰਤਾ ਹੈ ਕਿ ਕਿਵੇਂ ਉਨ੍ਹਾਂ ਨੇ ਇਨ੍ਹਾਂ ਵਿਅਕਤੀਆਂ ਨੂੰ ਸੰਸਕ੍ਰਿਤ ਦੇ ਕਰਮ ਅਨੁਸਾਰ ਉਪਦੇਸ਼ ਬਖ਼ਸ਼ੇ ਹਨ ਤਾਂ ਕਿ ਉਨ੍ਹਾਂ ਨੂੰ ਅਸਾਨੀ ਨਾਲ ਸਮਝ ਆ ਸਕੇ। ਕਿਉਂਕਿ ਸੰਸਕ੍ਰਿਤ ਭਾਸ਼ਾ ਕਠਿਨ

ਹੋਣ ਦੇ ਕਾਰਣ ਗੁਰਮੁਖੀ ਅੱਖਰਾਂ ਵਿਚ ਉਪਦੇਸ਼ ਬਖ਼ਸ਼ੇ, ਵਰਤਾਏ ਹਨ।

ਬਹੁਤ ਸਾਰੇ ਭੇਦ ਜੋ ਗੁਰਬਾਣੀ ਵਿਚ ਆਏ ਹਨ ਉਨ੍ਹਾਂ ਨੂੰ ਆਪ ਸਮਝ ਲੈਣਾ ਤੇ ਸਮਝਾਉਣ ਦੀ ਕੋਸ਼ਿਸ਼ ਕਰਨੀ ਅਤਿ ਕਠਿਨ ਕਾਰਜ ਹੈ। ਧੁਰ ਕੀ ਬਾਣੀ ਦੇ ਅਸਲੀ ਤੇ ਸਹੀ ਅਰਥ ਤਾਂ ਬਾਣੀ ਉਚਾਰਨ ਵਾਲੇ ਸਤਿਗੁਰੂ ਜੀ ਜਾਂ ਭਗਤ ਸਾਹਿਬ ਜੀ ਹੀ ਦਰਸਾ ਸਕਦੇ ਹਨ ਕਿਉਂਕਿ ਗੁਰਬਾਣੀ ਬਹੁਤ ਅਗਾਧ-ਬੋਧ ਹੈ।

ਕਿਉਂਕਿ ਜਿਵੇਂ ਭਗਤ ਸ੍ਰੀ ਰਵਿਦਾਸ ਜੀ ਨੇ ਫ਼ੁਰਮਾਨ ਬਖ਼ਸ਼ਿਆ ਹੈ ਕਿ 34 ਅੱਖਰਾਂ ਵਿਚ ਹੀ ਬੇਦ ਤੇ ਪੁਰਾਨ ਆਦਿ ਮੁਕੰਮਲ ਤੌਰ 'ਤੇ ਲਿਖੇ ਗਏ ਹਨ ਪਰ ਪ੍ਰਭੂ ਜੀ ਦੇ ਨਾਮ ਬਰਾਬਰ ਹੋਰ ਕੁਝ ਵੀ ਨਹੀਂ ਹੈ। ਪਟੀ ਲਿਖੀ ਬਾਣੀ ਅੱਖਰ ਹ ਤੇ ਅ ਨਾਲ ਸੰਪੂਰਨ ਹੁੰਦੀ ਹੈ ਤੇ ਪਟੀ ਹ ਤੇ ਰ ਨਾਲ ਸੰਪੂਰਨ ਹੁੰਦੀ ਹੈ। ਇਨ੍ਹਾਂ ਪੰਜਾਂ ਹੀ ਅੱਖਰਾਂ ਪ੍ਰਤੀ ਬਾਣੀਆਂ ਦੀ ਹੋਰ ਖੋਜ ਤੇ ਵਿਚਾਰ ਕਰਨ, ਕਰਵਾਉਣ ਦੀ ਜ਼ਰੂਰਤ ਹੈ। ਸਤਿਗੁਰੂ ਜੀ ਮੇਹਰਾਂ ਵਰਤਾਉਣ ਤਾਂ ਕਿ ਸਿੱਖ ਸੰਸਥਾਵਾਂ ਇਸ ਪ੍ਰਤੀ ਹੋਰ ਸਾਵਧਾਨ ਹੋ ਕੇ ਵਿਚਾਰ ਗੋਸ਼ਟੀਆਂ ਕਰਵਾ ਕੇ ਹੋਰ ਅੱਗੇ ਵਧਣ ਤਾਂ ਕਿ ਸੰਸਕ੍ਰਿਤ ਭਾਸ਼ਾ ਦੇ ਵਿਅਕਤੀਆਂ ਨੂੰ ਵੀ ਗੁਰਮਤਿ ਗਿਆਨ ਨਾਲ ਜੋੜਿਆ ਜਾ ਸਕੇ।

ਫਿਰ ਪਿੱਛੇ ਦਿੱਤੇ ਸ਼ਬਦ ਦੇ ਉਪਦੇਸ਼ ਨਾਲ ਫਿਰ ਜੁੜਦੇ ਹਾਂ ਜੀ ਕਿ ਜਿਨ੍ਹਾਂ ਨੇ ਸੁਚੇਤ ਰਹਿ ਕੇ ਸੋਝੀਵਾਨ ਬਣ ਕੇ ਚਿੱਤ ਲਾ ਕੇ ਪ੍ਰਭੂ ਜੀ ਦਾ ਸਿਮਰਨ ਕੀਤਾ ਉਨ੍ਹਾਂ ਦਾ ਜਗਤ 'ਤੇ ਆਉਣਾ ਧੰਨ ਤੇ ਫਲ-ਸਹਿਤ ਹੋ ਗਿਆ। ਐਸਾ ਇਕ ਫ਼ੁਰਮਾਨ ਵੀ ਹੈ :

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ (ਅੰਗ ੨੫੨)

ਅੱਗੇ ਰਹਾਉ ਵਾਲੀਆਂ ਦੋ ਤੁਕਾਂ ਜਿਨ੍ਹਾਂ ਵਿਚ ਪਟੀ ਲਿਖੀ ਬਾਣੀ ਦਾ ਕੇਂਦਰੀ ਭਾਵ ਸਾਹਮਣੇ ਆਉਂਦਾ ਹੈ ਕਿ ਹੇ ਮੇਰੇ ਨਾਸਮਝ ਅਗਿਆਨੀ ਮਨ ! ਤੂੰ ਕਿਉਂ ਭੁੱਲ ਗਿਆ ਹੈਂ ਕਿ ਜਦੋਂ ਤੈਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਹਿਸਾਬ ਦਾ ਲੇਖਾ ਦੇਣਾ ਪਿਆ ਤਾਂ ਫਿਰ ਤੇਰਾ ਪੜ੍ਹਿਆ ਕੀ ਕੰਮ ਆਵੇਗਾ। ਭਾਵ ਨਾਮ ਜੱਪਣ ਤੋਂ ਸੱਖਣਾ ਪੜ੍ਹਨਾ ਕਿਸੇ ਕੰਮ ਨਹੀਂ ਆਉਂਦਾ ਅੱਗੇ। ਬੀਰਾ ਭਰਾ ਨੂੰ ਵੀ ਆਖਿਆ ਜਾਂਦਾ ਹੈ ਤੇ ਗੋਪਾਲ ਪਾਂਧੇ ਦਾ ਭਰਾ ਬਿਰਜਨਾਂਥ (ਬੀਰਾ) ਪੰਡਿਤ ਨੂੰ ਸੰਬੋਧਨ ਵੀ ਹੋ ਸਕਦਾ ਹੈ।

ਇਸ ਤਰ੍ਹਾਂ ਦੇ ਰਲਦੇ ਮਿਲਦੇ ਫ਼ੁਰਮਾਨ ਹਨ :

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ (ਅੰਗ ੬੫੦)
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥ (ਅੰਗ ੧੧੦੬)

ਸ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਅੱਖਰ ਲਿਖੇ ਜਾ ਰਹੇ ਹਨ :

ਸਤਿਨਾਮੁ, ਸੰਸਾਰ, ਸਹਾਰਨਾ, ਸਾਹ, ਸਹਿਜ, ਸਹਿਮਤੀ, ਸਹੀ, ਸਕਤਾ, ਸਸ, ਸਹੁਰਾ, ਸੰਸਕਰਿਤੀ, ਸਸਕਾਰ, ਸਸਤਾ, ਸੰਸਥਾ, ਸਹਾਰਾ, ਸਹਿਮ, ਸਹਿਯੋਗ, ਸਹੂਲਤ, ਸੰਕਟ, ਸਕੱਤਰ, ਸਕਾ, ਸਕੀਮ, ਸਕੂਲ, ਸੰਕੇਤ, ਸੰਖ, ਸੰਖੇਪ, ਸਖਤ, ਸੰਗ, ਸੰਗਤ, ਸਗਨ, ਸੰਗਰਾਂਦ, ਸੰਗਲ, ਸੰਗੀਤ, ਸੰਘ, ਸੰਘਰਸ਼, ਸਚਖੰਡ, ਸੱਚਾ, ਸੁੱਚਾ, ਸੰਚਿਤ, ਸੁਚੇਤ, ਸਜਣਾ, ਸਜਾਵਟ, ਸੱਜੇ, ਸੰਜੋਗ, ਸਤ, ਸੰਤ, ਸਤਿਕਾਰ, ਸੰਤਰਾ, ਸੰਤਾਨ, ਸੰਤਾਪ, ਸਤਿਗੁਰੂ, ਸੰਤੁਸ਼ਟ, ਸੰਤੋਖ, ਸਤੋਗੁਣ, ਸਥਾਈ, ਸਥਾਪਨ, ਸਦਮਾ, ਸੱਦਾ, ਸਦੀਵ, ਸੰਦੂਕ, ਸਧਾਰਨ, ਸਨਮਾਨ, ਸਨਿਆਸ, ਸਪੱਸ਼ਟ, ਸਪਰਸ਼, ਸੰਪਾਦਕ, ਸੱਪ, ਸਫਲ, ਸਫਰ, ਸਫਾ, ਸਫਾਈ, ਸਿਫਾਰਸ਼, ਸਬਜੀ, ਸੰਬੰਧ, ਸਬਰ, ਸਭਾ, ਸੰਭਾਲ, ਸਮੱਸਿਆ, ਸਮੱਗਰੀ, ਸਮਝ, ਸਮਝੋਤਾ, ਸਮਰਥ, ਸਮਾਜ, ਸਮਾਧ, ਸਮਾਨ, ਸਮਾਪਤ, ਸਮੁੰਦਰ, ਸਮੇਤ, ਸਰਹੱਦ, ਸਰਗਮ, ਸਾਰੰਗੀ, ਸਰਪਰਸਤ, ਸਰਬੰਸ, ਸਰਬ-ਲੋਹ, ਸਰੋਂ, ਸਰਾਧ, ਸਰੀਰ, ਸਰੂਪ, ਸਰੋਤ, ਸਲਾਹ, ਸਲੂਕ, ਸਲੇਟ, ਸਵਾਇਆ, ਸਵਾਲ, ਸਵਾਰ, ਸੰਵਿਧਾਨ, ਸਵੇਰ, ਸੜਨਾ, ਸ੍ਰਿਸ਼ਟੀ, ਸਮਾਂ, ਸ੍ਰੀ ਸਾਹਿਬ, ਸਵੱਛ, ਸਵਰਗ, ਸਵਾਗਤ, ਸਵਾਰਥ, ਸੰਪੂਰਨ, ਸਾਇੰਸ, ਸਾਈਕਲ, ਸਾਹ, ਸਾਹਿਤ, ਸਾਕ, ਸਾਕਾ, ਸਾਖਿਆਤ, ਸਾਗ, ਸਾਗਰ, ਸਾਜਣਾ, ਸਾਜ, ਸਾਡਾ, ਸਾਥ, ਸਾਧ, ਸਾਬਣ, ਸਾਬਤ, ਸਾਲ, ਸਾਵਧਾਨੀ, ਸਿਆਣਪ, ਸਿਆਪਾ, ਸੰਜਮ, ਸਤਿਕਾਰ, ਸਦਮਾ, ਸਰੰਜਾਮ, ਸਰਪੰਚ, ਸਰਫਾ, ਸਰਬੱਤ, ਸਰੂਰ, ਸਿਰੋਪਾ, ਸਰੋਤਾ, ਸਵਾ, ਸਵਾਦ, ਸਵਾਲ, ਸਵਾਮੀ, ਸਵਾਰਥ, ਸਾਹਿਬ, ਸਾਕਾਰ, ਸਿਆਸਤ, ਸਿਆਪਾ, ਸਿਆਲ, ਸਿਹਤ, ਸਿੱਕਾ, ਸਿੱਖ, ਸਿਖਰ, ਸਿਖਲਾਈ, ਸਿੰਘਾਸਣ, ਸਿਦਕ, ਸਿੱਧੀ, ਸਿਮਰਨ, ਸਿਰਜਣਹਾਰ, ਸਿਰ, ਸਰਦ, ਸੀਟੀ, ਸੀਧਾ, ਸੀਤਲਾ, ਸੀਮਾ, ਸੁਹਾਗ, ਸੁਗੰਧੀ, ਸੁਚੇਤ, ਸੁੰਦਰ, ਸੌਣਾ, ਸੁਨਹਿਰਾ, ਸੁਪਨਾ, ਸੋਨਾ, ਸੁਨਿਆਰ, ਸੁਫਲ, ਸੁਰੰਗ, ਸੁਰਜੀਤ, ਸੁਰਤ, ਸੁਰਮਾ, ਸੂਰਮਾ, ਸੁਲਤਾਨ, ਸੂਈ, ਸੂਚਨਾ, ਸੂਰਜ, ਸੂਰਬੀਰ, ਸੇਹਰਾ, ਸੇਧ, ਸੇਵਾ, ਸੈਨਾ, ਸੈਨਾਪਤੀ, ਸੋਚ, ਸੋਨਾ, ਸੋਭਾ, ਸੌਦੇਬਾਜੀ, ਸੇਵਾ, ਸਿਮਰਨ, ਸਫਲ, ਸੁੰਦਰ, ਸਾਫ, ਸੋਚ, ਸਾਕ, ਸੁਮਤਿ, ਸਾਥੀ, ਸੰਤੋਖ, ਸਹਿਜ, ਸਿਫਤ, ਸਲਾਹ, ਸੋਹਿਲਾ, ਸਬਦ, ਸਾਗਰ, ਸਾਹਿਬ, ਸਤਿਗੁਰ, ਸਰਣ, ਸੋਹਣਾ ਤੇ ਸਰੋਵਰ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥੨॥ (ਅੰਗ ੪੩੨)

ੲ ਅੱਖਰ ਅ ਅੱਖਰ ਤੋਂ ਬਾਅਦ ਤੇ ਸ ਅੱਖਰ ਤੋਂ ਪਹਿਲਾਂ ਪੈਂਤੀ ਵਿਚ ਆਉਂਦਾ ਹੈ। ਪਹਿਲਾਂ ਦੇਖਦੇ ਹਾਂ ਕਿ ੲ ਅੱਖਰ ਕਿਵੇਂ ਲਿਖਿਆ ਜਾਂਦਾ ਹੈ।

ਈੜੀ ਅੱਖਰ ਟੈਂਕਾ ਲਿਖ ਕੇ ਖੱਬੇ ਪਾਸਿਉਂ ਹੇਠਾਂ ਨੂੰ ਲਕੀਰ ਵਾਹ ਕੇ ਨਾਲ ਜੋੜ ਦਿੱਤਾ ਜਾਂਦਾ ਹੈ। ਈੜੀ ਅੱਖਰ ਹੀ ਸਾਰੀ ਪੈਂਤੀ ਵਿਚ ਹੈ ਜੋ ਕਿ ਜਨਾਨਾ, ਨਾਰੀ ਸਬੰਧੀ ਬੋਲਣ ਵਿਚ ਆਵਾਜ਼ ਦਿੰਦੀ ਹੈ ਭਾਵ ਕਿ ਮਾਦਾ ਤੀਵੀਂ ਦੀ ਆਵਾਜ਼ ਹੈ ਈੜੀ ਇਕੱਲੀ ਦੀ। ਸੋ ਇਸ ਅਨੁਸਾਰ ੲ ਅੱਖਰ ਸਾਰੇ ਅੱਖਰਾਂ ਦੇ ਵਿਚ ਬੀਬੀ ਰਾਣੀ ਤੇ ਪੁੱਤਰੀ ਦੀ ਤਰ੍ਹਾਂ ਹੈ। ਇਹ ਆਪਣੇ ਨਰਮ ਸੁਭਾਅ ਦੇ ਨਾਲ-ਨਾਲ ਸਖਤ ਤੇ ਦ੍ਰਿੜ੍ਹਤਾ ਵਾਲੀ ਹੈ ਕਿਉਂਕਿ ਪੁਰਾਤਨ ਅੱਖਰ ਚਾਰਟਾਂ ਵਿਚ ੲ ਇੱਟ ਲਿਖਿਆ ਮਿਲਦਾ ਹੈ। ਦੇਵਨਾਗਰੀ ਵਿਚ ਕਈ ਪ੍ਰਕਾਰ ਦੀਆਂ ਈੜੀਆਂ ਹਨ ਜਿਵੇਂ ਕਿ इ ई ए ऐ ਆਦਿ। ਗੁਰੂ ਸਾਹਿਬ ਜੀ ਨੇ ਸ਼ਬਦਾਂ ਪ੍ਰਮਾਣਾਂ ਰਾਹੀਂ ਸਥਾਪਿਤ ਕੀਤਾ ਤੇ ਇਥੋਂ ਹੀ ਈੜੀ ਚੁਣੀ।

ਈੜੀ ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਉਹ ਸਭ ਦਾ ਮੁੱਢ ਰੂਪ ਕਰਤਾ ਪੁਰਖ ਹੀ ਸੱਚਾ ਤੇ ਸਦੀਵੀ ਹੋਂਦ ਵਾਲਾ ਹੈ। ਇਨ੍ਹਾਂ ਅੱਖਰਾਂ ਰਾਹੀਂ ਜੋ ਗੁਰੂ ਸਾਹਿਬ ਦੀ ਸ਼ਰਨ ਵਿਚ ਪੈ ਕੇ ਇਸ ਸਿਧਾਂਤ ਨੂੰ ਬੁਝ ਲੈਂਦਾ ਹੈ (ਕਿ ਨਾਮ ਜਪਣਾ ਹੀ ਅਸਲੀ ਜੀਵਨ ਮਨੋਰਥ ਹੈ) ਤਾਂ ਫਿਰ ਉਸ ਦੇ ਸਿਰ ਲੇਖਾ (ਹਿਸਾਬ ਕਿਤਾਬ) ਨਹੀਂ ਰਹਿ ਸਕਦਾ, ਭਾਵ ਖਤਮ ਹੋ ਜਾਂਦਾ ਹੈ। ਰਲਦੇ ਮਿਲਦੇ ਫੁਰਮਾਨ ਹਨ :

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ (ਅੰਗ ੪੬੩)

ਪੜਿਆ ਬੂਝੈ ਸੋ ਪਰਵਾਣੁ॥ (ਅੰਗ ੬੬੨)

ਦਖਣੀ ਓਅੰਕਾਰ ਬਾਣੀ ਵਿਚ ਉਪਦੇਸ਼ ਕਰਦਿਆਂ ੲ ਅੱਖਰ ਦੁਆਰਾ ਉਪਦੇਸ਼ ਬਖ਼ਸ਼ਦਿਆਂ ਤਿੰਨ ਪਉੜੀਆਂ ਨੰਬਰ ੫, ੬ ਤੇ ੭ ਉਚਾਰੀਆਂ ਮਿਲਦੀਆਂ ਹਨ ਜਿਨ੍ਹਾਂ ਦਾ ਖਾਸ ਭਾਵ ਇਹ ਹੈ ਕਿ ਉਹ ਪ੍ਰਭੂ ਜੀ ਇੱਕੋ ਹੀ ਹਨ ਤੇ ਆਪਣਾ ਅਹੰਕਾਰ ਦੂਰ ਕੀਤਿਆਂ ਉਸ ਦਇਆਲੂ ਪ੍ਰਭੂ ਜੀ ਦੀ ਪ੍ਰਾਪਤੀ ਸੰਭਵ ਹੈ।

ਉਸ ਪ੍ਰਭੂ ਨੂੰ ਦੂਰ ਨਾ ਸਮਝ, ਉਹ ਤਾਂ ਸਭ ਸ੍ਰਿਸ਼ਟੀ ਵਿਚ ਵਿਆਪ ਰਹਿਆ ਹੈ। ਮਾਇਆ ਦੇ ਪ੍ਰਭਾਵ ਤੇ ਹਉਮੈ ਕਰਕੇ ਉਸ ਦੀ ਪਛਾਣ ਕਰਨੀ ਮੁਸ਼ਕਲ ਹੋ ਜਾਂਦੀ ਹੈ ਪਰ ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਗੁਰਬਾਣੀ ਵਿਚ ਰਲਦਾ ਮਿਲਦਾ ਫੁਰਮਾਨ ਹੈ :

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

(ਅੰਗ ੪੮੫)

ਜੋ ਇਸ ਭੇਦ ਨੂੰ ਸਮਝ ਲੈਂਦਾ ਹੈ ਉਸ ਵਿਰਲੇ ਨੂੰ ਆਦਰ ਸਤਿਕਾਰ ਹਾਸਲ ਹੋ ਜਾਂਦਾ ਹੈ। ਪ੍ਰਭੂ ਜੀ ਆਪ ਹੀ ਕ੍ਰਿਪਾ ਕਰਕੇ ਇਹ ਸੋਝੀ ਬਖ਼ਸ਼ਦੇ ਹਨ ਉਸ ਨੂੰ ਸੁਖ ਪ੍ਰਾਪਤ ਹੋ ਆਉਂਦਾ ਹੈ।

ਹੁਣ ਈੜੀ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ ਜੀ :

ਇਸ, ਇਆਣਾ, ਇਸਤਰੀ, ਇਸਤੇਮਾਲ, ਈਸਾਈ, ਇਸ਼ਤਿਹਾਰ, ਇਸ਼ਨਾਨ, ਇਸ਼ਾਰਾ, ਇੱਟ, ਇੱਕ, ਇਕੱਠਾ, ਇਕੱਤਰ, ਇਕਬਾਲ, ਇਕਤਾਲੀ, ਇਕੱਤੀ, ਇਕਰਾਰਨਾਮਾ, ਇਕੱਲਾ, ਇਕਾਈ, ਇਕਾਗਰ,ਇਕਾਂਤ, ਇਕਾਦਸ਼ੀ, ਇਖਤਿਆਰ, ਇਖਲਾਕ, ਇੱਛਾ, ਇੰਜਣ, ਇੱਜ਼ਤ, ਇਜਾਜ਼ਤ, ਇੰਤਜ਼ਾਰ, ਇਤਫਾਕ, ਇਤਰਾਜ਼, ਇਤਿਹਾਸ, ਇੰਦਰ, ਇਨਸਾਨ, ਇਨਸਾਫ, ਇਨਕਲਾਬ, ਇਨਾਮ, ਇਮਤਿਹਾਨ, ਇਮਾਰਤ, ਇਮਾਨਦਾਰ, ਇਰਾਦਾ, ਇਲਤ, ਇਲਾਕਾ, ਇਲਾਜ, ਈਸ਼ਵਰ, ਈਨ, ਈਰਖਾ, ਏਕਮ, ਏਕੜ, ਏਜੰਟ, ਏਕਤਾ ਤੇ ਇੰਟਰਨੈੱਟ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਉ

ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ॥੩॥

(ਅੰਗ ੪੩੨)

ਊੜਾ ਲਿਖਣ ਲਈ ਪਹਿਲਾਂ ਹਿੰਦਸਾ 3 ਅੱਖਰ ਲਿਖ ਕੇ ਉਸ ਦੇ ਸਿਰੇ ਨੂੰ ਉੱਪਰ ਜੋੜ ਲਿਆ ਜਾਂਦਾ ਹੈ, ਫਿਰ ਉਸ ਦੇ ਉੱਪਰ ਟਿੱਪੀ ਦੀ ਤਰ੍ਹਾਂ ਆਕਾਰ ਟਿਕਾ ਦਿੱਤਾ ਜਾਂਦਾ ਹੈ ਤੇ ਪੂਰਾ ੳ ਬਣ ਜਾਂਦਾ ਹੈ। ਜਦੋਂ ਖੁੱਲ੍ਹੇ ਮੂੰਹ ਵਾਲਾ ੳ ਲਿਖਿਆ ਜਾਂਦਾ ਹੈ ਤਾਂ ਇਹ ਟਿੱਪੀ ਨੂੰ ਅੱਧ ਵਿਚਕਾਰ ਹੀ ਛੱਡ ਦਿੱਤਾ ਜਾਂਦਾ ਹੈ ਤੇ ਪੂਰਾ ਬੰਦ ਨਹੀਂ ਕੀਤਾ ਜਾਂਦਾ। ੳ ਸਾਰੀ ਗੁਰਮੁਖੀ ਦੀ ਵਰਣਮਾਲਾ ਵਿਚ ਇਕੱਲਾ ਹੀ ਅੱਖਰ ਹੈ ਜੋ ਕਿ ਲਿਖਣ ਸਮੇਂ ਲਾਈਨ ਤੋਂ ਉਪਰ ਨੂੰ ਜਾਂਦਾ ਹੈ। ਇਹ ਗੁਰਮੁਖੀ ਦਾ ਪਹਿਲਾ ਅੱਖਰ ਸ੍ਰਦਾਰ ਦੀ ਤਰ੍ਹਾਂ ਹੀ ਹੈ, ਕਿਉਂਕਿ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਅ ਤੋਂ ਸ਼ੁਰੂ ਹੁੰਦੀਆਂ ਹਨ ਤੇ ਸਤਿਗੁਰੂ ਜੀ ਨੇ ਬਖਸ਼ਿਸ਼ ਕਰਕੇ

ਇਸ ਓ ਨੂੰ ਪ੍ਰਥਮ ਰੱਖਿਆ ਹੈ ਕਿਉਂਕਿ **ਓ ੳ ੳਅੰਕਾਰ** ਪ੍ਰਭੂ ਦੀ ਯਾਦ ਦਿਲਾਉਂਦਾ ਹੈ। ਓ ਅੱਖਰ ਨੂੰ ਸਿਰਫ ਔਂਕੁੜ, ਦੁਲੈਂਕੜ ਤੇ ਹੋੜਾ ੳ ਹੀ ਲਗਾਂ ਮਾਤਰਾਂ ਲੱਗਦੀਆਂ ਹਨ।

ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਗੁਰਮੁਖੀ ਨੂੰ ਵਿਵਸਥਿਤ ਕਰਨ ਸਮੇਂ **ਓ** ਨੂੰ ਲਿੱਪੀ ਦਾ ਪਹਿਲਾ ਵਰਣ ਸਥਾਪਿਤ ਕੀਤਾ, ਕਿਉਂਕਿ ਇਹ ਨਾ ਕੇਵਲ ਮਾਨਵ ਏਕਤਾ ਦਾ ਪ੍ਰਤੀਕ ਹੈ ਬਲਕਿ ਬ੍ਰਹਮ, ਜਗਤ ਤੇ ਜੀਵ ਦੀ ਤ੍ਰਿਵਰਗੀ ਭਾਸਦੀ ਹੋਂਦ ਨੂੰ ਇਕ ਪਰਮ ਅਸਤਿਤ੍ਵ ਵਿਚ ਅਭੇਦ ਕਰਨ ਦੇ ਵੀ ਸਮਰੱਥ ਹੈ। ਇਸ ਲਿੱਪੀ ਵਰਣ ਤੋਂ ਅਰੰਭਤਾ ਦਾ ਵਿਚਾਰ ਦਿੱਤਾ ਹੈ ਤੇ ਇਹ ਸ੍ਰਿਸ਼ਟੀ ਦੇ ਰਚਣਹਾਰ ਦਾ ਵੀ ਪ੍ਰਤੀਕ ਹੈ ਤੇ ਪੂਰੀ ਮਾਨਵਤਾ ਨੂੰ ਵੀ ਇਕੋ ਸੂਤ੍ਰ ਦੇ ਵਿਚ ਪ੍ਰੋਣ ਦੇ ਸਮਰੱਥ ਹੈ। ਇਸ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਸਭ ਜੀਵਾਂ ਦਾ ਮਾਲਕ ਇੱਕੋ ਹੈ ਤੇ ਇਹ ਪਹਿਲਾ ਲਿੱਪੀ ਅੱਖਰ ਮਨੁੱਖਾਂ ਨੂੰ ਮਾਨਵ ਸੇਵੀ ਹੋਣ ਦੀ ਸਿੱਖਿਆ ਪ੍ਰਦਾਨ ਕਰਦਾ ਹੈ।

ਓ ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਉਪਮਾ ਕਰੋ ਉਸ ਪ੍ਰਭੂ ਜੀ ਦੀ ਜਿਸ ਦਾ ਕੋਈ ਹੱਦ-ਬੰਨਾ ਸੀਮਾ ਨਹੀਂ ਹੈ। ਜਿਹੜੇ ਉਸ ਪ੍ਰਭੂ ਜੀ ਦੀ ਸੇਵਾ ਕਰਦੇ ਹਨ ਤੇ ਸੱਚ ਨਾਲ ਜੁੜਦੇ ਹਨ ਉਨ੍ਹਾਂ ਨੂੰ ਬ੍ਰਹਮ ਗਿਆਨ ਰੂਪੀ ਫਲ ਪ੍ਰਾਪਤ ਹੁੰਦਾ ਹੈ। ਓ ਸਾਰੇ ਪੈਂਤੀ ਅੱਖਰਾਂ ਵਿਖੇ ਇਕੱਲਾ ਅੱਖਰ ਹੈ ਜੋ ਲਿਖਣ ਲੱਗਿਆਂ ਲਾਈਨ ਤੋਂ ਉੱਪਰ ਵੱਲ ਨੂੰ ਜਾਂਦਾ ਹੈ। ਬਾਕੀ ਸਾਰੇ ਅੱਖਰ ਲਾਈਨ ਤੋਂ ਹੇਠਾਂ ਹੀ ਲਿਖੇ ਜਾਂਦੇ ਹਨ। ਓ ਅੱਖਰ ਦੀ ਹੋਰ ਬਹੁਤ ਹੀ ਮਹਾਨਤਾ ਵਾਲੀ ਗੱਲ ਇਹ ਹੈ ਕਿ ਜਿੱਥੇ ਕਿਤੇ ਵੀ ਮੂਲ ਮੰਤ੍ਰ ਲਿਖਿਆ ਗਿਆ ਹੈ ਗੁਰਮੁਖੀ ਦੇ ੧ ਦੇ ਹਿੰਦਸੇ ਨਾਲ ਖੁੱਲ੍ਹੇ ਮੂੰਹ ਵਾਲਾ **ੳ** ਨਾਲ ਲਿਖਿਆ ਮਿਲਦਾ ਹੈ। ਮੂਲ ਮੰਤ੍ਰ ਕੁਝ ਵੱਖਰੇ-ਵੱਖਰੇ ਰੂਪਾਂ ਵਿਚ ਮਿਲਦਾ ਹੈ ਪਰ ਸ਼ੁਰੂਆਤ ੴ ਨਾਲ ਹੀ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਗਾਧ-ਬੋਧ ਹੈ। ਗੁਰਬਾਣੀ ਦੇ ਇਕ-ਇਕ ਸ਼ਬਦ ਬਾਰੇ ਜਿਤਨਾ ਵੀ ਆਖ ਲਵੋ, ਉਹ ਥੋੜ੍ਹਾ ਹੋਵੇਗਾ ਅਤੇ ਜੋ ਵੀ ਆਖ ਲਵੋ, ਹੋਰ ਆਖਣ ਦੀ ਲੋੜ ਮਹਿਸੂਸ ਹੁੰਦੀ ਰਹੇਗੀ। ਇਸੇ ਸੰਦਰਭ ਵਿਚ ਵਿਦਵਾਨਾਂ ਦੀ ਰਾਇ ਹੈ ਕਿ "ਜਪੁ ਜੀ" ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਸਾਰ ਹੈ। ਹੋਰ ਅਗਾਂਹ ਜਾ ਕੇ ਨਾਮ-ਅਭਿਆਸੀ ਗਿਆਨਵਾਨ ਪੁਰਖਾਂ ਦਾ ਕਥਨ ਹੈ ਕਿ "ਜਪੁ ਜੀ" ਦਾ ਕੇਂਦਰੀ ਭਾਵ "ਮੂਲ ਮੰਤਰ" ਵਿਚ ਹੈ। ਇੰਝ ਸਿੱਧੇ ਤੌਰ 'ਤੇ ਇਹ ਵੀ ਆਖਿਆ ਜਾ ਸਕਦਾ ਹੈ ਕਿ "ਮੂਲ ਮੰਤਰ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਵਿਚਾਰਧਾਰਾ ਦਾ "ਮੂਲ" ਹੈ। ਇਸ ਮੂਲ ਦਾ ਬੀਜ ੴ ਵਿਚ ਹੈ। ਸ਼ਾਇਦ ਇਸੇ ਲਈ ਕੁਝ ਵਿਚਾਰਵਾਨਾਂ ਨੇ ੴ ਨੂੰ "ਬੀਜ ਮੰਤਰ" ਵੀ ਆਖਿਆ ਹੈ। ਅਸਲ ਵਿਚ ਗੁਰਮਤਿ ਦੀ ਸਾਰੀ ਵਿਚਾਰਧਾਰਾ ਇਕ ਅਕਾਲ ਪੁਰਖ ਦੇ ਦੁਆਲੇ ਘੁੰਮਦੀ ਹੈ ਅਤੇ ਜਗਿਆਸੂ ਮਨੁੱਖ ਨੂੰ ਉਸੇ "ਇਕ" ਨਾਲ ਜੁੜਣ ਦੀ ਪ੍ਰੇਰਨਾ ਦਿੰਦੀ ਹੈ।

ਭਾਈ ਗੁਰਦਾਸ ਜੀ ਵੀ ਆਪਣੀ ਤੀਜੀ ਵਾਰ ਦੀ ਪੰਦਰਵੀਂ ਪਉੜੀ ਵਿਚ ਬਿਆਨਦੇ

ਹਨ ਕਿ ਏਕੇ ਦੇ ਨਾਲ ਊੜੇ ਨੂੰ ਵੀ ਬੈਠਾ ਕੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਾਰੀ ਲੋਕਾਈ ਨੂੰ ਇਕ ਪ੍ਰਭੂ ਨਾਲ ਜੋੜਿਆ ਹੈ। ਫੁਰਮਾਨ ਹੈ :

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ॥ ੧੫॥

ਮੂੰਹ ਖੁੱਲ੍ਹੇ ਵਾਲਾ ੳ ਹੋੜਾ ਬੋਲਦਾ ਹੈ ਤੇ ਜੋ ਉੱਪਰ ਫਿਰ ⌒ ਕਾਰ ਹੈ ਉਸ ਦਾ ਅਰਥ ਗਿਆਨੀ ਵਿਦਵਾਨ ਪੁਰਖ ਇਕ-ਰਸ ਕਰਦੇ ਹਨ। ਸੋ ਇਕ ਓਅੰਕਾਰ ਨੇ ਆਕਾਰ ਧਾਰ ਕੇ ਸਭ ਸ੍ਰਿਸ਼ਟੀ ਸਾਜੀ ਹੈ। ਬਹੁਤ ਫੁਰਮਾਨ ਗੁਰਬਾਣੀ ਵਿਚੋਂ ਦਿੱਤੇ ਜਾ ਸਕਦੇ ਹਨ ਪਰ ਇੱਥੇ ਭਾਈ ਗੁਰਦਾਸ ਜੀ ਦੀ ਚੌਥੀ ਵਾਰ ਦੀ ਪਹਿਲੀ ਪਉੜੀ ਹੀ ਦਿੱਤੀ ਜਾ ਰਹੀ ਹੈ। ਫੁਰਮਾਨ ਹੈ :

ਓਅੰਕਾਰਿ ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ।
ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੁਇ ਜੋਤਿ ਸਵਾਰੇ।
ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ।
ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ।
ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।
ਸਾਧਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।
ਪਰਉਪਕਾਰੀ ਗੁਰੂ ਪਿਆਰੇ॥ ੧॥

ਸੋ ਏਕੇ ਨਾਲ ੳ ਮੂਲ-ਮੰਤ੍ਰ ਦੀ ਸ਼ੁਰੂਆਤ ਹੈ ਜੋ ਕਿ ਸਾਰੀ ਗੁਰਬਾਣੀ ਦਾ ਮੂਲ ਹੈ। ਮੂਲ-ਮੰਤ੍ਰ ਦੀ ਖੁੱਲ੍ਹੀ ਵਿਚਾਰ ਤੇ ਵਡਿਆਈ ਲਈ ਦੇਖੋ ਮੇਰੀ ਲਿਖੀ ਪੁਸਤਕ **"ਮੂਲ ਮੰਤਰ ਵੀਚਾਰ"** ਜੋ ਸਤਿਗੁਰੂ ਗੁਰੂ ਨਾਨਕ ਦੇਵ ਸਾਹਿਬ ਜੀ ਦੇ 550 ਸਾਲ ਗੁਰਪੁਰਬ ਸਮੇਂ 2019 ਵਿਚ ਸੰਗਤ-ਅਰਪਨ ਕੀਤੀ ਗਈ ਸੀ। ਹੁਣ ਸੰਖੇਪ ਵਿਚ ਮੂਲ ਮੰਤ੍ਰ ਬਾਰੇ ਲਿਖਿਆ ਜਾਂਦਾ ਹੈ :

ਸ੍ਰੀ ਗੁਰੂ ਨਾਨਕ ਦੇਵ ਜੀ ਆਪ ਮਾਰੂ ਰਾਗ ਵਿਚ ਉਚਾਰਨ ਕਰਦੇ ਹਨ ਕਿ ਮੂਲ ਮੰਤ੍ਰ

ਐਸੀ ਅੰਮ੍ਰਿਤ ਭਰੀ ਰਸਾਇਣ ਹੈ ਜਿਸ ਨਾਲ ਪੂਰੇ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਰਾਗ ਵਿਚ ਫੁਰਮਾਉਂਦੇ ਹਨ ਕਿ ਮੂਲ ਮੰਤਰ ਐਸੀ ਦਵਾਈ ਹੈ, ਜੇਕਰ ਭਰੋਸੇ ਸਹਿਤ ਪ੍ਰਹੇਜ਼ ਸਹਿਤ ਖਾਧੀ ਜਾਵੇ ਤਾਂ ਜਨਮਾਂ-ਜਨਮਾਂ ਦੇ ਪਾਪ ਕੱਟੇ ਜਾ ਸਕਦੇ ਹਨ। ਫੁਰਮਾਨ ਹਨ :

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥ (ਅੰਗ ੧੦੪੦)

ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥
ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥ (ਅੰਗ ੧੫੬)

ਇਹ ਮੂਲ ਮੰਤਰ ਜਿਤਨਾ ਆਕਾਰ ਵਿਚ ਛੋਟਾ ਹੈ ਉਤਨਾ ਹੀ ਅੰਮ੍ਰਿਤ ਦੇ ਸੋਮੇ ਵਾਂਗੂੰ ਮਹਾਨ ਹੈ। ਮੂਲ ਮੰਤਰ ਦਾ ਜਾਪ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਅੱਠਾਂ ਪਹਿਰਾਂ ਵਿਖੇ ਕੋਈ ਸਮੇਂ ਦੀ ਬੰਦਸ਼ ਨਹੀਂ ਹੈ। ਜਦੋਂ ਕੋਈ ਲੰਬੀ ਬਾਣੀ ਸ਼ੁਰੂ ਕਰਨ ਦਾ ਪਾਠ ਕਰਨ ਦਾ ਸਮਾਂ ਨਾ ਹੋਵੇ ਤਾਂ ਉਸ ਸਮੇਂ ਵੀ ਮੂਲ ਮੰਤਰ ਦਾ ਜਾਪ ਕੀਤਾ ਜਾ ਸਕਦਾ ਹੈ। ਸੋ ਥੋੜ੍ਹੇ ਸਮੇਂ ਦੀਆਂ ਵਿੱਥਾਂ ਭਰਨ ਮੂਲ ਮੰਤਰ ਦਾ ਸਿਮਰਨ ਗੁਣਕਾਰੀ ਹੈ। ਬਹੁਤ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਹੁਕਮ ਲੈਣ ਤੇ ਸੁਖ ਆਸਣ ਦੀ ਸੇਵਾ ਸਮੇਂ ਵੀ ਮੂਲ ਮੰਤਰ ਜਪਿਆ ਜਾਂਦਾ ਹੈ। ਕਈ ਕਥਾਵਾਚਕਾਂ, ਢਾਡੀ ਤੇ ਕੀਰਤਨੀ ਜਥੇ ਵੀ ਮੂਲ ਮੰਤਰ ਮੰਗਲ ਰੂਪ ਉਚਾਰਦੇ ਹਨ।

ਮੂਲ ਮੰਤਰ ਮੂਲ ਹੋਣ ਕਰਕੇ ਅੰਮ੍ਰਿਤ ਸੰਚਾਰ ਵਿਖੇ ਅੰਮ੍ਰਿਤ ਦੇ ਅਭਿਲਾਖੀਆਂ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਗੁਰਮੰਤਰ ਵੀ ਦ੍ਰਿੜ੍ਹ ਕਰਵਾਇਆ ਜਾਂਦਾ ਹੈ।

ਇਹ ਜੋ ੧ ਦੇ ਨਾਲ **ੳ** ਲਗਾਇਆ ਹੈ ਇਸ ਦਾ ਮੂੰਹ ਖੁੱਲ੍ਹਾ ਹੈ। ਇਹ ਬਹੁਤ ਸਾਰੇ ਥਾਂਵਾਂ 'ਤੇ ਇਸ ਤਰ੍ਹਾਂ ਆਉਂਦਾ ਹੈ ਤੇ ੳ ਦੇ ਉੱਪਰ ਕਾਰ ਹੈ। ਸੋ :

੧ = ਇੱਕ। ੳ = **ਓਅੰ**। ⌒ = ਕਾਰ।

ੳ ਨੂੰ ਸੰਸਕ੍ਰਿਤ ਦਾ ਸ਼ਬਦ ਮੰਨਦੇ ਹਨ। ਇਸ ਨੂੰ ਵੇਦ ਆਦਿ ਧਾਰਮਿਕ-ਪੁਸਤਕਾਂ ਦੇ ਆਰੰਭ ਦੇ ਅਖੀਰ ਵਿਚ ਪਵਿੱਤਰ ਅੱਖਰ ਓਂ ਜਾਣ ਕੇ ਵਰਤਿਆ ਜਾਂਦਾ ਹੈ। ਓਂ ਇਹ ਪ੍ਰਭੂ ਦਾ, ਬ੍ਰਹਮ ਦਾ ਨਿਸ਼ਾਨ ਸਮਝਿਆ ਜਾਂਦਾ ਹੈ। ਇਸ ਓਂ ਤੋਂ ਪਹਿਲਾਂ ਇਕ ਲਗਾ ਦਿੱਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿ ਉਹ ਪ੍ਰਭੂ ਇਕ ਹੈ, ਉਹ ਹਸਤੀ ਵਾਲਾ ਪ੍ਰਭੂ, ਜਿਸ ਵਰਗਾ ਹੋਰ ਕੋਈ ਨਹੀਂ ਹੈ। ਤੀਜਾ ਹਿੱਸਾ ⌒ ਹੈ ਜਿਸ ਦਾ ਉਚਾਰਨ ਕਾਰ ਹੈ। ਇਹ ਵੀ ਇਕ ਸੰਸਕ੍ਰਿਤ ਦਾ ਪਿਛੇਤਰ ਹੈ। ਇਸ ਦਾ ਅਰਥ ਹੈ ਇਕ-ਰਸ ਜਿਸ ਵਿਚ ਕੋਈ ਤਬਦੀਲੀ ਨਾ ਆਵੇ।

ਇਹ ਦੂਜੇ ਤੀਜੇ ਦੀ ਗੱਲ ਕਿਉਂ ਕਰਨੀ ਪਈ, ਅਸੀ ਵਿਚ ਜਦੋਂ ਪ੍ਰਭੂ ਜੀ ਨੇ ਸ੍ਰਿਸ਼ਟੀ ਸਾਜੀ, ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਸਾਜੇ ਤੇ ਉਨ੍ਹਾਂ ਦੀਆਂ ਡਿਊਟੀਆਂ ਨਿਯੁਕਤ

ਕੀਤੀਆਂ, ਉਤਪਤੀ ਪਾਲਣਾ ਤੇ ਨਾਸ, ਤਿੰਨਾਂ ਗੁਣਾਂ ਨਾਲ ਜੋੜੀਆਂ। ਇਹ ਓਅੰਕਾਰ ਦੀ ਧੁਨੀ ਸਨਾਤਨ ਧਰਮ ਤੇ ਜੈਨੀ ਵੀ ਮੰਨਦੇ ਹਨ, ਪਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਜੀ ਨੇ ੧ ਏਕਾ ਓਅੰਕਾਰ ਤੋਂ ਪਹਿਲਾਂ ਲਾਇਆ ਹੈ ਉਸ ਦੀ ਪੂਰੀ ਸ਼ਾਇਦ ਵਿਆਖਿਆ ਜਾਂ ਮਕਸਦ ਅਸੀਂ ਦਰਸਾ ਨਹੀ ਸਕੇ, ਸਮਝ ਨਹੀਂ ਸਕੇ, ਸ਼ਾਇਦ ਪੂਰਾ ਅਸੀਂ ਵੀ ਨਹੀਂ ਸਮਝਿਆ।

ਓਮ ਸ਼ਬਦ ਨੂੰ ਸਨਾਤਨੀ ਬ੍ਰਹਮਵਾਚਕ ਸ਼ਬਦ ਮੰਨਦੇ ਤੇ ਇਸ ਨੂੰ ਤਿੰਨ ਹਿੱਸਿਆਂ ਵਿਚ ਤਕਸੀਮ ਕਰਦੇ ਹਨ—ਅਕਾਰ, ਓਕਾਰ ਤੇ ਮਕਾਰ ਤੇ ਇਨ੍ਹਾਂ ਨੂੰ ਤਿੰਨਾਂ ਦੇਵਤਿਆਂ ਨਾਲ ਜੋੜਦੇ ਹਨ :

ਅਕਾਰ—**ਬ੍ਰਹਮਾ**—ਸਾਜਣ ਦੀ ਸ਼ਕਤੀ (**ਜਨਮ**)
ਰਜੋ ਗੁਣ, ਬਣਾਉਣ ਵਾਲਾ।

ਓਕਾਰ—**ਵਿਸ਼ਨੂੰ**—ਪਾਲਣ ਦੀ ਸ਼ਕਤੀ (**ਪਰਵਰਿਸ਼**)
ਸਤੋ ਗੁਣ, ਚਲਾਉਣ ਵਾਲਾ।

ਮਕਾਰ—**ਸ਼ਿਵਜੀ**—ਨਾਸ ਕਰਨ ਦੀ ਸ਼ਕਤੀ (**ਸੰਘਾਰ**)
ਤਮੋ ਗੁਣ, ਨਿਬੇੜਨ ਵਾਲਾ।

ਇਹ ਤਿੰਨ ਸ਼ਕਤੀਆਂ ਪ੍ਰਭੂ ਦੀਆਂ ਜ਼ਿਆਦਾ ਤੱਕ ਸਨਾਤਨੀ ਧਾਰਮਿਕ ਵਿਅਕਤੀਆਂ ਦੀ ਸਮਝ ਵਿਚ ਆਈਆਂ ਤੇ ਉਨ੍ਹਾਂ ਨੇ ਤਿੰਨਾਂ ਨੂੰ ਹੀ ਪ੍ਰਭੂ ਜਾਂ ਭਗਵਾਨ ਦਾ ਦਰਜਾ ਦੇ ਦਿੱਤਾ ਤੇ ਪੂਜਾ ਸ਼ੁਰੂ ਕਰ ਦਿੱਤੀ, ਪਰ ਐਸਾ ਸੁਣਨ ਵਿਚ ਆਇਆ ਹੈ ਕਿ ਬ੍ਰਹਮਾ ਜੀ ਦਾ ਇਕ ਹੀ ਮੰਦਰ ਹੈ ਸਾਰੇ ਭਾਰਤ ਵਿਚ। ਐਸੀ ਸਮਝ ਆਈ ਕਿ ਜਨਮ ਤਾਂ ਸਾਡਾ ਹੋ ਗਿਆ ਹੈ। ਹੁਣ ਬ੍ਰਹਮਾ ਨਾਲ ਕੋਈ ਵਾਸਤਾ ਨਹੀਂ ਹੈ। ਵਿਸ਼ਨੂੰ ਜੀ ਤੋਂ ਸਭ ਧਨ ਪਦਾਰਥ ਚਾਹੀਦਾ ਹੈ ਤੇ ਸ਼ਿਵ ਜੀ ਦੀ ਪੂਜਾ ਭੈ, ਡਰ ਕਰਕੇ ਕਰਨੀ ਸ਼ੁਰੂ ਕੀਤੀ ਕਿ ਸਾਨੂੰ ਨਾ ਮਾਰਨਾ। ਸੋ ਵਿਸ਼ਨੂੰ ਤੇ ਸ਼ਿਵ ਜੀ ਦੇ ਮੰਦਰ ਬੇਅੰਤ ਹਨ। ਅਸਲ ਵਿਚ ਇਨ੍ਹਾਂ ਦੇ ਪਿੱਛੇ ਇਨ੍ਹਾਂ ਨੂੰ ਸਾਜਣ ਵਾਲੀ ਇਕ ੧ ਦੀ ਸ਼ਕਤੀ ਹੈ ਉਸ ਦੀ ਪੂਰੀ ਸੋਝੀ ਨਾ ਹੋਈ।

ਭਗਤ ਸ੍ਰੀ ਰਵਿਦਾਸ ਜੀ ਵੀ ਫੁਰਮਾਉਂਦੇ ਹਨ ਕਿ ਪ੍ਰਭੂ ਜੀ ਤੁਹਾਡੀ ਨੂੰ ਪਾਤਿਸ਼ਾਹੀ ਪੱਕੀ ਸਥਿਰ ਤੇ ਸਦੀਵੀ ਹੈ। ਉਥੇ ਕੇਵਲ ਉਹ ਪ੍ਰਭੂ ਹੀ ਹੈ ਹੋਰ ਕੋਈ ਦੂਜਾ ਤੀਜਾ ਨਹੀਂ। ਫੁਰਮਾਨ ਹੈ :

ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥ (ਅੰਗ ੩੪੫)

ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥ (ਅੰਗ ੧੧੩੦)

ਇਕ ਵਿਦਵਾਨ ਪ੍ਰਚਾਰਕ ਨੇ ਇਤਿਹਾਸ ਦੀ ਇਕ ਘਟਨਾ ਸੁਣਾਦਿਆਂ ਇਵੇਂ ਆਖਿਆ ਕਿ ਇਕ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘੋੜੇ ਉੱਪਰ ਚੜ੍ਹਨ ਲੱਗਿਆਂ ਸਿੱਖਾਂ ਤਾਈਂ ਪ੍ਰੀਖਿਆ ਵਜੋਂ ਕਿਹਾ ਕਿ ਕੋਈ ਐਸਾ ਸਿੱਖ ਹੈ ਜੋ ਸਾਨੂੰ ਘੋੜੇ ਦੀ ਰਕਾਬ ਵਿਚ ਪੈਰ ਰੱਖਣ ਸਮੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰਥ ਕਰਕੇ ਸੁਣਾ ਦੇਵੇ। ਸਿੱਖ ਹੈਰਾਨ ਹੋ ਗਏ। ਇਕ ਸਿੱਖ ਨੇ ਨਿਮਰਤਾ ਸਹਿਤ ਬੇਨਤੀ ਕੀਤੀ, ਜੇ ਆਪ ਜੀ ਕਿਰਪਾ ਕਰੋ ਤਾਂ ਮੈਂ ਆਖਾਂ? ਸਤਿਗੁਰੂ ਜੀ ਨੇ ਦ੍ਰਿਸ਼ਟੀ ਨਾਲ ਸਹਿਮਤੀ ਪ੍ਰਗਟਾਈ ਤਾਂ ਉਸ ਸਿੱਖ ਨੇ ਆਖਿਆ, ੴ ਇਕ ਓਅੰਕਾਰ। ਸਤਿਗੁਰੂ ਜੀ ਨੇ ਸੁਣ ਕੇ ਬਹੁਤ ਖ਼ੁਸ਼ੀਆਂ ਵਰਤਾਈਆਂ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪੀਰ ਹਮਜ਼ਾ ਗੌਂਸ ਤੇ ਮੂਲੇ ਖੱਤਰੀ ਨਾਲ ਵਰਤਾਰਾ ਵਰਤਾਉਂਦੇ ਹੋਏ ਜਿਸ ਬੇਰੀ ਦੇ ਦਰੱਖ਼ਤ ਹੇਠ ਬਿਰਾਜਮਾਨ ਹੋਏ। ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ (ਪਾਕਿਸਤਾਨ) ਵਿਖੇ ਮਾਰਚ 2019 ਸਮੇਂ ਯਾਤਰਾ ਦੌਰਾਨ ਗੁਰਦੁਆਰੇ ਵਿਖੇ ਸਤਿਗੁਰੂ ਜੀ ਦੇ ਪ੍ਰਕਾਸ਼ ਅਸਥਾਨ ਦੇ ਦੋਵੇਂ ਪਾਸੇ ਪੁਰਾਤਨ ਸੰਗਮਰਮਰ ਦੇ ਪੱਥਰਾਂ ਉੱਪਰ ੴ ঃ ਲਿਖਿਆ ਹੋਇਆ ਉਕਰਿਆ ਹੋਇਆ ਹੈ, ਇਸ ਤੋਂ ਬਾਅਦ ਕੁਝ ਨਹੀਂ ਲਿਖਿਆ ਹੈ ਭਾਵੇਂ ਥਾਂ ਹੈ। ਪਤਾ ਕਰਨ ਤੇ ਇਹ ਸਾਹਮਣੇ ਆਇਆ ਕਿ ਇਹ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਦਾ ਹੈ। ਐਸਾ ਕਿਸੇ ਹੋਰ ਅਸਥਾਨ 'ਤੇ ਦੇਖਣ ਵਿਚ ਨਹੀਂ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਹਸਕ੍ਰਿਤੀ ਸਲੋਕਾਂ ਵਿਚ ਇਹ ঃ ਚਿੰਨ ਅੰਕਿਤ ਹੈ। ਵਾਰਾਂ ਦੇ ਵਿਚ ਵੀ ਮਹਲਾ ੧,੨,੩,੪,੫ ਨੂੰ ਮ: ੧ ਆਦਿ ਸੰਕੇਤ-ਭਾਸ਼ਾ ਵਿਚ ਛੋਟਾ ਰੂਪ ਲਿਖਿਆ ਮਿਲਦਾ ਹੈ ਪਰ ਉਚਾਰਨ ਪੂਰਾ ਕਰੀਦਾ ਹੈ। ਸਹਸਕ੍ਰਿਤੀ ਸਲੋਕਾਂ ਵਿਚ ਟਕਸਾਲੀ ਵਿਦਵਾਨ ਅਨੁਸਾਰ ਇਨ੍ਹਾਂ ঃ ਦੋ ਬਿੰਦੀਆਂ ਦਾ ਉਚਾਰਣ ਅਖਰੀਲੇ ਅੱਖਰ ਤੋਂ ਬਾਅਦ ਵਿਚ "ਹ" ਬੋਲ ਕੇ ਕਰਦੇ ਹਨ ਜੋ "ਹ" ਅੱਖਰ ਇਨ੍ਹਾਂ ਬਿੰਦੀਆਂ ਲਈ ਲਾਇਆ ਜਾਂਦਾ ਹੈ। ਸੋ ੴ ঃ "ਹਾਂ" ਸੋ ਸਭ ੴ ঃ ਹੀ ਹੈ। ਸੋ ੴ ਸੰਕੇਤ-ਭਾਸ਼ਾ Short hand ਵਿਚ ਛੋਟੇ ਰੂਪ ਵਿਚ ਲਿਖਿਆ ਹੈ - ਕਿਸ ਵਿਅਕਤੀ ਵੱਲੋਂ ਇਹ ਪਤਾ ਨਹੀਂ ਚਲ ਸਕਿਆ।

ਮੇਰੀ ਸੋਚਣੀ ਮੁਤਾਬਿਕ ਇਹ ਚਿੰਨ੍ਹ ਪ੍ਰਗਟ ਕਰ ਰਿਹਾ ਹੈ ਕਿ ੴ ঃ ਇਕ ਓਅੰਕਾਰ ਦਾ ਹੀ ਸਭ ਪਸਾਰਾ ਹੈ ਜਾਂ ਕਹਿ ਲਵੋ ਕਿ ਜੋ ਵੀ ਦ੍ਰਿਸ਼ਟ-ਅਦ੍ਰਿਸ਼ਟ ਹੈ, ਜੋ ਵੀ ਗੁਪਤ ਪ੍ਰਗਟ ਹੈ ਉਸ ਨਿਰਗੁਣ ਨੇ ਹੀ ਸਰਗੁਣ ਰੂਪ ਧਾਰਿਆ ਹੋਇਆ ਹੈ। ਉਹ ਸਭ ੴ ਹੀ ਹੈ। ਬਾਣੀ ਵਿਚ ਵੀ ਫ਼ੁਰਮਾਨ ਹੈ :

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥ (ਅੰਗ ੪੮੫)

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

(ਅੰਗ ੧੨੬੫)

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ॥

ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ॥ (ਅੰਗ ੬੦੪)

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥ (ਅੰਗ ੧੩੧੦)

ਪਰ ਇਹ ਜੋ ਪ੍ਰਭੂ ਸਭ ਵਿਚ ਵਰਤ ਰਿਹਾ ਹੈ ਉਸ ਦੇ ਨਾਲ ਸਾਡੀ ਜਾਣ-ਪਹਿਚਾਣ ਕਿਵੇਂ ਹੋਵੇ, ਉਸ ਨਾਲ ਸੰਬੰਧ ਕਿਸ ਤਰ੍ਹਾਂ ਜੋੜੀਏ? ਤਾਂ ਗੁਰਬਾਣੀ ਵਿਚੋਂ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਸੇਧ ਮਿਲਦੀ ਹੈ।

ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੈ॥ (ਅੰਗ ੧੦੫੨)

ਜੋ ਪ੍ਰਥਮ ਓਅੰਕਾਰ ਦੀ ਧੁਨੀ ਹੋਈ ਉਹ ਨਾਦ ਹੈ, ਬ੍ਰਹਮ ਦੀ ਧੁਨੀ ਹੈ ਆਦਿ ਹੈ ਸਭ ਦਾ। ਇਸ ਅਰੰਭਕ ਧੁਨੀ ਬਾਰੇ ਦਸਵੇਂ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ :

ਪ੍ਰਿਥਮੇ ਓਅੰਕਾਰ ਤਿਨ ਕਹਾ॥ ਸੋ ਧੁਨਿ ਪੂਰ ਜਗਤ ਮੋ ਰਹਾ॥

(ਦਸਮ ਗ੍ਰੰਥ, ਅੰਗ ੧੫੮)

ਸ਼ਬਦ ਵਿਆਪਕ ਹੈ, ਪ੍ਰਭੂ ਵੀ ਸ਼ਬਦ ਰਾਹੀਂ ਪ੍ਰਗਟ ਹੁੰਦਾ ਹੈ। ਸ਼ਬਦ ਸਾਰੇ ਬ੍ਰਹਿਮੰਡ ਵਿਚ ਮੌਜੂਦ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਤਰ੍ਹਾਂ ਚਾਚਾ ਲਾਲੂ ਜੀ ਨੂੰ ਰਿਸ਼ਤਿਆਂ ਬਾਰੇ ਦਰਸਾਉਂਦਿਆਂ ਗੁਰੂ ਸਾਹਿਬ ਜੀ ਇਉਂ ਫ਼ੁਰਮਾਉਂਦੇ ਹਨ :

ਏਕੰਕਾਰ ਹਮਾਰਾ ਖਾਵੰਦ ਜਿਨ ਇਹ ਬਣਤ ਬਣਾਈ॥

ਉਸ ਕੋ ਤਿਆਗ ਅਵਰ ਕੋ ਲਾਗੇ ਨਾਨਕ ਸੋ ਦੁਖ ਪਾਈ॥ (ਅੰਗ ੮੬)

ਹੋਰ ਕਈ ਬਚਨਾਂ ਵਾਂਗੂੰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦਰਜ ਨਹੀਂ ਹੈ। ਭਾਈ ਗੁਰਦਾਸ ਜੀ ਵੀ ਇਉਂ ਫ਼ੁਰਮਾਉਂਦੇ ਹਨ :

ਪੂਰਨ ਬ੍ਰਹਮ ਆਪਿ ਆਪਨ ਹੀ ਆਪਿ ਸਾਜਿ
ਆਪਨ ਰਚਿਓ ਹੈ ਨਾਉ ਆਪ ਹੀ ਬਿਚਾਰ ਕੈ॥
ਆਦਿ ਗੁਰ ਦੁਤੀਆ ਗੋਬਿੰਦ ਨਾਮ ਕੈ ਕਹਾਇਓ
ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ॥ (ਵਾਰ ਭਾਈ ਗੁਰਦਾਸ ਜੀ)

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥

(ਅੰਗ ੬)

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ (ਅੰਗ ੯੮੮)

ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥ (ਅੰਗ ੧੩੮੫)

ਇਥੇ ਇਹ ਬੇਨਤੀ ਮੈਂ ਜ਼ਰੂਰ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਹੋਰ ਭਾਸ਼ਾਵਾਂ ਵਿਚ ਗੁਰਬਾਣੀ ਦਾ ਤਰਜਮਾ ਕੀਤਾ ਜਾਂਦਾ ਹੈ, ਪਰ ਗੁਰਮੁਖੀ (ਪੰਜਾਬੀ) ਨੂੰ ਪੜ੍ਹਨਾ ਸਿੱਖਣਾ ਬਹੁਤ ਜ਼ਰੂਰੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਣ ਲਈ। ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਭਾਸ਼ਾਵਾਂ ਦੇ ਵਿਚ ਕੋਈ ਕੋਈ ਉਚਾਰੇ ਸ਼ਬਦ ਮਿਲਦੇ ਹਨ ਪਰ ਗੁਰਮੁਖੀ, ਪੰਜਾਬੀ ਇਕ ਸੰਪੂਰਨ ਭਾਸ਼ਾ ਤੇ ਬੋਲੀ ਹੈ ਜਿਸ ਦਾ ਸਹੀ ਤਰਜਮਾ ਕਰਨ ਲਈ ਬਹੁਤ

ਸਾਰੀਆਂ ਭਾਸ਼ਾਵਾਂ ਵਿਚ ਅੱਖਰ ਨਹੀਂ ਹਨ ਜੋ ਕਿ ਪੰਜਾਬੀ ਵਰਣਮਾਲਾ ਵਿਚ ਲਗਾਂ ਮਾਤਰਾਂ ਸਮੇਤ ਗਿਣਤੀ 52 ਹੈ। ਸੋ ਆਮ ਭਾਸ਼ਾ ਵਿਚ ਤਰਜਮੇ ਵਿਚ ਬਹੁਤ ਮੁਸ਼ਕਲ ਹੋ ਆਉਂਦੀ ਹੈ। ਸ਼ਬਦਾਂ ਦੇ ਅਰਥ ਕਰਕੇ ਲਿਖਣਾ ਕੁਝ ਠੀਕ ਜਾਪਦਾ ਹੈ ਪਰ Transliteration ਵਿਚ ਉਚਾਰਨ ਸਹੀ ਲਿਖਣਾ ਕਠਿਨ ਜਾਪਦਾ ਹੈ।

ਸਤਿਗੁਰੂ ਜੀ ਨੇ ਪਹਿਲਾਂ ੧ ਲਿਖਿਆ ਹੈ ਤੇ ਜੇ ਅਸੀਂ ਅੰਗਰੇਜ਼ੀ ਵਿਚ ਇਕ ਲਿਖਾਂਗੇ ਤਾਂ IK ਲਿਖਿਆ ਜਾਵੇਗਾ। ਸੋ ਏਕੇ ਦਾ ਅਸਲੀ ਅਰਥ ਹੀ ਗੁਆਚ ਗਿਆ, ਕਿਉਂਕਿ ਪਹਿਲਾ ਹੀ ਅੱਖਰ ੧ ਤੋਂ ਦੋ ਹੋ ਗਏ। ਏਸੇ ਤਰ੍ਹਾਂ ਹੀ ਜੇ ਪੰਜਾਬੀ ਅੱਖਰਾਂ ਵਿਚ ਵੀ ਇਕ ਲਿਖਿਆ ਜਾਵੇ ਤਾਂ ਅੱਖਰ ਇਕ ਤੋਂ ਵੱਧ ਹੋ ਜਾਂਦੇ ਹਨ। ਸੋ ਗੁਰੂ ਸਾਹਿਬ ਜੀ ਨੇ ਸਹੀ ਮਾਨਿਆਂ ਵਿਚ ਹਿੰਦਸਾ ਵਰਤਿਆ ਹੈ।

ਉਹ ਪ੍ਰਭੂ ਤਾਂ ਤਿੰਨਾਂ ਗੁਣਾਂ ਤੋਂ ਉਪਰ ਤਿੰਨ ਕਾਲਾਂ – ਭੂਤ, ਭਵਿੱਖ ਤੇ ਵਰਤਮਾਨ ਵਿਚ ਵੀ ਇਕ ਰਸ ਹੈ, ਪਰ ਫਿਰ **ੳ** ਊੜਾ ਬਣਾ ਕੇ ਉਸ ਦਾ ਸਿਰਾ, ਮੂੰਹ ਖੁੱਲ੍ਹਾ ਰਹਿਣ ਦਿੱਤਾ। ਉਹ ੧ ਅਜ਼ਾਦ ਹੈ ਉਸ ਦਾ ਕੋਈ ਹੱਦ-ਬੰਨਾ ਨਹੀਂ ਹੈ, ਉਹ ਅਸੀਮ ਹੈ ਉਸ ਦੀ ਕੋਈ ਸੀਮਾ ਨਹੀਂ ਹੈ। **ੳ** ਦੇ ਮੂੰਹ ਖੁੱਲ੍ਹੇ ਤੋਂ ਉਪ੍ਰੰਤ ੴ ਦੇ ਨਾਲ ਕਾਰ ਬਣਾਈ ਹੈ ਕਿ ਉਸ ਦੀ ਕਾਰ ਸਭ ਉੱਪਰ ਹੈ, ਭਾਵ ਸਭ ਉਸ ਦੇ ਹੁਕਮ ਵਿਚ ਹਨ। ਜਪੁਜੀ ਸਾਹਿਬ ਜੀ ਦੀ ਦੂਜੀ ਪਉੜੀ ਦੀ ਸੰਪੂਰਨਤਾ ਤੇ ਫੁਰਮਾਨ ਹੈ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਅੰਗ ੧)

ਕਈ ਵਾਰੀ ਸਾਨੂੰ ਦੂਜਿਆਂ ਤੋਂ ਵੀ ਗੁਣ ਸਿਖ ਲੈਣੇ ਚਾਹੀਦੇ ਹਨ। ਮੁਸਲਮਾਨ ਕਿਸੇ ਦੇਸ਼ ਵਿਚ ਵੀ ਰਹਿੰਦੇ ਹੋਣ, ਛੋਟੇ ਹੁੰਦਿਆਂ ਤੋਂ ਹੀ ਆਪਣੇ ਬੱਚਿਆਂ ਬੱਚੀਆਂ ਨੂੰ ਕੁਰਾਨ ਸ਼ਰੀਫ ਅਰਬੀ ਵਿਚ ਜ਼ਰੂਰ ਸਿਖਾਉਂਦੇ ਹਨ, ਪੜ੍ਹਾਉਂਦੇ ਹਨ। ਉਨ੍ਹਾਂ ਦੇ ਇਸ ਤਰ੍ਹਾਂ ਕਹਿ ਲਵੋ ਕਿ 100 ਵਿਚੋਂ 90 ਤੋਂ ਉਪਰ ਬੱਚੇ ਸਕੂਲ ਤੋਂ ਬਾਅਦ ਕੁਰਾਨ ਪੜ੍ਹਨ ਲਈ ਜ਼ਰੂਰ ਜਾਂਦੇ ਹਨ। ਮਸਜਿਦਾਂ ਵਿਚ ਮਾਪੇ ਆਪਣਾ ਖਾਸ ਫ਼ਰਜ਼ ਸਮਝ ਕੇ ਇਸ ਨੂੰ ਨਿਭਾਉਂਦੇ ਹਨ। ਵਿਦੇਸ਼ਾਂ ਵਿਚ ਸਿੱਖਾਂ ਵਿਚ ਵੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਵਿਚ ਕਾਫੀ ਜਾਗਰਤੀ ਆ ਰਹੀ ਹੈ, ਪਰ ਮੁਸਲਮਾਨ ਰੋਜ਼ਾਨਾ ਜਾਂ ਘੱਟ ਤੋਂ ਘੱਟ ਹਫਤੇ ਹਫਤੇ ਵਿਚ ਪੰਜ ਛੇ ਦਿਨ ਇਹ ਲਾਜ਼ਮੀ ਕਰਦੇ ਹਨ। ਇਸੇ ਤਰ੍ਹਾਂ ਹੀ ਉਹ ਪ੍ਰੀਵਾਰ ਵਿਚ ਬੱਚਿਆਂ ਦੀ ਗਿਣਤੀ ਤੇ ਕੋਈ ਪਾਬੰਦੀ ਨਹੀਂ ਲਾਉਂਦੇ ਤੇ ਉਨ੍ਹਾਂ ਦੇ ਘਰ ਵਿਚ ਬਹੁਤ ਬੱਚੇ ਹੁੰਦੇ ਹਨ ਜੋ ਕਿ ਉਨ੍ਹਾਂ ਦੇ ਧਰਮ ਦੀ ਗਿਣਤੀ ਤੇ ਵੋਟਾਂ ਘੱਟਣ ਦੀ ਗੱਲ ਕਦੀ ਵੀ ਨਹੀਂ ਉਠਦੀ। ਗੁਰਬਾਣੀ ਵਿਚ ਵੀ ਫੁਰਮਾਨ ਹੈ :

ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ ॥
ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ ॥ (ਅੰਗ ੯੬੦)

ਸਤਿਗੁਰੂ ਜੀ ਨੇ ਤਾਂ ਪ੍ਰੀਵਾਰਾਂ ਵਿਚ ਜੀਆਂ ਦੀ ਕੋਈ ਬੰਦਸ਼ ਤੇ ਪਾਬੰਦੀ ਨਹੀਂ ਲਗਾਈ ਤੇ ਸਿੱਖਾਂ ਨੇ ਆਪ ਹੀ ਇਹ ਆਪਣੇ ਉਪਰ ਲਾਗੂ ਕਰ ਲਈ ਹੈ ਤੇ ਦੋ ਕੁ ਬੱਚੇ ਹੀ ਪ੍ਰਵਾਰ ਵਿਚ ਲੈਂਦੇ ਹਨ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਵੀ ਇਸ ਘੱਟਦੀ ਗਿਣਤੀ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਹੈ ਤੇ ਸਿੱਖਾਂ ਨੂੰ ਹੋਰ ਬੱਚੇ ਪ੍ਰੀਵਾਰਾਂ ਵਿਚ ਲਿਆਉਣ ਲਈ ਆਖਿਆ ਗਿਆ ਹੈ। ਹਰੇਕ ਜੀਵ ਆਪਣਾ ਭਾਗ ਲੈ ਕੇ ਆਉਂਦਾ ਹੈ, ਪਹਿਲਾਂ 10-10, 12-12 ਬੱਚੇ ਹੁੰਦੇ ਸਨ।

ਐਸਾ ਪ੍ਰਭੂ ਜਿਸ ਦਾ ਕੋਈ ਚਿਹਨ ਚੱਕਰ ਨਹੀਂ ਹੈ ਜਿਸ ਦੇ ਮਾਂ ਪਿਉ ਨਹੀਂ, ਜਿਸ ਦਾ ਕੋਈ ਧਰਮ, ਜਾਤ, ਵਰਨ ਆਦਿ ਨਹੀਂ,ਪਰ ਜੋ ਸਭ ਵਿਚ ਭਰਪੂਰ ਹੈ। ਉਹ ਪ੍ਰਭੂ, ਉਹ ੧ ਇਕ-ਰਸ ਹੀ ਰਹਿੰਦਾ ਹੈ, ਉਹ ਕਦੀ ਬੁੱਢਾ ਵੀ ਨਹੀਂ ਹੁੰਦਾ, ਪਰ ਸਾਡੇ ਉੱਪਰ ਜਰਾ ਰੋਗ ਬੁਢੇਪਾ ਵਾਪਰਦਾ ਹੈ। ਫੁਰਮਾਨ ਵੀ ਹੈ :

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥ (ਅੰਗ ੪੪)

ਇਕ ਹੋਰ ਸ਼ਬਦ ੧ੴ ਦੀ ਵਿਆਖਿਆ ਕਰਦਾ ਹੈ ਆਪ ਜੀ ਨੇ ਜਾਂਚ ਲੈਣਾ ਜੀ :

ਬਾਜੀਗਰਿ ਇਕ ਬਾਜੀ ਪਾਈ॥ ਪੂਰੇ ਗੁਰ ਤੇ ਨਦਰੀ ਆਈ॥ (ਅੰਗ ੧੦੬੧)

ਐਸੀ ਸ਼ਕਤੀ ਜੋ ਨਿਰਗੁਣ ਤੋਂ ਸਰਗੁਣ ਰੂਪ ਤੇ ਫਿਰ ਸ਼ਬਦ ਰੂਪ ਵਿਚ ਵਿਚਰ ਰਹੀ ਹੈ ਇਹ ਪ੍ਰਭੂ ਜੀ ਦਾ ਆਪਣਾ ਖੇਲ ਤੇ ਰਚਨਾ ਨਿਰਾਲੀ ਹੈ :

ਨਿਰਗੁਨ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਅੰਗ ੨੮੭)
ਨਰ ਨਰਹ ਨਮਸਕਾਰੰ॥
ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ॥ ੧ ॥ ਰਹਾਉ॥ (ਅੰਗ ੯੦੧)

ਹੁਣ ਵਾਪਸ ੳ ਦੀ ਵਿਚਾਰ ਵੱਲ ਆਉਂਦੇ ਹਾਂ।

ੳ ਅੱਖਰ ਦੀ ਇਕ ਹੋਰ ਬਹੁਤ ਵਡਿਆਈ ਸਾਡੇ ਸਾਹਮਣੇ ਆਉਂਦੀ ਹੈ ਕਿ ਜਦੋਂ ੳ ਬੋਲਿਆ ਜਾਂਦਾ ਹੈ ਤਾਂ ਊ+ੜਾ ੳ ਅੱਖਰ ਦੇ ਨਾਲ-ਨਾਲ ਅਖੀਰਲਾ ਅੱਖਰ **ੜ** ਵੀ ਬੋਲਿਆ ਜਾਂਦਾ ਹੈ। ਸੋ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ੳ ਲਿਖਣ ਨਾਲ ਸੰਖੇਪ ਤੌਰ 'ਤੇ ਸਾਰੀ ਪੈਂਤੀ ਹੀ ਆ ਜਾਂਦੀ ਹੈ। ਸਿੱਖ ਚਿੰਤਕ ਇਸ ਤਰ੍ਹਾਂ ਵੀ ਆਖਦੇ ਨੇ ਕਿ ਜੇ ਸਿੱਖ ਊੜੇ ਤੇ ਜੂੜੇ ਨਾਲ ਜੁੜੇ ਰਹਿਣਗੇ ਤਾਂ ਸਤਿਗੁਰੂ ਜੀ ਵੀ ਬਖ਼ਸ਼ਿਸ਼ਾਂ ਕਰਨਗੇ ਤੇ ਕੋਈ ਵੀ ਦੁਨਿਆਵੀ ਸ਼ਕਤੀ ਉਨ੍ਹਾਂ ਨੂੰ ਖਤਮ ਨਹੀਂ ਸਕੇਗੀ, ਭਾਵ ਪੰਜਾਬੀ (ਗੁਰਮੁਖੀ) ਤੇ ਕੇਸਾਂ ਨਾਲ ਜੁੜੇ ਰਹਿਣਗੇ।

ਅੰਗ ੩੪੦ ਵਿਖੇ ਭਗਤ ਸ੍ਰੀ ਕਬੀਰ ਜੀ **ੳ** ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਕਿ ਉਹ ਇਕ ਰਸ ਪ੍ਰਭੂ ਹੀ ਸਭਨਾਂ ਦਾ ਪ੍ਰਕਾਸ਼ਕ ਹੈ ਤੇ ਉਹ ਪ੍ਰਭੂ ਹੀ ਸਭ ਦਾ ਮੁੱਢ ਰੂਪ ਹੈ। ਹੋਰ ਜੋ ਬ੍ਰਹਮਾ ਤੇ ਸ਼ਿਵ ਆਦਿ ਜੋ ਰਚਨ ਤੇ ਮੇਟਣ ਵਾਲੇ ਹਨ ਆਦਿਕ ਦੇਵਤਿਆਂ ਨੂੰ ਨਹੀਂ

ਮੰਨਦਾ, ਕਿਉਂਕਿ ਇਹ ਵੀ ਉਸੇ ਪ੍ਰਭੂ ਦੇ ਬਣਾਏ ਹੋਏ ਹਨ। ਜਦੋਂ ਕੋਈ ਉਸ ਪ੍ਰਭੂ ਓਅੰਕਾਰ ਨੂੰ ਜਾਣ ਲੈਂਦਾ ਹੈ ਤਾਂ ਉਸ ਦਾ ਮਰਣਾ ਨਹੀਂ ਹੁੰਦਾ ਭਾਵ ਜਦੋਂ ਕੋਈ ਆਪਣੇ ਆਪ ਨੂੰ ਸਾਧ ਲੈਂਦਾ ਹੈ ਕਿ ਉਸ ਨੂੰ ਪ੍ਰਭੂ ਦੀ ਲਖਣਾ ਹੋ ਆਉਂਦੀ ਹੈ (ਸੋਝੀ) ਤਾਂ ਫਿਰ ਗੁਰਬਾਣੀ ਵਿਚ ਵੀ ਫੁਰਮਾਨ ਹੈ :

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥ (ਅੰਗ ੧੪੨੯)

ਅੰਗ ੯੩੦ ਉੱਪਰ ਦਖਣੀ ਓਅੰਕਾਰ ਬਾਣੀ ਵਿਖੇ **ੳ** ਅੱਖਰ ਪ੍ਰਤੀ ਦੋ ਪਉੜੀਆਂ ੮ ਤੇ ੯ ਵਿਚ ਉਪਦੇਸ਼ ਹੈ ਜਿਸ ਦਾ ਸਾਰੰਸ਼ ਹੈ ਕਿ ਉਸ ਪ੍ਰਭੂ ਦਾ ਪ੍ਰਕਾਸ਼ ਤਿੰਨਾਂ ਲੋਕਾਂ ਵਿਚ ਪਾਤਾਲ, ਮਾਤਲੋਕ, ਸਵਰਗ (ਜਲ, ਧਰਤੀ ਤੇ ਆਕਾਸ਼) ਹੈ। ਜਿਹੜਾ ਵਿਅਕਤੀ ਉਸ ਇੱਕ ਦੀ ਸਿਫਤ-ਸਾਲਾਹ ਵਿਚ ਜੁੜ ਜਾਂਦਾ ਹੈ ਉਸ ਨੂੰ ਸੋਝੀ ਹੋ ਜਾਂਦੀ ਹੈ ਕਿ ਉਹ ਪ੍ਰਭੂ ਹੀ ਸਭ ਦਾ ਮਾਲਕ ਹੈ ਤੇ ਪ੍ਰਭੂ ਜੀ ਬੱਦਲ ਰੂਪ ਹੋ ਕੇ ਉਸ ਉੱਪਰ ਕਿਰਪਾ ਦੀ ਝੜੀ ਲਾਉਂਦੇ ਹਨ ਤਾਂ ਉਹ ਪ੍ਰਭੂ ਜੀ ਦਾ ਭੇਤ ਜਾਣ ਲੈਂਦਾ ਹੈ ਕਿ ਉਹ ਪ੍ਰਭੂ ਹੀ ਸਭ ਨੂੰ ਪੈਦਾ ਕਰਨ ਵਾਲਾ ਤੇ ਚਾਨਣ (ਸੋਝੀ) ਦੇਣ ਵਾਲਾ ਹੈ।

ਜਦੋਂ ਜੀਵ ਦੇ ਹਿਰਦੇ ਵਿਚ ਗਿਆਨ ਰੂਪੀ ਸੂਰਜ ਪ੍ਰਕਾਸ਼ ਪ੍ਰਗਟ ਹੁੰਦਾ ਹੈ ਤਾਂ ਉਹ ਦੈਂਤ ਰੂਪੀ ਵਿਕਾਰਾਂ ਨੂੰ ਮਾਰ ਲੈਂਦਾ ਹੈ। ਗੁਰੂ ਜੀ ਦੇ ਬਖ਼ਸ਼ੇ ਸ਼ਬਦ ਦੀ ਬਰਕਤ ਨਾਲ ਪ੍ਰਮਾਤਮਾ ਦਾ ਦੀਦਾਰ ਕਰਕੇ ਉਸ ਨੂੰ ਸਮਝ ਆ ਜਾਂਦੀ ਹੈ ਕਿ ਤਿੰਨਾਂ ਲੋਕਾਂ ਵਿਚ ਸਭ ਪਾਸੇ ਪ੍ਰਭੂ ਆਪ ਹੀ ਵਿਚਰ ਰਿਹਾ ਹੈ। ਪ੍ਰਭੂ ਹੀ ਸਭ ਨੂੰ ਮਨ ਤਨ ਦਿੰਦਾ ਹੈ ਤੇ ਉਸ ਤੋਂ ਬਿਨਾਂ ਹੋਰ ਕੋਈ ਦਾਤਾ ਤੇ ਆਸਰਾ ਨਹੀਂ ਹੈ ਤੇ ਉਸ ਦੇ ਨਾਮ ਵਿਚ ਪਿਆਰ ਸਹਿਤ ਰੰਗੇ ਜਾਣ ਨਾਲ ਇੱਜ਼ਤ ਮਿਲਦੀ ਹੈ।

ਗਉੜੀ ਬਾਵਨ ਅਖਰੀ ਮਹਲਾ ੫ ਵਿਚ ਪਹਿਲੀਆਂ ਦੋ ਪਉੜੀਆਂ ੳ ਅਖਰੀ ਪ੍ਰਤੀ ਹਨ। ਸਤਿਗੁਰੂ ਜੀ **ਓਮ** ਸਨਾਤਨ ਧਰਮ ਅਨੁਸਾਰ ਨੂੰ **ਓਅੰ** ਆਖ ਕੇ ਉਪਦੇਸ਼ ਬਖ਼ਸ਼ਦੇ ਹਨ।

ਪਹਿਲੀ ਪਉੜੀ ਵਿਚ ਫੁਰਮਾਉਂਦੇ ਹਨ ਕਿ ਪ੍ਰਭੂ ਜੀ ਓਅੰ ਨੂੰ ਸਾਡੀ ਨਮਸਕਾਰ ਹੈ ਤੇ ਨਾਲ ਹੀ ਸਤਿਗੁਰ ਜੀ ਤੇ ਹੋਰ ਸਾਧ ਸੰਤ ਜੋ ਉਸ ਪ੍ਰਭੂ ਓਅੰ ਦਾ ਉਪਦੇਸ਼ ਦੇਣੇ ਵਾਲੇ ਹਨ ਉਨ੍ਹਾਂ ਨੂੰ ਵੀ ਨਮਸਕਾਰ ਹੈ। ਉਹ ਓਅੰ ਹੀ ਜਗਤ ਰਚਨਾ ਤੋਂ ਪਹਿਲਾਂ ਤੇ ਹੁਣ ਵੀ ਅਤੇ ਅੰਤ ਵਿਚ ਵੀ ਆਪ ਹੀ ਮੌਜੂਦ ਰਹੇਗਾ,ਜਿਵੇਂ ਮੂਲ ਮੰਤਰ ਵਿਖੇ ਦਰਜ ਹੈ।

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਅੰਗ ੧)

ਉਹ ਪ੍ਰਭੂ ਆਪ ਹੀ ਨਿਰਗੁਣ ਤੇ ਸਰਗੁਣ ਸਰੂਪ ਵਿਚ ਵਰਤ ਰਿਹਾ ਹੈ। ਉਹ ਪ੍ਰਭੂ ਆਪ ਹੀ **ਕਰਤਾ ਪੁਰਖ** ਤੇ **ਸੈਭੰ** ਸਰੂਪ ਹੈ ਤੇ ਆਪ ਹੀ ਮਾਤਾ ਪਿਤਾ ਸਰੂਪ ਹੈ ਜਿਸ ਤੋਂ ਸਾਰੀ

ਉਪਜੀ ਜਗਤ ਰਚਨਾ ਦੀ ਅਸਚਰਜ ਖੇਡ ਬਿਆਨੀ ਨਹੀਂ ਜਾ ਸਕਦੀ। ਉਹ ਆਪ ਹੀ ਸੂਖਮ ਤੇ ਅਸਥੂਲ ਰੂਪ ਹੈ ਭਾਵ ਸੂਖਮ ਰੂਪ ਵਿਚ ਅਦ੍ਰਿਸ਼ਟਾ ਰੂਪ ਬ੍ਰਹਮ ਤੇ ਵੈਰਾਟ ਰੂਪ ਵਿਚ ਸਾਰੇ ਸੰਸਾਰ ਵਿਚ ਵਿਆਪਕ ਰੂਪ ਵੀ ਆਪ ਹੀ ਹੈ। ਉਹ ਆਪ ਹੀ ਸਭ ਦੀਆਂ ਸੁਣਨ ਵਾਲਾ ਤੇ ਵਡਿਆਈਆਂ ਨੂੰ ਉਚਾਰਨ ਵਾਲਾ ਵੀ ਪ੍ਰਭੂ ਓਅੰ ਰੂਪ ਆਪ ਹੀ ਹੈ।

ਦੂਜੀ ਪਉੜੀ ਵਿਚ ਫੁਰਮਾਉਂਦੇ ਹਨ ਕਿ ਉਸ ਪ੍ਰਭੂ ਓਅੰ ਨੇ ਹੀ ਓਅੰਕਾਰ ਸ਼ਬਦ ਤੋਂ ਹੀ ਆਪ ਆਕਾਰ ਰਹਿਤ ਹੁੰਦਿਆਂ ਹੋਇਆਂ ਜਗਤ ਦਾ ਆਕਾਰ ਉਤਪੰਨ ਕਰ ਦਿੱਤਾ ਹੈ। ਮਾਇਆ ਦੇ ਤਿੰਨਾਂ ਗੁਣਾਂ ਰਾਜਸੀ, ਤਾਮਸੀ ਤੇ ਸਾਤਕੀ ਅਨੁਸਾਰ ਜਗਤ ਦਾ ਫੈਲਾਉ ਵਿਸਥਾਰ ਕਰ ਦਿੱਤਾ ਹੈ ਭਾਵ ਧਰਤੀ ਉੱਪਰ ਮਨੁੱਖ ਰਜੋ ਗੁਣੀ ਤੇ ਪਤਾਲ ਵਿਖੇ ਸੱਪ ਨਾਗ ਆਦਿ ਜੋ ਕਿ ਤਾਮਸੀ ਬਿਰਤੀ ਵਾਲੇ ਹਨ ਤੇ ਸਵਰਗ ਵਿਖੇ ਦੇਵਤੇ ਜੋ ਕਿ ਸਤੋਗੁਣੀ ਹਨ। ਇਨ੍ਹਾਂ ਸਭ ਨੂੰ ਉਸ ਪ੍ਰਭੂ ਓਅੰ ਨੇ ਇੱਕੋ ਚੇਤਨ ਸਤਾ ਰੂਪੀ ਹੁਕਮ ਵਿਚ ਮਾਲਾ ਦੇ ਧਾਗੇ ਵਾਂਗੂੰ ਆਪਣੇ ਹੁਕਮ ਵਿਚ ਸਰੀਰਾਂ ਨੂੰ ਮਣਕਿਆਂ ਵਾਂਗੂੰ ਪ੍ਰੋ ਕੇ ਰੱਖਿਆ ਹੋਇਆ ਹੈ।

ਸਭ ਤਰ੍ਹਾਂ ਦੇ ਸੰਸਾਰ ਨੂੰ ਪੈਦਾ ਕਰਕੇ ਜੀਵਾਂ ਵਿਚ ਮੋਹ ਦਾ ਪ੍ਰਭਾਵ ਵਧਾ ਦਿੱਤਾ ਜੋ ਕਿ ਫਿਰ ਜਨਮ ਮਰਣ ਦਾ ਕਾਰਨ ਹੀ ਜੀਵ ਆਉਂਦੇ ਜਾਂਦੇ ਹਨ ਭਾਵ ਜਨਮਦੇ ਤੇ ਮਰਦੇ ਹਨ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ ॥ (ਪਉੜੀ ੧੫, ਵਾਰ ੧)

ਪਰ ਪ੍ਰਭੂ ਓਅੰ ਆਪ ਜੰਮਣ ਮਰਣ ਤੋਂ ਨਿਰਲੇਪ ਅਸੰਗ ਹੈ ਪਰ ਫਿਰ ਵੀ ਦੋਹਾਂ ਨੂੰ ਪ੍ਰਕਾਸ਼ੀ ਜਾਂਦਾ ਹੈ। ਉਸ ਪ੍ਰਭੂ ਓਅੰ ਦਾ ਸਮੁੰਦਰ ਦੀ ਤਰ੍ਹਾਂ ਉਰਲੇ ਪਾਰਲੇ ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਫਿਰ ੳ ਅੱਖਰ ਦੀ ਵਿਚਾਰ ਵੱਲ ਆਉਂਦੇ ਹਾਂ। ੳ ਅੱਖਰ ਨਾਲ ਕਈ ਪਿਆਰੇ ਸ਼ਬਦ ਸਾਡੀ ਵਰਤੋਂ ਵਿਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਕੁਝ ਕੁ ਇੱਥੇ ਲਿਖੇ ਜਾਂਦੇ ਹਨ : ਓਹੀ ਓਟ ਓਥੇ ਉਚਾ ਉਤਮ ਉਦਮ ਉਮੰਗ ਉਪਮਾ ਉਦਾਰ ਉਧਾਰ।

ਸੋ ਫਿਰ ਦੁਹਰਾਇਆ ਜਾਂਦਾ ਹੈ ਕਿ ੳ ਅੱਖਰ ਦੁਆਰਾ ਸਤਿਗੁਰ ਜੀ ਦਾ ਉਪਦੇਸ਼ ਹੈ ਕਿ ਉਸ ਪ੍ਰਭੂ ਜੀ ਦੀ ਉਪਮਾ ਕਰੋ, ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਪਰ ਇਹ ਨਹੀਂ ਕਿ ਵਿਅਕਤੀਆਂ ਨੇ ਐਸੀ ਕੋਸ਼ਿਸ਼ ਨਹੀਂ ਕੀਤੀ, ਫੁਰਮਾਨ ਹੈਨ :

ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥

ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ (ਅੰਗ ੫)

ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥ ੧ ॥

ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥

ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥ ੧ ॥ ਰਹਾਉ ॥

(ਅੰਗ ੧੧੬)

ਇੱਥੇ ਇਹ ਭੀ ਸਪੱਸ਼ਟ ਕਰਨ ਦੀ ਜ਼ਰੂਰਤ ਹੈ ਕਿ ਇਨ੍ਹਾਂ ਪੰਜਾਂ ਹੀ ਅੱਖਰਾਂ ਦੁਆਰਾ ਉਪਦੇਸ਼ ਬਾਣੀਆਂ ਗੁਰਮੁਖੀ ਅੱਖਰਾਂ ਬਾਬਤ ਹੀ ਹਨ ਤੇ ਹੋਰ ਕਿਸੇ ਭਾਸ਼ਾ ਦੇ ਬਾਰੇ ਉਪਦੇਸ਼ ਨਹੀਂ ਹੈ। ਭਗਤ ਕਬੀਰ ਜੀ ਵੀ ਗੁਰਮੁਖੀ ਅੱਖਰਾਂ ਦੁਆਰਾ ਹੀ ਉਪਦੇਸ਼ ਬਖਸ਼ਦੇ ਹਨ। ਗੁਰਬਾਣੀ ਵਿਚ ਬਹੁਤ ਥਾਂਵਾਂ 'ਤੇ ਪ੍ਰਭੂ ਜੀ ਦੇ ਗੁਰੂ ਸਾਹਿਬ ਜੀ ਦੀ ਸੇਵਾ ਨਾਮ ਸਿਮਰਨ ਤੇ ਭਗਤੀ ਨੂੰ ਹੀ ਦਰਸਾਇਆ ਗਿਆ ਹੈ।

ੳ ਅੱਖਰ ਦੇ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਨੇ :

ਉਸ, ਉਸਤਤ, ਉਸਤਾਦ, ਉਸਤਰਾ, ਉਸਾਰਨਾ, ਉਕਸਾਉਣਾ, ਉੱਕਣਾ, ਉਕਰਨਾ, ਉਕਾ ਪੁੱਕਾ, ਉੱਖਲੀ, ਉੱਗਣਾ, ਉਗਰਾਹੀ, ਉਂਗਲੀ, ਉਗਾਹੀ, ਉੱਘਾ, ਉਚੱਕਾ, ਉਚਰਨਾ, ਉਚਾਈ, ਉਛਾਲ, ਉੱਜਲ, ਉਜਾੜ, ਉਜਾਗਰ, ਉਠਣਾ, ਊਠ, ਉਡਣਾ, ਉਡੀਕ, ਉਣੰਜਾ, ਉਬਾਸੀ, ਉਤਸਵ, ਉਤਸ਼ਾਹ, ਉਤਭੁਜ, ਉੱਤਮ, ਉਤਾਵਲਾ, ਉਤੇਜਕ, ਉਦਘਾਟਨ, ਉੱਦਮ, ਉਦਾਸ, ਉਦਾਹਰਨ, ਉਦੇਸ਼, ਉਧਰਨਾ, ਉਧਾਰ, ਉਧੇੜਨਾ, ਉਪਸਥਿਤੀ, ਉਪਕਾਰ, ਉਪਜਾਊ, ਉਪਦੇਸ਼, ਉਪਬੋਲੀ, ਉਪਮਾ, ਉਪਰੰਤ, ਉਪਰਾਮ, ਉਪਰਾਲਾ, ਉਬਲਣਾ, ਉਭਾਰ, ਉਮਰ, ਉਮੀਦ, ਉਲੰਘਣਾ, ਉਲਟਾ, ਉਲਾਹਮਾ, ਉਲੀਕਣਾ, ਉੱਲੂ, ਉਲੀ ਲੱਗਣੀ, ਊਣਾ, ਊਨੀ, ਓਦਰਨਾ, ਓਪਰਾ ਤੇ ਓਅੰਕਾਰ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥ ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥੪॥

(ਅੰਗ ੪੩੨)

ਪੈਂਤੀ ਵਿਚ ਘ ਅੱਖਰ ਤੋਂ ਬਾਅਦ ਵਿਚ ਤੇ ਚ ਅੱਖਰ ਤੋਂ ਪਹਿਲਾਂ ਙ ਅੱਖਰ ਆਉਂਦਾ ਹੈ। ਪਹਿਲਾਂ ਦੇਖਦੇ ਹਾਂ ਕਿ ਙ ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਙ ਅੱਖਰ ਲਿਖਣਾ ਫ ਫੱਫੇ ਅੱਖਰ ਤੋਂ ਉਲਟਾ ਲਿਖਿਆ ਜਾਂਦਾ ਹੈ ਪਰ ਇਸ ਤਰ੍ਹਾਂ ਫ ਤੋਂ ਵੱਧ ਬੰਦ ਕਰਨ ਦੀ ਥਾਂ ਹੇਠਾਂ ਨੂੰ ਕੁਝ ਚੁੰਝ ਙ ਅੱਖਰ ਦੀ ਤਰ੍ਹਾਂ ਹੇਠਾਂ ਨੂੰ ਬਣਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ਾ ਕੰਨਾ ਵਾਹ ਕੇ ਫਿਰ ਉਸ ਤੋਂ ਹੇਠਾਂ ਨੂੰ ਕ ਕੱਕਾ ਅੱਖਰ ਵਾਹ ਦਿੱਤਾ ਜਾਵੇ ਤਾਂ ਙ ਦਾ ਕੁਝ ਰਲਦਾ ਮਿਲਦਾ ਸਰੂਪ ਬਣ ਹੋ ਆਉਂਦਾ ਹੈ।

ਙ ਅੱਖਰ ਦੁਆਰਾ ਕਥਨ ਕਰਦੇ ਨੇ ਕਿ ਜਿਹੜਾ ਕੋਈ ਪੁਰਖ ਪਰਮੇਸ਼ਰ ਪ੍ਰਾਪਤੀ ਦੇ ਗਿਆਨ ਨੂੰ ਸਮਝਦਾ ਹੈ ਉਹੀ ਪੰਡਿਤ ਪੜ੍ਹਿਆ ਹੋਇਆ ਮੰਨਿਆ ਜਾਂਦਾ ਹੈ। ਸੋ ਙ ਅੱਖਰ ਦੁਆਰਾ ਉਪਦੇਸ਼ ਹੈ ਙਿਆਨ ਪ੍ਰਾਪਤ ਕਰੋ। ਇਸ ਗਿਆਨ ਦੀ ਪ੍ਰਾਪਤੀ ਨਾਲ ਕਿਸੇ ਵੀ

ਵਰਨ ਜਾਂ ਜਾਤਿ ਦਾ ਵਿਤਕਰਾ ਖਤਮ ਹੋ ਜਾਂਦਾ ਹੈ। ਉਸ ਨੂੰ ਸਭ ਵਿਚ ਪ੍ਰਭੂ ਹੀ ਵਰਤਦਾ ਮਹਿਸੂਸ ਹੁੰਦਾ ਹੈ। ਸਭ ਦੇ ਵਿਚ ਉਸ ਪ੍ਰਭੂ ਦੀ ਜੋਤ ਦੇਖਣ ਨਾਲ ਫਿਰ ਉਹ ਕੋਈ ਵੀ ਹਉਮੈ ਹੰਗਤਾ ਵਾਲੇ ਬੋਲ ਨਹੀਂ ਆਖਦਾ। ਫੁਰਮਾਨ ਹਨ :

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ (ਅੰਗ ੧੨੬੧)

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ (ਅੰਗ ੫੨)

ਙ ਅੱਖਰ ਬਾਰੇ ਅੱਖਰਾਂ ਵਾਲੀਆਂ ਚਾਰ ਬਾਣੀਆਂ ਵਿਚ ਉਪਦੇਸ਼ ਬਖਸ਼ਿਆ ਗਿਆ ਹੈ। ਗਉੜੀ ਬਾਵਨ ਅਖਰੀ ਮਹਲਾ ੫ ਵਿਚ ਙ ਅੱਖਰ ਬਾਰੇ ਤਿੰਨ ਵਾਰੀ ਉਪਦੇਸ਼ ਹਨ ਜੋ ਕਿ ਸਬੰਧਿਤ ਸਲੋਕ ਤੇ ਪਉੜੀਆਂ ਵਿਚ ਹਨ। ਜਿਵੇਂ ਪਹਿਲੇ ਵੀ ਬਿਆਨਿਆ ਗਿਆ ਹੈ ਕਿ ਪਾਂਧਾ ਜੀ ਬੱਚਿਆਂ ਨੂੰ ਸ਼ੁਰੂ ਵਿਚ ਅਸ਼ੀਰਵਾਦ ਆਖਦੇ ਸਨ ''ਸਿਧੰ ਙਾਇਐ'' ਤੈਨੂੰ ਸਿਧੀ ਪ੍ਰਾਪਤ ਹੋਵੇ।

ਪਹਿਲੇ ਸਲੋਕ ਤੇ ਪਉੜੀ (ਅੰਕ 5) ਵਿਚ ਉਪਦੇਸ਼ ਹੈ ਕਿ ਕਈ ਤਰ੍ਹਾਂ ਦੇ ਭੇਖ ਧਾਰਨ ਕਰਨੇ ਤੇ ਮਨ ਦੇ ਹੱਠ ਨਾਲ ਕੰਮ ਕਰਨ ਨਾਲ ਪ੍ਰਭੂ ਜੀ ਦੀ ਪ੍ਰਾਪਤੀ ਨਹੀਂ,ਸਗੋਂ ਪ੍ਰਭੂ ਜੀ ਦੀ ਭਗਤੀ ਕਰਨ ਨਾਲ ਤੇ ਪ੍ਰਭੂ ਜੀ ਦੀ ਕ੍ਰਿਪਾ ਮਿਹਰ ਹੋਵੇ, ਜੋ ਦੁੱਖ ਸੁੱਖ ਨੂੰ ਇੱਕੋ ਸਮਾਨ ਸਮਝੇ, ਤਾਂ ਹੀ ਉਹ ਗਿਆਨਵਾਨ ਪੁਰਖ ਅਖਵਾ ਸਕਦਾ ਹੈ। ਇਨ੍ਹਾਂ ਸਲੋਕ ਤੇ ਪਉੜੀ ਦਾ ਪਾਠ ਕਰਦੇ ਧਿਆਨ ਰੱਖਣਾ ਹੈ ਕਿ ਙ ਹੀ ਬੋਲਣਾ ਹੈ ਨਾ ਕਿ ਗ।

ਸੋਲ੍ਹਵੇਂ ਸਲੋਕ ਤੇ ਪਉੜੀ ਵਿਚ ਫੁਰਮਾਨ ਹੈ ਕਿ ਪ੍ਰਭੂ ਜੀ ਨਾਲ ਦਿਲੀ ਪਿਆਰ ਹੀ ਪ੍ਰਵਾਨ ਹੈ ਤੇ ਪ੍ਰੇਮ ਤੋਂ ਬਿਨਾਂ ਭਾਵੇਂ ਕੋਈ ਬਹੁਤ ਸਰੂਪਵਾਨ, ਚੰਗੀ ਕੁਲ ਖ਼ਾਨਦਾਨ ਤੇ ਸਿਆਣਪ ਵਾਲਾ ਹੋਵੇ ਤਾਂ ਉਹ ਵਿਅਕਤੀ ਮੁਰਦੇ ਦੀ ਤਰ੍ਹਾਂ ਹੀ ਹੈ। ਭਾਵੇਂ ਕੋਈ ਛੇ ਸ਼ਾਸਤ੍ਰਾਂ ਦਾ ਗਿਆਤਾ ਹੋਵੇ ਤੇ ਯੋਗੀਆਂ ਵਾਂਗੂੰ ਪ੍ਰਾਣਾਯਾਮ ਦਾ ਅਭਿਆਸੀ ਹੋਵੇ, ਧਾਰਮਿਕ ਚਰਚਾ ਵਿਚ ਹਿੱਸਾ ਲੈਂਦਾ ਹੋਵੇ ਤੇ ਸੁਚਮ ਕਰਕੇ ਆਪਣਾ ਭੋਜਨ ਆਪ ਬਣਾਉਂਦਾ ਹੋਵੇ ਤੇ ਜੰਗਲ ਵਿਚ ਰਹਿੰਦਾ ਹੋਵੇ ਤੇ ਪ੍ਰਭੂ ਪਿਆਰ ਤੋਂ ਬਿਨਾ ਪ੍ਰਵਾਨ ਨਹੀਂ ਹੈ ਤੇ ਇਸ ਤੇ ਉਲਟ ਕੋਈ ਅਨਪੜ੍ਹ ਤੇ ਨੀਵੀਂ ਜਾਤ ਵਾਲਾ ਪ੍ਰਭੂ ਜੀ ਨੂੰ ਪ੍ਰੇਮ ਕਰਨ ਵਾਲਾ ਵਿਅਕਤੀ ਪ੍ਰਵਾਨ ਹੈ।

ਤੀਜੇ ਸਲੋਕ ਤੇ ਪਉੜੀ (ਅੰਕ 21) ਵਿਚ ਫੁਰਮਾਉਂਦੇ ਹਨ ਕਿ ਪ੍ਰਭੂ ਜੀ ਜੀਵ ਨੂੰ ਗਿਣ ਕੇ ਸੁਆਸ ਤੇ ਦਿਨ ਦੇ ਕੇ ਮਾਤਲੋਕ ਵਿਚ ਭੇਜਦਾ ਹੈ ਤੇ ਇਹ ਤਿਲ ਜਿਤਨੇ ਵੀ ਵਧਦੇ ਜਾਂ ਘੱਟਦੇ ਨਹੀਂ। ਜੇ ਕੋ ਵਧ ਜੀਊਣਾ ਲੋਚੇ ਤਾਂ ਮੋਹ ਜਾਂ ਭਰਮ ਵਿਚ ਫਸਿਆ ਹੋਇਆ ਤਾਂ ਉਹ ਮੂਰਖ ਤੇ ਅਨਪੜ੍ਹ ਹੈ। ਐਸੇ ਹੀ ਵਿਅਕਤੀਆਂ ਨੂੰ ਮੌਤ ਦਾ ਡਰ ਭੈਭੀਤ ਕਰਦਾ ਹੈ ਤੇ ਉਹ ਬਹੁਤ ਜੂਨੀਆਂ ਵਿਚ ਜਨਮਦੇ ਮਰਦੇ ਰਹਿੰਦੇ ਹਨ। ਜਿਨ੍ਹਾਂ ਉੱਪਰ ਪ੍ਰਭੂ ਜੀ ਕ੍ਰਿਪਾ ਦੀ ਰਹਿਮਤ ਵਰਤਾਉਂਦੇ ਹਨ ਉਨ੍ਹਾਂ ਨੂੰ ਹੀ ਇਹ ਸੋਝੀ ਹੁੰਦੀ ਹੈ ਕਿ ਇਹ ਸਰੀਰ ਕੱਚੇ ਘੜੇ ਦੀ ਤਰ੍ਹਾਂ ਹੈ ਤੇ ਇਸ ਨੇ ਤਾਂ ਟੁੱਟਣਾ ਹੀ ਹੈ। ਜਿਹੜੇ ਪ੍ਰਭੂ ਜੀ ਦਾ ਸਿਮਰਨ ਕਰਦੇ ਹਨ ਉਹ ਪ੍ਰਗਟ ਹੋ ਜਾਂਦੇ ਹਨ ਛਿਪੇ ਨਹੀਂ ਰਹਿੰਦੇ। ਭਗਤ ਭੀਖਨ ਜੀ ਵੀ ਫੁਰਮਾਉਂਦੇ ਹਨ :

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ॥

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥ (ਅੰਗ ੬੫੯)

ਭਗਤ ਸ੍ਰੀ ਕਬੀਰ ਜੀ ਬਾਵਨ ਅਖਰੀ ਵਿਖੇ ਙ ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਪ੍ਰਭੂ ਜੀ ਨਾਲ ਡੂੰਘਾ ਪਿਆਰ ਪਾਓ ਤੇ ਮਨ ਨੂੰ ਸੰਸਿਆਂ ਤੋਂ ਨਵਿਰਤ ਕਰੋ, ਸ਼ੱਕ ਨਾ ਕਰੋ ਤੇ ਮਨ ਨੂੰ ਦ੍ਰਿੜ੍ਹ ਕਰਕੇ ਰੱਖੋ, ਇਹੋ ਸਭ ਤੋਂ ਉੱਤਮ ਅਕਲ ਦੀ ਗੱਲ ਹੈ ਕਿ ਮਨ ਦਾ ਮੁਕਾਬਲਾ ਕਰੋ ਤੇ ਪ੍ਰਭੂ ਪਿਆਰ ਨਾਲ ਸਿਦਕ ਹੀਨਤਾ ਦੂਰ ਕਰ ਤੇ ਮਨ ਤੋਂ ਡਰਦਾ ਹੋਇਆ ਕਿਤੇ ਪ੍ਰਭੂ ਸਿਮਰਨ, ਪਿਆਰ ਤੋਂ ਭਗੋੜਾ ਨਾ ਹੋ ਜਾਵੀਂ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਵਡਹੰਸ ਰਾਗ ਵਿਚ ਫ਼ੁਰਮਾਉਂਦੇ ਹਨ :

ਇਸੁ ਮਨ ਕਉ ਹੋਰੁ ਸੰਜਮ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ॥

(ਅੰਗ ੫੫੮)

ਦਖਣੀ ਓਅੰਕਾਰ ਬਾਣੀ ਵਿਚ ਚਉਥੇ ਅੰਕ ਰਾਹੀਂ ਙ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜਿਸ ਵਿਅਕਤੀ ਨੇ ਪ੍ਰਭੂ ਜੀ ਨੂੰ ਛੱਡ ਕੇ ਵਿਸਾਰ ਕੇ ਹੋਰ ਕਿਸੇ ਦੂਜੇ ਨੂੰ ਪਸੰਦ ਕਰਦੇ ਨੇ ਉਹ ਆਪਣੇ ਸਰੂਪ ਦਾ ਗਿਆਨ ਗਵਾ ਲੈਂਦੇ ਹਨ। ਆਪਣੇ ਅਹੰਕਾਰ ਕਰਕੇ ਉਹ ਦ੍ਵੈਤ ਰੂਪ ਜ਼ਹਿਰ ਖਾਂਦੇ ਹਨ। ਇਸੇ ਜ਼ਹਿਰ ਦੇ ਕਾਰਨ ਉਨ੍ਹਾਂ ਨੂੰ ਪ੍ਰਭੂ ਜੀ ਦਾ ਜੱਸ ਤੇ ਬਚਨ ਸੁਣਨੇ ਚੰਗੇ ਨਹੀਂ ਲੱਗਦੇ ਤੇ ਉਹ ਪਰਮਾਤਮਾ ਤੋਂ ਵਿਛੁੜ ਜਾਂਦੇ ਹਨ। ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦਾ ਆਖਿਆ ਉਪਦੇਸ਼ ਸਮਝਣ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਨਾਮ ਅੰਮ੍ਰਿਤ ਹਾਸਲ ਹੋ ਜਾਂਦਾ ਹੈ ਤੇ ਇਸ ਉਪਦੇਸ਼ ਰਾਹੀਂ ਉਨ੍ਹਾਂ ਦੇ ਮਨ ਤੇ ਸਰੀਰ ਵਿਚ ਸੁਖ ਵਰਤ ਜਾਂਦਾ ਹੈ। ਪ੍ਰਭੂ ਜੀ ਆਪ ਹੀ ਗੁਰੂ ਦੀ ਸ਼ਰਨ ਵਿਚ ਪਾ ਕੇ ਜਗਿਆਸੂਆਂ ਨੂੰ ਅੰਮ੍ਰਿਤ ਪੀਆਉਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਆਪਣੀ ਮਰਜ਼ੀ ਤੇ ਮੌਜ ਹੈ ਜਿਸ ਨੂੰ ਅਸੀਂ ਸ਼ਾਇਦ ਸਮਝ ਨਾ ਸਕੀਏ। ਇੱਥੇ ਅੰਕ ਬਾਈ ਵਿਚ ਤਰਤੀਬ ਵਾਰ ਕ ਖ ਗ ਘ ਤੋਂ ਬਾਅਦ ਙ ਦੀ ਥਾਂ ਗੱਗੇ ਅੱਖਰ ਰਾਹੀਂ ਉਪਦੇਸ਼ ਬਖ਼ਸ਼ਿਆ ਹੈ। ਕਦੀ ਗੁਰਮੁਖ ਪਿਆਰ ਸਹਿਤ ਰਾਗ ਵਿਚ ਪਾ ਕੇ ਹਰੀ ਜਸ ਨੂੰ ਗਾਉਂਦੇ ਹਨ। ਕਦੀ ਗੁਰਮੁਖ ਬ੍ਰਹਮ ਗਿਆਨ ਦੀ ਗੱਲਾਂ ਬੋਲਦੇ ਹਨ। ਗੁਰਬਾਣੀ ਵਿਚ ਵੀ ਫ਼ੁਰਮਾਨ ਹੈ :

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ (ਅੰਗ ੨)

ਗੁਰਮੁਖ ਜਨ ਆਪ ਸਤ (ਪ੍ਰਭੂ) ਤੇ ਅਸੱਤ ਦੀ ਵੀਚਾਰ ਕਰਦਾ ਹੈ ਤੇ ਹੋਰਨਾਂ ਨੂੰ ਵੀਚਾਰ ਕਰਨ ਨੂੰ ਤੋਲਣ ਨੂੰ ਪ੍ਰੇਰਨਾ ਕਰਦਾ ਹੈ। ਗੁਰਮੁਖ ਆਪਣੀ ਮਰਜ਼ੀ ਅਨੁਸਾਰ ਬੰਧਨਾਂ ਤੋਂ ਰਹਿਤ ਹੀ ਆਉਂਦਾ ਜਾਂਦਾ ਹੈ। ਗੁਰਮੁਖ ਰਾਗ ਦਵੈਸ਼ ਅਵਿਦਿਆ ਮੈਲ ਨੂੰ ਤਿਆਗ ਕੇ ਅਗਿਆਨ ਰੂਪ ਕਲੰਕ ਨੂੰ ਜਲਾ ਦਿੰਦਾ ਹੈ। ਗੁਰਮੁਖ ਜੋ ਵੀ ਉਪਦੇਸ਼ ਕਰਦਾ ਹੈ ਉਸ ਵਿਚ ਸਾਰੇ ਹੀ ਵੇਦਾਂ ਦੀ ਵੀਚਾਰ ਤੇ ਤੱਤ ਸਿਧਾਂਤ ਦਾ ਨਿਰਣਾ ਆ ਜਾਂਦਾ ਹੈ। ਉੱਚਾ ਆਚਰਣ ਬਣਾਉਣਾ ਤੇ ਭਲੇ ਕਾਰਜ ਕਰਨੇ ਇਹ ਗੁਰਮੁਖ ਦਾ ਤੀਰਥ ਇਸ਼ਨਾਨ ਹੋ ਜਾਂਦਾ ਹੈ।

ਗੁਰਮੁਖ ਬ੍ਰਹਮ ਦੇ ਸ਼ਬਦ ਅੰਮ੍ਰਿਤ ਨਾਮ ਨੂੰ ਗ੍ਰਹਿਣ ਕਰਦਾ ਹੈ। ਗੁਰੂ ਸਾਹਿਬ ਦੇ ਸਨਮੁਖ ਰਹਿ ਕੇ ਮੁਕਤੀ ਰੂਪ ਕਿਨਾਰੇ 'ਤੇ ਪਹੁੰਚ ਜਾਂਦਾ ਹੈ ਤੇ ਹੋਰ ਅਧਿਕਾਰੀਆਂ ਨੂੰ ਵੀ ਨਾਮ ਰੂਪੀ ਜਹਾਜ਼ 'ਤੇ ਚੜ੍ਹਾ ਕੇ ਸੰਸਾਰ-ਸਮੁੰਦ੍ਰ ਤੋਂ ਪਾਰ ਪਾਉਂਦਾ ਹੈ।

ਙ ਅੱਖਰ ਵਰਤੋਂ ਵਿਚ ਕੁਝ ਘੱਟ ਆਉਂਦਾ ਹੈ ਪਰ ਹੋਰ ਕਈ ਭਾਸ਼ਾਵਾਂ ਸਿੱਖਣ ਲਈ ਬਹੁਤ ਲਾਭਦਾਇਕ ਹੈ,ਜਿਵੇਂ ਚੀਨੀ ਭਾਸ਼ਾ ਆਦਿ ਲਈ। ਕੁਝ ਸ਼ਬਦ ਜੋ ਙ ਨਾਲ ਵੀ ਬੋਲੇ ਜਾਂਦੇ ਹਨ ਜਿਵੇਂ ਹੰਙਤਾ, ਙਿਆਨੀ, ਸੰਙਨਾ, ਰੰਙ, ਖੰਙ, ਭੰਙ, ਅੰਙ ਤੇ ਪੰਙ ਆਦਿ। ਙ ਅੱਖਰ ਗੱਗੇ ਅੱਖਰ ਦੀ ਥਾਂ ਲੈਣ ਯੋਗ ਜਾਂ ਪ੍ਰਤਿਸਥਾਪਨ ਦੀ ਤਰ੍ਹਾਂ ਵਰਤਿਆ ਜਾ ਸਕਦਾ ਹੈ। ਕਈ ਵਿਅਕਤੀ ਜੋ ਕੁਝ ਨੱਕ ਵਿਚ ਬੋਲਦੇ ਹਨ ਉਹ ਗੱਗੇ ਦੀ ਥਾਂ ਙ ਬੋਲ ਜਾਂਦੇ ਹਨ।

ਙ ਅੱਖਰ ਨਾਲ ਙਿਆਨੀ ਭਾਵ ਗਿਆਨੀ ਉਹ ਹੁੰਦਾ ਹੈ ਜਿਸ ਦੇ ਲੱਛਣ ਵਰਨਣ ਕੀਤੇ ਹਨ ਕਿ ਗਿਆਨੀ ਉਹ ਹੈ ਜਿਸ ਦੇ ਹਿਰਦੇ ਵਿਚ ਪ੍ਰਭੂ ਜੀ ਦੀ ਆਗਿਆ ਪੱਕੀ ਤਰ੍ਹਾਂ ਨਿਵਾਸ ਕਰਦੀ ਹੈ, ਉਸ ਨੂੰ ਸੁੱਖ ਦੁੱਖ ਠੰਢ ਗਰਮੀ ਇੱਕੋ ਜਿਹੇ ਹੀ ਪ੍ਰਤੀਤ ਹੁੰਦੇ ਹਨ। ਫ਼ੁਰਮਾਨ ਹੈ :

ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ॥

ਉਸਨ ਸੀਤ ਸਮਸਰਿ ਸਭ ਤਾ ਕੈ॥ (ਅੰਗ ੨੫੧)

ਇਸੇ ਉਪਦੇਸ਼ ਨਾਲ ਹੀ ਙ ਅੱਖਰ ਬਾਰੇ ਉਪਦੇਸ਼ ਸੰਪੂਰਨ ਕੀਤਾ ਜਾਂਦਾ ਹੈ।

ਙ ਅੱਖਰ ਦੁਆਰਾ ਸ਼ਬਦ ਕੋਈ ਘੱਟ ਹੀ ਸ਼ੁਰੂ ਹੁੰਦਾ ਹੈ ਪਰ ਕੁਝ ਥਾਂਵਾਂ 'ਤੇ ਇਸ ਨੂੰ ਗ ਅੱਖਰ ਦੀ ਨੱਕ ਵਿਚ ਅਵਾਜ਼ ਵਾਂਗੂੰ ਵਰਤਿਆ ਗਿਆ ਹੈ। ਸੂਹੀ ਰਾਗ ਵਿਚ ਚੌਥੇ ਪਾਤਿਸ਼ਾਹ ਜੀ ਨੇ ਅੰਗ ੭੩੧ ਉੱਪਰ ਙ ਅੱਖਰ ਦਸ ਵਾਰੀ ਇਕ ਸ਼ਬਦ ਵਿਚ ਵਰਤਿਆ ਹੈ—**ਰੰਙੁ**, **ਭੰਙੁ**, **ਨਿਸੰਙੁ**, **ਅੰਙੁ**, **ਸਹਲੰਙੁ**, **ਪੰਙੁ** ਤੇ **ਸੰਙੁ**। ਭਗਤ ਸ੍ਰੀ ਕਬੀਰ ਜੀ ਨੇ ਵੀ ਸ੍ਰੀਰਾਗੁ ਵਿਚ ਅੰਗ ੯੨ ਉੱਪਰ ਇਕ ਲਾਈਨ ਵਿਚ ਙ ਅੱਖਰ ਦੋ ਵਾਰੀ ਵਰਤਿਆ ਹੈ **ਸਿੰਙਿਆ** ਅਰੁ **ਚੁੰਙਿਆ**। ਉੱਪਰ **ਙਿਆਨੀ** ਵੀ ਆ ਚੁੱਕਾ ਹੈ ਜੀ।

ਕ

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ
ਲਇਆ॥ ੫॥ (ਅੰਗ ੪੩੨)

ਪੈਂਤੀ ਵਿਚ ਹ ਅੱਖਰ ਤੋਂ ਬਾਅਦ ਵਿਚ ਤੇ ਖ ਅੱਖਰ ਤੋਂ ਪਹਿਲਾਂ **ਕ** ਅੱਖਰ ਆਉਂਦਾ ਹੈ ਜੀ। **ਕ** ਅੱਖਰ ਲਿਖਣ ਲਈ ਪਹਿਲਾਂ ਭ ਅੱਖਰ ਦਾ ਉਪਰਲਾ ਹਿੱਸਾ ਤਕਰੀਬਨ ਅੱਧਾ ਲਿਖ ਕੇ ਫਿਰ ਲਕੀਰ ਨੂੰ ਹੇਠਾਂ ਨੂੰ ਕਰ ਦਿੱਤਾ ਜਾਂਦਾ ਹੈ ਕੱਕਾ ਅੱਖਰ ਲਿਖ ਹੋ ਜਾਂਦਾ ਹੈ।

ਕ ਕੱਕੇ ਅੱਖਰ ਦੁਆਰਾ ਉਪਦੇਸ਼ ਕਰਦੇ ਹਨ ਕਿ ਬੁਢੇਪਾ ਆਉਣ ਤੇ ਕੇਸ ਬਿਨਾਂ ਸਾਬਣ ਲਾਉਣ ਤੋਂ ਚਿੱਟੇ ਹੋ ਜਾਂਦੇ ਹਨ। ਜਮ ਰਾਜੇ ਦੇ ਤਾੜਨ ਵਾਲੇ ਦੂਤ ਆ ਖਲੋਣ ਤੇ ਇਹ ਮਾਇਆਵੀ ਜੰਜ਼ੀਰਾਂ ਦੇ ਸੰਗਲਾਂ ਨਾਲ ਬੱਝਾ ਪਿਆ ਹੈ, ਕਿਉਂਕਿ ਆਮ ਤੌਰ 'ਤੇ ਜਿਵੇਂ ਜਿਵੇਂ ਉਮਰ ਵਧਦੀ ਹੈ ਤਿਉਂ-ਤਿਉਂ ਹੀ ਮਾਇਆ ਦਾ ਮੋਹ ਵਧਦਾ ਜਾਂਦਾ ਹੈ। ਧਨ ਦੌਲਤ, ਜਾਇਦਾਦ ਤੇ ਪਰਿਵਾਰ ਦਾ ਮੋਹ ਵੀ ਬੰਧਨ ਬਣ ਜਾਂਦੇ ਹਨ। ਧਰਮਰਾਜੇ ਦੇ ਜਮਦੂਤ ਜੀਵ ਨੂੰ ਮਾਇਕੀ ਸੰਗਲਾਂ ਨਾਲ ਬੰਨ੍ਹ ਲੈਂਦੇ ਹਨ ਪਰ ਉਹ ਦੂਸਰਿਆਂ ਨੂੰ ਨਹੀਂ ਦਿਸਦੇ ਤੇ ਕੇਵਲ ਉਸ ਰੂਹ (ਜੀਵ) ਨੂੰ ਹੀ ਦਿਸਦੇ ਹਨ। ਕੁਝ ਇਸ ਤਰ੍ਹਾਂ ਦੇ ਫੁਰਮਾਨ ਹਨ:

ਭਵਰ ਗਏ ਬਗ ਬੈਠੇ ਆਇ॥ ੧ ॥ ਰਹਾਉ ॥ (ਅੰਗ ੭੯੨)

ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥ (ਅੰਗ ੪੧੬)

ਬੰਧਨਿ ਬਾਧਿਆ ਆਵੈ ਜਾਇ॥ (ਅੰਗ ੯੦੩)

ਪਟੀ ਬਾਣੀ ਦੇ ਅੰਕ ਨੰਬਰ ਅੱਠ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਕੱਕੇ ਅੱਖਰ ਦੁਆਰਾ ਕਿ ਹੇ ਮੂਰਖ ! ਤੂੰ ਆਪ ਕਾਮ ਵਾਸਨਾ ਤੇ ਕ੍ਰੋਧ ਵਿਚ ਫਸ ਕੇ ਕੁਰਾਹੇ ਪਿਆ ਹੋਇਆ ਹੈਂ। ਪਦਾਰਥਾਂ ਦੀ ਮਮਤਾ ਵਿਚ ਲੱਗ ਕੇ ਤੈਨੂੰ ਪ੍ਰਭੂ ਭੁੱਲ ਗਿਆ ਹੈ। ਧਾਰਮਿਕ ਪੁਸਤਕਾਂ ਨੂੰ ਪੜ੍ਹ ਕੇ ਤੂੰ ਲੋਕਾਂ ਨੂੰ ਵੀ ਉਪਦੇਸ਼ ਦਿੰਦਾ ਹੈਂ ਪਰ ਜਦ ਤੂੰ ਉਹ ਉਪਦੇਸ਼ ਆਪਣੇ ਉੱਪਰ ਲਾਗੂ ਨਹੀਂ ਕਰਦਾ ਤੇ ਲਾਲਚ ਦੇ ਹੜ੍ਹ ਵਿਚ ਡੁੱਬ ਕੇ ਆਤਮਿਕ ਮੌਤੇ ਮਰ ਚੁੱਕਾ ਹੈਂ। ਗੁਰਬਾਣੀ ਵਿਚ ਰਲਦਾ ਮਿਲਦਾ ਹੋਰ ਉਪਦੇਸ਼ ਹੈ :

ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥ (ਅੰਗ ੨੬੯)

ਗਉੜੀ ਬਾਵਨ ਅਖਰੀ ਮਹਲਾ ਪੰਜਵੇਂ ਦੀ ਪਉੜੀ ਨੰਬਰ ਸਤਾਰਾਂ ਤੇ ਪਹਿਲਾਂ ਸਲੋਕ ਵਿਚ ਕਕੇ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਮਨੁੱਖ ਆਪਣੇ ਕੀਤੇ ਹੋਏ ਕਰਮਾਂ ਦੀ ਲਿਖਤ ਅਨੁਸਾਰ ਹੀ ਚਾਰੇ ਪਾਸੇ ਤੇ ਦਸੇ ਦਿਸ਼ਾਵਾਂ ਵਿਖੇ ਭਰਮਦੇ ਤੇ ਭਟਕਦੇ ਹਨ।

ਦਸ ਦਿਸ਼ਾਵਾਂ ਇਹ ਹਨ :

1. ਪੂਰਬ 2. ਪੱਛਮ 3. ਉੱਤਰ 4. ਦੱਖਣ
5. ਈਸ਼ਾਨ ਕੋਨ : ਉੱਤਰ-ਪੂਰਬ
6. ਅਗਨ ਕੋਨ : ਦੱਖਣ-ਪੂਰਬ
7. ਨੈਰਤ ਕੋਨ : ਦੱਖਣ-ਪੱਛਮ
8. ਵਾਯੂ ਕੋਨ : ਉੱਤਰ-ਪੱਛਮ
9. ਆਕਾਸ਼ 10. ਪਾਤਾਲ

ਸ੍ਰੀ ਸਰਬ ਲੋਹ ਗ੍ਰੰਥ ਵਿਚ ਉਪ ਕੋਨਾਂ ਦਾ ਜ਼ਿਕਰ ਵੀ ਆਉਂਦਾ ਹੈ।

ਲਿਖੇ ਅਨੁਸਾਰ ਹੀ ਦੁੱਖ ਸੁੱਖ, ਮੁਕਤੀ ਜਾਂ ਜੂਨੀਆਂ ਵਿਚ ਆਉਣਾ ਜਾਣਾ ਵਾਪਰਦਾ

ਹੈ। ਉਹ ਪ੍ਰਭੂ ਜੀ ਭੁੱਲਦੇ ਨਹੀਂ ਤੇ ਉਸ ਮਾਲਕ ਤੋਂ ਬਿਨਾਂ ਹੋਰ ਕੋਈ ਉਸ ਦੇ ਲਿਖੇ ਲੇਖ ਨੂੰ ਮਿਟਾ ਨਹੀਂ ਸਕਦਾ। ਗੁਰ ਇਤਿਹਾਸ ਵਿਚ ਐਸੀਆਂ ਸਾਖੀਆਂ ਮਿਲਦੀਆਂ ਹਨ ਕਿ ਸਤਿਗੁਰੂ ਜੀ ਨੇ ਕਈਆਂ ਦੇ ਜਨਮਾਂ ਦੇ ਗੇੜ ਸੁਪਨੇ ਦੇ ਵਿਚ ਹੀ ਲੰਘਾ ਕੇ ਖਤਮ ਕੀਤੇ। ਪ੍ਰਭੂ ਜੀ ਆਪ ਹੀ ਬਖ਼ਸ਼ਿਸ਼ ਕਰਕੇ ਸਹੀ ਰਸਤਾ ਦਿਖਾਉਂਦਾ ਹੈ। ਕਈਆਂ ਨੂੰ ਆਪਣੇ ਕਰਮਾਂ ਅਨੁਸਾਰ ਭ੍ਰਮਣਾ ਪੈਂਦਾ ਹੈ ਤੇ ਫਿਰ ਪਛਤਾਉਂਦੇ ਹਨ। ਇਹ ਸਭ ਪ੍ਰਭੂ ਜੀ ਦਾ ਆਪਣਾ ਖੇਲ ਹੀ ਰਚਾਇਆ ਹੋਇਆ ਹੈ ਤੇ ਆਪ ਹੀ ਪ੍ਰਭੂ ਜੀ ਦਾਤਾਂ ਦਿੰਦਾ ਹੈ। ਫੁਰਮਾਨ ਹੈ :

ਆਵਨ ਜਾਣੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥

(ਅੰਗ ੨੯੪)

ਭਗਤ ਕਬੀਰ ਸਾਹਿਬ ਜੀ ਗਉੜੀ ਰਾਗ ਵਿਚ ਉਚਾਰੀ ਬਾਵਨ ਅਖਰੀ ਵਿਖੇ ਕੱਕੇ ਅੱਖਰ ਦੁਆਰਾ ਪ੍ਰਥਾਇ ਉਪਦੇਸ਼ ਬਖ਼ਸ਼ਦੇ ਹਨ ਤੇ ਫੁੱਲਾਂ ਦੀ ਉਦਾਹਰਣ ਦਿੰਦੇ ਹਨ ਕਿ ਜੇ ਪ੍ਰਭੂ ਗਿਆਨ ਦੀ ਕਿਰਨ ਹਿਰਦੇ ਰੂਪੀ ਕਮਲ ਫੁੱਲ ਉੱਪਰ ਪਾ ਦੇਵੇ ਤਾਂ ਫਿਰ ਉਹ ਰਾਤ ਨੂੰ ਵੀ ਚੰਦਰਮਾ ਦੇ ਸਮੇਂ ਵਿਖੇ ਬੰਦ ਨਹੀਂ ਹੁੰਦਾ। ਪਰ ਉਸ ਹਿਰਦੇ ਵਿਚ ਜੋ ਪ੍ਰਭੂ ਜੀ ਨੇ ਬੁੱਧੀ ਰੂਪੀ ਕਵੀ ਵਿਚ ਅਨੰਦ ਬਖ਼ਸ਼ ਦਿੱਤਾ ਹੈ ਉਸ ਖੇੜੇ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਿਵੇਂ ਫੁਰਮਾਨ ਹੈ :

ਕਹੁ ਕਬੀਰ ਗੂੰਗੈ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥ (ਅੰਗ ੩੩੪)

ਦਖਣੀ ਓਅੰਕਾਰ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਅਠਾਰਵੇਂ ਅੰਕ ਰਾਹੀਂ ਕੱਕੇ ਅੱਖਰ ਪ੍ਰਥਾਇ ਉਪਦੇਸ਼ ਬਖ਼ਸ਼ਦੇ ਹਨ ਕਿ ਕਾਮ ਤੇ ਕ੍ਰੋਧ ਸਰੀਰ ਨੂੰ ਨਿਰਬਲ ਕਰ ਦਿੰਦੇ ਹਨ, ਜਿਵੇਂ ਸੋਨੇ ਨੂੰ ਕੁਠਾਲੀ ਵਿਚ ਪਾ ਕੇ ਅੱਗ ਨਾਲ ਢਾਲਦੇ ਹਨ ਤੇ ਫਿਰ ਕਸਉਟੀ ਦੀ ਕਸ ਤੇ ਅੱਗ ਦਾ ਸੇਕ ਸਹਾਰ ਲਵੇ ਤਾਂ ਸਰਾਫ ਦੀ ਨਿਗਾਹ ਵਿਚ ਪ੍ਰਵਾਨ ਚੜ੍ਹਦਾ ਹੈ। ਇਵੇਂ ਹੀ ਗੁਰੂ ਸਾਹਿਬ ਜੀ ਦੀ ਜਗਿਆਸੂ ਦੀ ਪਰਖ ਵੇਲੇ ਘਾਲ ਕਮਾਈ ਵਿਚ ਪੂਰਾ ਉਤਰਦਾ ਹੈ ਤਾਂ ਸ਼ੁੱਧ ਸੋਨੇ ਦੀ ਤਰ੍ਹਾਂ ਖ਼ਜ਼ਾਨੇ ਵਿਚ ਰੱਖ ਲਿਆ ਜਾਂਦਾ ਹੈ ਤੇ ਹੋਰ ਬਖ਼ਸ਼ਿਸ਼ਾਂ ਮਿਲਦੀਆਂ ਹਨ। ਜਗਤ ਸੁਆਰਥ ਤੇ ਹਉਮੈ ਕਰਕੇ ਆਤਮਿਕ ਤਰੱਕੀ ਕਰਨ ਦੇ ਉਲਟ ਪਸ਼ੂਆਂ ਵਾਂਗੂੰ ਜੀਵਨ ਬਿਤਾਉਂਦੇ ਹਨ। ਫੁਰਮਾਨ ਹੈ :

ਕਰਤੂਤਿ ਪਸੂ ਕੀ ਮਾਨਸ ਜਾਤਿ॥ (ਅੰਗ ੨੬੭)

ਜਿਸ ਵਾਹਿਗੁਰੂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਸ ਨੇ ਹੀ ਇਹ ਕੀਮਤ ਪਾਉਣਾ ਕੀਤੀ ਹੈ ਕਿ ਜੀਵ ਪਾਪ ਕਰਮ ਕਰਕੇ ਦੰਡ ਦਾ ਭਾਗੀ ਤੇ ਪੁੰਨ ਕਰਮ ਕਰਕੇ ਸੁਖ ਦਾ ਭਾਗੀ ਬਣਦਾ ਹੈ। ਜਿਸ ਪ੍ਰਭੂ ਜੀ ਨੇ ਇਹ ਮਰਿਆਦਾ ਬਣਾਈ ਹੈ ਉਹ ਆਪ ਹੀ ਇਸ ਦੀ ਕਦਰ ਜਾਣਦੇ ਨੇ ਤੇ ਹੋਰ ਕੁਝ ਆਖਿਆ ਨਹੀਂ ਜਾ ਸਕਦਾ।

ਕੱਕੇ ਅੱਖਰ ਨਾਲ ਕੁਝ ਆਮ ਵਰਤੋਂ ਦੇ ਸ਼ਬਦ ਲਿਖੇ ਜਾ ਰਹੇ ਹਨ :

ਕੇਸ, ਕੰਘਾ, ਕੜਾ, ਕ੍ਰਿਪਾਨ, ਕਛਹਿਰਾ, ਕਰਮ, ਕਰਤਾ, ਕਲਮ, ਕਾਰਣ, ਕੀਰਤਨ, ਕਥਾ, ਕਵੀਸ਼ਰ, ਕੜਛਾ, ਕਵਿਤਾ, ਕਵੀ, ਕਹਿਣਾ, ਕਰਨਾ, ਕੂੜ, ਕੁੰਗੂ, ਕੂਕਰ, ਕੱਚਾ, ਕਿਰਸ, ਕਸਰਤ, ਕਾਰ, ਕੰਧ, ਕਬੱਡੀ, ਕਸਤੂਰੀ, ਕੱਸਣਾ, ਕਊਆ, ਕਸਮ, ਕਸਾਈ, ਕਸੁੰਭੜਾ, ਕਸ਼ਟ, ਕਸਵੱਟੀ, ਕਹਾਣੀ, ਕਹਿਣਾ, ਕਹਿਰ, ਕੰਗਾਲ, ਕੰਚਨ, ਕਚੌਰੀ, ਕੱਛੂਕੁੰਮਾ, ਕੰਜੂਸ, ਕਜ਼ੀਆ, ਕੱਟਣਾ, ਕੱਟਾ, ਕਠਿਨ, ਕੰਡ, ਕੰਤ, ਕੰਡਾ, ਕੱਢਣਾ, ਕੰਢਾ, ਕਤਲ, ਕਥਨੀ, ਕਦਰ, ਕੰਨ, ਕਣਕ, ਕੋਠਾ, ਕੱਪੜੇ, ਕਪਾਹ, ਕਪਾਟ, ਕਰਜ਼ਾ, ਕੰਬਲ, ਕਬੂਤਰ, ਕਮਜ਼ੋਰੀ, ਕਮਲ, ਕਮਾਊ, ਕਮੇਟੀ, ਕੁਰਹਿਤ, ਕਰਤਾ ਪੁਰਖ, ਕਰਮਹੀਨ, ਕਰਵਟ, ਕਰੜਾ, ਕਰਾਇਆ, ਕਰਾਮਾਤ, ਕਰਿਆਨਾ, ਕਰੁੱਤਾ, ਕਰੂਲੀ, ਕਲੰਕ, ਕਲਜੁਗ, ਕਲਪ ਬ੍ਰਿਛ, ਕਲਿਆਣ, ਕਲੀਆਂ, ਕਲਗੀਧਰ, ਕਲੋਨੀ, ਕਲੇਜਾ, ਕਵਰ, ਕੁਵੇਲਾ, ਕੜਾਹੀ, ਕ੍ਰਾਂਤੀ, ਕਰਿਕਟ, ਕਰੀਮ, ਕ੍ਰੋਧ, ਕਾਇਦਾ, ਕਾਇਮ, ਕਾਇਰ, ਕਾਸਾ, ਕਾਹਲੀ, ਕਾਗਜ਼, ਕਾਠ, ਕਾਢ, ਕਾਣਾ, ਕਾਨਾ, ਕਾਫਲਾ, ਕਾਬੂ, ਕਾਮ, ਕਾਮਯਾਬ, ਕਾਰਜ, ਕਾਰਤੂਸ, ਕਾਰਨਾਮਾ, ਕਾਰੋਬਾਰ, ਕਿਸ਼ਤ, ਕਿੰਤੂ ਕਰਨਾ, ਕਿਰਸਾਣ, ਕਿਰਤ, ਕਿਲ੍ਹਾ, ਕਿਲੋਗ੍ਰਾਮ, ਕੀਮਤ, ਕੀੜੀ, ਕੁਟੀਆ, ਕੁਦਰਤ, ਕੁਬੋਲ, ਕੇਲਾ, ਕੈਦੀ, ਕੱਪ, ਕਸਰ, ਕੋਟ, ਕੌਤਕ, ਕੌਮ, ਕੌੜਾ, ਕੌਲੀ, ਕੌਰ ਤੇ ਕੋਮਲ ਆਦਿ ਕੁਝ ਕੁ ਅੱਖਰ ਨਾਲ ਸ਼ੁਰੂ ਹੁੰਦੇ ਸ਼ਬਦ ਲਿਖੇ ਹਨ।

ਖ

ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ॥ ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥ ੬ ॥ (ਅੰਗ ੪੩੨)

ਕੱਕੇ ਅੱਖਰ ਤੋਂ ਬਾਅਦ ਵਿਚ ਤੇ ਗੱਗੇ ਅੱਖਰ ਤੋਂ ਪਹਿਲਾਂ ਖ ਅੱਖਰ ਲਿਖਿਆ ਜਾਂਦਾ ਹੈ ਜੀ। ਖੱਖਾ ਅੱਖਰ ਲਿਖਣ ਲਈ ਜੇ ਪਹਿਲਾਂ ਪੱਪਾ ਅੱਖਰ ਲਿਖ ਕੇ ਦਰਮਿਆਨ ਵਿਚ ਖੱਬੇ ਤੋਂ ਸੱਜੇ ਨੂੰ ਲਕੀਰ ਪਾ ਦਈਏ ਤਾਂ ਖ ਅੱਖਰ ਰੂਪ ਧਾਰ ਲੈਂਦਾ ਹੈ ਜੀ। ਗੁਰੂ ਸਾਹਿਬ ਜੀ ਨੇ ਦੇਵਨਾਗਰੀ ਦੇ ਙ ਨੂੰ ਵੀ 'ਖ' ਅੱਖਰ ਵਿਚ ਲੁਪਤ ਕਰ ਦਿੱਤਾ ਹੈ।

ਖ ਖੱਖੇ ਅੱਖਰ ਰਾਹੀਂ ਉਪਦੇਸ਼ ਕਰਦੇ ਹਨ ਕਿ ਉਹ ਪ੍ਰਭੂ ਹੀ ਸਾਰੀ ਦੁਨੀਆਂ ਦਾ ਮਾਲਕ ਹੈ ਤੇ ਸਭ ਦਾ ਆਸਰਾ ਰੂਪ ਵੀ ਉਹੀ ਹੈ, ਜਿਵੇਂ ਧੋਬੀ ਦੇ ਪਟੜੇ ਦਾ ਆਸਰਾ (ਖੁੰਦਕਾਰ) ਇਕ ਮੋਟਾ ਕਿੱਲਾ ਹੁੰਦਾ ਹੈ ਜੋ ਕਿ ਪਟੜੇ ਦੇ ਹੇਠਾਂ ਹੁੰਦਾ ਹੈ ਤੇ ਉਸ ਨੂੰ ਟਿਕਾਈ

ਰੱਖਦਾ ਹੈ। ਮਾਲਕ ਪ੍ਰਭੂ ਨੇ ਆਪਣੇ ਹੁਕਮ ਅਨੁਸਾਰ ਸਭ ਨੂੰ ਖਾਣਾ ਪੀਣਾ (ਖਰਚ) ਦਿੱਤਾ ਹੈ ਤੇ ਉਸ ਦੇ ਹੁਕਮ ਤੋਂ ਇਲਾਵਾ ਹੋਰ ਕਿਸੇ ਦਾ ਹੁਕਮ ਨਹੀਂ ਚਲਦਾ, ਕਿਉਂਕਿ ਉਸ ਮਾਲਕ ਨੇ ਸਭ ਨੂੰ ਆਪਣੇ ਹੁਕਮ ਆਪਣੀ ਮਰਿਆਦਾ ਵਿਚ ਬੰਨ੍ਹਿਆ ਹੋਇਆ ਹੈ।

ਖੱਖੇ ਅੱਖਰ ਦੁਆਰਾ ਗਉੜੀ ਬਾਵਨ ਅਖਰੀ ਵਿਚ ਵੀ ਉਪਦੇਸ਼ ਬਖ਼ਸ਼ਦੇ ਹਨ ਕਿ ਉਸ ਪ੍ਰਭੂ ਦੇ ਖ਼ਜ਼ਾਨੇ ਭਰਪੂਰ ਹਨ ਤੇ ਕੋਈ ਵੀ ਕਮੀ ਨਹੀਂ ਹੈ। ਜੋ ਉਸ ਦੀ ਰਜ਼ਾ ਵਿਚ ਚਲਦੇ ਹਨ ਮਾਲਕ ਪ੍ਰਭੂ ਉਨ੍ਹਾਂ ਨੂੰ ਸਭ ਦਾਤਾਂ ਬਖ਼ਸ਼ਦਾ ਹੈ ਤੇ ਉਸ ਪਰਮਾਤਮਾ ਦਾ ਨਾਮ ਹੀ ਭਗਤਾਂ ਦੀ ਰਾਸ-ਪੂੰਜੀ ਹੈ। ਉਨ੍ਹਾਂ ਭਗਤਾਂ ਅੰਦਰ ਖਿਮਾ, ਨਿਰਮਤਾ, ਅਡੋਲਤਾ ਤੇ ਆਤਮਿਕ ਅਨੰਦ ਦੇ ਗੁਣ ਪ੍ਰਫੁਲਤ ਹੁੰਦੇ ਹਨ।

19ਵੇਂ ਅੰਕ ਦਖਣੀ ਓਅੰਕਾਰ ਬਾਣੀ ਵਿਖੇ ਵੀ **ਖੱਖੇ** ਅੱਖਰ ਦੁਆਰਾ ਉਪਦੇਸ਼ ਹੈ ਕਿ ਜਿਨ੍ਹਾਂ ਪਿਆਰਿਆਂ ਨੇ ਖਿਮਾ ਧਾਰਨ ਕਰਕੇ ਆਪਣਾ ਮਨ ਪ੍ਰਭੂ ਜੀ ਨੂੰ ਭੇਟ ਕਰ ਦਿੱਤਾ ਹੈ ਤਾਂ ਫਿਰ ਸਾਰੀ ਦੁਨੀਆਂ ਉਨ੍ਹਾਂ ਦੀ ਸਿਫਤ ਕਰਦੀ ਹੈ ਤੇ ਉਨ੍ਹਾਂ ਨੂੰ ਖਰਾ-ਖਰਾ ਕਹਿ ਕੇ ਆਖਦੇ ਹਨ। ਉਨ੍ਹਾਂ ਦਾ ਜੀਵਨ ਤੇ ਮਨ ਨਾਮ ਕ੍ਰੋਧ ਅਹੰਕਾਰ ਤੋਂ ਅਡੋਲ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਕ ਉਦਾਹਰਣ ਦਿੰਦੇ ਹਨ ਕਿ ਪੁਰਾਤਨ ਸਮੇਂ ਵਿਚ ਕਈ ਸਿੱਕੇ ਖੋਟੇ ਅਖਵਾਂਦੇ ਸਨ, ਕਿਉਂਕਿ ਉਨ੍ਹਾਂ ਵਿਚ ਚਾਂਦੀ ਨਹੀਂ ਹੁੰਦੀ ਸੀ। ਪਰ ਜੇ :

ਨਾਨਕ ਜੇ ਵਿਚਿ ਰੁਪਾ ਹੋਇ॥ ਖਰਾ ਖਰਾ ਆਖੈ ਸਭੁ ਕੋਇ॥ (ਅੰਗ ੬੬੨)

ਸੋ ਇਸੇ ਤਰ੍ਹਾਂ ਜੇ ਪ੍ਰਭੂ ਦਾ ਨਾਮ ਚਾਂਦੀ ਰੂਪ (ਰੁਪਾ) ਕੋਲ ਹੋਵੇ ਤਾਂ ਸਭ ਉਸ ਵਿਅਕਤੀ ਨੂੰ ਖਰਾ, ਸੁੱਚਾ ਤੇ ਚੰਗਾ ਆਖਣਗੇ।

ਸਿਰੀਰਾਗੁ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਸੱਚ ਨਹੀਂ ਭਾਉਂਦਾ ਤਾਂ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ,ਕਿਉਂਕਿ ਖੋਟੇ ਕਰਮ ਕਰਨ ਨਾਲ ਮਨ ਤੇ ਸਰੀਰ ਖੋਟਾ ਹੋ ਜਾਂਦਾ ਹੈ ਤੇ ਆਪਣੀ ਆਦਤ ਅਨੁਸਾਰ ਖੋਟ ਵਿਚ ਰਚ ਜਾਂਦੇ ਹਨ ਤੇ ਉਨ੍ਹਾਂ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਦੀ ਤੇ ਪ੍ਰਭੂ ਜੀ ਦਾ ਰਸ ਪ੍ਰਾਪਤ ਨਹੀਂ ਹੁੰਦਾ। ਫੁਰਮਾਨ ਹੈ :

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥ ੨ ॥
ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥
ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥ ੩ ॥ (ਅੰਗ ੨੨)

ਮਾਝ ਰਾਗ ਦੀ ਵਾਰ ਦੀ ੧੨ਵੀਂ ਪਉੜੀ ਵਿਚ ਫੁਰਮਾਨ ਹੈ :

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ (ਅੰਗ ੧੪੩)

ਸਤਿਗੁਰੂ ਜੀ ਸਾਧਸੰਗਤ ਵਿਚ ਜਾਣ ਦੀ ਤੇ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਜਾਣ ਦੀ ਪ੍ਰੇਰਨਾ ਕਰਦੇ ਹਨ ਤਾਂ ਕਿ ਉਨ੍ਹਾਂ ਦਾ ਵੀ ਸੁਧਾਰ ਹੋ ਸਕੇ।

ਭਗਤ ਕਬੀਰ ਸਾਹਿਬ ਜੀ ਵੀ **ਖੱਖੇ** ਅੱਖਰ ਰਾਹੀਂ ਉਪਦੇਸ਼ ਬਖ਼ਸ਼ਦੇ ਹਨ ਕਿ ਜਿਵੇਂ ਪੰਛੀ ਰੁੱਖਾਂ ਦੀਆਂ ਖੋੜਾਂ ਵਿਚ ਰਹਿਣ ਲੱਗ ਪੈਂਦੇ ਹਨ ਤੇ ਢਿੱਡ ਭਰਨ ਲਈ ਸਾਰਾ ਦਿਨ ਬਾਹਰ ਦੂਰ ਤੱਕ ਉਡਦੇ ਰਹਿੰਦੇ ਹਨ ਤੇ ਰਾਤ ਨੂੰ ਖੋੜ ਵਿਚ ਆ ਕੇ ਟਿਕ ਜਾਂਦੇ ਹਨ ਤਿਵੇਂ ਹੀ ਮਨੁੱਖਾ ਸਰੀਰ ਨੂੰ ਰਹਿਣ ਦੇ ਵਾਸਤੇ ਖੋੜ ਮਿਲੀ ਹੋਈ ਹੈ ਤੇ ਜੋ ਵਿਅਕਤੀ ਆਪਣੇ ਆਲ੍ਹਣੇ ਭਾਵ ਪ੍ਰਭੂ ਚਰਨਾਂ ਨੂੰ ਛੱਡ ਕੇ ਦਸਾਂ ਹੀ ਦਿਸ਼ਾਵਾਂ ਵਿਚ ਨਹੀਂ ਦੌੜਦਾ ਤੇ ਮਾਲਕ ਪਰਮਾਤਮਾ ਨਾਲ ਸਾਂਝ ਪਾ ਕੇ ਖਿਮਾ ਧਾਰਨ ਕਰਦਾ ਹੈ ਤੇ ਨਾਮ ਸਿਮਰਨ ਰਾਹੀਂ ਉੱਚੀ ਪਦਵੀ ਪ੍ਰਾਪਤ ਕਰ ਲੈਂਦਾ ਹੈ ਜੋ ਕਦੀ ਵੀ ਨਾਸ ਨਹੀਂ ਹੁੰਦੀ।

ਰਾਮਕਲੀ ਰਾਗੁ ਵਿਚ ਫੁਰਮਾਨ ਹੈ ਕਿ ਇਕ ਉਸ ਪ੍ਰਭੂ ਜੀ ਦਾ ਹੀ ਹੁਕਮ ਸਭ ਉੱਪਰ ਲਾਗੂ ਹੁੰਦਾ ਹੈ ਤੇ ਉਸ ਦੀ ਰਜ਼ਾ ਵਿਚ ਚਲਣ ਨਾਲ ਸੁਖ ਦੀ ਪ੍ਰਾਪਤੀ ਹੁੰਦੀ ਹੈ। ਫੁਰਮਾਨ ਹੈ :

ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ॥ (ਅੰਗ ੯੪੮)

ਖੱਖੇ ਅੱਖਰ ਦੁਆਰਾ ਅੱਠ ਵਾਰੀ ਉਪਦੇਸ਼ ਹਨ ਜੋ ਕਿ ਸਿਰਫ ਸਸੇ ਅੱਖਰ ਤੋਂ ਦੂਜੇ ਨੰਬਰ ਉੱਪਰ ਆਉਂਦੇ ਹਨ ਕਿਉਂਕਿ ਸ ਅੱਖਰ ਪ੍ਰਥਾਇ ਨੌਂ ਵਾਰੀ ਉਪਦੇਸ਼ ਹਨ। ਇਹ ਬਾਵਨ ਅਖਰੀ ਮਹਲਾ ੫ ਤੇ ਭਗਤ ਕਬੀਰ ਜੀ ਤੇ ਦਖਣੀ ਓਅੰਕਾਰ ਵਿਖੇ ਇਕ ਤੋਂ ਜ਼ਿਆਦਾ ਵਾਰੀ ਉਪਦੇਸ਼ ਹਨ ਸੰਸਕ੍ਰਿਤ ਭਾਸ਼ਾ ਨੂੰ ਸਾਹਮਣੇ ਰੱਖ ਕੇ ਇਸ ਤਰ੍ਹਾਂ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਖੱਖੇ ਅੱਖਰ ਦੁਆਰੀ ਪਟੀ ਬਾਣੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਉਪਦੇਸ਼ ਨਹੀਂ ਅੰਕਿਤ ਕੀਤਾ ਉਨ੍ਹਾਂ ਦੀ ਆਪਣੀ ਮਰਜ਼ੀ ਤੇ ਖ਼ੁਸ਼ੀ ਹੈ।

ਖੱਖੇ ਅੱਖਰ ਪ੍ਰਥਾਇ ਗਉੜੀ ਬਾਵਨ ਅਖਰੀ ਮਹਲਾ ੫ ਵਿਖੇ ਅੰਕ 53 ਦੁਆਰਾ ਉਪਦੇਸ਼ ਹੈ ਕਿ ਹੇ ਪਰਮੇਸ਼ਰ ! ਅਸੀਂ ਜੀਵ ਖਾਂਦੇ ਪੀਂਦੇ ਤੇ ਮਾਇਆ ਦੇ ਰੰਗ ਤਮਾਸ਼ਿਆਂ ਵਿਚ ਹੱਸਦੇ ਹੋਏ ਬਹੁਤ ਜਨਮਾਂ ਦੇ ਭਰਮਦੇ ਹੋਏ ਹੁਣ ਤੁਹਾਡੀ ਸ਼ਰਨ ਵਿਚ ਆਏ ਹਾਂ, ਸਾਨੂੰ ਇਸ ਚੱਕਰ ਦੇ ਵਿਚੋਂ ਕੱਢ ਕੇ ਬਚਾਅ ਲਉ ਜੀ। ਪਉੜੀ ਦੇ ਵਿਚ ਵੀ ਐਸੀ ਹੀ ਬੇਨਤੀ ਹੈ ਕਿ ਹੇ ਪ੍ਰਭੂ ਜੀ ! ਅਸੀਂ ਬਹੁਤ ਜਨਮਾਂ ਵਿਚ ਕਈ ਜੂਨੀਆਂ ਵਿਚ ਦੁੱਖ ਪਾਏ ਹਨ। ਜੇ ਗੁਰੂ ਸਾਹਿਬ

ਜੀ ਤੁਸੀਂ ਮਿਲ ਪਉ ਤੇ ਬਖ਼ਸ਼ਿਸ਼ ਕਰੋ ਕਿ ਮੈਂ ਤੁਹਾਡੇ ਬਚਨ ਮੰਨ ਸਕਾਂ ਤਾਂ ਮੇਰਾ ਦੁੱਖ ਦੂਰ ਹੋ ਜਾਵੇਗਾ। ਜੇ ਤੁਸੀਂ ਮੈਨੂੰ ਖਿਮਾ ਦੀ ਬਿਰਤੀ ਬਖ਼ਸ਼ ਦਿਓ ਤੇ ਮੈਂ ਨਾਮ ਧਨ ਦਾ ਰਸ ਮਾਣ ਸਕਾਂ। ਜਿਸ ਉੱਪਰ ਤੁਸੀਂ ਕਿਰਪਾ ਕਰਦੇ ਹੋ ਉਸ ਨੂੰ ਹੀ ਸੁਖ ਅਨੰਦ ਰੂਪੀ ਅਡੋਲਤਾ ਨਸੀਬ ਹੁੰਦੀ ਹੈ। ਜਿਸ ਮਨੁੱਖ ਨੇ ਗੁਰੂ ਤੋਂ ਜਾਚ ਸਿਖ ਕੇ ਸਿਫਤ ਸਲਾਹ ਦਾ ਵਣਜ ਵਪਾਰ ਤੋੜ ਨਿਭਾ ਦਿੱਤਾ ਉਨ੍ਹਾਂ ਨੂੰ ਲਾਹਾ ਪ੍ਰਾਪਤ ਹੋਇਆ ਤਾਂ ਗੁਰੂ ਜੀ ਨੇ ਹੋਰ ਵੀ ਦਿਲਾਸਾ ਦਿੱਤਾ ਤਾਂ ਪ੍ਰਭੂ ਜੀ ਨੇ ਘਰ ਆ ਕੇ ਪੱਤ ਆਬਰੂ ਵਾਲੇ ਬਣਾ ਦਿੱਤੇ। ਫੁਰਮਾਨ ਵੀ ਹੈ :

ਮੇਰੇ ਸਤਿਗੁਰ ਹੀ ਪਤਿ ਰਾਖੁ ॥
ਚੀਤਿ ਆਵਹਿ ਤਬ ਹੀ ਪਤਿ ਪੂਰੀ ਬਿਸਰਤ ਰਲੀਐ ਖਾਕੁ ॥ ੧ ॥ ਰਹਾਉ ॥
(ਅੰਗ ੧੦੦੩)

ਜਗਿਆਸੂ ਕਹਿ ਉਠਦਾ ਹੈ ਕਿ ਹੇ ਪ੍ਰਭੂ ਜੀ ! ਸਭ ਤੁਹਾਡਾ ਹੀ ਰਚਾਇਆ ਹੋਇਆ ਖੇਲ ਹੈ ਤੇ ਐਥੇ ਤੇ ਓਥੇ ਸਭ ਕੁਝ ਤੁਸੀਂ ਹੀ ਕਰ ਕਰਾ ਰਹੇ ਹੋ। ਜੀਵ ਨੂੰ ਤੁਹਾਡੀ ਹੀ ਸਿਫਤ ਕਰਨੀ ਚਾਹੀਦੀ ਹੈ, ਕਿਉਂਕਿ ਤੁਸੀਂ ਹੀ ਸਭ ਸਰੀਰਾਂ ਵਿਖੇ ਵਿਆਪਕ ਹੋ ਰਹੇ ਹੋ।

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖਰੀ ਦੇ ਅੰਕ 40 ਵਿਚ **ਖ** ਅੱਖਰ ਦੇ ਉਪਦੇਸ਼ ਦੁਆਰਾ ਫੁਰਮਾਉਂਦੇ ਹਨ ਕਿ ਜੇ ਕੋਈ ਪ੍ਰਭੂ ਜੀ ਦੀ ਭਾਲ ਵਿਚ ਪੈ ਕੇ ਪ੍ਰਭੂ ਜੀ ਦੇ ਗੁਣਾਂ ਦੀ ਵੀਚਾਰ ਕਰਦਾ ਹੈ ਤਾਂ ਉਸ ਵਿਅਕਤੀ ਨੂੰ ਤਰਨ ਵਿਚ ਕੋਈ ਦੇਰੀ ਨਹੀਂ ਲੱਗਦੀ, ਕਿਉਂਕਿ ਬਾਰ-ਬਾਰ ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰਨ ਨਾਲ ਉਹ ਪ੍ਰਭੂ ਦੇ ਵਿਚ ਹੀ ਸਮਾ ਜਾਂਦਾ ਹੈ।

ਖੱਖੇ ਅੱਖਰ ਪ੍ਰਤੀ ਹੁਣ 44ਵੇਂ ਅੰਕ ਦੁਆਰਾ ਭਗਤ ਸ੍ਰੀ ਕਬੀਰ ਜੀ ਉਪਦੇਸ਼ ਬਖ਼ਸ਼ ਰਹੇ ਹਨ ਕਿ ਸੰਸਾਰ ਵਿਚ ਕਿਤਨੇ ਹੀ ਮਨੁੱਖ ਮਰ ਖਪ ਗਏ ਹਨ ਤੇ ਹੁਣ ਵੀ ਸੰਸਾਰ ਵਿਚ ਨਾਸ ਹੋ ਰਹੇ ਹਨ। ਪਿਤਾ ਪਿਤਾਮਾ ਸਭ ਚਲੇ ਗਏ ਨੇ। ਬਾਬਾ ਫਰੀਦ ਜੀ ਵੀ ਫੁਰਮਾਉਂਦੇ ਹਨ :

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ (ਅੰਗ ੧੩੮੧)

ਹੁਣ ਵੀ ਜੇ ਜਗਤ ਨੂੰ ਮਿਥਿਆ ਰੂਪ ਜਾਣ ਕੇ ਜੇ ਮਨ ਇਸਥਿਤ ਹੋ ਰਹੇ ਤੇ ਸੰਸਾਰ ਵੱਲੋਂ ਹਟ ਰਹੇ ਤਾਂ ਜਿਸ ਬ੍ਰਹਮ ਦਾ ਵਿਛੁੜਿਆ ਹੋਇਆ ਸੀ ਤਾਂ ਉਸੇ ਬ੍ਰਹਮ ਵਿਚ ਇਹ ਜੀਵ ਟਿਕਾਣਾ ਕਰ ਲੈਂਦਾ ਹੈ।

ਦਖਣੀ ਓਅੰਕਾਰ ਬਾਣੀ ਵਿਖੇ 49ਵੇਂ ਅੰਕ ਦੁਆਰਾ ਖੱਖੇ ਅੱਖਰ ਦਾ ਦੂਜਾ ਉਪਦੇਸ਼ ਹੈ ਕਿ ਖਿਮਾ ਹੀਣ, ਬਰਦਾਸ਼ਤ ਕਰਨ ਮੁਆਫੀ ਤੋਂ ਸੱਖਣੇ ਬੇਅੰਤ ਹੀ ਜੀਵ ਖਪ ਗਏ ਮਰ ਗਏ ਹਨ ਤੇ ਉਨ੍ਹਾਂ ਦੀ ਗਿਣਤੀ ਵੀ ਨਹੀਂ ਹੋ ਸਕਦੀ। ਵੈਸੇ ਖ਼ੂਹਣੀ ਦੀ ਗਿਣਤੀ ਇਉਂ

ਲਿਖੀ ਮਿਲਦੀ ਹੈ ਜਿਸ ਫ਼ੌਜ ਵਿਚ 21870 ਰੱਥ, 21870 ਹਾਥੀ, 65610 ਘੋੜ ਸੁਆਰ ਤੇ 109350 ਪੈਦਲ ਸਿਪਾਹੀ ਹੋਵਣ, ਉਸ ਨੂੰ ਇਕ ਖੂਹਣੀ ਅਖਯੋਹਿਣੀ ਆਖਦੇ ਹਨ। ਪਾਂਡਵਾਂ ਤੇ ਕੌਰਵਾਂ ਦੇ ਯੁੱਧ ਵਿਚ ਅਠਾਰਾਂ ਖੂਹਣੀਆਂ ਆਪਸ ਵਿਚ ਜੰਗ ਕਰਕੇ ਖਤਮ ਹੋ ਗਈਆਂ ਸਨ। ਕੋਈ ਐਸੇ ਖਿਮਾ ਤੋਂ ਵਿਹੂਣਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਜੋ ਪਚ-ਪਚ ਕੇ ਮਰ ਗਏ। ਜੋ ਆਪਣੇ ਮਾਲਕ ਪ੍ਰਭੂ ਨੂੰ ਪਹਿਚਾਣ ਲੈਂਦਾ ਹੈ,ਉਸ ਦੇ ਬੰਧਨ ਖੁੱਲ੍ਹ ਜਾਂਦੇ ਹਨ ਤੇ ਗੁਰ ਸ਼ਬਦ ਦੀ ਕਮਾਈ ਨਾਲ ਉਸ ਨੂੰ ਸੱਚ, ਭਾਵਨਾ ਤੇ ਖਿਮਾ ਆਦਿਕ ਸੁਖ ਪ੍ਰਾਪਤ ਹੋ ਜਾਂਦੇ ਹਨ।

ਹੇ ਜਗਿਆਸੂ ਵਣਜਾਰੇ ! ਤੂੰ ਚੰਗਾ ਧਿਆਨ ਰੂਪੀ ਧਨ ਅਗਾਂਹ ਖਰਚ ਲਈ ਇਕੱਠਾ ਕਰ ਤੇ ਉਹ ਪ੍ਰਭੂ ਆਪੇ ਹੀ ਤੇਰੇ ਸਰੀਰ ਅੰਤਹਕਰਣ ਵਿਚ ਵੱਸ ਜਾਵੇਗਾ। ਜੋ ਮਨ ਹਿਰਦੇ ਤੇ ਤਨ ਮੁਖ ਦੁਆਰਾ ਜਪਦੇ ਹਨ ਤਾਂ ਉਨ੍ਹਾਂ ਵਿਚ ਸ਼ੁੱਭ ਗੁਣ ਤੇ ਧੀਰਜ ਆ ਵੱਸਦੇ ਹਨ। ਪ੍ਰਭੂ ਦੇ ਨਾਮ ਤੋਂ ਬਿਨਾਂ ਵਿਕਾਰਾਂ ਤੇ ਹਉਮੈ ਵਿਚ ਜੀਵ ਖਪਦਾ ਰਹਿੰਦਾ ਹੈ। ਪਰਮੇਸ਼ਰ ਨੇ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਅੰਦਰ ਸ਼ੁੱਭ ਗੁਣ ਤੇ ਅਉਗਣ ਪਾਉਣਾ ਕੀਤੇ ਹਨ ਪਰ ਉਹ ਪ੍ਰਭੂ ਆਪ ਅਸੰਗ ਹੀ ਵੱਖਰਾ ਹੀ ਰਹਿੰਦਾ ਹੈ।

ਖੱਖੇ ਅੱਖਰ ਦੁਆਰਾ ਕੁਝ ਆਮ ਵਰਤੋਂ ਵਾਲੇ ਸ਼ਬਦ ਇਹ ਹਨ :

ਖਾਸ, ਖੂਬ, ਖਾਲਸਾ, ਖੰਡਾ, ਖਜ਼ਾਨਾ, ਖਬਰ, ਖੰਭ, ਖੱਤ, ਖੰਜ਼ਰ, ਖਰਬੂਜਾ, ਖਗ, ਖਰੜਾ, ਖੜਾਵਾਂ, ਖਾਣਾ, ਖਾਕ, ਖਾਲੀ, ਖਿਆਲ, ਖਿਤਾਬ, ਖਿਮਾ, ਖਿੜਕੀ, ਖੋਜ, ਖੇਡ, ਖੱਟੀ, ਖੰਡ, ਖਸਮ, ਖਰਚ, ਖਿਡੌਣਾ, ਖਿਚੜੀ, ਖੁਸ਼ੀ ਖੂਬਸੂਰਤ, ਖੰਡਾ, ਖਿਮਾ, ਖਬਰ, ਖਸਮ, ਖਰਚ, ਖਰਾ, ਖਰਾਬ, ਖਤਰਾ, ਖਾਸ, ਖਾਲਸਾ, ਖਾੜਕੂ, ਖੜਾਵਾਂ, ਖੁਸ਼ਕਿਸਮਤ, ਖਾਲੀ, ਖੁਸ਼ਬੂ, ਖੁਦਾ, ਖਸਮਾਨਾ, ਖੰਘ, ਖ਼ੰਜਰ, ਖੁਮਾਰੀ, ਖ਼ਜ਼ਾਨਚੀ, ਖੱਟ, ਖੱਟਾ, ਖੰਡਣ, ਖੰਡਰ, ਖਤ, ਖਤਮ, ਖੰਨੀ, ਖਪਤ, ਖ਼ਬਰ, ਖੱਬਾ, ਖਰਚ, ਖਰਬੂਜਾ, ਖਰੀਦਣਾ, ਖੜਕਾ, ਖਾਣਾ, ਖਾਣੀ, ਖਾਤਰ, ਖਾਤਮਾ, ਖ਼ਾਨਦਾਨ, ਖਾਵੰਦ, ਖਿਸਕਣਾ, ਖਿਤਾਬ, ਖਿਮਾ, ਖਿਲਾੜੀ, ਖਿੜਨਾ, ਖੁਆਰੀ, ਖ਼ੁਸ਼, ਖੁਸ਼ਕ, ਖੁੰਢਾ, ਖੁਦਗਰਜ਼, ਖੁਦਾਈ, ਖੁਨਾਮੀ, ਖੁਰਾਕ, ਖੁੱਲ੍ਹ, ਖੂਹ, ਖੂੰਡੀ, ਖ਼ੂਨ ਖਰਾਬਾ, ਖੇਹ, ਖੇਚਲ, ਖੇਪ, ਖੋਆ, ਖੋਖਲਾ, ਖੋਟਾ, ਖੇਲ ਤੇ ਖੇਲਣਾ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਗ

ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ

ਭਇਆ ॥ ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ ॥ ੭ ॥ (ਅੰਗ ੪੩੨)

ਪੈਂਤੀ ਵਿਖੇ ਅੱਖਰ ਖੱਖੇ ਤੋਂ ਬਾਅਦ ਵਿਚ ਤੇ ਅੱਖਰ ਘੱਘੇ ਤੋਂ ਪਹਿਲਾਂ **ਗੱਗਾ** ਅੱਖਰ ਆਉਂਦਾ ਹੈ। **ਗੱਗਾ** ਅੱਖਰ ਲਿਖਣ ਲੱਗਿਆਂ ਪਹਿਲਾਂ ਰਾਰਾ ਲਿਖ ਕੇ ਨਾਲ ਸੱਜੇ ਪਾਸੇ ਹੇਠਾਂ ਨੂੰ ਸਿਧੀ ਲਾਈਨ ਵਾਹ ਲਈ ਜਾਵੇ ਤਾਂ **ਗ** ਅੱਖਰ ਲਿਖ ਹੋ ਜਾਂਦਾ ਹੈ।

ਉਸ ਪ੍ਰਭੂ ਜੀ ਨੇ ਮਿੱਟੀ ਨੂੰ ਗੁੰਨ ਕੇ ਮਾਤਾ ਦੇ ਗਰਭ ਦੇ ਵਿਚ ਵੀ ਸਰੀਰ ਨੂੰ ਸਾਜਿਆ ਹੈ ਤੇ ਕਾਲ ਨੂੰ ਵੀ ਤਈਨਾਤ ਕੀਤਾ ਹੈ ਪਰ ਜੇ ਕੋਈ ਵਿਦਵਤਾ ਦੀ ਗੱਲਾਂ ਸਮਝ ਕੇ ਆਪਣੇ ਆਪ ਨੂੰ ਹੀ ਰੱਬ ਸਮਝ ਲਵੇ, ਆਪਣੇ ਅਹੰਕਾਰ ਨਾਲ ਤਾਂ ਪ੍ਰਭੂ ਜੀ ਨੇ ਉਸ ਲਈ ਜਨਮ ਮਰਨ ਦਾ ਗੇੜ ਤਿਆਰ ਕੀਤਾ ਹੋਇਆ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਰਾਮਕਲੀ ਰਾਗ ਵਿਚ ਫੁਰਮਾਉਂਦੇ ਹਨ :

ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥ (ਅੰਗ ੮੮੨)

ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ ॥

(ਅੰਗ ੪੪੨)

ਗੱਗੇ ਅੱਖਰ ਬਾਰੇ ਗਉੜੀ ਬਾਵਨ ਅਖਰੀ ਵਿਚ ਵੀ ਰਲਦਾ ਮਿਲਦਾ ਉਪਦੇਸ਼ ਹੈ ਕਿ ਹੇ ਵਿਅਕਤੀ ! ਇਸ ਨਾਸ਼ਵੰਤ ਸਰੀਰ ਨੇ ਤਾਂ ਸਦਾ ਕਾਇਮ ਨਹੀਂ ਰਹਿਣਾ ਤੇ ਮੌਤ ਤਾਂ ਬਾਲਪਨ, ਜੁਆਨੀ ਤੇ ਬੁਢੇਪੇ ਵਿਖੇ ਕਿਸੇ ਸਮੇਂ ਵੀ ਆ ਸਕਦੀ ਹੈ। ਇਨ੍ਹਾਂ ਪਦਾਰਥਾਂ ਨੂੰ ਪੱਕਾ ਜੱਫਾ ਮਾਰਨ ਵਾਲੇ ਤਾਂ ਮੂਰਖ ਹੀ ਹਨ ਜਦ ਕਿ ਹੋਰ ਕਿਤਨੀ ਲੁਕਾਈ ਇਨ੍ਹਾਂ ਪਦਾਰਥਾਂ ਨੂੰ ਛੱਡ ਕੇ ਤੁਰ ਗਈ ਹੈ।

ਭਗਤ ਸ੍ਰੀ ਕਬੀਰ ਜੀ ਵੀ **ਗੱਗੇ** ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਜੀ ਨੂੰ ਪਛਾਣ ਲਿਆ ਹੈ ਉਨ੍ਹਾਂ ਨੂੰ ਹੋਰ ਗੱਲਾਂ ਚੰਗੀਆਂ ਨਹੀਂ ਲੱਗਦੀਆਂ। ਉਹ ਤਾਂ ਜਗਤ ਨੂੰ ਇਵੇਂ ਦੇਖਦੇ ਹਨ ਜਿਵੇਂ ਕਿ ਕੋਈ ਪੰਛੀ ਦਰੱਖ਼ਤ ਉਤੇ ਰਾਤ ਬਿਤਾ ਕੇ ਸਵੇਰ ਨੂੰ ਉੱਡ ਕੇ ਹੋਰ ਥਾਂ ਚਲੇ ਜਾਂਦੇ ਨੇ। ਉਨ੍ਹਾਂ ਦੀ ਸੁਰਤ ਪ੍ਰਭੂ ਚਰਨਾਂ ਨਾਲ ਜੁੜ ਕੇ ਉੱਚੀ ਹੋ ਜਾਂਦੀ ਹੈ।

ਦਖਣੀ ਓਅੰਕਾਰ ਬਾਣੀ ਵਿਖੇ **ਗੱਗੇ** ਅੱਖਰ ਪ੍ਰਤੀ ਤਿੰਨ ਵਾਰੀ ਉਪਦੇਸ਼ ਅੰਕਿਤ ਹਨ ਦੋ ਵਾਰੀ ਗੱਗੇ ਅੱਖਰ ਲਈ ਤੇ ਇਕ ਵਾਰੀ **ਗ** ਙੜੇ ਅੱਖਰ ਦੀ ਜਗ੍ਹਾ ਤੇ ਵਰਤਿਆ ਗਿਆ ਹੈ ਪਰ ਙ ਅੱਖਰ ਸਬੰਧੀ ਪਹਿਲਾਂ ਉਪਦੇਸ਼ ਦਰਜ ਹੈ। ਸਾਡੀ ਸੋਝੀ ਸੀਮਤ ਹੈ ਪਰ ਸਤਿਗੁਰੂ ਜੀ ਜਿਵੇਂ ਵੀ ਉਪਦੇਸ਼ ਬਖ਼ਸ਼ਦੇ ਹਨ ਧੰਨਵਾਦ ਹੀ ਕਰਨਾ ਬਣਦਾ ਹੈ।

ਸਤਾਰਵੇਂ ਅੰਕ ਰਾਹੀਂ ਉਪਦੇਸ਼ ਹੈ ਕਿ ਜੋ ਮਨੁੱਖ ਪ੍ਰਭੂ ਜੀ ਦੇ ਗੁਣਾਂ ਨੂੰ ਆਪਣੇ ਮਨ ਵਿਖੇ ਵਸਾਉਂਦਾ ਹੈ ਉਸ ਦੀ ਹੀ ਗੋਪਾਲ ਪ੍ਰਭੂ ਨਾਲ ਸਾਂਝ ਬਣਦੀ ਹੈ। ਵੀਹਵੇਂ ਅੰਕ ਰਾਹੀਂ

ਵੀ ਉਪਦੇਸ਼ ਹੈ ਕਿ ਉਹ ਪ੍ਰਭੂ ਸਾਡੇ ਔਗੁਣ ਦੇਖ ਕੇ ਵੀ ਕਾਹਲਾ ਨਹੀਂ ਪੈਂਦਾ ਤੇ ਜੋ ਮਨੁੱਖ ਉਸ ਦੇ ਗੁਣ ਗਾਉਂਦਾ ਹੈ ਉਹ ਸ਼ਾਂਤ ਤੇ ਅਡੋਲ ਹੋ ਜਾਂਦਾ ਹੈ ਤੇ ਜੂਨੀਆਂ ਵਿਚ ਨਹੀਂ ਪੈਂਦਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਸਲੋਕਾਂ ਵਿਚ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਮਨੁੱਖ ! ਜੇ ਤੂੰ ਪ੍ਰਭੂ ਦੇ ਗੁਣ ਨਹੀਂ ਗਾਏ ਤਾਂ ਤੇਰਾ ਜੀਵਨ ਵਿਅਰਥ ਹੀ ਹੈ, ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਹੇ ਸਿੱਖ ! ਤੂੰ ਵੀ ਬਾਣੀ ਤੋਂ ਬਿਨਾਂ ਨਾ ਰਹਿ ਸਕੇਂ, ਐਸੀ ਪ੍ਰੀਤੀ ਪ੍ਰਭੂ ਜੀ ਨਾਲ ਬਣਾ ਲੈ। ਫ਼ੁਰਮਾਨ ਹੈ :

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥ ੧ ॥

(ਅੰਗ ੧੪੨੬)

ਦਖਣੀ ਓਅੰਕਾਰ ਦੇ ਅੰਕ 22 ਵਿਚ ਉਪਦੇਸ਼ ਬਖ਼ਸ਼ਦੇ ਹਨ। ਇੱਥੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅੱਖਰਾਂ ਦੀ ਤਰਤੀਬ ਅਨੁਸਾਰ **ਙ** ਦੀ ਥਾਂ **ਗ** ਅੱਖਰ ਵਿਚ ਉਪਦੇਸ਼ ਦੇਣਾ ਕੀਤਾ ਹੈ। ਪਿਛਲੇ ਅੰਕਾਂ ਵਿਚ ਬਾਣੀ ਵਿਚ ਗੁਰਮੁਖਾਂ ਦੇ ਜੀਵਨ ਤੇ ਲੱਛਣਾਂ ਦੀ ਵੀਚਾਰ ਚਲ ਰਹੀ ਹੈ। ਅੱਗੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ : ਗੁਰਮੁਖ ਦੀ ਤਾਂ ਵੱਖਰੀ ਹੀ ਗੱਲ ਅਵਸਥਾ ਹੁੰਦੀ ਹੈ ਕਦੇ ਤਾਂ ਗੁਰਮੁਖ ਰਾਗ ਵਿਚ ਪਾ ਕੇ ਗੁਣ ਗਾਉਂਦੇ ਹਨ ਤੇ ਕਦੀ ਬ੍ਰਹਮ ਗਿਆਨ ਦੀਆਂ ਗੱਲਾਂ ਬੋਲਦੇ ਹਨ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥

(ਅੰਗ ੨)

ਗੁਰਮੁਖ ਆਪ ਸਤ ਅਸਤਿ ਦਾ ਤੋਲ, ਵਿਚਾਰ ਕਰਦਾ ਹੈ ਤੇ ਹੋਰਨਾਂ ਨੂੰ ਵੀ ਵੀਚਾਰਨ ਦੀ ਪ੍ਰੇਰਨਾ ਕਰਦਾ ਹੈ, ਗੁਰਮੁਖ ਹਰ ਥਾਂ ਉਪਰ ਨਿਸੰਗ ਹੋ ਕੇ ਆਉਂਦਾ ਜਾਂਦਾ ਹੈ ਕੋਈ ਰੋਕ ਨਹੀਂ ਅਵਿਦਿਆ ਤੇ ਅਗਿਆਨ ਦੀ ਮਲੀਨਤਾ ਨੂੰ ਜਲਾ ਦਿੰਦਾ ਹੈ। ਪ੍ਰਭੂ ਦੇ ਗੁਣਾਂ ਦੀ ਵੀਚਾਰ ਹੀ ਗੁਰਮੁਖ ਵਾਸਤੇ ਗਿਆਨ ਰਾਗ ਤੇ ਵੇਦ ਬ੍ਰਹਮ ਦੀ ਪ੍ਰਾਪਤੀ ਹੈ। ਉੱਚਾ ਆਚਰਣ ਬਣਾਉਣਾ ਹੀ ਗੁਰਮੁਖ ਦਾ ਤੀਰਥ ਇਸ਼ਨਾਨ ਹੋ ਵਰਤਦਾ ਹੈ। ਗੁਰਮੁਖਾਂ ਜਨਾਂ ਦਾ ਉਪਦੇਸ਼ ਹੀ ਅਸਲੀ ਅੰਮ੍ਰਿਤ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮੁਖ ਸੰਸਾਰ ਸਮੁੰਦਰ ਤੋਂ ਪਾਰ ਹੋ ਪਾਉਂਦਾ ਹੈ ਭਾਵ ਮੁਕਤੀ ਰੂਪ ਕਿਨਾਰੇ ਉੱਪਰ ਜਾ ਪਹੁੰਚਦਾ ਹੈ।

ਪਟੀ ਬਾਣੀ ਜੋ ਬੁਲਾਵੇਂ ਅੱਖਰਾਂ ਦੀ ਤਰ੍ਹਾਂ ਹੈ, ਵਿਖੇ ਸ੍ਰੀ ਗੁਰੂ ਅਮਰਦਾਸ ਜੀ ਅੰਕ ਨੰਬਰ 15 ਵਿਖੇ ਉਪਦੇਸ਼ ਕਰਦੇ ਹਨ ਗੱਗੇ ਅੱਖਰ ਪ੍ਰਥਾਇ ਕਿ ਹੇ ਬੇਸਮਝਾ ! ਪ੍ਰਭੂ ਜੀ ਦੇ ਚਰਨਾਂ ਨੂੰ ਮਨ ਵਿਚ ਵਸਾਉਣਾ ਕਰ, ਯਾਦ ਕਰ, ਇਕੱਲੀਆਂ ਗੱਲਾਂ ਕਰਨ ਨਾਲ ਕਿਸੇ ਨੂੰ ਪ੍ਰਾਪਤੀ ਨਹੀਂ ਹੋਈ। ਫ਼ੁਰਮਾਨ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਦਾ :

ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ ॥
ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥ (ਅੰਗ ੩੨੦)

ਅਤੇ :

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥

(ਅੰਗ ੮੫)

ਪ੍ਰਭੂ ਜੀ ਦੇ ਚਰਣ ਹਿਰਦੇ ਵਿਚ ਟਿਕਾਉਣ ਨਾਲ ਪਿਛਲੇ ਕੀਤੇ ਹੋਏ ਸਾਰੇ ਪਾਪ ਬਖ਼ਸ਼ੇ ਜਾਣਗੇ।

ਗੱਗੇ ਅੱਖਰ ਨਾਲ ਆਮ ਵਰਤੋਂ ਵਿਚ ਕੁਝ ਸ਼ਬਦ ਇੰਝ ਹਨ ਜੀ :

ਗੁਰੂ, ਗੁਰਦੁਆਰਾ, ਗ੍ਰੰਥ, ਗ੍ਰੰਥੀ, ਗੋਬਿੰਦ, ਗੀਤ, ਗਹਿਣਾ, ਗਰੀਬ, ਗੰਢ, ਗਤਕਾ, ਗੱਲਾਂ, ਗੱਭਰੂ, ਗਰਮੀ, ਗਲੀ, ਗੜ੍ਹੀ, ਗੜ੍ਹ, ਗਿਆਨ, ਗੁਆਂਢ, ਗਿਣਤੀ, ਗਜਾਉਣਾ, ਗਊ, ਗਸ਼ਤ, ਗਗਨ, ਗਜ, ਗਾਜਰਾਂ, ਗੰਜਾ, ਗੰਢ, ਗੰਢਾ, ਗੰਦ, ਗੱਦੀ, ਗਨਕਾ, ਗੰਨਾ, ਗੱਪ, ਗਮਲਾ, ਗਰਦਨ, ਗਲਤ, ਗਵਾਹੀ, ਗੜਬੜ, ਗੜਵਾ, ਗ੍ਰਿਸਤੀ, ਗਾਉਣਾ, ਗਿਆਨ, ਗਿਰੀ, ਗਿੱਲਾ, ਗੁੱਸਾ, ਗੂੰਗਾ, ਗੁੱਡਣਾ, ਗੁੱਡੀ, ਗੁਨਾਹ, ਗੁੱਟੀ, ਗੁੱਤ, ਗੁਫਾ, ਗੁੰਬਦ, ਗੁਰਸਿੱਖ, ਗੁਰਪੁਰਬ, ਗੁਰਮੰਤਰ, ਗੋਸ਼ਟੀ, ਗੰਭੀਰ, ਗੋਤਾ ਤੇ ਗੈਰਹਾਜ਼ਰ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਘ

ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥ ੮ ॥ (ਅੰਗ ੪੩੨)

ਪੈਂਤੀ ਵਿਚ ਗ ਅੱਖਰ ਤੋਂ ਬਾਅਦ ਵਿਚ ਤੇ ਙ ਅੱਖਰ ਤੋਂ ਪਹਿਲਾਂ **ਘ** ਅੱਖਰ ਆਉਂਦਾ ਹੈ।

ਸਭ ਤੋਂ ਪਹਿਲਾਂ ਦੇਖਦੇ ਹਾਂ ਕਿ **ਘਘਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਪਹਿਲਾਂ ਪੱਪਾ ਅੱਖਰ ਲਿਖ ਕੇ ਪ ਪਰ ਲਾਈਨ ਹੇਠਾਂ ਨੂੰ ਨਹੀਂ ਲਿਆਉਣੀ, ਸਗੋਂ ਨਾਲ ਹੀ ਪ ਇਕ ਹੋਰ ਪੱਪਾ ਜੋੜ ਦੇਣ ਨਾਲ **ਘ** ਅੱਖਰ ਬਣ ਜਾਂਦਾ ਹੈ,ਜਿਵੇਂ ਅੰਗਰੇਜ਼ੀ ਦਾ U ਲਿਖ ਕੇ ਉਸ ਨੂੰ ਇਕ ਹੋਰ U ਲਿਖ ਕੇ W ਡਬਲਯੂ ਬਣ ਜਾਂਦਾ ਹੈ ਬਸ ਇਸੇ ਤਰ੍ਹਾਂ ਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਵਰਤਾਏ ਵਰਣਮਾਲਾ ਦੇ ਚੌਥੇ ਵਰਣਾਂ ਘ, ਝ, ਢ, ਧ ਤੇ ਭ ਦਾ ਉਚਾਰਣ ਹੋਰ ਭਾਸ਼ਾਵਾਂ ਨਾਲੋਂ ਵਿਲੱਖਣ ਤੇ ਵਿਸ਼ੇਸ਼ ਹੈ। ਇਨ੍ਹਾਂ ਅੱਖਰਾਂ ਦੇ

ਉਚਾਰਣ ਸਮੇਂ ਪਿਛਲਾ ਅੱਖਰ ਨਾਲ ਬੋਲਦਾ ਹੈ ਮੁਕੰਮਲ ਕਰਨ ਲਈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਅਜਿਹੇ ਪਹਿਲੇ ਰਹਿਬਰ ਨੇ ਜਿਨ੍ਹਾਂ ਨੇ ਪਹਿਲੀ ਵਾਰ ਮੌਜੂਦ 35 ਅੱਖਰਾਂ ਦੀ ਪਛਾਣ ਕੀਤੀ। ਕਈ ਵਿਦਵਾਨ ਗੁਰਮੁਖੀ ਮੂਲ ਰੂਪ ਵਿਚ ਦੇਵਨਾਗਰੀ ਤੋਂ ਸ਼ੋਧਿਤ ਹੋਈ ਲਿੱਪੀ ਮੰਨਦੇ ਹਨ।

ਪਟੀ ਲਿਖੀ ਵਿਖੇ ਪਾਂਧੇ ਨੂੰ ਉਪਦੇਸ਼ ਬਖ਼ਸ਼ਦੇ ਹਨ ਕਿ ਜੇਕਰ ਦਾਸ ਬਣ ਕੇ ਕਰੜੀ ਮਿਹਨਤ ਕਰਕੇ ਘਾਲ ਕਮਾਈ ਕਰੇ ਤੇ ਸ਼ਬਦ ਦੇ ਉਪਦੇਸ਼ ਦੀ ਵੀਚਾਰ ਵਿਚ ਲੱਗਿਆ ਰਹੇ। ਫੁਰਮਾਨ ਹੈ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ (ਅੰਗ ੮)

ਜੇ ਕੋਈ ਭਲਾ ਕਹੇ ਤਾਂ ਮਾਣ ਨਾ ਕਰੇ, ਜੇ ਕੋਈ ਮਾੜਾ ਆਖੇ ਤਾਂ ਵੀ ਇੱਕੋ ਜਿਹੀ ਬਿਰਤੀ ਰੱਖੇ ਭਾਵ ਦੁੱਖ ਸੁੱਖ ਇੱਕੋ ਜਿਹਾ ਸਮਝੇ ਤੇ ਆਪਣੀ ਟੇਕ ਗੁਰੂ ਸਾਹਿਬ ਦੀ ਸਿੱਖਿਆ ਤੇ ਸ਼ਬਦ ਵਿਚ ਰੱਖੇ ਤਾਂ ਹੀ ਪ੍ਰਭੂ ਵਿਚ ਰਮ ਕੇ ਸਮਾ ਸਕਦਾ ਹੈ। ਦੁਨੀਆਂ ਦੀ ਵਡਿਆਈ ਤੇ ਬੇਇੱਜ਼ਤੀ ਵਿਚ ਕੋਈ ਫਰਕ ਨਾ ਸਮਝੇ। ਫੁਰਮਾਨ ਹੈ :

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ (ਅੰਗ ੫੨੭)

ਪਟੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਇੱਕੋ ਪੰਗਤੀ ਵਿਚ **ਘੱਘੇ** ਤੇ **ਦੱਦੇ** ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਜੋ ਕਿ ਅੰਗ ੪੩੫ ਉੱਪਰ ਅੰਕ 9 ਵਿਖੇ ਦਰਜ ਹੈ। ਹੇ ਮੂਰਖ ! ਤੂੰ ਘਰਾਂ-ਘਰਾਂ ਵਿਚ ਮੰਗਦਾ ਫਿਰਦਾ ਹੈਂ, ਨਾਲ ਹੀ ਦੱਦੇ ਅੱਖਰ ਦੁਆਰਾ ਵੀ ਫੁਰਮਾਨ ਹੈ ਕਿ ਜੇ ਕਿਸੇ ਨੇ ਸ਼ਰਧਾ ਨਾਲ ਥੋੜ੍ਹਾ ਦਾਨ ਦਿੱਤਾ, ਪਰ ਉਹ ਤੂੰ ਲਿਆ ਨਹੀਂ, ਸਵੀਕਾਰ ਨਹੀਂ ਕੀਤਾ ਕਿ ਥੋੜ੍ਹਾ ਹੈ, ਪਰ ਅਸਲੀ ਨਾਮ ਦਾਨ ਤਾਂ ਤੂੰ ਲੈਣਾ ਹੀ ਨਹੀਂ ਕੀਤਾ। ਐਸਾ ਹੀ ਇਕ ਫੁਰਮਾਨ ਹੈ :

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ (ਅੰਗ ੩੧੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਦਸਮ ਗ੍ਰੰਥ ਵਿਖੇ ਐਸੀ ਉਦਾਹਰਣ ਬਖ਼ਸ਼ਦੇ ਹਨ:

ਲੋਭ ਲਗੇ ਧਨ ਕੇ ਏ ਦਿਜਬਰ॥
ਮਾਂਗਤ ਫਿਰਤ ਸਭਨ ਕੇ ਘਰ ਘਰ॥

ਗਉੜੀ ਬਾਵਨ ਅਖਰ ਮਹਲਾ ੫ ਅੰਗ ੨੫੪ ਵਿਖੇ ਅੰਕ 20 ਰਾਹੀਂ ਘੱਘੇ ਅੱਖਰ ਦੁਆਰਾ ਉਪਦੇਸ਼ ਸਲੋਕ ਤੇ ਪਉੜੀ ਵਿਖੇ ਦਰਸਾਉਂਦੇ ਹਨ। ਛੇ ਸ਼ਾਸਤਰ, ਸਾਂਖ, ਯੋਗ, ਨਿਆਇ, ਵੈਸ਼ਸ਼ਿਖ, ਮੀਮਾਂਸਾ ਤੇ ਵੇਦੰਤਾ ਤੇ ਚਾਰੇ ਵੇਦ ਸ਼ਾਮ, ਰਿਗ, ਜੁਜਰ ਤੇ ਅਥਰਬਣ ਵੇਦ ਖੋਜੇ ਹਨ ਤੇ ਇਹ ਸਭ ਪ੍ਰਮਾਤਮਾ ਤੋਂ ਇਲਾਵਾ ਹੋਰ ਕਿਸੇ ਨੂੰ ਸਦਾ ਥਿਰ ਰਹਿਣ ਵਾਲਾ

ਨਹੀਂ ਕਥਨ ਕਰਦੇ ਤੇ ਆਖਦੇ ਹਨ ਕਿ ਇਕ ਪ੍ਰਮਾਤਮਾ ਹੀ ਹੈ ਜੋ ਜਗਤ ਦੇ ਸ਼ੁਰੂ ਤੋਂ ਹੈ ਹੁਣ ਵੀ ਹੈ ਤੇ ਅਗਾਂਹ ਨੂੰ ਵੀ ਰਹੇਗਾ। ਫੁਰਮਾਨ ਹੈ :

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਅੰਗ ੧)

ਹੁਣ ਪਉੜੀ ਵਿਖੇ ਉਪਦੇਸ਼ ਬਖ਼ਸ਼ਦੇ ਹਨ ਕਿ ਮਨ ਵਿਚ ਵਾਹਿਗੁਰੂ ਦੇ ਨਾਮ ਦੀ ਘਾਲਣਾ ਕਰਕੇ ਜਾਣੋ ਕਿ ਉਸ ਪ੍ਰਭੂ ਅਕਾਲ ਪੁਰਖ ਤੋਂ ਇਲਾਵਾ ਹੋਰ ਕੋਈ ਦੂਸਰਾ ਨਹੀਂ ਹੈ, ਨਾ ਕਦੀ ਹੁਣ ਤੱਕ ਕੋਈ ਹੋਇਆ ਹੈ ਤੇ ਨਾ ਹੀ ਕੋਈ ਹੋਵੇਗਾ, ਸਭ ਥਾਵਾਂ 'ਤੇ ਉਹ ਪ੍ਰਭੂ ਹੀ ਮੌਜੂਦ ਹੈ। ਜੇਕਰ ਪ੍ਰਭੂ ਜੀ ਦੀ ਸ਼ਰਨ ਵਿਚ ਆਵੇਗਾ ਤਾਂ ਹੀ ਵਿਸ਼ੇ ਵਿਕਾਰਾਂ ਵੱਲੋਂ ਸ਼ਾਂਤ ਹੋਵੇਂਗਾ। ਪ੍ਰਭੂ ਜੀ ਦਾ ਨਾਮ ਹੀ ਕਲਯੁਗ ਵਿਚ ਸਾਰ ਰੂਪ, ਪਾਪਾਂ ਦੀ ਨਵਿਰਤੀ ਵਾਸਤੇ ਪ੍ਰਾਸਚਿਤ ਹੈ। ਹੋਰ ਮਾਇਆ ਲਈ ਧਨ ਦੌਲਤ ਲਈ ਬੇਅੰਤ ਲੋਕ ਘਾਲਣਾ ਕਰਦੇ ਹਨ ਪਰ ਭਗਤੀ ਤੋਂ ਬਿਨਾਂ ਅਖੀਰ ਨੂੰ ਪਛਤਾਉਂਦੇ ਹੀ ਹਨ ਭਾਵ ਟਿਕਾਅ ਨਹੀਂ ਮਿਲਦਾ ਤੇ ਵਾਰ-ਵਾਰ ਜੂਨਾਂ ਵਿਚ ਆਉਣਾ ਪੈਂਦਾ ਹੈ। ਫੁਰਮਾਨ ਹੈ :

ਮਾਲੁ ਧਨੁ ਜੋਰਿਆ ਭਇਆ ਪਰਾਇਆ॥ (ਅੰਗ ੭੯੨)

ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਜੀ ਨੇ ਨਾਮ ਦੀ ਦਾਤ ਬਖ਼ਸ਼ੀ ਹੈ ਉਨ੍ਹਾਂ ਪੁਰਖਾਂ ਨੇ ਮਹਾਂਰਸ ਵਾਲਾ ਬਹੁਤ ਸੁਆਦਲਾ ਨਾਮ ਅੰਮ੍ਰਿਤ ਘੋਲ ਕੇ ਪੀਣਾ ਕੀਤਾ ਹੈ। ਐਸੇ ਅੰਮ੍ਰਿਤ ਭਰਪੂਰ ਸ਼ਰਬਤ ਦਾ ਸੁਆਦ ਉਹ ਹੀ ਜਾਣਦੇ ਹਨ। ਫੁਰਮਾਨ ਹੈ:

ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ ॥ ੨ ॥
(ਅੰਗ ੩੩੩)

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਖਣੀ ਓਅੰਕਾਰ ਬਾਣੀ ਵਿਖੇ ਅੰਗ ੯੩੨ ਵਿਖੇ ਅੰਕ 21 ਵਿਖੇ ਘੱਘੇ ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਪਾਂਡੇ ! ਸੱਚੇ ਗੁਰੂ ਦੀ ਮਤਿ ਵਾਲਾ ਰਾਹ ਪਕੜਨ ਤੋਂ ਬਿਨਾਂ ਜੀਵ-ਆਤਮਾ ਬਹੁਤ ਸਾਰੇ ਸਰੀਰਾਂ ਰੂਪਾਂ ਘਰਾਂ ਤੇ ਇੰਦਰੀਆਂ ਰੂਪ ਦਰਾਂ ਵਿਚ ਘੁੰਮ-ਘੁੰਮ ਕੇ ਖਪ ਕੇ ਥੱਕ ਜਾਂਦੀ ਹੈ ਜਿਨ੍ਹਾਂ ਦਾ ਅੰਤ ਨਹੀਂ ਪੈ ਸਕਦਾ। ਹੋਰ ਸ਼ਬਦਾਂ ਵਿਚ ਗੁਰੂ ਸਾਹਿਬ ਜੀ ਨੇ 84 ਲੱਖ ਜੂਨਾਂ ਦੀ ਗੱਲ ਵੀ ਕੀਤੀ ਹੈ। ਇਨ੍ਹਾਂ ਬੇਸ਼ੁਮਾਰ ਜੂਨੀਆਂ ਵਿਚ ਭਟਕਦੀ ਜਿੰਦ ਦੇ ਕਈ ਮਾਂ ਪਿਉ, ਪੁੱਤਰ, ਧੀਆਂ ਤੇ ਗੁਰੂ ਚੇਲੇ ਵੀ ਬਣਦੇ ਹਨ। ਭਗਤ ਕਬੀਰ ਜੀ :

ਅਸਥਾਵਰ ਜੰਗਮ ਕੀਟ ਪਤੰਗਾ ॥
ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥
ਐਸੇ ਘਰ ਹਮ ਬਹੁਤੁ ਬਸਾਏ ॥
ਜਬ ਹਮ ਰਾਮ ਗਰਭ ਹੋਇ ਆਏ ॥ ੧ ॥ ਰਹਾਉ ॥ (ਅੰਗ ੩੨੬)

ਸਾਰਾ ਸ਼ਬਦ ਜਾਚ ਲਉ ਜੀ।

ਇਨ੍ਹਾਂ ਜੂਨਾਂ ਵਿਚ ਘੁੰਮਣਾ ਪੈਂਦਾ ਹੈ ਜਦ ਤੱਕ ਕਿਸੇ ਕੱਚੇ ਗੁਰੂ ਦੀ ਸ਼ਰਨ ਵਿਚ ਹੈ ਤੇ ਮੁਕਤੀ ਨਹੀਂ ਪ੍ਰਾਪਤ ਹੁੰਦੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰ-ਇਤਿਹਾਸ ਵਿਚ ਇਹ ਸਾਖੀ ਮਿਲਦੀ ਹੈ :

ਸਾਖੀ—ਪਾਤਸ਼ਾਹੀ ਛੇਵੀਂ ਵੱਲੋਂ ਕੀੜਿਆਂ ਵਾਲੇ ਸੱਪ ਦਾ ਉਧਾਰ :

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਜਦੋਂ ਮਾਲਵੇ ਦੀ ਧਰਤੀ ਨੂੰ ਭਾਗ ਲਾ ਰਹੇ ਸਨ ਤਾਂ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਲਧਾਈਕੇ ਪਹੁੰਚੇ। ਉਥੇ ਇਕ ਚੌੜੇ ਫਨ ਵਾਲਾ ਭਾਰੀ ਸੱਪ, ਜਿਸ ਦੇ ਪੇਟ ਵਿਚ ਕੀੜੇ ਸਨ, ਸਿੱਧਾ ਹੀ ਗੁਰੂ ਜੀ ਵੱਲ ਆ ਰਿਹਾ ਸੀ। ਭਾਈ ਬਿਧੀ ਚੰਦ ਜੀ ਕਹਿਣ ਲੱਗੇ ਕਿ "ਮਹਾਰਾਜ ਜੀ ! ਬਹੁਤ ਹੀ ਖ਼ਤਰਨਾਕ ਸੱਪ ਸਿੱਧਾ ਹੀ ਆ ਰਿਹਾ ਹੈ।" ਸਤਿਗੁਰੂ ਜੀ ਨੇ ਕਿਹਾ ਕਿ "ਬਿਧੀ ਚੰਦ, ਸ਼ੰਕਾ ਨਾ ਕਰ। ਇਹ ਸੱਪ ਆਪਣੀ ਕਲਿਆਣ ਵਾਸਤੇ ਸਾਡੀ ਸ਼ਰਨ ਵਿਚ ਆ ਰਿਹਾ ਹੈ।" ਮਹਾਰਾਜ ਜੀ ਨੇ ਆਪਣੀ ਚਰਨ ਛੋਹ ਦੇ ਕੇ ਉਸ ਦਾ ਕਲਿਆਣ ਕੀਤਾ। ਚਰਨਾਂ ਦੀ ਛੋਹ ਪ੍ਰਾਪਤ ਕਰਦਿਆਂ ਹੀ ਉਸ ਸੱਪ ਦਾ ਸਾਰਾ ਸਰੀਰ ਫਟ ਗਿਆ। ਉਸ ਦੀ ਸਾਰੀ ਦੇਹ ਵਿਚ ਕੀੜੇ ਪਏ ਹੋਏ ਸਨ। ਸੱਪ ਦੇ ਸਰੀਰ ਵਿੱਚੋਂ ਇਕ ਪ੍ਰਕਾਸ਼ ਵਾਲੀ ਰੂਹ ਨਿਕਲੀ ਤਾਂ ਭਾਈ ਬਿਧੀ ਚੰਦ ਜੀ ਨੇ ਕਿਹਾ ਕਿ "ਮਹਾਰਾਜ ਜੀ ! ਇਹ ਕੀ ਚੀਜ਼ ਹੈ?" ਤਾਂ ਸਤਿਗੁਰੂ ਜੀ ਨੇ ਉਸ ਰੂਹ ਨੂੰ ਕਿਹਾ ਕਿ ਆਪਣੇ ਬਾਰੇ ਤੂੰ ਆਪ ਹੀ ਦੱਸ। ਉਸ ਰੂਹ ਨੇ ਕਿਹਾ ਕਿ "ਹੇ ਗੁਰੂ ਜੀ ! ਮੈਂ ਬੜਾ ਭਾਰੀ ਵਿਦਵਾਨ ਸੀ। ਮੇਰੇ ਅੰਦਰੋਂ ਮਾਇਆ ਦਾ ਮੋਹ ਨਾ ਛੁੱਟਿਆ ਅਤੇ ਨਾ ਹੀ ਮੈਂ ਨਾਮ ਦੀ ਕਮਾਈ ਕੀਤੀ। ਲੋਕਾਂ ਦੀ ਜ਼ਿੰਮੇਵਾਰੀ ਲੈਂਦਾ ਰਿਹਾ। ਗੁਰੂ ਬਣ ਕੇ ਲੋਕਾਂ ਕੋਲੋਂ ਪੂਜਾ ਕਰਵਾਈ। ਲੋਕਾਂ ਨੂੰ ਪ੍ਰੇਰਦਾ ਸੀ ਕਿ ਮੈਨੂੰ ਭੇਟਾ ਦਿਉ। ਮੈਂ ਬ੍ਰਹਮ ਹਾਂ। ਤੁਹਾਨੂੰ ਮੁਕਤੀ ਦੇਵਾਂਗਾ। ਮੇਰੀ ਸੁਰਤੀ ਮਾਇਆ ਵਾਲੀ ਹੋਣ ਕਾਰਨ ਮਰਨ ਉਪਰੰਤ ਮੈਨੂੰ ਸੱਪ ਦੀ ਜੂਨ ਪ੍ਰਾਪਤ ਹੋ ਗਈ। ਜੈਸਾ ਕਿ ਫੁਰਮਾਨ ਹੈ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥

(ਅੰਗ ੫੨੬)

ਉਦੋਂ ਤੋਂ ਮੈਂ ਸੱਪ ਦੀ ਜੂਨ ਵਿਚ ਪਿਆ ਹੋਇਆ ਹਾਂ। ਜਿਹੜੇ ਮੇਰੇ ਚੇਲੇ ਚੇਲੀਆਂ ਮੇਰੀ ਪੂਜਾ ਕਰਦੇ ਸਨ ਇਹ ਮੇਰੇ ਸੱਪ ਬਣੇ ਹੋਏ ਸਰੀਰ ਵਿਚ ਕੀੜੇ ਬਣ ਕੇ ਰਹਿਣ ਲੱਗ ਪਏ। ਮੈਂ ਇਨ੍ਹਾਂ ਦੇ ਪਦਾਰਥ ਖਾਧੇ ਹੋਏ ਸਨ। ਹੁਣ ਉਹ ਮੇਰਾ ਮਾਸ ਖਾਂਦੇ ਸਨ। ਹੇ ਦੀਨ ਦਿਆਲ ਗੁਰੂ ਜੀ ! ਹੁਣ ਆਪ ਜੀ ਦੇ ਅਪਾਰ ਕ੍ਰਿਪਾ ਕੀਤੀ ਹੈ। ਮੇਰੇ ਸਾਰੇ ਸਰੀਰ ਵਿਚ ਸੁਰਾਖ਼ ਹੋਏ ਪਏ ਸਨ। ਆਪ ਜੀ ਦੀ ਪਵਿੱਤਰ ਚਰਨ ਛੋਹ ਨੇ ਮੇਰੀ ਕਲਿਆਣ ਕਰ ਦਿੱਤੀ। ਆਪ ਜੀ

ਪਰਉਪਕਾਰੀ ਹੋ। ਆਪ ਜੀ ਦੀ ਕ੍ਰਿਪਾ ਨਾਲ ਹੁਣ ਮੈਂ ਬੈਕੁੰਠ ਨੂੰ ਚੱਲਿਆ ਹਾਂ।" ਇਹ ਕਹਿ ਕੇ ਉਹ ਰੂਹ ਅਲੋਪ ਹੋ ਗਈ। ਸਤਿਗੁਰੂ ਜੀ ਨੇ ਇਸ ਦੀ ਦੇਹ ਵਿਚ ਪਏ ਹੋਏ ਕੀੜਿਆਂ ਦਾ ਕਲਿਆਣ ਵੀ ਕਰ ਦਿੱਤਾ।

ਭਗਤ ਸ੍ਰੀ ਕਬੀਰ ਜੀ ਬਾਵਨ ਅਖਰੀ ਅੰਗ ੩੪੦ ਵਿਖੇ ਅੰਕ 10ਵੇਂ ਵਿਚ **ਘੱਘੇ** ਅੱਖਰ ਪ੍ਰਥਾਇ ਉਪਦੇਸ਼ ਬਖ਼ਸ਼ਦੇ ਹਨ : ਇਹ ਕਿਸੇ ਜਗਿਆਸੂ ਵੱਲੋਂ ਪ੍ਰਸ਼ਨ ਕਰਨ ਤੇ ਕਿ ਹੇ ਭਗਤ ਜੀ ! ਜਿਹੜਾ ਪ੍ਰਭੂ ਸਰੀਰਾਂ ਵਿਚ ਰਹਿੰਦਾ ਹੈ ਜਦੋਂ ਸਰੀਰ ਖਤਮ (ਨਾਸ) ਹੋ ਜਾਂਦਾ ਹੈ ਤਾਂ ਕੀ ਉਹ ਵੀ ਨਾਲ ਹੀ ਨਾਸ ਹੋ ਜਾਂਦਾ ਹੈ? ਭਗਤ ਸ੍ਰੀ ਕਬੀਰ ਜੀ ਦਰਸਾਉਂਦੇ ਹਨ ਕਿ ਜਿਵੇਂ ਘੜੇ ਦੇ ਟੁੱਟਣ ਕਰਕੇ ਆਕਾਸ਼ ਨਹੀਂ ਘਟਦਾ, ਇਸੇ ਤਰ੍ਹਾਂ ਹੀ ਪ੍ਰਭੂ ਦੀ ਹੋਂਦ ਵਿਚ ਕੋਈ ਘਾਟਾ ਨਹੀਂ ਪੈਂਦਾ ਭਾਵ ਕਿ ਪ੍ਰਭੂ ਇਕ-ਰਸ ਰਹਿੰਦਾ ਹੈ। ਜਦੋਂ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਗਿਆਨ ਰੂਪੀ ਘਾਟ-ਰਸਤਾ ਪਾ ਲਿਆ ਤਾਂ ਫਿਰ ਉਸ ਨੂੰ ਛੱਡ ਕੇ ਫਿਰ ਜੀਵ ਹੋਰ ਔਖਿਆਂ ਰਸਤਿਆਂ ਘਾਟੀਆਂ ਤੇ ਖੱਡਾਂ ਵੱਲ ਨੂੰ ਨਹੀਂ ਦੌੜੇਗਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਫੁਰਮਾਉਂਦੇ ਹਨ ਕਿ ਸਿਮਰਨ ਦੁਆਰਾ ਹੀ ਇਹ ਪ੍ਰਾਪਤੀ ਹੁੰਦੀ ਹੈ। ਫੁਰਮਾਨ ਹੈ ਸਲੋਕਾਂ ਵਿਚ :

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਅੰਗ ੧੪੨੭)

ਇਸ ਨਾਲ ਹੀ ਘੱਘੇ ਅੱਖਰ ਦੇ ਉਪਦੇਸ਼ ਨੂੰ ਸੰਕੋਚਿਆ ਜਾਂਦਾ ਹੈ।

ਘੱਘੇ ਅੱਖਰ ਦੁਆਰਾ ਵਰਤੇ ਜਾਂਦੇ ਕੁਝ ਸ਼ਬਦ ਇਉਂ ਹਨ :

ਘਰ, ਘੋੜਾ, ਘੰਟੀ, ਘੜਾ, ਘੜੀ, ਘੜਿਆਲ, ਘਾਹ, ਘਾਲਣਾ, ਘਿਓ, ਘੁੰਗਣੀਆਂ, ਘੁੱਗੀ, ਘੁਲਣਾ, ਘੱਲੂਘਾਰਾ, ਘੁਰਾੜੇ, ਘੂਰੀ, ਘੇਰਾ, ਘਸੁੰਨ, ਘੱਗਰਾ, ਘੋਗਾ, ਘਟੀਆ, ਘਬਰਾਹਟ, ਘਮੰਡ, ਘੁਟਣਾ, ਘੁੰਡਣੀਆਂ, ਘੁੰਡ, ਘੁੱਥਾ, ਘੁੰਮਣਾ, ਘੁਮਾ, ਘੂਰਨਾ ਤੇ ਘੱਲੂਘਾਰਾ ਆਦਿ ਕੁਝ ਸ਼ਬਦ ਲਿਖੇ ਹਨ।

ਚ

ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥
ਜੁਗ ਜੁਗ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ ॥ ੯ ॥

(ਅੰਗ ੪੩੨)

ਪੈਂਤੀ ਵਿਚ ਙ ਅੱਖਰ ਤੋਂ ਬਾਅਦ ਤੇ ਛ ਅੱਖਰ ਤੋਂ ਪਹਿਲਾਂ ਚ ਅੱਖਰ ਆਉਂਦਾ ਹੈ।

ਸਭ ਤੋਂ ਪਹਿਲਾਂ ਦੇਖਦੇ ਹਾਂ ਕਿ **ਚਚਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਪਹਿਲਾਂ ਦ ਅੱਖਰ ਲਿਖ ਕੇ ਜੇ ਉਸ ਨੂੰ ਉੱਪਰ ਤੋਂ ਹੇਠਾਂ ਨੂੰ ਆਈ ਛੋਟੀ ਜਿਹੀ ਲਕੀਰ ਨਾਲ ਜੋੜ ਦਿੱਤਾ ਜਾਵੇ ਤਾਂ ਚੱਚੇ ਅੱਖਰ ਦਾ ਰੂਪ ਧਾਰਨ ਕਰ ਲੈਂਦਾ ਹੈ।

ਪਟੀ ਲਿਖੀ ਬਾਣੀ ਵਿਖੇ ਪਾਂਧੇ ਨੂੰ **ਚਚੇ** ਅੱਖਰ ਰਾਹੀਂ ਉਪਦੇਸ਼ ਬਖ਼ਸ਼ਦੇ ਹਨ ਕਿ ਜਿਸ ਵਾਹਿਗੁਰੂ ਨੇ ਬ੍ਰਹਮਾ ਨੂੰ ਚਾਰ ਵੇਦ (ਰਿਗ, ਯਜੁਰ, ਸਾਮ ਤੇ ਅਥਰਬਣ) ਸਫੁਰਨ ਕਰਾ ਕੇ ਸਾਜੇ ਬਣਾਏ ਹਨ, ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਤੇ ਚਾਰੇ ਜੁੱਗ (ਸਤਿਜੁਗ, ਤ੍ਰੇਤਾ, ਦੁਆਪਰ ਤੋਂ ਕਲਿਜੁਗ) ਸਥਾਪਨ ਕੀਤੇ ਹਨ ਤੇ ਜੀਵ ਭੀ ਆਪ ਹੀ ਪੈਦਾ ਕੀਤੇ ਹਨ ਤੇ ਉਹ ਆਪ ਹੀ ਸਭ ਨਾਲ ਜੁੜਿਆ ਹੋਇਆ ਹੈ। ਫੁਰਮਾਨ ਭੀ ਹਨ :

ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ॥ (ਅੰਗ ੮੧੬)
ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ॥ (ਅੰਗ ੭੧)
ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ॥ (ਅੰਗ ੫੫੨)

ਹਰੇਕ ਜੁੱਗ ਵਿਚ ਉਹ ਮੌਜੂਦ ਹੈ ਤੇ ਚੌਹਾਂ ਹੀ ਖਾਣੀਆਂ ਦੇ ਜੀਵਾਂ ਵਿਚ ਵਿਆਪਕ ਹੋ ਕੇ ਸਾਰੇ ਪਦਾਰਥ ਆਪ ਹੀ ਭੋਗ ਰਿਹਾ ਹੈ ਤੇ ਸਾਰੀ ਵਿੱਦਿਆ ਦਾ ਮੂਲ ਰੂਪ ਭਾਵ ਵਿੱਦਿਆ ਦਾ ਗੁਣ ਤੇ ਗਿਆਨ ਰੂਪ ਵਿਦਵਾਨ ਭੀ ਆਪ ਹੀ ਹੈ। ਫਿਰ ਜੇ ਕੋਈ ਪੜ੍ਹ ਜਾਵੇ ਤਾਂ ਮਾਣ ਕਿਸ ਗੱਲ ਦਾ? ਇਹ ਵਿੱਦਿਆ ਭੀ ਉਸੇ ਪ੍ਰਭੂ ਦੀ ਦਾਤ ਹੈ ਤਾਂ ਤੇ ਨਿਮ੍ਰਤਾ ਹੀ ਧਾਰਨ ਕਰਨੀ ਬਣਦੀ ਹੈ।

ਪਟੀ ਸ੍ਰੀ ਗੁਰੂ ਅਮਰਦਾਸ ਜੀ ਦੀ ਵਿਖੇ (ਜੋ ਭੁਲਾਵੇਂ ਅੱਖਰ ਹਨ) ਚਚੇ ਅੱਖਰ ਪ੍ਰਤੀ ਉਪਦੇਸ਼ ਨਹੀਂ ਦਰਜ ਕੀਤਾ ਗਿਆ ਉਹ ਸਤਿਗੁਰੂ ਜੀ ਦੀ ਆਪਣੀ ਮੌਜ ਹੈ।

ਗਉੜੀ ਬਾਵਨ ਅਖਰੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਚਚੇ ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਜੋ ਕਿ ਅੰਗ ੨੫੪ ਉੱਪਰ ਬਿਰਾਜਮਾਨ ਹੈ। ਸਲੋਕ ਵਿਚ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਪ੍ਰਭੂ ਜੀ ਦੇ ਚਰਣ ਆਪਣੇ ਹਿਰਦੇ ਵਿਖੇ ਟਿਕਾਏ ਹਨ ਭਾਵ ਗੁਰੂ ਦੇ ਸ਼ਬਦ ਤੋਂ ਹੈ, ਫੁਰਮਾਨ ਹੈ :

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥ (ਅੰਗ ੬੮੦)

ਤਾਂ ਉਨ੍ਹਾਂ ਦਾ ਮੂਧਾ ਹੋਇਆ ਭਾਵ ਅਵਿੱਦਿਆ ਦੇ ਹਨੇਰੇ ਕਰਕੇ ਉਲਟਿਆ ਹੋਇਆ ਮਨ ਭਾਵ ਕਵਲ ਸਿੱਧਾ ਹੋ ਕੇ ਸਨਮੁਖ ਹੋ ਕੇ ਖਿੜ ਪੈਂਦਾ ਹੈ। ਪ੍ਰਭੂ ਜੀ ਦੀ ਸਿੱਖਿਆ ਨਾਲ ਉਹ ਪ੍ਰਭੂ ਆਪ ਹੀ ਪ੍ਰਤੱਖ ਹੋ ਜਾਂਦਾ ਹੈ। ਇਹੋ ਹੀ ਸਾਰੇ ਸੰਤਾਂ ਦਾ ਸਿਧਾਂਤ ਹੈ। ਫੁਰਮਾਨ ਵੀ ਹੈ :

ਉਲਟਿਓ ਕਮਲੁ ਬ੍ਰਹਮੁ ਬੀਚਾਰਿ॥ (ਅੰਗ ੧੫੩)

ਭਾਵ ਬ੍ਰਹਮ ਦੀ ਵੀਚਾਰ, ਯਾਦ ਸਿਮਰਨ ਨਾਲ ਹਿਰਦਾ ਕਵਲ ਪੁੱਠੇ ਤੋਂ ਉਲਟ ਕੇ

ਸਿੱਧਾ ਹੋ ਗਿਆ।

ਅੱਗੇ ਪਉੜੀ ਵਿਖੇ ਫੁਰਮਾਉਂਦੇ ਹਨ ਕਿ ਉਹ ਦਿਨ ਸ੍ਰੇਸ਼ਟ ਭਾਗਾਂ ਵਾਲਾ ਬਣ ਆਉਂਦਾ ਹੈ ਜਿਸ ਸਮੇਂ ਜੀਵ ਦਾ ਮੱਥਾ ਗੁਰੂ ਸਾਹਿਬ ਦੇ ਚਰਨ ਕਮਲਾਂ ਵਿਚ ਲੱਗੇ। ਫੁਰਮਾਨ ਹੈ :

ਧਨ ਸੁ ਵੇਲਾ ਜਿਤੁ ਦਰਸਨੁ ਕਰਣਾ॥
ਹਉ ਬਲਿਹਾਰੀ ਸਤਿਗੁਰ ਚਰਣਾ॥ (ਅੰਗ ੫੬੨)
ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥ (ਅੰਗ ੯੫੮)

ਚਾਰੇ ਪਾਸੇ ਦਸੇ ਹੀ ਦਿਸ਼ਾਵਾਂ ਵਿਚ ਭਟਕਦਾ ਰਿਹਾ, ਉਸ ਦੀ ਮਿਹਰ ਬਖ਼ਸ਼ਿਸ਼ ਨਾਲ ਹੀ ਦੀਦਾਰ ਪ੍ਰਾਪਤ ਹੋਇਆ। ਸਤਿਗੁਰੂ ਜੀ ਦੀ ਕ੍ਰਿਪਾ ਨਾਲ, ਉਨ੍ਹਾਂ ਦੀ ਸੰਗਤ ਕਰਨ ਨਾਲ ਵਿਚਾਰ ਸ਼ੁੱਭ ਹੋ ਗਏ, ਮਨ ਨਿਰਮਲ ਹੋ ਆਇਆ, ਦਵੈਸ਼ ਖਤਮ ਹੋ ਗਈ। ਜਿਨ੍ਹਾਂ ਦੇ, ਗੁਰੂ ਸਾਹਿਬ ਜੀ ਨੇ ਮਨ ਬੁਧੀ ਰੂਪ ਅੱਖਾਂ ਵਿਚ ਗਿਆਨ ਰੂਪੀ ਸੁਰਮਾ ਪਾ ਦਿੱਤਾ ਉਨ੍ਹਾਂ ਦੀ ਸਭ ਚਿੰਤਾਵਾਂ ਉਸ ਏਕ ਪ੍ਰਭੂ ਜੀ ਦੇ ਦਰਸ਼ਨਾਂ ਸਦਕਾ ਖਤਮ ਹੋ ਗਈਆਂ। ਫੁਰਮਾਨ ਵੀ ਹੈ :

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ (ਅੰਗ ੨੯੩)

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪ੍ਰਭੂ ਜੀ ਦੀ ਆਪਣੀ ਕਿਰਪਾ ਤੇ ਤਰਸ ਨਾਲ ਹੀ ਪ੍ਰਾਪਤੀ ਹੁੰਦੀ ਹੈ ਨਾ ਕਿ ਘਾਲਣਾ ਤੇ ਸੇਵਾ ਨਾਲ, ਪਰ ਇਹ ਕਰਨੀਆਂ ਜ਼ਰੂਰ ਚਾਹੀਦੀਆਂ ਹਨ, ਤਾਂ ਕਿ ਪ੍ਰਭੂ ਜੀ ਦੀ ਮਿਹਰ ਹੋਵੇ। ਫੁਰਮਾਨ ਹੈ :

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥
ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ ॥ ੩ ॥
(ਅੰਗ ੬੭੨)

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਖਣੀ ਓਅੰਕਾਰ ਅੰਗ ੯੩੨ ਵਿਖੇ ਅੰਕ 23 ਵਿਚ **ਚਚੇ** ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਪਾਂਡੇ ! ਇਹ ਚਿਤ ਵਿਸ਼ਿਆਂ ਦੀ ਸੰਗਤ ਕਰਕੇ ਹਰ ਸਮੇਂ ਚੰਚਲਤਾਈ ਵਿਚ ਹੀ ਰਹਿੰਦਾ ਹੈ ਤੇ ਟਿਕ ਕੇ ਨਹੀਂ ਬੈਠਦਾ। ਇਹ ਮਨ ਹਰਣ ਦੀ ਤਰ੍ਹਾਂ ਲੁਕ ਕੇ ਚੋਰ ਬਿਰਤੀ ਨਾਲ ਨਵੇਂ-ਨਵੇਂ ਭੋਗ ਭੋਗਦਾ ਹੈ ਤੇ ਸ਼ੁੱਭ ਗੁਣਾਂ ਦੀ ਹਰੀ ਖੇਤੀ ਨੂੰ ਖਾ ਜਾਂਦਾ ਹੈ, ਭਾਵ ਮਨ ਕਰਕੇ ਵਿਸ਼ਿਆਂ ਦੇ ਕਲਪਿਤ ਭੋਗ ਭੋਗਣ ਨੂੰ ਲੋਚਦਾ ਹੈ ਤੇ ਮੌਕਾ ਬਣਨ ਤੇ ਹਾਸਲ ਕਰਦਾ ਹੈ। ਪਰ ਜੋ ਮਨੁੱਖ ਪ੍ਰਭੂ ਦੇ ਕੰਵਲ ਫੁੱਲ ਵਰਗੇ ਸੁੰਦਰ ਚਰਣ ਆਪਣੇ ਹਿਰਦੇ ਵਿਚ ਵਸਾਉਂਦਾ ਹੈ ਤਾਂ ਉਹ ਸਦਾ ਲਈ ਅਚੱਲ ਚਿਤ ਹੋ ਜਾਂਦਾ ਹੈ ਤੇ ਸ਼ੁੱਭ ਗੁਣਾਂ ਦੀ ਹਰੀ ਖੇਤੀ ਦੀ ਰੱਖਿਆ ਵੀ ਹੋ ਜਾਂਦੀ ਹੈ। ਐਸਾ ਇਕ ਸੋਰਠਿ ਰਾਗੁ

ਵਿਚ ਭਗਤ ਸ੍ਰੀ ਕਬੀਰ ਜੀ ਦਾ ਫੁਰਮਾਨ ਹੈ :

ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥

ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ ੧ ॥ **(ਅੰਗ ੬੫੬)**

ਐਸਾ ਇਕ ਹੋਰ ਰਲਦੇ ਮਿਲਦੇ ਸ਼ਬਦ ਵਿਚ ਐਸੀ ਹੀ ਉਦਾਹਰਣ ਮਿਲਦੀ ਹੈ :

ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥ ੧ ॥

ਮਾਤਾ ਭੈਸਾ ਅੰਮੁਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥ ੨ ॥

(ਅੰਗ ੩੨੬)

ਚੰਚਲਤਾਈ ਦੇ ਕਾਰਣ ਸਭ ਚਿੰਤਾ ਵਿਚ ਪ੍ਰੇਸ਼ਾਨ ਦਿਸਦੇ ਹਨ। ਜੋ ਸੰਸਾਰੀ ਪਦਾਰਥਾਂ ਦੀ ਚਿਤਵਨੀ ਨੂੰ ਤਿਆਗ ਕੇ ਇਕ ਪਰਮੇਸ਼ਰ ਦਾ ਸਿਮਰਨ ਕਰਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਆਤਮਾਨੰਦ ਰੂਪੀ ਸੁਖ ਪ੍ਰਾਪਤ ਹੁੰਦਾ ਹੈ। ਜਿਸ ਜੀਵ ਦੇ ਚਿਤ ਵਿਚ ਗੁਰ ਉਪਦੇਸ਼ ਵਸ ਜਾਵੇ ਤਾਂ ਉਹ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ। ਉਹ ਬੰਧਨਾਂ ਤੋਂ ਰਹਿਤ ਹੋ ਕੇ ਇੱਜ਼ਤ ਸਹਿਤ ਸੱਚਖੰਡ ਰੂਪੀ ਘਰ ਵਿਚ ਜਾਂਦਾ ਹੈ।

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖਰੀ ਵਿਚ ਅੰਗ ੩੪੦ ਵਿਖੇ ਅੰਕ 12 ਰਾਹੀਂ **ਚੱਚੇ** ਅੱਖਰ ਦੁਆਰਾ ਉਪਦੇਸ਼ ਕਰਦੇ ਹਨ ਹੇ ਭਾਈ ! ਇਹ ਜੋ ਪ੍ਰਭੂ ਜੀ ਨੇ ਸੰਸਾਰ ਰਚਿਆ ਹੈ ਇਕ ਬਹੁਤ ਚਿਤ੍ਰਕਾਰੀ ਹੈ। ਇਕ ਬਹੁਤ ਵੱਡੀ ਤਸਵੀਰ ਪੇਂਟਿੰਗ ਹੈ ਜੋ ਕਿ ਐਸੀ ਮਨ ਨੂੰ ਮੋਹ ਲੈਣ ਵਾਲੀ ਹੈ ਕਿ ਵਿਅਕਤੀ ਇਸੇ ਸੰਸਾਰ ਦੇ ਵਿਚ ਹੀ, ਚਿਤ੍ਰ ਦੇ ਵਿਚ ਹੀ ਭਰਮ ਜਾਂਦੇ ਹਨ ਪਰ ਇਹ ਚਿਤ੍ਰ ਸਦੀਵੀ ਨਹੀਂ ਹੈ। ਜਿਸ ਪ੍ਰਭੂ ਜੀ ਨੇ ਇਹ ਚਿਤ੍ਰਕਾਰੀ ਕੀਤੀ ਹੈ ਉਹ ਸਦੀਵੀ ਹੈ। ਇਸ ਲਈ ਉਸ ਪ੍ਰਭੂ ਚਿਤ੍ਰਕਾਰ ਨੂੰ ਯਾਦ ਕਰੋ। ਐਸਾ ਫੁਰਮਾਨ ਭਗਤ ਸ੍ਰੀ ਨਾਮਦੇਵ ਜੀ ਦਾ ਵੀ ਹੈ :

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥ ੧ ॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ **(ਅੰਗ ੪੮੫)**

ਭਗਤ ਸ੍ਰੀ ਕਬੀਰ ਜੀ ਗਉੜੀ ਰਾਗ ਦੇ ਇਕ ਸ਼ਬਦ ਵਿਚ ਇਕ ਵਿਦਵਾਨ ਪੰਡਿਤ ਨੂੰ ਸਵਾਲ ਕਰਦੇ ਨੇ :

ਓਇ ਜੁ ਦੀਸਹਿ ਅੰਬਰਿ ਤਾਰੇ ॥ ਕਿਨਿ ਓਇ ਚੀਤੇ ਚੀਤਨਹਾਰੇ ॥ ੧ ॥

ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥ ਬੂਝੈ ਬੂਝਨਹਾਰੁ ਸਭਾਗਾ ॥ ੧ ॥ ਰਹਾਉ ॥

(ਅੰਗ ੩੨੯)

ਇਹ ਜਿਹੜੀ ਸੰਸਾਰ ਦੀ ਤਸਵੀਰ, ਚਿਤ੍ਰ ਹੈ ਇਹ ਗੁੰਝਲਦਾਰ ਤੇ ਝਗੜਾ ਰੂਪ ਹੈ ਤੇ ਅਨੋਖੀ ਉਲਝਣ ਹੀ ਹੈ। ਸੋ ਇਸ ਸੰਸਾਰ ਦੇ ਚਿਤ੍ਰ ਤਸਵੀਰ ਰੂਪ ਨੂੰ ਛੱਡ ਕੇ ਚਿਤਰਨ

ਵਾਲੇ ਨੂੰ, ਬਣਾਉਣ ਵਾਲੇ ਨੂੰ ਆਪਣੇ ਚਿਤ ਵਿਚ ਰੱਖਣਾ ਕਰੋ। ਐਸੇ ਭਗਤ ਕਬੀਰ ਜੀ ਦੇ ਮਹਾਨ ਉਪਦੇਸ਼ ਨਾਲ **ਚੱਚੇ** ਅੱਖਰ ਬਾਰੇ ਵੀਚਾਰ ਨੂੰ ਸੰਕੋਚਿਆ ਜਾਂਦਾ ਹੈ।

ਚੱਚੇ ਅੱਖਰ ਦੁਆਰਾ ਵਰਤੇ ਜਾਂਦੇ ਕੁਝ ਸ਼ਬਦ ਇਹ ਹਨ ਜੀ :

ਚੱਕਰ, ਚੰਦ, ਚੰਗਾ, ਚੰਚਲ, ਚਰਖੜੀ, ਚੌਰ ਸਾਹਿਬ, ਚਾਰ ਸਾਹਿਬਜ਼ਾਦੇ, ਚਰਨ ਧੂੜ, ਚਾਚਾ, ਚਾਹ, ਚਲਾਕ, ਚਮੜੀ, ਚਪਲ, ਚੱਕੀ, ਚਕੋਰ, ਚੰਗਿਆੜਾ, ਚਟਣੀ, ਚਮਕ, ਚੱਪਾ, ਚੜ੍ਹਾਈ, ਚੜ੍ਹਦੀ ਕਲਾ, ਚਾਕੂ, ਚਾਦਰ, ਚਾਲੀ ਮੁਕਤੇ, ਚਿੱਠੀ, ਚੋਗਾ, ਚਿੜੀ, ਚਿਮਟਾ, ਚੁੰਨੀ, ਚੁੱਪ, ਚਿਤ੍ਰ, ਚੁੱਲ੍ਹਾ, ਚੋਲਾ, ਚੁਰਾਸੀ, ਚਸ਼ਮਾ, ਚੂਹਾ, ਚੱਕਣਾ, ਚਤਰ, ਚੰਦ, ਚੰਦਨ, ਚਪੜਾਸੀ, ਚਪੇੜ, ਚਮਾਉਣਾ, ਚਰਨ, ਚਲਦਾ, ਚਲਾਣਾ, ਚਾਕਰ, ਚਾਟੀ, ਚਾਨਣਾ, ਚਾਬੀ, ਚਿਹਰਾ, ਚਿਤਰ, ਚੁਟਕੀ, ਚੁੱਪ, ਚੁੰਬਕ, ਚੁਰਾਸੀ, ਚੋਗਾ, ਚੋਸਰ, ਚੌਂਕ ਤੇ ਚੌੜਾਈ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਛ

ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥ ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ ॥ ੧੦ ॥ **(ਅੰਗ ੪੩੩)**

ਛ ਅੱਖਰ ਪੈਂਤੀ ਵਿਚ ਚ ਅੱਖਰ ਤੋਂ ਬਾਅਦ ਵਿਚ ਤੇ ਜ ਅੱਖਰ ਤੋਂ ਪਹਿਲਾਂ ਆਉਂਦਾ ਹੈ। ਸਭ ਤੋਂ ਪਹਿਲਾਂ ਦੇਖਦੇ ਹਾਂ ਕਿ **ਛ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਉੱਪਰ ਲਕੀਰ ਵਾਹ ਕੇ ਉਸ ਦੇ ਸੱਜੇ ਪਾਸੇ ਤੋਂ ਹੇਠਾਂ ਨੂੰ ਬਹੁਤ ਹੀ ਥੋੜ੍ਹੀ ਜਿਹੀ ਲਕੀਰ ਵਾਹ ਕੇ ਫਿਰ ਉਸ ਨੂੰ ਲਕੀਰ ਨੂੰ ਖੱਬੇ ਪਾਸੇ ਤੱਕ ਲੈ ਆਉਣਾ ਹੈ, ਫਿਰ ਥੋੜ੍ਹਾ ਜਿਹਾ ਹੇਠਾਂ ਨੂੰ ਕਰਕੇ ਫਿਰ ਉਸ ਨੂੰ ਸੱਜੇ ਪਾਸੇ ਵੱਲ ਨੂੰ ਲੈ ਜਾਣਾ ਹੈ ਤੇ ਫਿਰ ਉਸ ਨੂੰ ਥੋੜ੍ਹਾ ਹੇਠਾਂ ਨੂੰ ਕਰਕੇ ਪਹਿਲੇ ਨਾਲ ਜੋੜ ਦੇਣਾ ਹੈ ਜਿਥੋਂ ਕਿ ਸੱਜੇ ਪਾਸੇ ਵੱਲ ਨੂੰ ਗਏ ਸੀ। ਫਿਰ ਥੱਲੇ ਜੋ ਬੰਦ ਹੋਈ ਜਗ੍ਹਾ ਹੈ ਉਸ ਦੇ ਦਰਮਿਆਨ ਵਿਚ ਲਕੀਰ ਪਾ ਮਿਲਾ ਦੇਣਾ ਹੈ। ਇਹ **ਛ** ਬਣ ਜਾਂਦਾ ਹੈ ਜੋ ਕਿ ਸਭ ਅੱਖਰਾਂ ਨਾਲੋਂ ਵੱਖਰਾ ਪ੍ਰਤੀਤ ਹੁੰਦਾ, ਕੁਝ ਜਲੇਬੀ ਦੇ ਵਾਂਗੂੰ ਵਲ੍ਹ ਪੈ ਗਏ ਪ੍ਰਤੀਤ ਹੁੰਦੇ ਨੇ। **ਛ** ਦਾ ਹੇਠਲਾ ਹਿੱਸਾ ਇਕ ਅੱਖ ਜਾਂ ਦੋ ਬਿੰਦੂ ਦੋ ਅੱਖਾਂ ਵਾਂਗੂੰ ਵੀ ਦੇਖਣ ਨੂੰ ਲੱਗਦਾ ਹੈ,ਜਿਵੇਂ ਲਿਖਣ ਵਾਲੇ ਨੂੰ ਚਿਤਾਵਨੀ ਦੇ ਰਿਹਾ ਹੋਵੇ ਕਿ ਮੈਨੂੰ ਸਹੀ ਤਰ੍ਹਾਂ ਲਿਖੀਂ, ਮੈਂ ਤੈਨੂੰ ਦੇਖ ਰਿਹਾ ਹਾਂ। ਕਈ ਇਸ ਨੂੰ ਛਿੱਛਾ ਵੀ ਆਖਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਛੱਛੇ ਅੱਖਰ ਦੁਆਰਾ ਪਾਂਧੇ ਨੂੰ ਉਪਦੇਸ਼ ਕਰਦੇ ਹਨ ਕਿ ਸਾਰੇ ਸੰਸਾਰ ਅੰਦਰ ਅਵਿੱਦਿਆ ਵਰਤ ਰਹੀ ਹੈ ਭਾਵ ਪ੍ਰਬਲ ਹੋ ਰਹੀ ਹੈ ਪਰ ਇਹ

ਭਟਕਣਾ ਵੀ ਪ੍ਰਭੂ ਜੀ ਤੇਰੀ ਹੀ ਬਣਾਈ ਹੋਈ ਹੈ। ਮਾਇਆ ਦੇ ਭਰਮ ਭੁਲੇਖਿਆਂ ਕਰਕੇ ਸਾਰੀ ਸ੍ਰਿਸ਼ਟੀ ਨੂੰ ਵਿਸ਼ਿਆਂ ਵਿਚ ਅਗਿਆਨ ਦੇ ਵਿਚ ਭੁਲਾ ਦਿੱਤਾ ਹੈ। ਜਿਨ੍ਹਾਂ ਦੇ ਉੱਪਰ ਤੇਰੀ ਬਖ਼ਸ਼ਿਸ਼ ਹੋਈ ਉਨ੍ਹਾਂ ਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋਇਆ ਹੈ। ਭਰਮ ਕਿਸ ਨੂੰ ਆਖਦੇ ਹਨ ਭਗਤ ਸ੍ਰੀ ਰਵਿਦਾਸ ਜੀ ਫ਼ੁਰਮਾਉਂਦੇ ਹਨ, ਸੋਰਠਿ ਰਾਗੁ ਦੇ ਅੰਦਰ :

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥

(ਅੰਗ ੬੫੭)

ਅੱਗੇ ਸ਼ਬਦ ਵਿਚ ਹੋਰ ਉਦਾਹਰਣਾਂ ਦੇ ਕੇ ਸਪੱਸ਼ਟ ਕਰਦੇ ਹਨ। ਜੈਸੇ ਕਿ ਕੋਈ ਬਾਦਸ਼ਾਹ ਸੁਪਨੇ ਦੇ ਵਿਚ ਭਿਖਾਰੀ ਬਣ ਜਾਵੇ, ਜੈਸੇ ਹਨੇਰੇ ਵਿਚ ਰੱਸੀ ਸੱਪ ਭਾਸਦੀ ਹੈ। ਸਾਰਾ ਸ਼ਬਦ ਜਾਂਚ ਲਉ ਜੀ।

ਇਕ ਦੋ ਹੋਰ ਉਦਾਹਰਣਾਂ ਇੱਥੇ ਦਿੱਤੀਆਂ ਜਾ ਰਹੀਆਂ ਹਨ :

ਇਕਿ ਭਰਮਿ ਭੂਲੇ ਫਿਰਹਿ ਦਹਦਿਸਿ ਇਕਿ ਨਾਮਿ ਲਾਗਿ ਸਵਾਰਿਆ ॥

(ਅੰਗ ੯੧੭)

ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥ (ਅੰਗ ੬੩੪)

ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ (ਅੰਗ ੪੬੩)

ਹੁਣ ਪਟੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੰਗ ੪੩੪ ਅੰਕ ਦੋ ਵਿਖੇ ਪੰਡਿਤ ਉਤੇ ਸਵਾਲ ਕਰਦੇ ਨੇ ਕਿ ਦਿਨੇ ਰਾਤੀਂ ਤੇਰੀ ਉਮਰ ਘਟ ਰਹੀ ਹੈ, ਨਾਸ ਹੋ ਰਹੀ ਹੈ। ਜਦੋਂ ਜਮਾਂ ਨੇ ਆਣ ਕੇ ਤੈਨੂੰ ਫੜ ਲਿਆ, ਫਿਰ ਤੂੰ ਕਿਵੇਂ ਛੁਟੇਂਗਾ? ਕੀ ਤੈਨੂੰ ਇਸ ਬਾਰੇ ਕੋਈ ਫਿਕਰ ਹੈ। ਇਕ ਦੋ ਐਸੇ ਰਲਦੇ ਮਿਲਦੇ ਫ਼ੁਰਮਾਨ ਹਨ :

ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ ॥

ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ ॥ ੧ ॥ (ਅੰਗ ੩੨੩)

ਭਗਤ ਕਬੀਰ ਸਾਹਿਬ ਰਾਗ ਮਾਰੂ ਦੇ ਇਕ ਸ਼ਬਦ ਵਿਚ ਮਾਰਗ ਦਰਸ਼ਨ ਕਰਾਉਂਦੇ ਹਨ :

ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥

ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥ ੨ ॥

ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥੩॥ ੧ ॥

(ਅੰਗ ੧੧੦੬)

ਗਉੜੀ ਬਾਵਨ ਅਖਰੀ ਮਹਲਾ ੫ ਵਿਚ ਅੰਗ ੨੫੪ ਅੰਕ ਨੰਬਰ 23 ਵਿਖੇ ਸਲੋਕ ਵਿਚ ਛਛੇ ਅੱਖਰ ਦੁਆਰਾ ਉਪਦੇਸ਼ ਹੈ ਕਿ ਪ੍ਰਭੂ ਜੀ ਦੇ ਗੁਣ ਤੇ ਵਡਿਆਈ ਵਾਲੇ ਛੰਤ

ਗਾਉਣ ਨਾਲ ਛਾਤੀ ਠੰਢੀ-ਠਾਰ ਸ਼ਾਂਤ ਹੋ ਜਾਂਦੀ ਹੈ। ਹੇ ਅਕਾਲ ਪੁਰਖ ਜੀ ! ਐਸੀ ਮਿਹਰ ਕਰੋ ਕਿ ਮੈਂ ਤੁਹਾਡੇ ਦਾਸਾਂ ਦਾ ਵੀ ਦਾਸ ਹੋਣਾ ਕਰਾਂ, ਐਸੀ ਨਿਮਰਤਾ ਭਰੀ ਬੇਨਤੀ ਸਲੋਕ ਵਿਚ ਹੈ। ਐਸਾ ਹੀ ਫ਼ੁਰਮਾਨ ਹੈ ਕਿ ਗੁਣ ਗਾਉਣ ਨਾਲ ਠੰਢ ਵਰਤ ਜਾਂਦੀ ਹੈ :

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥ ੨ ॥ (ਅੰਗ ੭੦੯)

ਅੱਗੇ ਪਉੜੀ ਵਿਚ ਵੀ ਐਸੇ ਹੀ ਨਿਮਰਤਾ ਭਰੇ ਬਚਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅੰਕਿਤ ਕਰਦੇ ਹਨ। ਮੈਂ ਤੁਹਾਡਾ ਬਹੁਤ ਛੋਟਾ ਜਿਹਾ ਦਾਸ ਬੱਚਾ ਹਾਂ ਜੀ, ਆਪ ਜੀ ਮਿਹਰ ਕਰੋ ਮੈਂ ਆਪ ਜੀ ਦੇ ਦਾਸਾਂ ਦਾ ਪਾਣੀ ਭਰਨ ਵਾਲਾ, ਪਾਣੀ ਢੋਣ ਦੀ ਸੇਵਾ ਕਰਾਂ ਜੀ। ਆਪ ਜੀ ਕਿਰਪਾ ਕਰੋ ਮੈਂ ਮਹਾਤਮਾ ਜਨਾਂ ਦੀ ਚਰਨ ਧੂੜੀ ਹੋ ਜਾਵਾਂ ਤੇ ਆਪਣੀ ਅਕਲ ਸਿਆਣਪ ਤੇ ਚਤੁਰਾਈਆਂ ਤਿਆਗ ਕੇ ਆਪ ਜੀ ਤੇ ਆਪ ਜੀ ਦੇ ਸੰਤਾਂ, ਸੇਵਕਾਂ ਦੀ ਓਟ ਗ੍ਰਹਿਣ ਕਰਾਂ। ਫ਼ੁਰਮਾਨ ਹੈ :

ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥ (ਅੰਗ ੬੭੩)

ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਸੰਤ ਜਨ ਜਿਸ ਮਨੁੱਖ ਦੀ ਸਹਾਇਤਾ ਕਰਦੇ ਹਨ, ਇਹ ਸਰੀਰ ਭਾਵੇਂ ਮਿੱਟੀ ਦਾ ਪੁਤਲਾ ਹੈ ਪਰ ਇਸੇ ਵਿਚ ਉਹ ਉੱਚੀ ਤੋਂ ਉੱਚੀ ਆਤਮਿਕ ਅਵਸਥਾ ਹਾਸਲ ਕਰ ਲੈਂਦਾ ਹੈ। ਫ਼ੁਰਮਾਨ ਹੈ :

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥ (ਅੰਗ ੧੧੧੭)

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਖਣੀ ਓਅੰਕਾਰ ਬਾਣੀ ਵਿਖੇ ਅੰਗ ੯੩੨ ਤੇ ਅੰਕ 24 ਵਿਖੇ ਛ ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਕਿ ਭਾਵੇਂ ਸਾਰਾ ਸੰਸਾਰ ਘੁੰਮ ਕੇ ਦੇਖ ਲਵੋ ਕਿ ਇਹ ਦੇਹੀ ਨਾਸ਼ ਰੂਪੀ ਹੈ, ਕੋਈ ਵੀ ਸਰੀਰ ਧਾਰੀ ਇੱਥੇ ਪੱਕਾ ਨਹੀਂ ਰਹਿ ਸਕਦਾ। ਜਦੋਂ ਪ੍ਰਾਣਾਂ ਦੀ ਗੰਢ ਖੁੱਲ੍ਹ ਜਾਂਦੀ ਹੈ ਤਾਂ ਇਹ ਅਸਥੂਲ ਦੇਹੀ ਨਾਸ ਹੋ ਜਾਂਦੀ ਹੈ। ਫ਼ੁਰਮਾਨ ਵੀ ਹੈ :

ਕਹੁ ਨਾਨਕ ਸਮਝੁ ਰੇ ਇਆਨੇ ਆਜੁ ਕਾਲਿ ਖੁਲ੍ਹੈ ਤੇਰੀ ਗਾਂਠੁਲੀ ॥

(ਅੰਗ ੧੨੧੬)

ਜੇ ਪ੍ਰਾਣੀ ਦੁੱਖ-ਸੁੱਖ ਨੂੰ ਬਰਾਬਰ ਕਰਕੇ ਸਮਝੇ ਤੇ ਆਪਣੇ ਚਿਤ ਨੂੰ ਗੁਰੂ ਦੀ ਸ਼ਰਨ ਵਿਚ ਲੈ ਆਵੇ ਤਾਂ ਬੰਧਨ ਕੱਟੇ ਜਾਂਦੇ ਹਨ ਤੇ ਰਿਦੇ ਰੂਪੀ ਘਰ ਦੇ ਅੰਦਰੋਂ ਹੀ ਮੁਕਤਿ ਰੂਪ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਫ਼ੁਰਮਾਉਂਦੇ ਹਨ :

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥

ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥ (ਅੰਗ ੨੨੦)

ਇਹ ਅਵਿਦਿਆ ਮਾਇਆ ਨੇ ਸਾਰੇ ਜਗਤ ਨੂੰ ਭੁਲਾਇਆ ਹੋਇਆ ਹੈ ਤੇ ਜੀਵ ਕੁਰਾਹੇ ਪੈ ਰਿਹਾ ਹੈ। ਜੋ ਪ੍ਰਭੂ ਜੀ ਨੇ ਜੀਵ ਦੇ ਕਰਮਾਂ ਅਨੁਸਾਰ ਪਹਿਲਾਂ ਹੀ ਧੁਰੋਂ ਲਿਖਿਆ ਹੋਇਆ ਹੈ ਭਾਵ ਉਸੇ ਕਰਮਾਂ ਦੀ ਲਿਖਤ ਅਨੁਸਾਰ ਜੀਵ ਉਹ ਹੀ ਕਰਮ ਕਰਨ ਵਿਚ ਲੱਗ ਰਿਹਾ ਹੈ। ਜਵਾਨੀ ਨਾਸ ਹੋ ਜਾਂਦੀ ਹੈ, ਬੁਢੇਪਾ ਆ ਜਾਂਦਾ ਹੈ, ਮੌਤ ਸਿਰ ਉੱਪਰ ਖੜ੍ਹੀ ਜਾਪਦੀ ਹੈ। ਸਰੀਰ ਕਮਜ਼ੋਰ ਹੋ ਜਾਂਦਾ ਹੈ। ਜਿਵੇਂ ਪਾਣੀ ਤੋਂ ਵੱਖਰਾ ਹੋ ਕੇ ਜਾਲਾ ਸੁੱਕ ਜਾਂਦਾ ਹੈ ਇਵੇਂ ਹੀ ਚੇਤਨ ਸੱਤਾ ਰੂਪੀ ਪਾਣੀ ਤੋਂ ਬਗੈਰ ਦੇਹ ਸੁੱਕ ਕੇ ਜਾਲੇ ਵਰਗੀ ਹੋ ਜਾਂਦੀ ਹੈ।

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖਰੀ ਅੰਗ ੩੪੦ ਵਿਖੇ ਅੰਕ 13 ਦੁਆਰਾ **ਛ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਤੂੰ ਉਸ ਛਤ੍ਰਪਤੀ ਪ੍ਰਭੂ ਦੇ ਕੋਲ ਤਕੜਾ ਹੋ ਕੇ ਪ੍ਰਸੰਨਤਾ ਨਾਲ ਕਿਉਂ ਨਹੀਂ ਰਹਿੰਦਾ। ਤੂੰ ਆਸਾ ਤ੍ਰਿਸ਼ਨਾ ਨੂੰ ਤਿਆਗ ਦੇਵੇਂ ਤਾਂ ਤੇਰਾ ਚਿਤ ਪ੍ਰਸੰਨ ਹੋ ਕੇ ਉਸ ਪ੍ਰਭੂ ਵਿਚ ਰਹੇਗਾ। ਮੈਂ ਤਾਂ ਹੇ ਮੇਰੇ ਮਨ ! ਤੈਨੂੰ ਬਾਰ-ਬਾਰ ਸਮਝਾਉਂਦਾ ਹਾਂ ਕਿ ਉਸ ਚਿਤ੍ਰਕਾਰ ਪ੍ਰਭੂ ਨੂੰ ਛੱਡ ਕੇ ਸੰਸਾਰਕ ਚਿਤ੍ਰ ਵਿਚ ਕਿਉਂ ਆਪਣੇ ਆਪ ਨੂੰ ਬੰਧਾਉਨਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸੂਹੀ ਰਾਗ ਵਿਚ ਫੁਰਮਾਉਂਦੇ ਹਨ :

ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥ ੧ ॥ ਰਹਾਉ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ ੨ ॥
(ਅੰਗ ੭੨੮)

ਬਹੁਤ ਸਾਰੇ ਬੰਧਨਾਂ ਦਾ ਇਸ ਸ਼ਬਦ ਵਿਚ ਜ਼ਿਕਰ ਕਰਕੇ ਸਤਿਗੁਰੂ ਜੀ ਨਿਰਣਾ ਕਰਦੇ ਹਨ :

ਨਾਨਕ ਰਾਮ ਨਾਮ ਸਰਣਾਈ॥ ਸਤਿਗੁਰਿ ਰਾਖੇ ਬੰਧੁ ਨ ਪਾਈ॥
(ਅੰਗ ੪੧੬)

ਛਛੇ ਅੱਖਰ ਦੁਆਰਾ ਵਰਤੇ ਜਾਣ ਵਾਲੇ ਕੁਝ ਸ਼ਬਦ ਲਿਖੇ ਜਾਂਦੇ ਹਨ :

ਛਤਰ ਝੁਲਾਉਣਾ, ਛੰਦ, ਛਨਿਛਰਵਾਰ, ਛੱਪਰੀ, ਛਬੀਲ, ਛਰਾਟਾ, ਛਲਾਂਗ, ਛੱਲੀ, ਛੜਾ, ਛਾਂ, ਛਾਣਨੀ, ਛਾਤੀ, ਛਾਂਦਾ, ਛਾਪਾ ਮਾਰਨਾ, ਛਾਬਾ, ਛਾਲ ਮਾਰਨੀ, ਛਿੱਕ, ਛਿੱਟਾ, ਛਿਦਰ, ਛਿਲਕਾ, ਛਿੜਕਣਾ, ਛੁਟਕਾਰਾ, ਛੇਤੀ, ਛੁਰੀ, ਛੇੜਨਾ, ਛੈਣੇ, ਛੋਟੇ ਸਾਹਿਬਜ਼ਾਦੇ, ਛੱਜ, ਛੱਡਣਾ, ਛਣਕਣਾ, ਛੱਤ, ਛਤਰੀ, ਛੱਪਰੀ, ਛਲਕਣਾ, ਛਲ, ਛਾਂਦਾ, ਛਾਪਾ, ਛਿੱਕੂ, ਛਿੰਝ, ਛਿਮਾਹੀ, ਛਿੱਲਣਾ, ਛੂਛਾ, ਛੇੜਨਾ ਤੇ ਛਕਣਾ ਆਦਿ ਕੁਝ ਸ਼ਬਦ ਲਿਖੇ ਹਨ।

ਜ

ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥ ੧੧ ॥ (ਅੰਗ ੪੩੩)

ਪੈਂਤੀ ਦੇ ਵਿਚ ਛ ਅੱਖਰ ਤੋਂ ਬਾਅਦ ਤੇ ਝ ਅੱਖਰ ਤੋਂ ਪਹਿਲਾਂ **ਜ** ਅੱਖਰ ਆਉਂਦਾ ਹੈ। ਪਹਿਲਾਂ ਦੇਖਦੇ ਹਾਂ **ਜ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਪਹਿਲਾਂ ਉੱਪਰ ਲਕੀਰ ਵਾਹ ਕੇ ਸੱਜੇ ਪਾਸਿਉਂ ਹੇਠਾਂ ਨੂੰ ਲਾਈਨ ਵਾਹ ਲਈ ਜਾਂਦੀ ਹੈ, ਫਿਰ ਦਰਮਿਆਨ ਵਿਚੋਂ ਖੱਬੇ ਪਾਸੇ ਨੂੰ ਲਾਈਨ ਖਿੱਚ ਕੇ ਮਰੋੜੀ ਦੇ ਕੇ ਹੇਠਾਂ ਨੂੰ ਲਾਈਨ ਵਾਹ ਲਈ ਜਾਵੇ ਤਾਂ ਜਜਾ ਅੱਖਰ ਬਣ ਜਾਂਦਾ ਹੈ। ਜਜਾ ਅੱਖਰ ਦਾ ਹੇਠਲਾ ਹਿੱਸਾ ਇਉਂ ਭਾਸਦਾ ਹੈ ਜਿਵੇਂ ਕੁਰਸੀ ਦੀਆਂ ਦੋ ਲੱਤਾਂ ਹੋਵਣ।

ਪਟੀ ਲਿਖੀ ਵਿਖੇ ਅੰਗ ੪੩੩ ਅੰਕ ੧੧ ਉੱਪਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਾਂਧੇ ਨੂੰ ਉਪਦੇਸ਼ ਬਖ਼ਸ਼ਦੇ ਹਨ : ਹੇ ਵਿਦਵਾਨ, ਪੰਡਿਤ ਹੋਣ ਦਾ ਮਾਣ ਛੱਡ ਕੇ ਉਸ ਪ੍ਰਭੂ ਨਾਲ ਸਾਂਝ ਪਾ, ਕਿਉਂਕਿ ਸਾਰੇ ਜੀਵ 84 ਲੱਖ ਜੂਨੀਆਂ ਵਿਚ ਭਟਕਦੇ ਹੋਏ ਪ੍ਰਭੂ ਜੀ ਦੇ ਅੱਗੇ ਮੰਗਤੇ ਹਨ ਤੇ ਉਹ ਆਪ ਹੀ ਸਭ ਨੂੰ ਦਾਨ ਦਿੰਦਾ ਹੈ। ਫੁਰਮਾਨ ਹੈ :

ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥
ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥ (ਅੰਗ ੨੧)

ਪਰ ਉਹ ਪ੍ਰਭੂ ਆਪ ਹੀ ਸਭ ਨੂੰ ਭਿੱਖਿਆ ਦੇਣ ਵਾਲਾ ਤੇ ਸਭਨਾਂ ਵਿਚ ਆਪ ਹੀ ਵਸਦਾ ਵਰਤਦਾ ਹੋਇਆ ਲੈਣ ਵਾਲਾ ਵੀ ਹੈ। ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਤਾਂ ਸੁਣਨ ਵਿਚ ਆਉਂਦਾ ਹੀ ਨਹੀਂ। ਫੁਰਮਾਨ ਹੈ :

ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ ॥
ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ ॥ (ਅੰਗ ੬੫੩)

ਸ੍ਰੀ ਗੁਰੂ ਅਮਰਦਾਸ ਜੀ ਸਾਹਿਬ ਜੀ ਪਟੀ ਬਾਣੀ ੪੩੪ ਅੰਗ ਵਿਖੇ ਅੰਕ ੪ ਵਿਖੇ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਮੂਰਖ ! ਤੇਰੀ ਸਿਰਫ ਲੇਖਾ ਪੜ੍ਹਾ ਸਿਖਾਉਣ ਵਾਲੀ ਅਗਿਆਨ ਭਰੀ ਅਕਲ ਜਦੋਂ ਖੁੱਸ ਗਈ ਤਾਂ ਫਿਰ ਤੂੰ ਪਛਤਾਵਾ ਕਰੇਂਗਾ ਕਿ ਮੈਂ ਪ੍ਰਭੂ ਦਾ ਨਾਮ ਧਨ ਕਿਉਂ ਨਹੀਂ ਜੋੜਿਆ। ਇਸੇ ਕਰਕੇ ਤੈਨੂੰ ਦੁਬਾਰਾ-ਦੁਬਾਰਾ ਜੂਨੀਆਂ ਦੇ ਵਿਚ ਦੀ ਆਉਣਾ ਪਵੇਗਾ। ਭਗਤ ਬੇਣੀ ਜੀ ਵੀ ਸਿਰੀਰਾਗ ਵਿਚ ਐਸੀ ਚਿਤਾਵਨੀ ਦੇ ਕੇ ਉਪਦੇਸ਼ ਬਖ਼ਸ਼ਦੇ ਹਨ :

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ॥ (ਅੰਗ ੯੩)

ਹੇ ਵਿਦਵਾਨ ਅਧਿਆਪਕ ! ਜੋ ਤੇਰੇ ਸਿਰ 'ਤੇ ਮਾਇਆ ਵਾਲੇ ਮੰਦ ਕਰਮ ਲਿਖੇ ਹੋਏ ਨੇ ਉਨ੍ਹਾਂ ਨੂੰ ਪੜ੍ਹ, ਇਨ੍ਹਾਂ ਸੰਚਿਤ ਕਰਮਾਂ ਦੀ ਵੀਚਾਰ ਕਰ, ਹੋਰਨਾਂ ਨੂੰ ਇਹ ਜ਼ਹਿਰ ਰੂਪੀ ਵਿੱਦਿਆ ਨਾ ਸਿਖਾ। ਐਸੀ ਗਲਤ ਸਿੱਖਿਆ ਦੇਣ ਵਾਲੇ ਪੰਡਿਤ ਦੇ ਗਲ ਵਿਚ ਫੰਧਾ ਪਾਇਆ ਜਾਵੇਗਾ, ਬਾਅਦ ਵਿਚ ਚੇਲਿਆਂ, ਵਿਦਿਆਰਥੀਆਂ ਦੇ। ਭਗਤ ਸ੍ਰੀ ਕਬੀਰ ਜੀ ਵੀ ਭਗਤ ਪ੍ਰਹਿਲਾਦ ਜੀ ਵੱਲੋਂ ਐਸੇ ਆਖੇ ਬਚਨ ਬਸੰਤ ਰਾਗ ਵਿਚ ਅੰਕਿਤ ਕਰਦੇ ਹਨ:

ਪ੍ਰਹਲਾਦ ਪਠਾਏ ਪੜਨ ਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥
ਮੋਕਉ ਕਹਾ ਪੜ੍ਹਾਵਸਿ ਆਲ ਜਾਲ ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ ॥ ੧ ॥ (ਅੰਗ ੧੧੯੪)

ਗਉੜੀ ਬਾਵਨ ਅਖਰੀ ਵਿਖੇ ਅੰਗ ੨੫੫ ਵਿਖੇ ਅੰਕ ੨੪ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਉਪਦੇਸ਼ ਬਖ਼ਸ਼ਦੇ ਹਨ ਕਿ ਜੋ ਵਿਅਕਤੀ ਦੂਜਿਆਂ ਨਾਲ ਜ਼ੋਰ ਨਾਲ ਧੱਕਾ ਕਰ ਕੇ ਫੁੱਲ ਜਾਂਦੇ ਹਨ, ਹੰਕਾਰ ਕਰਦੇ ਹਨ ਉਨ੍ਹਾਂ ਦਾ ਨਾਸ਼ਵੰਤ ਸਰੀਰ ਵਿਅਰਥ ਚਲਾ ਜਾਂਦਾ ਹੈ। ਆਪਣੇ ਆਪ ਨੂੰ ਵੱਡਾ ਤੇ ਬਲਵਾਨ ਸਮਝ ਕੇ ਹੰਗਤਾ ਦੇ ਬੰਧਨ ਵਿਚ ਜਕੜੇ ਜਾਂਦੇ ਹਨ ਤੇ ਇਨ੍ਹਾਂ ਬੰਧਨਾਂ ਤੋਂ ਪ੍ਰਭੂ ਦਾ ਨਾਮ ਜਪ ਕੇ ਹੀ ਛੁਟਕਾਰਾ ਹੋ ਸਕਦਾ ਹੈ। ਆਸਾ ਦੀ ਵਾਰ ਵਿਖੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਵੀ ਫੁਰਮਾਨ ਹੈ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥ (ਅੰਗ ੪੬੬)

ਅੱਗੇ ਪਉੜੀ ਦੁਆਰਾ **ਜੱਜੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜਦੋਂ ਮਨੁੱਖ ਸਮਝਦਾ ਹੈ ਕਿ ਮੈਂ ਗਿਆਨੀ ਜਾਂ ਵਿਦਵਾਨ ਹੋ ਗਿਆ ਹਾਂ, ਬਣ ਗਿਆ ਹਾਂ ਤਾਂ ਹਉਮੈ ਹੰਕਾਰ ਕਰਕੇ ਆਪਣੇ ਆਪ ਨੂੰ ਦੂਜਿਆਂ ਲੋਕਾਂ ਤੋਂ ਵਧੀਆ ਸਮਝਦਾ ਹੈ। ਇਵੇਂ ਭਰਮ ਵਿਚ ਫਸ ਜਾਂਦਾ ਹੈ ਜਿਵੇਂ ਨਲਪੀ 'ਤੇ ਬੈਠਾ ਤੋਤਾ। ਜੋ ਵਿਅਕਤੀ (ਸ਼ਿਕਾਰੀ) ਤੋਤਿਆਂ ਨੂੰ ਫੜਦੇ ਹਨ ਉਹ ਇਸ ਤਰ੍ਹਾਂ ਕਰਦੇ ਹਨ ਕਿ ਦੋ ਡੰਡੇ ਗੱਡ ਕੇ ਇਕ ਰੱਸੀ ਦੋਨਾਂ ਸਿਰਿਆਂ 'ਤੇ ਬੰਨ੍ਹ ਕੇ ਤੇ ਦਰਮਿਆਨ ਵਿਚ ਉਸ ਰੱਸੀ ਵਿਚ ਉੱਪਰ ਇਕ ਨਲਪੀ ਜਿਹੀ ਪਾ ਦਿੰਦੇ ਹਨ। ਉਸ ਨਲਪੀ ਦੇ ਹੇਠਾਂ ਇਕ ਪਰਾਤ ਵਾਂਗੂੰ ਬਰਤਨ ਨੂੰ ਪਾਣੀ ਨਾਲ ਭਰ ਕੇ ਰੱਖ ਦਿੰਦੇ ਹਨ ਫਿਰ ਐਸੇ ਤਰੀਕੇ ਨਾਲ ਤੋਤਿਆਂ ਦਾ ਮਨਪਸੰਦ ਭੋਜਨ ਟਿਕਾਉਂਦੇ ਹਨ ਕਿ ਜਿਸ ਨੂੰ ਤੋਤਾ ਉਸ ਨਲਪੀ ਚਰਖੜੀ ਦੇ ਉੱਪਰ ਬੈਠ ਕੇ ਹੀ ਖਾ ਸਕਦਾ ਹੈ। ਤੋਤਾ ਭੋਜਨ ਦੇਖ ਕੇ ਖਾਜਾ ਦੇਖ ਕੇ ਉਸ ਨਲਪੀ ਚਰਖੜੀ ਉੱਪਰ ਬੈਠ ਜਾਂਦਾ ਹੈ ਤੇ ਭਾਰ ਦੇ ਨਾਲ ਨਲਪੀ ਚਰਖੜੀ ਘੁੰਮ ਜਾਂਦੀ ਹੈ ਤੇ ਤੋਤਾ ਪੁੱਠਾ ਹੋ ਜਾਂਦਾ ਹੈ, ਜੇ ਨਲਪੀ ਛੱਡ ਦੇਵੇ ਤਾਂ ਤੋਤਾ ਅਜ਼ਾਦ ਹੋ ਸਕਦਾ ਹੈ, ਪਰ ਉਸ ਤੋਤੇ ਦੇ ਮਨ ਵਿਚ ਭਰਮ ਉਪਜ ਆਉਂਦਾ ਹੈ ਕਿ ਨਲਪੀ ਛੱਡਣ ਨਾਲ ਉਹ ਪਾਣੀ ਵਿਚ ਡੁੱਬ ਜਾਵੇਗਾ ਤੇ ਨਲਪੀ ਚਰਖੜੀ ਨਹੀਂ ਛੱਡਦਾ, ਸ਼ਿਕਾਰੀ ਉਸ ਤੋਤੇ ਨੂੰ ਫੜ

ਕੇ ਪਿੰਜਰੇ ਵਿਚ ਪਾ ਲੈਂਦਾ ਹੈ। ਭਰਮ ਕਰਕੇ ਸਾਰੀ ਉਮਰ ਲਈ ਤੋਤਾ ਕੈਦੀ ਹੋ ਜਾਂਦਾ ਹੈ। ਇਸ ਨੂੰ ਰੀਡ ਟਰੈਪ ਦਾ ਨਾਮ ਵੀ ਦਿੱਤਾ ਗਿਆ ਹੈ। ਤੋਤੇ ਵਿਚ ਐਸਾ ਗੁਣ ਹੈ ਜਾਂ ਅਉਗਣ ਵੀ ਆਖਿਆ ਜਾ ਸਕਦਾ ਹੈ ਕਿ ਤੋਤਾ ਬਹੁਤ ਜਲਦੀ ਹੋਰ ਬੋਲੀਆਂ ਬੋਲਣੀਆਂ ਸਿੱਖ ਜਾਂਦਾ ਹੈ ਭਾਵ ਮਨੁੱਖਾਂ ਦੀ ਬੋਲੀ ਆਮ ਹੀ ਜਲਦੀ ਪਕੜ ਲੈਂਦਾ ਹੈ। ਕਈ ਸਿਆਣੇ ਤਾਂ ਇਸ ਤਰ੍ਹਾਂ ਵੀ ਆਖਦੇ ਹਨ ਕਿ ਕੋਇਲ ਆਪਣੀ ਬੋਲੀ ਬੋਲਣ ਕਰਕੇ ਅਜ਼ਾਦ ਰਹਿੰਦੀ ਹੈ। ਜਦ ਕਿ ਤੋਤਾ ਦੂਜੀ ਭਾਸ਼ਾ ਬੋਲਣ ਕਰਕੇ ਪਿੰਜਰੇ ਵਿਚ ਬੰਦ ਕੈਦੀ ਰਹਿੰਦਾ ਹੈ। ਹੇ ਪੰਜਾਬੀਆ ! ਤੂੰ ਵੀ ਆਪਣੀ ਬੋਲੀ ਬੋਲ, ਆਪਣੀ ਜ਼ੁਬਾਨ ਨੂੰ ਪਿਆਰ ਕਰ ਤੇ ਤੇਰੀਆਂ ਬੰਦਸ਼ਾਂ ਵੀ ਖਤਮ ਹੋ ਜਾਣਗੀਆਂ।

ਅੱਗੇ ਫੁਰਮਾਉਂਦੇ ਹਨ ਕਿ ਜੇ ਮਨੁੱਖ ਆਪਣੇ ਆਪ ਨੂੰ ਭਗਤ ਜਾਂ ਗਿਆਨਵਾਨ ਸਮਝ ਕੇ ਹਉਮੈ ਵਿਚ ਵਿਚਰਦਾ ਰਵੇ, ਪਰ ਅੱਗੇ ਪ੍ਰਭੂ ਰੰਚਕ ਮਾਤਰ ਵੀ ਹੰਗਤਾ ਸਹਿਤ ਕੀਤੀ ਭਗਤੀ ਪ੍ਰਵਾਨ ਨਹੀਂ ਕਰਦਾ। ਜੇ ਮਨੁੱਖ ਸਮਝੇ ਕਿ ਮੈਂ ਬਹੁਤ ਵਧੀਆ ਕਥਾਵਾਚਕ ਹਾਂ ਤੇ ਲੋਗਾਂ ਨੂੰ ਸੰਗਤ ਨੂੰ ਵਧੀਆ ਵਖਿਆਨ ਕਰਕੇ ਸੁਣਾਉਂਦਾ ਹਾਂ ਤਾਂ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਵੇਂ ਵਪਾਰੀ ਸੌਦਾ ਵੇਚਣ ਲਈ ਹੋਕਾ ਦਿੰਦਾ ਫਿਰਦਾ ਹੁੰਦਾ ਹੈ ਭਾਵ ਲੋਕਾਂ ਨੂੰ ਉਪਦੇਸ਼ ਦਿੰਦਾ ਹੈ ਪਰ ਆਪ ਧਾਰਨ ਨਹੀਂ ਕਰਦਾ। ਐਸਾ ਫੁਰਮਾਨ ਹੈ :

ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥ (ਅੰਗ ੨੬੯)

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਨੇ ਨਿਮਰਤਾ ਧਾਰਨ ਕਰਕੇ ਭਗਤਪੁਣੇ ਤੇ ਗਿਆਨਪੁਣੇ ਦੀ ਹਉਮੈ ਦਾ ਸਾਧਸੰਗਤ ਵਿਚ ਜਾ ਕੇ ਨਾਸ ਕਰ ਲਿਆ, ਤਾਂ ਉਸੇ ਨੂੰ ਹੀ ਮੁਰ ਦੈਂਤ ਦੇ ਮਾਰਨ ਵਾਲੇ ਪ੍ਰਭੂ ਜੀ ਮਿਲਦੇ ਹਨ।

ਦਖਣੀ ਓਅੰਕਾਰ ਅੰਗ ੯੩੩ ਵਿਖੇ ਅੰਕ ੨੫ ਰਾਹੀਂ ਜਜੇ ਅੱਖਰ ਦਾ ਉਪਦੇਸ਼ ਹੈ ਪ੍ਰਭੂ ਤਿੰਨਾਂ ਲੋਕਾਂ ਸਵਰਗ, ਪਾਤਾਲ ਤੇ ਮਾਤਲੋਕ ਸਭ ਥਾਂਈ ਪ੍ਰਗਟ ਹੈ ਭਾਵ ਸਭ ਨੂੰ ਜਾਣਦਾ ਹੈ ਤੇ ਸਭ ਨੂੰ ਖਾਣਾ ਪੀਣਾ ਦਿੰਦਾ ਹੈ, ਜਿਵੇਂ ਮਾਤਾ ਨੂੰ ਪਤਾ ਹੁੰਦਾ ਹੈ ਕਿ ਛੋਟੇ ਬੱਚੇ ਨੂੰ ਕੀ ਦੇਣਾ ਹੈ, ਬੀਮਾਰ ਨੂੰ ਕੀ ਦੇਣਾ ਹੈ, ਸਕੂਲ ਵਾਲੇ ਨੂੰ ਕੀ ਦੇਣਾ, ਵੱਡੇ ਨੂੰ ਕੀ ਦੇਣਾ। ਸੋ ਜੁੱਗਾਂ-ਜੁੱਗਾਂ ਵਿਚ ਓਹੋ ਹੀ ਦਾਤਾ ਹੈ ਜਿਵੇਂ ਉਸ ਨੂੰ ਭਾਵੇ ਤਿਵੇਂ ਹੀ ਉਹ ਰੱਖਿਆ ਕਰਨ ਵਾਲਾ ਦਾਤਾ ਰੱਖਦਾ ਹੈ। ਫੁਰਮਾਨ ਹੈ :

ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥
ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ ੧ ॥ ਰਹਾਉ ॥ (ਅੰਗ ੧੧੬੪)

ਮੈਂ ਉਸ ਪ੍ਰਭੂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਤੇਰੇ ਰੱਖੇ ਹੋਏ ਹਨ, ਮੈਨੂੰ ਵੀ ਉਨ੍ਹਾਂ ਦੀ ਸੰਗਤ ਬਖ਼ਸ਼ ਕੇ ਰੱਖਣਾ ਕਰੋ ਜੀ। ਹੇ ਵਾਹਿਗੁਰੂ ! ਜੇ ਮੈਂ ਆਪ ਨੂੰ ਭਾਂਵਾ ਤਾਂ ਜਾਗਰਤ ਜਾਗ ਵਿਚ ਰਹਿਣ ਕਰਾਂ। ਜਾਂ ਤੂੰ ਆਪਣੇ ਨਾਲ ਮੇਲੇਂ ਤਾਂ ਹੀ ਆਪ ਜੀ ਦੇ ਵਿਚ ਸਮਾਉਣਾ

ਹੁੰਦਾ ਹੈ ਜੀ। ਜੇ ਤੁਸੀਂ ਨਾ ਇਜਾਜ਼ਤ ਦਿਓਗੇ ਤਾਂ ਕਿਵੇਂ ਕੋਈ ਤੁਹਾਡੇ ਵਿਚ ਲੀਨ ਹੋ ਸਕਦਾ ਹੈ। ਹੇ ਜਗਤ ਦੇ ਮਾਲਕ ਪ੍ਰਭੂ ਜੀ ! ਮੈਂ ਤੁਹਾਡਾ ਸਦਾ ਹੀ ਜੈਕਾਰ ਕਰਾਂ ਭਾਵ ਵਡਿਆਈ ਕਰਾਂ ਤੇ ਤੇਰਾ ਹੀ ਜਾਪ ਜਪਾਂ। ਇਸੇ ਤਰ੍ਹਾਂ ਹੀ ਵੀਹ ਵਿਸਵੇ ਭਾਵ ਨਿਸਚੇ ਕਰ ਇਕ ਈਸ਼ਵਰ ਨਾਲ ਮਿਲ ਜਾਈਦਾ ਹੈ।

ਭਗਤ ਸ੍ਰੀ ਕਬੀਰ ਜੀ ਬਾਵਨ ਅਖਰੀ ਅੰਗ ੩੪੦ ਵਿਖੇ ਅੰਕ ੧੪ ਰਾਹੀਂ **ਜਜੇ** ਅੱਖਰ ਦਾ ਉਪਦੇਸ਼ ਵਰਨਣ ਕਰਦੇ ਹਨ। ਜਦੋਂ ਕੋਈ ਜੀਵ ਮਾਇਆ ਵਿਚ ਰਹਿੰਦਾ ਹੋਇਆ ਹੀ ਸਰੀਰ ਦੀਆਂ ਵਾਸ਼ਨਾਵਾਂ ਸਾੜ ਦਿੰਦਾ ਹੈ ਭਾਵ ਦੇਹ ਅਭਿਮਾਨ ਨੂੰ ਤਿਆਗ ਦੇਵੇ ਤੇ ਜੁਆਨ ਅਵਸਥਾ ਨੂੰ ਪਰਮੇਸ਼ਰ ਦੇ ਵਿਛੋੜੇ ਦੀ ਵੈਰਾਗ ਰੂਪੀ ਅਗਨੀ ਵਿਚ ਜਾਲ ਦੇਵੇ ਤਾਂ ਉਹ ਪ੍ਰਭੂ ਦੀ ਪ੍ਰਾਪਤੀ ਦੀ ਜੁਗਤੀ ਨੂੰ ਪਾ ਲੈਂਦਾ ਹੈ। ਜੋ ਮਨੁੱਖ ਆਪਣੇ ਧਨ ਦੇ ਅਹੰਕਾਰ ਤੇ ਪਰਾਏ ਧਨ ਦੀ ਪ੍ਰਾਪਤੀ ਦੀ ਆਸ ਨੂੰ ਸਾੜ ਦੇਵੇ, ਤਦੋਂ ਉਸ ਦੇ ਅੰਦਰ ਪ੍ਰਭੂ ਦੀ ਜੋਤਿ ਪ੍ਰਗਟ ਹੋ ਜਾਂਦੀ ਹੈ।

ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਆਖਿਆ ਗਿਆ ਹੈ ਉਹ ਆਪਣੀ ੧੨ਵੀਂ ਵਾਰ ਦੀ ਚਉਥੀ ਪਉੜੀ ਵਿਚ ਬਿਆਨਦੇ ਹਨ:

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।

ਐਸੀ ਅਵਸਥਾ ਗੁਰੂ ਸਾਹਿਬ ਦੀ ਸਿੱਖਿਆ ਧਾਰਨ ਕਰਕੇ ਕਮਾਵੈ ਤਾਂ ਹੀ ਉਸ ਜੀਵ ਨੂੰ ਐਸੀ ਸੋਝੀ ਹੋ ਆਉਂਦੀ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਫੁਰਮਾਉਂਦੇ ਹਨ :

ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥ (ਅੰਕ ੯੦੯)

ਇੱਥੇ ਹੀ ਜਜੇ ਅੱਖਰ ਦਾ ਵਿਚਾਰ ਸੰਕੋਚਿਆ ਜਾਂਦਾ ਹੈ। ਜਜੇ ਅੱਖਰ ਨਾਲ ਸ਼ੁਰੂ ਹੋਣ ਵਾਲੇ ਕੁਝ ਸ਼ਬਦ ਹੇਠਾਂ ਲਿਖੇ ਜਾਂਦੇ ਹਨ :

ਜਸ ਕਰਨਾ, ਜਥੇਦਾਰ, ਜਿੰਦਰਾ, ਜਨ, ਜ਼ਖ਼ਮ, ਜੰਗ, ਜਗਤ, ਜੰਗਲ, ਜਟਾਵਾਂ, ਜਪ ਤਪ, ਜਨਮਸਾਖੀ, ਜੋੜੀ, ਜ਼ੁਬਾਨ, ਜਮਾਨਤ, ਜ਼ਮੀਨ, ਜਰਨਾ, ਜੱਲਾਦ, ਜਮ, ਜਲ, ਜਲੀਲ, ਜਲੇਬੀ, ਜਵਾਈ, ਜਵਾਬ, ਜਾਇਦਾਦ, ਜ਼ਾਹਰ, ਜਗਦੀ ਜੋਤ, ਜਾਣਕਾਰੀ, ਜਾਂਚ ਕਰਨੀ, ਜੀਭ, ਜੀਵ ਆਤਮਾ, ਜੁਅਰਤ, ਜ਼ੁਰਮ, ਜੇਠ, ਜਠਾਣੀ, ਜੋਸ਼, ਜੂੜਾ ਕਰਨਾ, ਜ਼ੋਰ, ਜੋਹਰੀ, ਜੰਞ ਜ਼ਬਰਦਸਤ, ਜਹਾਜ਼, ਜ਼ਹਿਰ, ਜਜ਼ਬਾ, ਜੰਤਰੀ, ਜਨਮ ਦਿਨ, ਜਨੇਊ, ਜ਼ੁਬਾਨ, ਜਮਾਨਤ, ਜੁਆਨੀ, ਜ਼ਾਹਰ, ਜਾਤ, ਜਿੱਤ, ਜ਼ਿੰਦਗੀ, ਜਿਲਦ, ਜੀਭ, ਜੀਰਾਂਦ, ਜੀਵ-ਆਤਮਾ, ਜੁੱਤੀ, ਜ਼ੁਲਮ, ਜੋਸ਼, ਜੋੜਨਾ ਤੇ ਜੈਕਾਰਾ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਝ

ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ॥ ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ॥੧੨॥ (ਅੰਗ ੪੩੩)

ਪੈਂਤੀ ਵਿਚ ਜ ਅੱਖਰ ਤੋਂ ਬਾਅਦ ਤੇ ਞ ਅੱਖਰ ਤੋਂ ਪਹਿਲਾਂ ਝ ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ ਝ ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਉਪਰਲਾ ਹਿੱਸਾ ਪਹਿਲਾਂ ੲ ਦੀ ਤਰ੍ਹਾਂ ਲਿਖ ਕੇ ਉਸ ਨੂੰ ਖੱਬੇ ਪਾਸੇ ਨੂੰ ਨਹੀਂ ਘੁਮਾਉਣਾ, ਸਗੋਂ ਸੱਜੇ ਪਾਸੇ ਨੂੰ ਉਸੇ ਅੰਦਾਜ਼ ਵਿਚ ਵਾਹ ਕੇ ਬਹੁਤ ਥੋੜ੍ਹਾ ਜਿਹਾ ਹੇਠਾਂ ਨੂੰ ਕਰੀਦਾ ਹੈ ਪਰ ਕ ਅੱਖਰ ਦੇ ਹੇਠਾਂ ਵਾਲੇ ਤੋਂ ਘੱਟ। ਇਸ ਤਰ੍ਹਾਂ ਝ ਅੱਖਰ ਲਿਖ ਲਈਦਾ ਹੈ।

ਪਟੀ ਲਿਖੀ ਵਿਖੇ ਅੰਗ ੪੩੩ ਵਿਖੇ ਅੰਕ ੧੨ ਵਿਖੇ ਉਪਦੇਸ਼ ਕਰਦੇ ਹਨ ਕਿ ਝੂਰਨਾ ਤਿਆਗ ਦੇ ਕਿ ਮੈਨੂੰ ਥੋੜ੍ਹਾ ਮਿਲਿਆ ਹੈ ਕਿਉਂਕਿ ਜੋ ਪ੍ਰਭੂ ਜੀ ਨੇ ਜੋ ਤੈਨੂੰ ਦੇਣਾ ਹੈ ਓਹ ਬਿਨਾਂ ਮੰਗੇ ਤੋਂ ਵੀ ਬਖ਼ਸ਼ ਰਿਹਾ ਹੈ, ਦੇ ਰਿਹਾ ਹੈ ਪਰ ਜੋ ਤੇਰੇ ਭਾਗਾਂ ਵਿਚ ਨਹੀਂ ਹੈ ਉਹ ਤੈਨੂੰ ਕਿਸ ਤਰ੍ਹਾਂ ਮਿਲ ਸਕਦਾ ਹੈ। ਟੋਡੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਫੁਰਮਾਉਂਦੇ ਹਨ :

ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ॥ (ਅੰਗ ੭੧੫)

ਗੁਰਮੁਖ, ਅਭਿਆਸੀ ਜਨ, ਸੰਤ, ਮਹਾਂਪੁਰਖ ਐਸੇ ਆਖਦੇ ਹਨ ਕਿ ਹੋਰ ਧਨ ਦੀ ਚਾਹਨਾਂ ਹੈ ਤਾਂ ਸ਼ਬਦ ਦੇ ਅਭਿਆਸ ਰਾਹੀਂ ਜਾਂ ਸੰਗਤਾਂ ਦੀ ਸੰਤਾਂ ਦੀ ਸੇਵਾ ਦੁਆਰਾ ਪ੍ਰਾਪਤ ਹੋ ਸਕਦੀ ਹੈ। ਫੁਰਮਾਨ ਵੀ ਹੈ :

ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥ (ਅੰਗ ੨੬੬)

ਜਿਵੇਂ-ਜਿਵੇਂ ਜੀਵਾਂ ਦਾ ਰਿਜ਼ਕ ਮੁਕਰਰ ਹੈ ਉਹ ਸਭ ਨੂੰ ਦੇ ਰਿਹਾ ਹੈ ਤੇ ਸਭ ਨੂੰ ਆਪਣੇ ਹੁਕਮ, ਭਾਣੇ ਵਿਚ ਚਲਾਉਂਦਾ ਹੈ। ਇਕ ਸਾਖੀ ਇਸ ਤਰ੍ਹਾਂ ਇਤਿਹਾਸ ਵਿਚ ਮਿਲਦੀ ਹੈ :

ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਤੇ ਇਕ ਜ਼ਿਮੀਂਦਾਰ ਦੀ

ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਵੇਲੇ ਦੇਸ਼ ਰਟਣ ਕਰਦਿਆਂ ਤੁਲੰਭੇ ਸ਼ਹਿਰ ਵਿਚ ਵਿਚਰ ਰਹੇ ਸਨ ਤਾਂ ਹਜ਼ੂਰ ਪਾਤਸ਼ਾਹ ਨੇ ਇਕ ਜ਼ਿਮੀਂਦਾਰ ਵੇਖਿਆ ਜੋ ਮੱਕੀ ਦੇ ਖੇਤ ਕੋਲ ਖੜ੍ਹਾ ਸੀ, ਉਸ ਵੇਲੇ ਮੱਕੀ ਦੇ ਟਾਂਡਿਆਂ ਨੂੰ ਜੋ ਛੱਲੀਆਂ ਲੱਗੀਆਂ ਹੋਈਆਂ ਸਨ ਉਨ੍ਹਾਂ ਦੇ ਬਿਲਕੁਲ ਉਪਰਲੇ ਪਾਸੇ ਛੱਲੀ ਦੇ ਜੋ ਵਾਲ ਨਿਕਲਦੇ ਹਨ ਉਨ੍ਹਾਂ ਦੇ ਵਿਚੋਂ ਇਕ ਮੱਕੀ ਦਾ ਦਾਣਾ ਸਤਿਗੁਰਾਂ ਦੀ ਨਜ਼ਰ ਪਿਆ, ਜਿਸ ਨੂੰ ਦੇਖ ਕੇ ਸਤਿਗੁਰੂ ਜੀ ਹੱਸ ਪਏ ਅਤੇ ਕਿਹਾ—

''ਧੰਨ ਵਾਹਿਗੁਰੂ ਤੂੰ ਬੜਾ ਬੇਅੰਤ ਹੈਂ'', ਕੋਲ ਖੜੋਤੇ ਭਾਈ ਮਰਦਾਨੇ ਨੇ ਪੁੱਛਿਆ ਕਿ ''ਦਾਤਾ ਜੀ ! ਕੁਝ ਅਸਾਂ ਮੂਰਖਾਂ ਦੇ ਪੱਲੇ ਵੀ ਪਾਉ ਕਿਉਂਕਿ ਤੁਹਾਡਾ ਤੁਰਨਾ, ਬੈਠਣਾ, ਉੱਠਣਾ, ਬੋਲਣਾ, ਹੱਸਣਾ ਕਦੀ ਨਿਰਾਰਥ ਨਹੀਂ ਹੁੰਦਾ, ਜੇ ਹੱਸੇ ਹੋ ਤਾਂ ਇਸ ਵਿਚ ਕੋਈ ਗੁੱਝਾ ਭੇਦ ਜ਼ਰੂਰ ਹੈ।'' ਇਸ ਵਾਰਤਾ ਨੂੰ ਕੋਲ ਖੜ੍ਹਾ ਜ਼ਿਮੀਂਦਾਰ ਬੜੇ ਧਿਆਨ ਨਾਲ ਸੁਣੀ ਜਾ ਰਿਹਾ ਸੀ। ਸਤਿਗੁਰੂ ਜੀ ਨੇ ਕਿਹਾ ਕਿ ''ਭਾਈ ਮਰਦਾਨਿਆ ! ਇਹ ਜੋ ਛੱਲੀ ਦੇ ਉਪਰਲਾ ਦਾਣਾ ਨਜ਼ਰ ਆ ਰਿਹਾ ਹੈ। ਇਸ ਨੂੰ ਖਾਣ ਵਾਲਾ ਸੌ (100) ਕੋਹਾਂ 'ਤੇ ਹੈ, ਸੌ ਕੋਹਾਂ 'ਤੇ ਇਕ ਕੁੱਕੜੀ ਹੈ ਜਿਸ ਦੇ ਮੁੱਖ ਵਿਚ ਇਹ ਦਾਣਾ ਜਾਣਾ ਹੈ।'' ਇਹ ਗੱਲ ਸੁਣ ਕੇ ਜ਼ਿਮੀਂਦਾਰ ਇਤਰਾਜ਼ ਸਹਿਤ ਬੋਲਿਆ ਕਿ ''ਬੀਜੀ ਮੈਂ, ਪਾਲੀ ਮੈਂ, ਸੌ ਕੋਹਾਂ ਤੇ ਕੁੱਕੜੀ ਕਿਵੇਂ ਇਸ ਨੂੰ ਖਾ ਲਵੇਗੀ? ਮੈਂ ਹੁਣੇ ਹੀ ਤੁਹਾਡੀ ਕਹੀ ਗੱਲ ਨੂੰ ਝੂਠ ਸਾਬਤ ਕਰ ਦਿੰਦਾ ਹਾਂ।'' ਉਸ ਨੇ ਛੱਲੀ ਤੋਂ ਤੋੜ ਕੇ ਉਹ ਦਾਣਾ ਜਦੋਂ ਕਾਹਲੀ (ਤੇਜ਼ੀ) ਨਾਲ ਮੁੱਖ ਵਿਚ ਪਾਉਣਾ ਚਾਹਿਆ ਤਾਂ ਅਜਿਹਾ ਭਾਣਾ ਵਰਤਿਆ ਕਿ ਥੋੜ੍ਹਾ ਜਿਹਾ ਹੱਥੂ ਆ ਕੇ ਉਹ ਦਾਣਾ ਨੱਕ ਵਿਚ ਜਾ ਫਸਿਆ। ਨੇੜੇ ਤੇੜੇ ਕੋਈ ਹਕੀਮ ਨਾ ਹੋਣ ਕਾਰਨ ਸੌ ਕੋਹਾਂ 'ਤੇ ਇਕ ਹਕੀਮ ਰਹਿੰਦਾ ਸੀ। ਇਲਾਜ ਕਰਾਉਣ ਲਈ ਉਸ ਕੋਲ ਪਹੁੰਚਿਆ। ਹਕੀਮ ਨੇ ਅਜਿਹੀ ਦਵਾਈ ਦਿੱਤੀ, ਜਿਸ ਨਾਲ ਉਸ ਨੂੰ ਛਿੱਕ ਆਈ, ਜਿਸ ਨਾਲ ਦਾਣਾ ਭੁੜਕ ਕੇ ਦੂਰ ਜਾ ਡਿੱਗਾ, ਲਾਗੇ ਹੀ ਕੁੱਕੜੀ ਚੋਗਾ ਚੁਗ ਰਹੀ ਸੀ, ਉਹ ਦਾਣਾ ਦੇਖ ਕੇ ਝੱਟ ਹੀ ਕੁੱਕੜੀ ਨੇ ਆਪਣੇ ਮੁੱਖ ਵਿਚ ਪਾ ਲਿਆ। ਇਹ ਵਾਰਤਾ ਅੱਖੀਂ ਵੇਖ ਕੇ ਉਸ ਜ਼ਿਮੀਂਦਾਰ ਨੇ ਕਿਹਾ ਕਿ ਧੰਨ ਗੁਰੂ ਨਾਨਕ, ਧੰਨ ਕਰਤਾਰ ਜਿਸ ਨੇ ਸੌ ਕੋਹਾਂ ਤੋਂ ਇਸ ਬਹਾਨੇ ਰਿਜ਼ਕ ਇਥੇ ਪਹੁੰਚਾ ਦਿੱਤਾ।

ਪਟੀ ਬਾਣੀ ਅੰਗ ੪੩੫ ਵਿਖੇ ਅੰਕ ੧੩ ਰਾਹੀਂ **ਝ** ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਮੂੜੇ ! ਤੂੰ ਕਦੀ ਵੀ ਝੂਰੇਂਗਾ ਨਹੀਂ, ਤੂੰ ਸਤਿਗੁਰੂ ਜੀ ਦੇ ਉਪਦੇਸ਼ ਨੂੰ ਇਕ ਵਾਰੀ ਸੁਣ ਕੇ ਤਾਂ ਦੇਖ, ਰੰਚਕ ਮਾਤ੍ਰ ਹੀ ਗੁਰਾਂ ਪਾਸੋਂ ਤੂੰ ਚਲ ਕੇ ਸੁਣ। ਪਰ ਜੇ ਤੂੰ ਸੱਚੇ ਗੁਰੂ ਦੀ ਸ਼ਰਨ ਨਹੀਂ ਗ੍ਰਹਿਣ ਕਰੇਂਗਾ ਤਾਂ ਰਸਮੀ ਕੱਚੇ ਗੁਰੂ ਇਨ੍ਹਾਂ ਝੋਰਿਆਂ, ਹਉਕਿਆਂ ਤੋਂ ਨਹੀਂ ਬਚਾਅ ਸਕਦੇ। ਫ਼ੁਰਮਾਨ ਹੈ :

ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥ (ਅੰਗ ੯੩੮)

ਗਉੜੀ ਬਾਵਨ ਅਖਰੀ ਅੰਗ ੨੫੫ ਅੰਕ ੨੫ ਰਾਹੀਂ ਸਲੋਕ ਤੇ ਪਉੜੀ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ **ਝ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਹੇ ਭਾਈ ! ਪ੍ਰਾਤਹਕਾਲ, ਸਵੇਰੇ ਅੰਮ੍ਰਿਤ ਵੇਲੇ ਉਠ ਕੇ ਨਾਮ ਜੱਪ ਤੇ ਰਾਤ ਦਿਨ ਵੀ ਉਸ ਪ੍ਰਭੂ ਦੀ ਅਰਾਧਨਾ ਕਰਿਆ ਕਰ। ਝਾਲਾਂਘੇ ਸਿਆਲਕੋਟ ਵਲ ਦੀ ਬੋਲੀ ਹੈ। ਐਸਾ ਕਰਨ ਦੇ ਨਾਲ ਤੈਨੂੰ ਕੋਈ ਚਿੰਤਾ, ਫਿਕਰ, ਦੁੱਖ ਤੇ ਝਗੜੇ ਨਹੀਂ ਵਿਆਪਣਗੇ। ਪਉੜੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜੇ ਤੂੰ ਪ੍ਰਭੂ ਦੇ ਨਾਮ ਦਾ ਵਣਜਾਰਾ ਬਣ ਕੇ ਨਾਮ ਧਨ ਇਕੱਠਾ ਕਰੇਂਗਾ ਤਾਂ ਤੇਰਾ ਝੋਰਾ ਭਾਵ ਝੂਰਨਾ ਮਿਟ ਜਾਵੇਗਾ। ਪਰ ਜੋ ਪ੍ਰਭੂ

ਨੂੰ ਛੱਡ ਕੇ ਮਾਇਆ ਦੇ ਵਿਚ ਜੁੜਦੇ ਹਨ, ਐਸੇ ਵਿਅਕਤੀ ਝੂਰਦੇ ਹੀ ਮਰ ਜਾਂਦੇ ਹਨ। ਜੇਕਰ ਤੂੰ ਸਾਧਸੰਗਤ ਵਿਚ ਜਾ ਕੇ ਆਤਮਿਕ ਜੀਵਨ ਦੇਣ ਵਾਲੀ ਪ੍ਰਭੂ ਦੀ ਸਿਫਤ ਸਲਾਹ ਸੁਣੇਂਗਾ ਤਾਂ ਤੇਰੇ ਛੋਟੇ ਤੇ ਵੱਡੇ ਪਾਪ ਭੈੜੇ ਪਾਪ ਕਸ਼ਟ ਦੇਣ ਵਾਲੇ ਝੜ ਜਾਣਗੇ। ਫ਼ੁਰਮਾਨ ਹੈ :

ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥
ਵਡੈ ਭਾਗਿ ਪਾਇਆ ਸਾਧਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥ ੧ ॥

(ਅੰਗ ੧੭੮)

ਜਿਸ ਉੱਪਰ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਤਾਂ ਉਸ ਦੇ ਕਾਮ, ਕ੍ਰੋਧ ਤੇ ਦੁਸ਼ਟਤਾਈ ਨਾਸ ਹੋ ਜਾਂਦੇ ਹਨ।

ਰਾਗੁ ਰਾਮਕਲੀ ਦਖਣੀ ਓਅੰਕਾਰ ਬਾਣੀ ਵਿਖੇ ਅੰਗ ੯੩੩ ਵਿਖੇ ੨੬ਵੇਂ ਅੰਕ ਦੁਆਰਾ **ਝ** ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਜਿਹੜਾ ਬੇਅਰਥ ਬੋਲਣ ਵਾਲਾ ਸੰਸਾਰ ਹੈ ਉਸ ਨਾਲ ਝਗੜੇ ਕਰਨ ਦਾ ਕੀ ਫਾਇਦਾ ਹੈ, ਕਿਉਂਕਿ ਇਸ ਨਾਲ ਅਸ਼ਾਂਤੀ ਹੀ ਮਿਲੇਗੀ। ਜੋ ਗੁਰੂ ਸਾਹਿਬ ਜੀ ਦੁਆਰਾ ਸਰੂਪ ਨੂੰ ਦੇਖ ਲੈਂਦਾ ਹੈ ਉਸ ਦੇ ਝੋਰੇ ਮੁੱਕ ਜਾਂਦੇ ਹਨ। ਜੋ ਵਿਅਕਤੀ ਦੁਨੀਆਂ ਦੀ ਆਸਾ, ਜੀਊਣ ਦੀ ਆਸਾ ਨੂੰ ਛੱਡ ਕੇ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਏ ਹਨ ਉਨ੍ਹਾਂ ਦਾ ਆਉਣਾ ਜਾਣਾ ਜੰਮਣਾ ਮਰਣਾ ਨਵਿਰਤ ਹੋ ਗਿਆ ਹੈ ਪਰ ਅਵਸਥਾ ਐਸੀ ਹੋਵੇ ਜਿਵੇਂ ਫ਼ੁਰਮਾਨ ਹੈ :

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ (ਅੰਗ ੨੦)

ਜੋ ਸਭ ਦੇ ਚਰਨਾਂ ਦੀ ਧੂੜ ਹੋ ਜਾਂਦੇ ਹਨ ਉਹ ਸਾਰੇ ਝੋਰਿਆਂ ਤੋਂ ਰਹਿਤ ਹੋ ਜਾਂਦੇ ਹਨ ਤੇ ਕਾਲ ਉਨ੍ਹਾਂ ਨੂੰ ਦਬਾਉਂਦਾ ਨਹੀਂ। ਜਿਨ੍ਹਾਂ ਨੇ ਪ੍ਰਭੂ ਦੇ ਗੁਣ ਗਾਏ ਉਨ੍ਹਾਂ ਨੂੰ ਸਾਰੇ ਖ਼ਜ਼ਾਨੇ ਹਾਸਲ ਹੋ ਜਾਂਦੇ ਹਨ। ਉਹ ਗੁਰਮੁਖ ਜਾਣਦੇ ਹਨ ਕਿ ਪਰਮੇਸ਼ਰ ਆਪ ਹੀ ਸਤਿਗੁਰੂ ਰੂਪ ਹੋ ਕੇ ਨਾਮ ਦਾ ਉਪਦੇਸ਼ ਦਿੰਦਾ ਹੈ।

ਭਗਤ ਕਬੀਰ ਸਾਹਿਬ ਜੀ ਗਉੜੀ ਬਾਵਨ ਅਖੀਰ ਅੰਗ ੩੪੧ ਵਿਖੇ ਅੰਕ ੧੫ ਰਾਹੀਂ **ਝ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜ਼ਿਆਦਾਤਰ ਮਨੁੱਖਤਾ ਮੋਹ, ਵਿਸ਼ਿਆਂ ਆਦਿਕ ਵਿਚ ਉਲਝੀ ਪਈ ਹੈ ਤੇ ਇਸ ਤੋਂ ਛੁਟਕਾਰਾ ਪਾਉਣਾ ਇਸ ਨੂੰ ਸੁਲਝਾਉਣਾ ਨਹੀਂ ਸਿੱਖਿਆ, ਇਸੇ ਕਰਕੇ ਉਹ ਪ੍ਰਭੂ ਦੀ ਦਰਗਾਹ ਵਿਚ ਪ੍ਰਵਾਨ ਨਹੀਂ ਹੋ ਸਕਦੇ। ਜੋ ਵਿਅਰਥ ਬੋਲ ਕੇ ਝਗੜਾ ਕਰਕੇ ਹੋਰਨਾਂ ਨੂੰ ਮੱਤ ਦਿੰਦਾ ਹੈ, ਸਮਝਾਉਂਦਾ ਹੈ ਤਾਂ ਉਸ ਦੇ ਗਲ ਜੰਮਣ-ਮਰਣ ਦਾ ਝਗੜਾ ਹੀ ਪਿਆ ਰਹਿੰਦਾ ਹੈ। ਜਦੋਂ ਝਗੜਾ ਕਰਦਾ ਹੈ ਤਾਂ ਝੂਠਾ ਬੋਲਿਆ ਜਾਣਾ ਵੀ ਕੁਦਰਤੀ ਹੈ ਤੇ ਇਸ ਨਾਲ ਹੋਰ ਵੀ ਕਈ ਨਾ ਹੋਏ ਝਗੜੇ ਉਸ ਦੇ ਗਲ ਪੈ ਜਾਂਦੇ ਹਨ। ਫ਼ੁਰਮਾਨ ਹੈ :

ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ
ਝਗੜੇ ਦਯਿ ਓਸ ਦੈ ਗਲ ਪਾਇਆ॥ (ਅੰਗ ੩੦੩)

ਝਝੇ ਅੱਖਰ ਦੁਆਰਾ ਕੁਝ ਇਹ ਸ਼ਬਦ ਆਮ ਵਰਤੇ ਹਨ : ਝਕਣਾ, ਝਖ ਮਾਰਨੀ, ਝੱਗ, ਝਗੜਾ, ਝੱਗਾ, ਝਟਕਾ, ਝੰਜਟ, ਝੰਡਾ, ਝਪਟ, ਝਮਕਣਾ, ਝਰਨਾਟ, ਝਰੀਟ, ਝਲਕਾਰਾ, ਝੱਲਣਾ, ਝੜਨਾ, ਝੜਪ, ਝੜੀ, ਝਾਂਸਾ, ਝਾਂਜਰ, ਝਾਤੀ, ਝਾਲਰ, ਝਾਂਵਾ, ਝਾੜਨਾ, ਝਾੜੂ, ਝਿਜਕਣਾ, ਝੀਤ, ਝੁਕਣਾ, ਝੂਠ ਤੇ ਝੂਟਾ।

ਞ

ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥ ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥ ੧੩ ॥

(ਅੰਗ ੪੩੩)

ਪੈਂਤੀ ਵਿਚ ਝ ਅੱਖਰ ਤੋਂ ਬਾਅਦ ਤੇ ਟ ਅੱਖਰ ਤੋਂ ਪਹਿਲਾਂ ਞ ਅੱਖਰ ਆਉਂਦਾ ਹੈ। ਪਹਿਲਾਂ ਵੀਚਾਰਦੇ ਹਾਂ ਕਿ ਞ ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਪਹਿਲਾਂ ਵਾਵਾ ਅੱਖਰ ਲਿਖ ਕੇ ਫਿਰ ਉੱਪਰੋਂ ਖੱਬੇ ਪਾਸਿਉਂ ਉਸ ਨੂੰ ਵਾਵੇ ਅੱਖਰ ਦੀ ਉਪਰਲੀ ਖੱਬੇ ਪਾਸੇ ਨੂੰ ਆਉਂਦੀ ਹੋਈ ਬਾਹੀ ਨਾਲ ਜੋੜ ਦੇਈਏ ਤਾਂ ਞ ਅੱਖਰ ਲਿਖ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਦਖਣੀ ਓਅੰਕਾਰ ਵਿਚ ਸਪੱਸ਼ਟ ਕੀਤਾ ਹੈ ਕਿ ਗੁਰਮੁਖੀ ਪੰਜਾਬੀ ਵਿਚ ਙ ਤੇ ਞ ਦਾ ਵਿਸ਼ੇਸ਼ ਸਥਾਨ ਹੈ ਜੋ ਕਿ ਦੇਵਨਾਗਰੀ-ਆਸ਼ਿਤ ਭਾਸ਼ਾਵਾਂ ਵਿਚ ਨਹੀਂ ਹੈ। ਗੁਰਮੁਖੀ ਪੰਜਾਬੀ ਵਿਚ ਇਨ੍ਹਾਂ ਅੱਖਰਾਂ ਦੀ ਵਰਤੋਂ ਅਨੁਨਾਸਕੀ ਧੁਨੀ ਤਕ ਸੀਮਤ ਨਾ ਹੋ ਕੇ ਸ਼ਬਦਾਂ ਦੇ ਨਿਰਮਾਣ ਕਾਰਜ ਵਿਚ ਹੋਰ ਹਰਫਾਂ ਵਾਂਗੂੰ ਉਪਯੋਗੀ ਹੈ।

ਪਟੀ ਲਿਖੀ ਬਾਣੀ ਵਿਖੇ ਅੰਗ ੪੩੩ ਵਿਖੇ ਅੰਕ ੧੩ ਰਾਹੀਂ ਞ ਅੱਖਰ ਦੁਆਰਾ ਪਾਂਧੇ ਨੂੰ ਉਪਦੇਸ਼ ਕਰਦੇ ਹਨ ਕਿ ਜੇ ਪ੍ਰਭੂ ਦੀ ਕ੍ਰਿਪਾ ਦੁਆਰਾ ਗਿਆਨ ਹੋ ਜਾਵੇ ਤਾਂ ਫਿਰ ਦ੍ਰਿਸ਼ਟੀ ਨਾਲ ਉਹ ਪ੍ਰਭੂ ਹੀ ਸਭ ਥਾਵਾਂ 'ਤੇ ਮੌਜੂਦ ਦਿਖਾਈ ਦਿੰਦਾ ਹੈ। ਇੱਥੇ ਹੀ ਬਸ ਨਹੀਂ, ਸਭ ਪਾਸੇ ਦਿਸਣ ਦੇ ਨਾਲ-ਨਾਲ ਉਹ ਮਨ ਵਿਖੇ ਵੀ ਵਿਆਪਕ ਹੋ ਰਿਹਾ ਪ੍ਰਤੀਤ ਹੁੰਦਾ ਹੈ। ਫੁਰਮਾਨ ਹੈ :

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ ॥
(ਅੰਗ ੧੭੩)

ਗਉੜੀ ਬਾਵਨ ਅਖਰੀ ਅੰਗ ੨੫੫ ਵਿਖੇ ਅੰਕ ੨੬ ਰਾਹੀਂ ਸਲੋਕ ਤੇ ਪਉੜੀ ਞ ਅੱਖਰ ਪ੍ਰਥਾਇ ਉਪਦੇਸ਼ ਬਖ਼ਸ਼ਦੇ ਹਨ। ਪਾਠ ਕਰਦੇ ਹੋਏ ਧਿਆਨ ਰੱਖਣਾ ਹੈ ਕਿ ਞੈ ਅੱਖਰ ਦਾ ਉਚਾਰਨ ਹੈ ਨਾ ਕਿ ਜਜੇ ਦਾ। ਕਈਆਂ ਨੂੰ ਇਸ ਞ ਅੱਖਰ ਨੂੰ ਬੋਲਣਾ ਕੁਝ ਔਖਾ ਪ੍ਰਤੀਤ

ਹੁੰਦਾ ਹੈ ਪਰ ਅਭਿਆਸ ਕਰਨ ਦੇ ਨਾਲ ਇਸ ਸਹੀ ਹੋ ਜਾਂਦਾ ਹੈ, ਕੋਈ ਵੀ ਕੰਮ ਕਾਰਜ ਕਰਨਾ ਹੋਵੇ ਤਾਂ ਸਮਾਂ ਤਾਂ ਦੇਣਾ ਪੈਂਦਾ ਹੀ ਹੈ। ਸਲੋਕ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਫੁਰਮਾਉਂਦੇ ਹਨ, ਕੋਈ ਵੀ, ਤੁਸੀਂ ਵੀ ਜਿਤਨੇ ਚਾਹੋ ਜਤਨ ਕਰਕੇ ਦੇਖ ਲਉ ਇੱਥੇ ਸਦਾ ਲਈ ਟਿਕੇ ਨਹੀਂ ਰਹਿ ਸਦਕੇ ਭਾਵ ਮੌਤ ਸਾਰਿਆਂ ਨੂੰ ਗ੍ਰਸਿ ਲੈਂਦੀ ਹੈ। ਫੁਰਮਾਨ ਹੈ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ (ਅੰਗ ੪੭੪)

ਜੇ ਤੁਸੀਂ ਪ੍ਰਭੂ ਦੇ ਨਾਮ ਨਾਲ ਪ੍ਰੀਤ ਕਰੋਗੇ ਤਾਂ ਆਤਮਿਕ ਜੀਵਨ ਵਿਚ ਜਿਊਂਦੇ ਰਹੋਗੇ।

ਸਤਿਗੁਰੂ ਜੀ ਨੇ ਇੱਥੇ ਪਵੜੀ ਲਿਖਿਆ ਹੈ ਇਸੇ ਤਰ੍ਹਾਂ ਹੀ ਉਚਾਰਨ ਕਰਨਾ ਹੈ। ਫੁਰਮਾਉਂਦੇ ਹਨ ਕਿ ਨਿਸਚੇ ਕਰਕੇ ਪੱਕੀ ਰਾਸ ਜਾਣੋ ਕਿ ਦੁਨਿਆਵੀ ਪਦਾਰਥਾਂ ਦਾ ਮੋਹ, ਸਨੇਹ ਨਾਸ ਹੋ ਜਾਣ ਵਾਲਾ ਹੈ। ਜੇ ਤੁਸੀਂ ਗਿਣਨਾ ਭੀ ਚਾਹੋ ਤਾਂ ਗਿਣਤੀ ਨਹੀਂ ਹੋ ਸਕਦੀ ਕਿ ਕਿਤਨੇ ਲੋਕ ਇਥੋਂ ਉੱਠ ਕੇ ਪ੍ਰਲੋਕ ਨੂੰ ਸਿਧਾਰ ਗਏ, ਚਲੇ ਗਏ ਹਨ। ਸ਼ੇਖ ਫਰੀਦ ਸਾਹਿਬ ਜੀ ਫੁਰਮਾਉਂਦੇ ਹਨ :

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥ (ਅੰਗ ੪੮੮)

ਜੋ ਪਸਾਰਾ ਵੇਖੀਦਾ ਹੈ ਉਹ ਨਾਸ ਹੋ ਜਾਣ ਵਾਲਾ ਹੈ ਤਾਂ ਕਿਸ ਨਾਲ ਪ੍ਰੀਤ ਪਾਈ ਜਾਵੇ। ਭਗਤ ਸ੍ਰੀ ਰਵਿਦਾਸ ਜੀ ਮਾਰਗ ਦਰਸ਼ਨ ਕਰਦੇ ਹਨ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥ (ਅੰਗ ੬੫੮)

ਇਹ ਤੁਸੀਂ ਠੀਕ ਤਰ੍ਹਾਂ ਆਪਣੇ ਮਨ ਚਿਤ ਵਿਚ ਸਮਝ ਕੇ ਟਿਕਾ ਲਵੋ ਕਿ ਮਾਇਆ ਦਾ ਰੰਗ, ਪਿਆਰ ਝੂਠਾ, ਭਾਵ ਨਾਸ਼ਵਾਨ ਹੈ। ਜਿਸ ਨੇ ਆਪਣੇ ਚਿਤ ਨੂੰ ਇਸ ਭਰਮ ਤੋਂ ਵੱਖਰਾ ਕਰ ਲਿਆ ਹੈ ਉਸੇ ਨੂੰ ਗੁਰਮੁਖ, ਸੰਤ ਆਖਿਆ ਜਾਂਦਾ ਹੈ। ਹੇ ਪ੍ਰਭੂ ਜੀ ! ਜਿਸ ਉਪਰ ਤੁਸੀਂ ਖ਼ੁਸ਼ੀ, ਬਖ਼ਸ਼ਿਸ਼ ਕਰਦੇ ਹੋ ਉਸ ਨੂੰ ਤੁਸੀਂ ਬਹੁਤ ਅੰਧਕਾਰ ਵਾਲੇ ਅੰਨ੍ਹੇ ਖੂਹ ਤੋਂ ਕੱਢ ਲੈਂਦੇ ਹੋ। ਉਹ ਪ੍ਰਭੂ ਹੀ ਇਕੱਲਾ ਐਸੀ ਸਮਰਥਾ ਰੱਖਦਾ ਹੈ ਤੇ ਸਾਰੇ ਕਾਰਣਾਂ ਦਾ ਕਾਰਣ ਰੂਪ ਉਹ ਪ੍ਰਭੂ ਆਪ ਹੀ ਹੈ। ਉਸ ਮਾਲਕ ਦੀ ਵਡਿਆਈ ਹੀ ਕਰਨੀ ਚਾਹੀਦੀ ਹੈ ਜਿਸ ਨੇ ਹੀ ਐਸਾ ਸਬੱਬ ਬਣਾਇਆ ਹੈ। ਫੁਰਮਾਨ ਹਨ :

ਕਰਣ ਕਾਰਣ ਪ੍ਰਭੁ ਏਕ ਹੈ ਦੂਸਰ ਨਾਹੀ ਕੋਇ॥ (ਅੰਗ ੨੭੬)
ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥ (ਅੰਗ ੭੮੮)

ਬਾਣੀ ਦਖਣੀ ਓਅੰਕਾਰ ਵਿਖੇ ਅੰਗ ੯੩੩ ਵਿਖੇ ਅੰਕ ੨੭ ਵਿਖੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਞ ਅੱਖਰ ਦੁਆਰਾ ਪਾਂਡੇ ਨੂੰ ਉਪਦੇਸ਼ ਬਖ਼ਸ਼ਦੇ ਹਨ ਕਿ ਸਤਿਗੁਰੂ ਰੂਪ ਹੋ ਕੇ ਪ੍ਰਭੂ ਆਪ ਹੀ ਵਿਆਨੋ-ਗਿਆਨ ਨੂੰ ਬੋਲਦਾ ਹੈ ਤੇ ਆਪ ਹੀ ਸਿੱਖ ਰੂਪ ਹੋ ਕੇ ਇਸ

ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ
ਝਗੜੇ ਦਯਿ ਓਸ ਦੈ ਗਲ ਪਾਇਆ॥ (ਅੰਗ ੩੦੩)

ਝਝੇ ਅੱਖਰ ਦੁਆਰਾ ਕੁਝ ਇਹ ਸ਼ਬਦ ਆਮ ਵਰਤੇ ਹਨ : ਝਕਣਾ, ਝਖ ਮਾਰਨੀ, ਝੱਗ, ਝਗੜਾ, ਝੱਗਾ, ਝਟਕਾ, ਝੰਜਟ, ਝੰਡਾ, ਝਪਟ, ਝਮਕਣਾ, ਝਰਨਾਟ, ਝਰੀਟ, ਝਲਕਾਰਾ, ਝੱਲਣਾ, ਝੜਨਾ, ਝੜਪ, ਝੜੀ, ਝਾਂਸਾ, ਝਾਂਜਰ, ਝਾਤੀ, ਝਾਲਰ, ਝਾਂਵਾ, ਝਾੜਨਾ, ਝਾੜੂ, ਝਿਜਕਣਾ, ਝੀਤ, ਝੁਕਣਾ, ਝੂਠ ਤੇ ਝੂਟਾ।

ਞ

ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ॥ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ॥੧੩॥

(ਅੰਗ ੪੩੩)

ਪੈਂਤੀ ਵਿਚ ਝ ਅੱਖਰ ਤੋਂ ਬਾਅਦ ਤੇ ਟ ਅੱਖਰ ਤੋਂ ਪਹਿਲਾਂ ਞ ਅੱਖਰ ਆਉਂਦਾ ਹੈ। ਪਹਿਲਾਂ ਵੀਚਾਰਦੇ ਹਾਂ ਕਿ ਞ ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਪਹਿਲਾਂ ਵਾਵਾ ਅੱਖਰ ਲਿਖ ਕੇ ਫਿਰ ਉੱਪਰੋਂ ਖੱਬੇ ਪਾਸਿਉਂ ਉਸ ਨੂੰ ਵਾਵੇ ਅੱਖਰ ਦੀ ਉਪਰਲੀ ਖੱਬੇ ਪਾਸੇ ਨੂੰ ਆਉਂਦੀ ਹੋਈ ਬਾਹੀ ਨਾਲ ਜੋੜ ਦੇਈਏ ਤਾਂ ਞ ਅੱਖਰ ਲਿਖ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਦਖਣੀ ਓਅੰਕਾਰ ਵਿਚ ਸਪੱਸ਼ਟ ਕੀਤਾ ਹੈ ਕਿ ਗੁਰਮੁਖੀ ਪੰਜਾਬੀ ਵਿਚ ਙ ਤੇ ਞ ਦਾ ਵਿਸ਼ੇਸ਼ ਸਥਾਨ ਹੈ ਜੋ ਕਿ ਦੇਵਨਾਗਰੀ-ਆਸ਼ਿਤ ਭਾਸ਼ਾਵਾਂ ਵਿਚ ਨਹੀਂ ਹੈ। ਗੁਰਮੁਖੀ ਪੰਜਾਬੀ ਵਿਚ ਇਨ੍ਹਾਂ ਅੱਖਰਾਂ ਦੀ ਵਰਤੋਂ ਅਨੁਨਾਸਕੀ ਧੁਨੀ ਤਕ ਸੀਮਤ ਨਾ ਹੋ ਕੇ ਸ਼ਬਦਾਂ ਦੇ ਨਿਰਮਾਣ ਕਾਰਜ ਵਿਚ ਹੋਰ ਹਰਫਾਂ ਵਾਂਗੂੰ ਉਪਯੋਗੀ ਹੈ।

ਪਟੀ ਲਿਖੀ ਬਾਣੀ ਵਿਖੇ ਅੰਗ ੪੩੩ ਵਿਖੇ ਅੰਕ ੧੩ ਰਾਹੀਂ ਞ ਅੱਖਰ ਦੁਆਰਾ ਪਾਂਧੇ ਨੂੰ ਉਪਦੇਸ਼ ਕਰਦੇ ਹਨ ਕਿ ਜੇ ਪ੍ਰਭੂ ਦੀ ਕ੍ਰਿਪਾ ਦੁਆਰਾ ਗਿਆਨ ਹੋ ਜਾਵੇ ਤਾਂ ਫਿਰ ਦ੍ਰਿਸ਼ਟੀ ਨਾਲ ਉਹ ਪ੍ਰਭੂ ਹੀ ਸਭ ਥਾਵਾਂ 'ਤੇ ਮੌਜੂਦ ਦਿਖਾਈ ਦਿੰਦਾ ਹੈ। ਇੱਥੇ ਹੀ ਬਸ ਨਹੀਂ, ਸਭ ਪਾਸੇ ਦਿਸਣ ਦੇ ਨਾਲ-ਨਾਲ ਉਹ ਮਨ ਵਿਖੇ ਵੀ ਵਿਆਪਕ ਹੋ ਰਿਹਾ ਪ੍ਰਤੀਤ ਹੁੰਦਾ ਹੈ। ਫੁਰਮਾਨ ਹੈ :

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ ॥

(ਅੰਗ ੧੭੩)

ਗਉੜੀ ਬਾਵਨ ਅਖਰੀ ਅੰਗ ੨੫੫ ਵਿਖੇ ਅੰਕ ੨੬ ਰਾਹੀਂ ਸਲੋਕ ਤੇ ਪਉੜੀ ਞ ਅੱਖਰ ਪ੍ਰਥਾਇ ਉਪਦੇਸ਼ ਬਖ਼ਸ਼ਦੇ ਹਨ। ਪਾਠ ਕਰਦੇ ਹੋਏ ਧਿਆਨ ਰੱਖਣਾ ਹੈ ਕਿ ਞਞੈ ਅੱਖਰ ਦਾ ਉਚਾਰਨ ਹੈ ਨਾ ਕਿ ਜਜੇ ਦਾ। ਕਈਆਂ ਨੂੰ ਇਸ ਞ ਅੱਖਰ ਨੂੰ ਬੋਲਣਾ ਕੁਝ ਔਖਾ ਪ੍ਰਤੀਤ

ਹੁੰਦਾ ਹੈ ਪਰ ਅਭਿਆਸ ਕਰਨ ਦੇ ਨਾਲ ਇਸ ਸਹੀ ਹੋ ਜਾਂਦਾ ਹੈ, ਕੋਈ ਵੀ ਕੰਮ ਕਾਰਜ ਕਰਨਾ ਹੋਵੇ ਤਾਂ ਸਮਾਂ ਤਾਂ ਦੇਣਾ ਪੈਂਦਾ ਹੀ ਹੈ। ਸਲੋਕ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਫੁਰਮਾਉਂਦੇ ਹਨ, ਕੋਈ ਵੀ, ਤੁਸੀਂ ਵੀ ਜਿਤਨੇ ਚਾਹੋ ਜਤਨ ਕਰਕੇ ਦੇਖ ਲਉ ਇੱਥੇ ਸਦਾ ਲਈ ਟਿਕੇ ਨਹੀਂ ਰਹਿ ਸਦਕੇ ਭਾਵ ਮੌਤ ਸਾਰਿਆਂ ਨੂੰ ਗ੍ਰਸਿ ਲੈਂਦੀ ਹੈ। ਫੁਰਮਾਨ ਹੈ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ (ਅੰਗ ੪੭੪)

ਜੇ ਤੁਸੀਂ ਪ੍ਰਭੂ ਦੇ ਨਾਮ ਨਾਲ ਪ੍ਰੀਤ ਕਰੋਗੇ ਤਾਂ ਆਤਮਿਕ ਜੀਵਨ ਵਿਚ ਜਿਊਂਦੇ ਰਹੋਗੇ।

ਸਤਿਗੁਰੂ ਜੀ ਨੇ ਇੱਥੇ ਪਵੜੀ ਲਿਖਿਆ ਹੈ ਇਸੇ ਤਰ੍ਹਾਂ ਹੀ ਉਚਾਰਨ ਕਰਨਾ ਹੈ। ਫੁਰਮਾਉਂਦੇ ਹਨ ਕਿ ਨਿਸਚੇ ਕਰਕੇ ਪੱਕੀ ਰਾਸ ਜਾਣੋ ਕਿ ਦੁਨਿਆਵੀ ਪਦਾਰਥਾਂ ਦਾ ਮੋਹ, ਸਨੇਹ ਨਾਸ ਹੋ ਜਾਣ ਵਾਲਾ ਹੈ। ਜੇ ਤੁਸੀਂ ਗਿਣਨਾ ਭੀ ਚਾਹੋ ਤਾਂ ਗਿਣਤੀ ਨਹੀਂ ਹੋ ਸਕਦੀ ਕਿ ਕਿਤਨੇ ਲੋਕ ਇਥੋਂ ਉੱਠ ਕੇ ਪ੍ਰਲੋਕ ਨੂੰ ਸਿਧਾਰ ਗਏ, ਚਲੇ ਗਏ ਹਨ। ਸ਼ੇਖ ਫਰੀਦ ਸਾਹਿਬ ਜੀ ਫੁਰਮਾਉਂਦੇ ਹਨ :

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥ (ਅੰਗ ੪੮੮)

ਜੋ ਪਸਾਰਾ ਵੇਖੀਦਾ ਹੈ ਉਹ ਨਾਸ ਹੋ ਜਾਣ ਵਾਲਾ ਹੈ ਤਾਂ ਕਿਸ ਨਾਲ ਪ੍ਰੀਤ ਪਾਈ ਜਾਵੇ। ਭਗਤ ਸ੍ਰੀ ਰਵਿਦਾਸ ਜੀ ਮਾਰਗ ਦਰਸ਼ਨ ਕਰਦੇ ਹਨ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥ (ਅੰਗ ੬੫੮)

ਇਹ ਤੁਸੀਂ ਠੀਕ ਤਰ੍ਹਾਂ ਆਪਣੇ ਮਨ ਚਿਤ ਵਿਚ ਸਮਝ ਕੇ ਟਿਕਾ ਲਵੋ ਕਿ ਮਾਇਆ ਦਾ ਰੰਗ, ਪਿਆਰ ਝੂਠਾ, ਭਾਵ ਨਾਸ਼ਵਾਨ ਹੈ। ਜਿਸ ਨੇ ਆਪਣੇ ਚਿਤ ਨੂੰ ਇਸ ਭਰਮ ਤੋਂ ਵੱਖਰਾ ਕਰ ਲਿਆ ਹੈ ਉਸੇ ਨੂੰ ਗੁਰਮੁਖ, ਸੰਤ ਆਖਿਆ ਜਾਂਦਾ ਹੈ। ਹੇ ਪ੍ਰਭੂ ਜੀ ! ਜਿਸ ਉਪਰ ਤੁਸੀਂ ਖ਼ੁਸ਼ੀ, ਬਖ਼ਸ਼ਿਸ਼ ਕਰਦੇ ਹੋ ਉਸ ਨੂੰ ਤੁਸੀਂ ਬਹੁਤ ਅੰਧਕਾਰ ਵਾਲੇ ਅੰਨ੍ਹੇ ਖੂਹ ਤੋਂ ਕੱਢ ਲੈਂਦੇ ਹੋ। ਉਹ ਪ੍ਰਭੂ ਹੀ ਇਕੱਲਾ ਐਸੀ ਸਮਰਥਾ ਰੱਖਦਾ ਹੈ ਤੇ ਸਾਰੇ ਕਾਰਣਾਂ ਦਾ ਕਾਰਣ ਰੂਪ ਉਹ ਪ੍ਰਭੂ ਆਪ ਹੀ ਹੈ। ਉਸ ਮਾਲਕ ਦੀ ਵਡਿਆਈ ਹੀ ਕਰਨੀ ਚਾਹੀਦੀ ਹੈ ਜਿਸ ਨੇ ਹੀ ਐਸਾ ਸਬੱਬ ਬਣਾਇਆ ਹੈ। ਫੁਰਮਾਨ ਹਨ :

ਕਰਣ ਕਾਰਣ ਪ੍ਰਭੁ ਏਕ ਹੈ ਦੂਸਰ ਨਾਹੀ ਕੋਇ॥ (ਅੰਗ ੨੭੬)
ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥ (ਅੰਗ ੭੮੮)

ਬਾਣੀ ਦਖਣੀ ਓਅੰਕਾਰ ਵਿਖੇ ਅੰਗ ੯੩੩ ਵਿਖੇ ਅੰਕ ੨੭ ਵਿਖੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਞ ਅੱਖਰ ਦੁਆਰਾ ਪਾਂਡੇ ਨੂੰ ਉਪਦੇਸ਼ ਬਖ਼ਸ਼ਦੇ ਹਨ ਕਿ ਸਤਿਗੁਰੂ ਰੂਪ ਹੋ ਕੇ ਪ੍ਰਭੂ ਆਪ ਹੀ ਇਆਨੋ-ਗਿਆਨ ਨੂੰ ਬੋਲਦਾ ਹੈ ਤੇ ਆਪ ਹੀ ਸਿੱਖ ਰੂਪ ਹੋ ਕੇ ਇਸ

ਗਿਆਨ ਨੂੰ ਸੁਣਦਾ ਤੇ ਸਮਝਦਾ ਤੇ ਬੁੱਝਦਾ ਵਿਚਾਰਦਾ ਹੈ। ਜਿਨ੍ਹਾਂ ਦੇ ਹਿਰਦੇ ਦੇ ਵਿਚ ਇਹ ਉਪਦੇਸ਼ ਸਮਾ ਜਾਂਦਾ ਭਾਵ ਵਸ ਜਾਂਦਾ ਹੈ ਉਹ ਸ਼ੁਧ, ਰਾਗ ਤੇ ਦ੍ਵੈਖ ਦੀ ਮੈਲ ਤੋਂ ਰਹਿਤ ਸੱਚੇ ਹੋ ਨਿਬੜਦੇ ਹਨ ਤੇ ਉਨ੍ਹਾਂ ਨੂੰ ਸੱਚਾ ਪ੍ਰਭੂ ਪਿਆਰਾ ਲੱਗਦਾ ਹੈ। ਸਤਿਗੁਰੂ ਜੀ ਸਮੁੰਦਰ ਦੀ ਨਿਆਈਂ ਹਨ ਤੇ ਉਨ੍ਹਾਂ ਵਿਚ ਵੈਰਾਗ ਵਿਵੇਕ ਤੇ ਪ੍ਰੇਮ ਪਦਾਰਥ ਰੂਪੀ ਰਤਨਾਂ ਦੀ ਕੋਈ ਘਾਟ ਨਹੀਂ ਹੈ ਤੇ ਚਾਰ ਪਦਾਰਥਾਂ ਦਾ ਨਾ ਮੁਕਣ ਵਾਲਾ ਖ਼ਜ਼ਾਨਾ ਹੈ। ਫੁਰਮਾਨ ਵੀ ਹੈ :

ਗੁਰ ਸਾਗਰ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥ (ਅੰਗ ੬੮੫)

ਜੋ ਗੁਰੂ ਸਾਹਿਬ ਜੀ ਹੁਕਮ ਕਰਦੇ ਹਨ ਉਹੋ ਹੀ ਕੰਮ ਕਰਨੇ ਚਾਹੀਦੇ ਹਨ ਨਾ ਕਿ ਸਤਿਗੁਰੂ ਜੀ ਦੀ ਰੀਸ ਕਿ ਸਤਿਗੁਰੂ ਜੀ ਸ਼ਿਕਾਰ ਖੇਡਦੇ ਰਹੇ ਨੇ ਪਰ ਸਤਿਗੁਰੂ ਜੀ ਨੇ ਤਾਂ ਚਾਰ ਯੁੱਗ ਹੇਮਕੁੰਟ ਸਾਹਿਬ ਤੇ ਤਪੱਸਿਆ ਵੀ ਕੀਤੀ ਤੇ ਚਾਰ ਸਾਹਿਬਜ਼ਾਦਿਆਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ, ਬਲਕਿ ਸਾਰਾ ਪਰਿਵਾਰ ਵਾਰ ਦਿੱਤਾ, ਕੀ ਅਸੀਂ ਰੀਸ ਕਰ ਸਕਦੇ ਹਾਂ? ਇਕ ਗੁਰ ਇਤਿਹਾਸ ਵਿਚ ਸਾਖੀ ਮਿਲਦੀ ਹੈ ਗੁਰੂ ਦੀ ਕਰਣੀ ਤੇ ਧਾਵਾ ਕਿਉਂ ਕਰਦੇ ਹੋ, ਭਾਵ ਨੁਕਤਾਚੀਨੀ ਕਿਉਂ ਕਰਦੇ ਹੋ। ਅਥਵਾ ਗੁਰੂ ਸਾਹਿਬ ਜੀ ਦੀ ਭਗਤੀ ਰੂਪ ਕਰਣੀ ਦੇ ਉਤੇ ਕਿਸ ਵਾਸਤੇ ਬੇਮੁੱਖ ਹੋਣ ਰੂਪ ਦੌੜਦੇ ਹੋ, ਭਾਵ ਗੁਰੂ ਸਾਹਿਬ ਜੀ ਦੇ ਉਪਦੇਸ਼ ਦੁਆਰਾ ਪ੍ਰੇਮ ਨਾਲ ਭਗਤੀ ਕਰੋ।

ਸਾਖੀ—ਭਾਈ ਮਰਦਾਨਾ ਜੀ ਦੀ

ਇਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਭਾਈ ਬਾਲਾ ਜੀ ਅਤੇ ਮਰਦਾਨਾ ਜੀ ਦੇ ਸਮੇਤ ਜੀਵਾਂ ਨੂੰ ਤਾਰਦੇ ਹੋਏ ਇਕ ਸਮੁੰਦ੍ਰ ਦੇ ਕਿਨਾਰੇ ਉੱਪਰ ਪਹੁੰਚੇ। ਸਤਿਗੁਰਾਂ ਨੇ ਕਿਹਾ ਕਿ ਅਸੀਂ ਇਹ ਸਮੁੰਦ੍ਰ ਪਾਰ ਕਰਨਾ ਹੈ। ਭਾਈ ਮਰਦਾਨਾ ਜੀ ਨੇ ਕਿਹਾ, ਹੇ ਸਤਿਗੁਰੂ ਜੀ ! ਅਸੀਂ ਕਿਵੇਂ ਪਾਰ ਹੋਵਾਂਗੇ? ਅੱਗੋਂ ਸਤਿਗੁਰਾਂ ਨੇ ਕਿਹਾ ਕਿ ਗੁਰੂ ਅਕਾਲ ਪੁਰਖ ਵਿਚ ਸ਼ਰਧਾ, ਵਿਸ਼ਵਾਸ ਧਾਰ ਕੇ 'ਵਾਹਿਗੁਰੂ' ਮੰਤ੍ਰ ਦਾ ਜਾਪ ਕਰਦੇ ਸਾਡੇ ਮਗਰ-ਮਗਰ ਆ ਜਾਵੋ। ਉਹ ਦੋਵੇਂ ਸਤਿਗੁਰਾਂ ਦੇ ਮਗਰ ਵਾਹਿਗੁਰੂ ਮੰਤ੍ਰ ਦਾ ਜਾਪ ਕਰਦੇ ਹੋਏ ਸਮੁੰਦ੍ਰ ਉਪਰ ਪੱਧਰੇ ਰਸਤੇ ਵਾਂਗ ਤੁਰਦੇ ਗਏ। ਬਹੁਤ ਦੂਰ ਜਾ ਕੇ ਸਤਿਗੁਰਾਂ ਨੇ ਸਿੱਖਾਂ ਦੀ ਪਰਖ ਕਰਨ ਲਈ ਆਪ 'ਸੋਹੰ ਸੋਹੰ' ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ। ਭਾਈ ਬਾਲਾ ਜੀ ਤਾਂ ਇਕ ਰਸ ਵਾਹਿਗੁਰੂ ਮੰਤ੍ਰ ਦੇ ਜਾਪ ਵਿਚ ਲੀਨ ਸਨ, ਪਰ ਭਾਈ ਮਰਦਾਨਾ ਜੀ ਨੇ ਸੋਚਿਆ ਕਿ ਸ਼ਾਇਦ ਗੁਰੂ ਜੀ ਨੇ ਆਪਣੇ ਲਈ ਵਧੀਆ ਮੰਤ੍ਰ ਰੱਖਿਆ ਹੈ ਅਤੇ ਸਾਨੂੰ ਵਾਹਿਗੁਰੂ ਮੰਤ੍ਰ ਦਾ ਜਾਪ ਦੇ ਦਿੱਤਾ ਹੈ। ਇਉਂ ਵੀਚਾਰ ਕੇ ਭਾਈ ਮਰਦਾਨਾ ਜੀ ਵੀ ਸੋਹੰ-ਸੋਹੰ ਦਾ ਜਾਪ ਕਰਨ ਲੱਗ ਪਏ, ਉਸ ਵੇਲੇ ਭਾਈ ਮਰਦਾਨਾ ਜੀ ਸਮੁੰਦ੍ਰ ਵਿਚ ਡੁੱਬਣ ਲੱਗ ਪਏ। ਗੁਰੂ ਜੀ ਨੇ ਪਿੱਛੇ ਮੁੜ ਕੇ ਮਰਦਾਨੇ ਨੂੰ ਕਿਹਾ ਕਿ ਵਾਹਿਗੁਰੂ ਮੰਤ੍ਰ ਦਾ ਜਾਪ ਕਰ। ਭਾਈ ਮਰਦਾਨਾ ਜੀ ਉਸੇ ਵੇਲੇ ਵਾਹਿਗੁਰੂ ਮੰਤ੍ਰ ਦਾ ਇਕ ਰਸ ਜਾਪ ਕਰਨ ਲੱਗ ਪਏ, ਤਦੋਂ ਉਹ ਪਹਿਲਾਂ ਵਾਂਗ ਹੀ ਸਮੁੰਦ੍ਰ

ਦੇ ਉਪਰ ਤੁਰਨ ਲੱਗ ਪਏ ਅਤੇ ਪਾਰ ਹੋ ਕੇ ਸਤਿਗੁਰਾਂ ਨੇ ਕਿਹਾ ਕਿ ਭਾਈ ਮਰਦਾਨਾ ਜੀ ! ਤੁਹਾਨੂੰ ਸਾਡੇ ਉੱਪਰ ਕੋਈ ਸ਼ੰਕਾ ਨਹੀਂ ਕਰਨੀ ਚਾਹੀਦੀ ਸੀ। ਅਸਾਂ ਨੇ ਜੋ ਹੁਕਮ ਕੀਤਾ ਸੀ, ਤੁਹਾਨੂੰ ਉਹੀ ਜਾਪ ਕਰਦੇ ਰਹਿਣਾ ਚਾਹੀਦਾ ਸੀ। ਭਾਈ ਮਰਦਾਨਾ ਜੀ ਨੇ ਆਪਣੀ ਗਲਤੀ ਮੰਨੀ ਅਤੇ ਅੱਗੇ ਤੋਂ ਗਲਤੀ ਨਾ ਕਰਨ ਦਾ ਪ੍ਰਣ ਕੀਤਾ। ਸੋ ਇਸ ਪ੍ਰਕਾਰ ਸਤਿਗੁਰਾਂ ਦਾ ਹੁਕਮ ਮੰਨਣਾ ਚਾਹੀਦਾ ਹੈ। ਗੁਰੂ ਦੀ ਕਰਣੀ ਉੱਪਰ ਕੋਈ ਸ਼ੰਕਾ ਨਹੀਂ ਕਰਨਾ ਚਾਹੀਦਾ।

ਸਤਿਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਗੁਰ ਸਿੱਖਿਆ ਦੁਆਰਾ ਸੱਚ ਸਰੂਪ ਵਿਚ ਸਮਾਉਣਾ ਕਰੋ।

ਭਗਤ ਸ੍ਰੀ ਕਬੀਰ ਜੀ ਬਾਵਨ ਅਖਰੀ ਅੰਗ ੩੪੧ ਅੰਕ ੧੬ ਰਾਹੀਂ ਞ ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਜੋ ਪਰਮੇਸ਼ਰ ਘਟ, ਅੰਤਹਕਰਣ ਦੇ ਨਿਕਟ ਇਸਥਿਤ ਹੋ ਰਿਹਾ ਹੈ ਉਸ ਨੂੰ ਛੱਡ ਕੇ ਦੂਰ ਕਿਉਂ ਭਟਕ ਰਿਹਾ ਹੈਂ? ਭਗਤ ਸ੍ਰੀ ਰਵਿਦਾਸ ਜੀ ਵੀ ਫੁਰਮਾਉਂਦੇ ਹਨ ਕਿ ਉਹ ਪ੍ਰਭੂ ਤਾਂ ਹੱਥਾਂ ਤੋਂ ਵੀ ਨੇੜੇ ਹੈ, ਹੱਥ ਮਨੁੱਖ ਦੇ ਸਭ ਤੋਂ ਨੇੜੇ ਹੈ। ਫੁਰਮਾਨ ਹੈ :

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ (ਅੰਗ ੬੫੭)

ਜਿਸ ਪਰਮੇਸ਼ਰ ਦੀ ਪ੍ਰਾਪਤੀ ਕਾਰਣ, ਮਿਲਣ ਦੀ ਖਾਤਰ, ਸਾਰਾ ਜਗਤ ਢੂੰਡਿਆ ਸੀ ਉਸ ਨੂੰ ਨੇੜੇ ਹੀ ਹਿਰਦੇ ਵਿਚੋਂ ਹੀ ਲੱਭ ਲਿਆ ਹੈ।

ਞ ਅੱਖਰ ਦੇ ਨਾਮ ਬਹੁਤ ਹੀ ਘੱਟ ਅੱਖਰ ਸ਼ੁਰੂ ਹੁੰਦੇ ਹਨ ਪਰ ਸਤਿਗੁਰੂ ਜੀ ਨੇ ਇਸ ਞ ਅੱਖਰ ਨੂੰ ਗੁਰਬਾਣੀ ਵਿਚ ਕੁਝ ਥਾਵਾਂ 'ਤੇ ਵਰਤ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਬਿਰਾਜਮਾਨ ਕੀਤਾ ਹੈ। ਇਸੇ ਤਰ੍ਹਾਂ ਹੀ ਸਤਿਗੁਰੂ ਜੀ ਨੇ ਙ,ਣ ਤੇ ੜ ਵਰਤੇ ਹਨ ਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਅੱਖਰ, ਇਹ ਧੁਨੀਆਂ ਜਿੱਥੇ ਗੁਰਮੁਖੀ ਨੂੰ ਸੰਪੂਰਨਤਾ ਬਖ਼ਸ਼ਿਸ਼ ਕਰਦੀਆਂ ਹਨ ਉਥੇ ਇਹ ਹੋਰ ਭਾਸ਼ਾਵਾਂ ਸਿਖਣ ਲਈ ਵੀ ਅਤਿ ਲਾਭਦਾਇਕ ਹਨ। ਸਤਿਗੁਰੂ ਜੀ ਨੇ ਗੁਰਮੁਖੀ ਸੰਪੂਰਨ ਭਾਸ਼ਾ ਕਾਇਮ ਕੀਤੀ ਹੈ, ਪੂਰਨ ਅਕਾਲ ਪੁਰਖ ਰੂਪ ਸਤਿਗੁਰੂ ਜੀ ਦਾ ਧੰਨਵਾਦ ਹੈ। ਫੁਰਮਾਨ ਹੈ :

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥ (ਅੰਗ ੧੪੧੨)

ਞ ਅੱਖਰ ਨੂੰ ਇਸ ਤਰ੍ਹਾਂ ਵਰਤਿਆ ਗਿਆ ਹੈ।

ਵੰਞਾ = ਜਾਂਦਾ ਹਾਂ। ਵੰਞ=ਚਲੇ ਜਾ।

ਜੰਞ = ਜਨੇਤ। ਮੰਞ = ਮੈਂ।

ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥ ੧ ॥ ਰਹਾਉ ॥
(ਅੰਗ ੫੫੭)

ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ॥ (ਅੰਗ ੭੭੯)

ਕਿਤੀ ਇਤੁ ਦਰੀਆਇ ਵੰਞਨ੍ਹਿ ਵਹਦਿਆ ॥ ੧ ॥ (ਅੰਗ ੩੯੮)

ਦਖਣੀ ਓਅੰਕਾਰ ਬਾਣੀ ਵਿਖੇ ਅੰਗ ੯੩੩ ਉੱਪਰ

ਨਿਆਨੋ ਬੋਲੈ ਆਪੈ ਬੂਝੈ ॥

ਵੀ ਆਉਂਦਾ ਹੈ।

ਟ

ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ ॥ ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥ ੧੪ ॥ (ਅੰਗ ੪੩੩)

ਪੈਂਤੀ ਵਿਖੇ ਞ ਅੱਖਰ ਤੋਂ ਬਾਅਦ ਤੇ ਠ ਅੱਖਰ ਤੋਂ ਪਹਿਲਾਂ ਟ ਅੱਖਰ ਆਉਂਦਾ ਹੈ। ਪਹਿਲਾਂ ਦੇਖਦੇ ਹਾਂ ਕਿ **ਟੈਂਕਾ** ਅੱਖਰ ਕਿਵੇਂ ਲਿਖੀਦਾ ਹੈ। ਜੇ ਆਪਾਂ ੲ ਅੱਖਰ ਵਾਹ ਕੇ ਈੜੀ ਨੂੰ ਖੱਬੇ ਪਾਸਿਉਂ ਉੱਪਰੋਂ ਨਾ ਜੋੜੀਏ ਤਾਂ ਇਹ ਟੈਂਕਾ ਅੱਖਰ ਲਿਖ ਹੋ ਜਾਂਦਾ ਹੈ। ਹਿੰਦੀ ਵਿਚ ਇਸ ਨੂੰ ਟਾ ਕਰਕੇ ਬੋਲਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ **ਟੈਂਕੇ** ਅੱਖਰ ਦੁਆਰਾ ਪਾਂਧੇ ਪ੍ਰਤੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੧੪ ਰਾਹੀਂ ਉਪਦੇਸ਼ ਕਰਦੇ ਹਨ ਕਿ ਟਿਚਕਰਾਂ, ਤਰਕਾਂ ਤੇ ਹੁੱਜਤਾਂ ਕਿਉਂ ਕਰਦੇ ਹੋ, ਕਿਉਂਕਿ ਤੁਸੀਂ ਥੋੜ੍ਹੇ ਸਮੇਂ ਉਪ੍ਰੰਤ ਹੀ ਤਾਂ ਇਥੋਂ ਚਲੇ ਜਾਣਾ ਹੈ, ਕਿਉਂਕਿ ਪ੍ਰਭੂ ਦੀ ਯਾਦ ਨੂੰ ਭੁਲਾ ਕੇ ਦੁਨੀਆਂ ਦੇ ਕੰਮ ਕਰਨੇ ਵਿਅਰਥ ਧੰਧੇ ਹੀ ਹਨ। ਸ਼ੇਖ ਫਰੀਦ ਜੀ ਫੁਰਮਾਉਂਦੇ ਹਨ :

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ (ਅੰਗ ੧੩੮੧)

ਕਈ ਵਿਅਕਤੀ ਟਿੱਚਰਾਂ ਕਰਦੇ ਰਹਿੰਦੇ ਹਨ ਰੱਬ ਪ੍ਰਤੀ, ਬਾਣੀ ਪ੍ਰਤੀ, ਕਕਾਰਾਂ ਪ੍ਰਤੀ ਐਸੀ ਬਿਰਤੀ ਤਿਆਗਣੀ ਚਾਹੀਦੀ ਹੈ। ਪੰਜਾਂ ਵਿਕਾਰਾਂ ਦੇ ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਵਿਸ਼ਿਆਂ ਰੂਪੀ ਜੂਐ ਵਿਚ ਆਪਣਾ ਮਨੁੱਖਾ ਜਨਮ ਨਾ ਹਾਰਨਾ ਕਰੋ। ਜਿਵੇਂ ਕੋਈ ਲੱਗੀ ਅੱਗ ਤੇ ਦੌੜ ਕੇ ਨਿਕਲ ਜਾਵੇ। ਤੁਸੀਂ ਵੀ ਸੰਸਾਰ ਨੂੰ ਦੁੱਖ ਰੂਪ ਜਾਣ ਕੇ ਵਾਹਿਗੁਰੂ ਦੀ ਸ਼ਰਨ ਵਿਚ ਪੈਣਾ ਕਰੋ। ਜੂਆਰੀ ਜੋ ਜੂਆ ਖੇਲਦੇ ਹਨ ਜ਼ਿਆਦਾਤਰ ਹਾਰ ਕੇ ਹੀ ਜਾਂਦੇ ਹਨ। ਜੇ ਕੋਈ ਦਾਅ ਜਿੱਤ ਵੀ ਜਾਣ ਤਾਂ ਹੋਰ-ਹੋਰ ਦਾਆਂ ਨੂੰ ਲਾਉਣ ਕਰਕੇ ਓੜਕ ਨੂੰ ਹਾਰ ਕੇ ਜਾਂਦੇ ਹਨ। ਸਿਆਣਿਆਂ ਦਾ ਵੀ ਕਥਨ ਹੈ ਕਿ "ਜੂਐ ਵਰਗਾ ਵਪਾਰ ਨਾ ਕੋਈ ਜੇ ਵਿਚ ਹਾਰ ਨਾ ਹੋਵੇ।" ਜੋ ਮਨੁੱਖ ਜਗਤ ਦੇ ਧੰਧਿਆਂ ਵਿਚ ਹੀ ਰੁੱਝੇ ਰਹਿੰਦੇ ਹਨ। ਮੌਤ ਆਉਣ

ਤੇ ਜੂਆਰੀਏ ਵਾਂਗੂੰ ਖਾਲੀ ਹੱਥ ਤੁਰ ਜਾਂਦੇ ਹਨ। ਫੁਰਮਾਨ ਹੈ :

ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥
(ਅੰਗ ੧੧੫੭)

ਗਉੜੀ ਬਾਵਨ ਅਖਰੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅੰਗ ੨੫੫ ਵਿਖੇ ਅੰਕ ੨੭ ਰਾਹੀਂ ਟੈਂਕੇ ਅੱਖਰ ਦਾ ਉਪਦੇਸ਼ ਸਲੋਕ ਤੇ ਪਉੜੀ ਵਿਖੇ ਫੁਰਮਾਉਂਦੇ ਹਨ। ਸਲੋਕ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਨੂੰ ਗੁਣਾਂ ਦਾ ਖ਼ਜ਼ਾਨਾ ਰੂਪ ਪਰਮੇਸ਼ਰ ਭੁੱਲਦਾ ਨਹੀਂ ਉਨ੍ਹਾਂ ਦੇ ਮੋਹ ਦੇ ਬੰਧਨ ਖੁੱਲ੍ਹ ਜਾਂਦੇ ਹਨ ਤੇ ਜਨਮ ਮਰਣ ਦਾ ਗੇੜ ਵੀ ਸੰਤਾਂ ਦੀ, ਗੁਰੂ ਸਾਹਿਬਾਂ ਦੀ ਸੇਵਾ ਕਰਨ ਨਾਲ ਮੁੱਕ ਜਾਂਦਾ ਹੈ। ਗੁਰਬਾਣੀ ਵਿਚ ਕਈ ਥਾਂਵਾਂ 'ਤੇ ਅੰਕਿਤ ਹੈ ਕਿ ਗੁਰੂ ਸਾਹਿਬਾਂ ਤੇ ਸੰਤਾਂ ਭਗਤਾਂ ਦੀ ਅਸਲੀ ਸੇਵਾ ਨਾਮ ਧਿਆਉਣਾ ਹੀ ਹੁੰਦਾ ਹੈ। ਕਿਉਂਕਿ ਉਹ ਐਸਾ ਹੀ ਉਪਦੇਸ਼ ਕਰਦੇ ਹਨ। ਫੁਰਮਾਨ ਹੈ :

ਸੰਤ ਕੀ ਸੇਵਾ ਨਾਮੁ ਧਿਆਈਐ ॥ (ਅੰਗ ੨੬੫)

ਅੱਗੇ ਪਉੜੀ ਵਿਚ ਫੁਰਮਾਉਂਦੇ ਹਨ ਕਿ ਉਸ ਇਕ ਪ੍ਰਭੂ ਦੀ ਸੇਵਾ ਕਰਨ ਦੇ ਨਾਲ ਕੋਈ ਵੀ ਸੱਖਣਾ ਭਾਵ ਖਾਲੀ ਨਹੀਂ ਰਹਿੰਦਾ। ਜਿਨ੍ਹਾਂ ਜਗਿਆਸੂਆਂ ਦੇ ਅੰਤਸ਼ਕਰਣ ਸਰੀਰ, ਮੂੰਹ ਤੇ ਹਿਰਦੇ ਵਿਚ ਪ੍ਰਭੂ ਵੱਸ ਜਾਵੇ ਤਾਂ ਮੂੰਹ ਮੰਗੇ ਪਦਾਰਥ ਮਿਲ ਜਾਂਦੇ ਹਨ। ਪਰ ਇਹ ਸੇਵਾ ਭਗਤੀ ਦਾ ਅਵਸਰ ਉਸ ਸਮੇਂ ਮਿਲਦਾ ਹੈ ਜਦੋਂ ਮਹਾਤਮਾ ਜਨਾਂ ਦੀ, ਸੰਤਾਂ ਦੀ ਕ੍ਰਿਪਾਲਤਾ ਹੁੰਦੀ ਹੈ। ਗੁਰੂ ਸਾਹਿਬ ਜੀ ਦੀ ਸੰਗਤ ਵਿਚ ਮਨੁੱਖ ਤਦੋਂ ਟਿਕਦਾ ਹੈ ਜਦੋਂ ਪ੍ਰਭੂ ਆਪ ਕਿਰਪਾ ਕਰੇ। ਬਹੁਤ ਸਾਰੇ ਥਾਂ ਭਾਲ ਕੇ ਦੇਖ ਲਏ ਹਨ ਪ੍ਰਭੂ ਜੀ ਦੇ ਨਾਮ ਤੋਂ ਇਲਾਵਾ ਸੁੱਖ ਨਹੀਂ ਹੈ। ਸਾਧਸੰਗਤਿ ਵਿਚ ਜਾਣ ਨਾਲ, ਜੁੜਨ ਨਾਲ ਜਮਦੂਤ ਵੀ ਇਕ ਪਾਸੇ ਹੋ ਜਾਂਦੇ ਹਨ। ਫੁਰਮਾਨ ਹਨ :

ਸੁਖ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕ ਸਾਧ ਸੰਗਤਿ ਜਪਿ ਇਕ ਖਿਨਾ ॥
(ਅੰਗ ੨੧੦)

ਧਰਮਰਾਜਾ ਆਪਣੇ ਦੂਤਾਂ ਨੂੰ ਚਿਤਾਵਨੀ ਦਿੰਦਾ ਹੈ :

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ (ਅੰਗ ੨੫੬)

ਮੈਂ ਗੁਰੂ ਸਾਹਿਬ ਜੀ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹਾਂ। ਸਤਿਗੁਰੂ ਜੀ ਦੇ ਮਿਲਣੇ ਕਰਕੇ ਕਈ ਜਨਮਾਂ ਦੇ ਕੀਤੇ ਗੁਨਾਹ ਨਾਸ ਹੋ ਜਾਂਦੇ ਹਨ।

ਦਖਣੀ ਓਅੰਕਾਰ ਬਾਣੀ ਵਿਖੇ ਅੰਗ ੯੩੩ ਵਿਖੇ ਅੰਕ ੨੮ ਰਾਹੀਂ ਟੈਂਕੇ ਅੱਖਰ ਦੁਆਰਾ ਉਪਦੇਸ਼ ਬਖ਼ਸ਼ਦੇ ਹਨ। ਕਿਸੇ ਨੂੰ ਲਾ ਕੇ ਗੱਲ ਕਹਿਣ ਨਾਲ ਪਿਆਰ ਖਤਮ ਹੋ

ਜਾਂਦਾ ਹੈ। ਦ੍ਵੈਤ ਦੀ ਦਿਸ਼ਾ ਵਲ ਖਿੱਚੀ ਹੋਈ ਬਿਰਤੀ ਰੂਪ ਬਾਂਹ, ਭੁਜਾ ਪਰਮਾਰਥ ਵਲੋਂ ਟੁੱਟ ਜਾਂਦੀ ਹੈ, ਭਾਵ ਪਰਮੇਸ਼ਰ ਵੱਲ ਲਿਵ ਨਹੀਂ ਲੱਗਦੀ। ਮੰਦਾ ਬੋਲਣ ਨਾਲ ਪਿਆਰ ਖਤਮ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਖੋਟੀ ਮੱਤ ਵਾਲੀ ਜੀਵ ਇਸਤਰੀ ਨੂੰ ਪ੍ਰਭੂ ਤਿਆਗ ਦਿੰਦਾ ਹੈ ਭਾਵ ਮਨੁੱਖਾ ਜਨਮ ਤੋਂ ਟੇਢੀਆਂ ਜੂਨਾਂ ਵਿਚ ਪਾ ਦਿੰਦਾ ਹੈ,ਕਿਉਂਕਿ ਐਸੀ ਭੈੜੀ ਮੱਤ ਪਸ਼ੂਆਂ ਵਾਂਗ ਹੀ ਹੈ। ਫ਼ੁਰਮਾਨ ਹੈ :

ਕਰਤੂਤਿ ਪਸੂ ਕੀ ਮਾਨਸ ਜਾਤਿ॥ (ਅੰਗ ੨੬੭)

ਕੀ ਕਾਂ ਦੀ ਤਰ੍ਹਾਂ ਗਲਤ ਖਾਣੇ ਤੇ ਗਲਤ ਬੋਲਣ ਵਾਲਿਆਂ ਦਾ ਵੀ ਸੁਧਾਰ ਭਲਾ ਹੋ ਸਕਦਾ ਹੈ? ਹਾਂ ਗੁਰ ਸ਼ਬਦ ਦੀ ਕਮਾਈ ਕਰਕੇ ਜਗਿਆਸੂ ਰੂਪ ਇਸਤ੍ਰੀ ਦੀ ਬਿਰਤੀ ਰੂਪ ਬਾਂਹ ਦੀ ਪ੍ਰਭੂ ਨਾਲ ਗੰਢ ਪੈ ਸਕਦੀ ਹੈ। ਜੋੜ ਹੋ ਸਕਦਾ ਹੈ ਜੇ ਗੁਰ ਉਪਦੇਸ਼ ਦੀ ਵੀਚਾਰ ਪ੍ਰਾਪਤ ਹੋ ਜਾਵੇ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਾਝ ਰਾਗ ਵਿਚ ਫ਼ੁਰਮਾਨ ਕਰਦੇ ਹਨ :

ਗੰਢੁ ਪਰੀਤੀ ਮਿਠੇ ਬੋਲ॥

ਇਸੇ ਸਲੋਕ ਦੀ ਸੰਪੂਰਨਤਾ ਤੇ ਉਪਦੇਸ਼ ਬਖ਼ਸ਼ਦੇ ਹਨ :

ਨਾਨਕ ਆਖੈ ਏਹੋ ਬੀਚਾਰ॥ ਸਿਫਤੀ ਗੰਢੁ ਪਵੈ ਦਰਬਾਰਿ॥ (ਅੰਗ ੧੪੩)

ਇਸ ਤਰ੍ਹਾਂ ਇਹ ਗੰਢ ਪੈ ਸਕਦੀ ਹੈ ਤੇ ਘਰ ਦਾ ਕਾਰਜ ਸਵਾਰਿਆ ਜਾ ਸਕਦਾ ਹੈ। ਸੱਚੇ ਨਾਮ ਨਾਲ ਜੁੜਨ ਦੇ ਨਾਲ ਇਹ ਲਾਭ ਵਾਲਾ ਸੱਚਾ ਸੌਦਾ ਹੋ ਨਿਬੜਦਾ ਹੈ। ਤਿੰਨਾਂ ਹੀ ਭਵਨਾਂ ਦਾ ਮਾਲਕ ਵੱਡਾ ਹੈ ਤੇ ਸਭ ਦਾ ਆਸਰਾ ਰੂਪ ਪਰਮੇਸ਼ਰ ਹੈ ਤੇ ਉਹ ਪ੍ਰਭੂ ਸਿਰ ਉੱਪਰ ਸਹਾਈ ਦਿਸਦਾ ਹੈ।

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖਰੀ ਅੰਗ ੩੪੧ ਵਿਖੇ ੧੭ਵੇਂ ਅੰਕ ਰਾਹੀਂ **ਟੈਂਕੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਪ੍ਰਭੂ ਦੇ ਮਹਿਲ ਵਿਚ ਅਪੜਾਨ ਵਾਲਾ ਔਖਾ ਪੱਤਣ ਹੈ ਪਰ ਹੈ ਉਹ ਹਿਰਦੇ ਵਿਚ ਹੀ। ਉਸ ਦੀ ਪ੍ਰਾਪਤੀ ਲਈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜਾਂ ਕੋਸ਼ਾਂ ਛਿਆਂ ਚੱਕਰਾਂ ਵਾਲਾ ਰਸਤਾ ਬਹੁਤ ਕਠਿਨ ਹੈ ਪਰ ਹੇ ਭਾਈ ! ਤੂੰ ਇਹ ਆਸਾ ਤ੍ਰਿਸ਼ਨਾ ਦੇ ਤਖਤੇ, ਕਪਾਟ ਖੋਲ੍ਹ ਕੇ ਤੂੰ ਪ੍ਰਭੂ ਦੀ ਹਜ਼ੂਰੀ ਤੁਰੀਆ ਪਦ ਰੂਪੀ ਮਹਿਲ ਵਿਚ ਕਿਉਂ ਨਹੀਂ ਜਾਂਦਾ? ਜੇਕਰ ਤੂੰ ਇਕ ਵਾਰੀ ਉਸ ਅਟੱਲ ਪ੍ਰਭੂ ਦਾ ਦੀਦਾਰ ਕਰ ਲਿਆ, ਫਿਰ ਤੂੰ ਕਿਸੇ ਹੋਰ ਪਾਸੇ ਵੱਲ ਖਿਸਕ ਕੇ ਨਹੀਂ ਜਾਵੇਂਗਾ, ਕਿਉਂਕਿ ਉਸ ਦਾ ਐਸਾ ਸਰੂਪ ਹੈ ਜਿਸ ਵਿਚ ਤੂੰ ਮਸਤ ਹੋ ਜਾਵੇਂਗਾ ਤੇ ਚੰਬੜਿਆ ਰਹੇਂਗਾ।

ਟੈਂਕੇ ਅੱਖਰ ਦੇ ਨਾਲ ਸ਼ੁਰੂ ਹੁੰਦੇ ਕੁਝ ਇਹ ਹਨ : ਟਹਿਲ, ਟਕਸਾਲ, ਟਹੁਰ, ਟੱਕ, ਟੱਕਰ, ਟਕਾ, ਟਪਣਾ, ਟੱਬਰ, ਟਾਂਕਾ, ਟਾਲਣਾ, ਟੀਚਾ, ਟੂਕ, ਟੇਡਾ, ਟੋਕਰੀ, ਟੇਵਾ, ਟੈਕਸ, ਟਿੱਕੀ, ਟਕੋਰ, ਟਪਲਾ, ਟਪੂਸੀ, ਟਰੰਕ, ਟਾਹਣ, ਟਾਕਰਾ, ਟਾਪੂ, ਟਿਕਾਣਾ, ਟਿੰਡ, ਟਿੱਡੀ, ਟੀਕਾ, ਟੁਕੜੀ, ਟੋਆ, ਟੋਕਣਾ, ਟੱਲੀ, ਟਮਾਟਰ, ਟਾਕੀ ਤੇ ਟੋਟਲ ਆਦਿ।

ਠ

ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ॥ ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ॥ ੧੫॥ (ਅੰਗ ੪੩੩)

ਪੈਂਤੀ ਵਿਖੇ ਟ ਅੱਖਰ ਤੋਂ ਬਾਅਦ ਤੇ ਡ ਅੱਖਰ ਤੋਂ ਪਹਿਲਾਂ ਠ ਅੱਖਰ ਆਉਂਦਾ ਹੈ।

ਸਭ ਤੋਂ ਪਹਿਲਾਂ ਆਪਾਂ ਦੇਖਦੇ ਹਾਂ ਕਿ ਠ ਅੱਖਰ ਕਿਸ ਤਰ੍ਹਾਂ ਲਿਖਿਆ ਜਾਂਦਾ ਹੈ। ਜੇ ਨ ਅੱਖਰ ਪਹਿਲਾਂ ਲਿਖ ਲਈਏ ਤੇ ਫਿਰ ਹੇਠਾਂ ਤੋਂ ਜੋੜ ਦੇਈਏ ਤਾਂ ਠ ਅੱਖਰ ਲਿਖ ਹੋ ਜਾਂਦਾ ਹੈ। ਇਹ ਪੈਂਤੀ ਦਾ 17ਵਾਂ ਅੱਖਰ ਹੈ ਤੇ ਦੇਖਣ ਨੂੰ ਬਹੁਤ ਸੁੰਦਰ ਲੱਗਦਾ ਹੈ। ਇਹ ਟੈਂਕੇ ਨਾਲ ਸ਼ੁਰੂ ਹੋਈ ਟਵਰਗ ਪਾਲ ਦਾ ਦੂਜਾ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਅੰਗ ੪੩੩ ਵਿਖੇ ਅੰਕ ੧੫ ਵਿਖੇ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਮਨੁੱਖਾਂ ਦਾ ਮਨ ਪ੍ਰਭੂ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ ਉਨ੍ਹਾਂ ਦੇ ਹਿਰਦੇ ਅੰਦਰ ਠੰਡਕ ਸ਼ਾਂਤੀ ਵਰਤਦੀ ਰਹਿੰਦੀ ਹੈ। ਪ੍ਰਭੂ ਦੇ ਚਰਨਾਂ ਨਾਲ ਜੁੜੇ ਰਹਿਣ ਕਰਕੇ ਉਹ ਭਲੀ ਪ੍ਰਕਾਰ ਤਰ ਜਾਂਦੇ ਹਨ ਤੇ ਹੇ ਪ੍ਰਭੂ ! ਤੇਰੀ ਕਿਰਪਾ ਦੁਆਰਾ ਉਨ੍ਹਾਂ ਨੂੰ ਆਤਮਿਕ ਸੁਖ ਦੀ ਪ੍ਰਾਪਤੀ ਹੁੰਦੀ ਹੈ। ਤੁਹਾਡੇ ਚਰਨਾਂ ਨਾਲ ਜੁੜ ਕੇ ਗੁਣ ਗਾਉਣ ਨਾਲ ਇਹ ਅਵਸਥਾ ਪ੍ਰਾਪਤ ਹੁੰਦੀ ਹੈ। ਫ਼ੁਰਮਾਨ ਹੈ :

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ॥ (ਅੰਗ ੨੫੪)

ਗਉੜੀ ਬਾਵਨ ਅਖਰੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅੰਗ ੨੫੬ ਵਿਖੇ ਸਲੋਕ ਤੇ ਪਉੜੀ ਅੰਕ ੨੮ ਰਾਹੀਂ ਫ਼ੁਰਮਾਉਂਦੇ ਹਨ। ਹੇ ਪ੍ਰਭੂ ਜੀ ! ਜਿਨ੍ਹਾਂ ਉੱਪਰ ਤੁਹਾਡੀ ਮਿਹਰ, ਖ਼ੁਸ਼ੀ ਹੁੰਦੀ ਹੈ, ਉਨ੍ਹਾਂ ਨੂੰ ਤੁਹਾਡੇ ਦਰ 'ਤੇ ਪਹੁੰਚਣ ਲਈ ਕੋਈ ਰੁਕਾਵਟ ਨਹੀਂ ਪੈਂਦੀ, ਭਾਵ ਕੋਈ ਵਿਅਕਤੀ ਜਾਂ ਵਿਕਾਰ ਉਨ੍ਹਾਂ ਨੂੰ ਆਪ ਜੀ ਦੇ ਸਾਧਸੰਗਤਿ ਰੂਪੀ ਦਰ ਵਿਖੇ ਪਹੁੰਚਣ ਤੋਂ ਨਹੀਂ ਰੋਕ ਸਕਦਾ। ਉਹ ਬਹੁਤ ਵਡਭਾਗੇ ਹਨ ਮਨ, ਬਾਣੀ ਤੇ ਸਰੀਰ ਕਰਕੇ ਜਿਨ੍ਹਾਂ ਨੂੰ ਪ੍ਰਭੂ ਜੀ ਨੇ ਆਪਣੇ ਬਣਾ ਲਿਆ ਹੈ। ਫ਼ੁਰਮਾਨ ਹੈ :

ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ॥
ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ॥ (ਅੰਗ ੯੬੧)

ਅੱਗੇ ਪਉੜੀ ਵਿਚ ਠੱਠੇ ਅੱਖਰ ਰਾਹੀਂ ਬਖ਼ਸ਼ਿਸ਼ ਕਰਕੇ ਉਪਦੇਸ਼ ਕਰਦੇ ਹਨ ਕਿ ਜੋ ਮਨੁੱਖ ਸਿਰਫ ਤੁਹਾਡੇ ਨਾਲ ਜੁੜ ਜਾਂਦੇ ਹਨ, ਫਿਰ ਮਾਇਕ ਪਦਾਰਥਾਂ ਕਾਰਨਾਂ ਕਰਕੇ ਕਿਸੇ ਦਾ ਦਿਲ ਨਹੀਂ ਦੁਖਾਉਂਦੇ। ਬਾਬਾ ਸ਼ੇਖ ਫਰੀਦ ਜੀ ਵੀ ਆਖਦੇ ਹਨ ਕਿ ਜੇ ਪਿਆਰੇ ਨੂੰ ਮਿਲਣ ਦੀ ਤਾਂਘ ਹੈ ਤਾਂ ਕਿਸੇ ਦਾ ਦਿਲ ਨਾ ਤੋੜੀਂ। ਫ਼ੁਰਮਾਨ ਹੈ :

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ (ਅੰਗ ੧੩੮੪)

ਹੇ ਪ੍ਰਭੂ ਜੀ ! ਜਿਨ੍ਹਾਂ ਨੂੰ ਤੁਸੀਂ ਆਪਣੇ ਬਣਾ ਲੈਂਦੇ ਹੋ, ਉਨ੍ਹਾਂ ਦਾ ਆਉਣਾ ਸਫਲ ਹੋ ਜਾਂਦਾ ਹੈ, ਉਹ ਵੀ ਧੰਨ ਹਨ ਤੇ ਉਨ੍ਹਾਂ ਦੇ ਮਾਤਾ ਪਿਤਾ ਤੇ ਪ੍ਰਵਾਰ ਵੀ। ਜੋ ਜੀਵ ਮਾਇਆਵੀ ਪਦਾਰਥਾਂ ਕਰਕੇ ਵੈਰ ਵਿਰੋਧ ਤੇ ਦੂਜਿਆਂ ਨਾਲ ਝਗੜਦੇ ਹਨ ਉਨ੍ਹਾਂ ਨੂੰ ਸੁਖ ਨਹੀਂ ਪ੍ਰਾਪਤ ਹੁੰਦਾ, ਸਗੋਂ ਆਤਮਿਕ ਮੌਤ ਹੀ ਸਹੇੜ ਲੈਂਦੇ ਹਨ। ਜੋ ਸਾਧਸੰਗਤ ਵਿਚ ਨਿਵਾਸ ਰੱਖਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਰਸ-ਭਰਪੂਰ ਨਾਮ ਰਚ ਜਾਂਦਾ ਹੈ। ਉਹ ਇਹ ਕਹਿ ਉਠਦੇ ਹਨ, ਫੁਰਮਾਨ ਹੈ :

ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥ (ਅੰਗ ੬੨੧)

ਜੋ ਮਨੁੱਖ ਆਪਣੇ ਮਾਲਕ ਨੂੰ ਚੰਗਾ ਲੱਗਦਾ ਹੈ ਉਨ੍ਹਾਂ ਦਾ ਮਨ ਅੰਤਸ਼ਕਰਣ ਵਿਕਾਰਾਂ ਦੀ ਤਪਸ਼ ਵੱਲੋਂ ਠੰਢਾ ਹੋ ਕੇ ਸਦਾ ਸ਼ਾਂਤ ਰਹਿੰਦਾ ਹੈ।

ਦਖਣੀ ਓਅੰਕਾਰ ਬਾਣੀ ਵਿਖੇ ਅੰਗ ੯੩੩ ਵਿਖੇ ਅੰਕ ੨੯ ਰਾਹੀਂ **ਠੱਠੇ** ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਭਾਈ ! ਇਸ ਮਨ ਨੂੰ ਵਿਸ਼ਿਆਂ, ਨਿੰਦਿਆ ਵੱਲ ਜਾਣ ਤੋਂ ਰੋਕਣਾ ਕਰ। ਜਿਹੜੇ ਮਾਇਆ ਦੀ ਤ੍ਰਿਸ਼ਨਾ ਵਿਚ ਝਿੜਦੇ ਹਨ ਉਹ ਆਤਮਿਕ ਮੌਤ ਸਹੇੜ ਕੇ ਦੁਖੀ ਹੋ ਕੇ ਪਛਤਾਉਂਦੇ ਹਨ। ਉਹ ਮਾਲਕ ਪ੍ਰਭੂ ਇੱਕੋ ਹੀ ਹੈ ਬਾਕੀ ਸਭ ਜੀਵ ਰੂਪੀ ਉਸ ਦੀਆਂ ਇਸਤ੍ਰੀਆਂ ਹਨ। ਐਸਾ ਫੁਰਮਾਨ ਵੀ ਹੈ :

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ (ਅੰਗ ੫੯੧)

ਪਰ ਜੋ ਇਕ ਪ੍ਰਭੂ ਨੂੰ ਛੱਡ ਕੇ ਹੋਰ ਦੇਵੀ-ਦੇਵਤਿਆਂ, ਭੂਤਾਂ ਪ੍ਰੇਤਾਂ ਦੇ ਪਿੱਛੇ ਲੱਗਦੇ ਹਨ ਉਹ ਝੂਠੇ ਜਨਮਾਂ ਰੂਪੀ ਕਈ ਭੇਸ ਧਾਰਦੇ ਫਿਰਦੇ ਹਨ। ਪ੍ਰਭੂ ਜੀ ਆਪੇ ਤਰਸ ਕਰਕੇ ਕਈ ਵਾਰੀ ਗਲਤ ਰਾਹ 'ਤੇ ਜਾਂਦੀ ਜੀਵ-ਆਤਮਾ ਨੂੰ ਰੋਕ ਕੇ ਆਪਣੇ ਤੁਰੀਆ ਰੂਪੀ ਮਹਿਲ ਵਿਚ ਬੁਲਾ ਲੈਂਦਾ ਹੈ ਤੇ ਫਿਰ ਉਸ ਦੀ ਅੰਤਰਮੁਖ ਬਿਰਤੀ ਨੂੰ ਰਾਗ ਦ੍ਵੈਖ ਆਦਿਕ ਕੋਈ ਵੀ ਰੋਕ ਨਹੀਂ ਪਾ ਸਕਦਾ। ਉਹ ਜੀਵ ਇਸਤ੍ਰੀ ਗੁਰ ਸ਼ਬਦ ਦੀ ਕਮਾਈ ਕਰਕੇ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਪਿਆਰ ਪਾਉਂਦੀ ਹੈ ਤੇ ਉਹ ਸੁਹਾਗਣ ਨੂੰ ਪ੍ਰਭੂ ਆਪਣੀ ਬਣਾ ਲੈਂਦਾ ਹੈ। ਉਹੀ ਮਹਾਤਮਾ, ਗੁਰਮੁਖ ਰੂਪੀ ਇਸਤ੍ਰੀ ਸੁਹਾਗਵੰਤ ਹੈ।

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖੀਰ ਅੰਗ ੩੪੧ ਵਿਖੇ ਅੰਕ ੧੮ ਰਾਹੀਂ **ਠੱਠੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਭਾਈ ! ਇਹ ਜੋ ਸੰਸਾਰ ਦਿਸ ਰਿਹਾ ਹੈ ਇਸ ਨੂੰ ਠੱਗੀ ਦੇ ਪਾਣੀ ਵਾਂਗੂੰ ਸਮਝ, ਭਾਵ ਮ੍ਰਿਗ ਤ੍ਰਿਸ਼ਨਾ ਜਿਵੇਂ ਹਿਰਨ ਨੂੰ ਰੇਗਿਸਤਾਨ ਵਿਚ ਦੂਰੋਂ ਸੂਰਜ ਨਾਲ ਚਮਕਦੀ ਰੇਤ ਪਾਣੀ ਪ੍ਰਤੀਤ ਹੁੰਦੀ ਹੈ ਉਹ ਦੌੜਦਾ ਹੈ ਪਰ ਉਥੇ ਪਾਣੀ ਹੈ ਹੀ ਨਹੀਂ, ਸਗੋਂ ਹੁਣ ਅਗਲੀ ਚਮਕਦੀ ਰੇਤ ਪਾਣੀ ਭਾਸਣ ਲੱਗ ਪੈਂਦੀ ਹੈ, ਅਖੀਰ ਨੂੰ

ਹਿਰਨ ਦੌੜ-ਦੌੜ ਕੇ ਥੱਕ ਕੇ ਪਿਆਸਾ ਹੀ ਮਰ ਜਾਂਦਾ ਹੈ। ਸੋ ਮਾਇਆ ਦੀ ਅਸਲੀਅਤ ਨੂੰ ਸਮਝ ਕੇ ਹੌਲੀ-ਹੌਲੀ, ਸਹਿਜੇ-ਸਹਿਜੇ ਅੰਤਸ਼ਕਰਣ ਨੂੰ ਧੀਰਜਵਾਨ ਬਣਾ ਲਿਆ ਹੈ। ਸਤਿਗੁਰੂ ਜੀ ਦਾ ਇਕ ਐਸਾ ਫੁਰਮਾਨ ਹੈ ਮ੍ਰਿਗ ਤ੍ਰਿਸ਼ਨਾ ਪ੍ਰਥਾਇ :

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥ (ਅੰਗ ੨੧੯)

ਜਿਸ ਮਾਇਕ ਮੋਹ ਰੂਪ ਠੱਗ ਨੇ ਸਾਰੇ ਸੰਸਾਰ ਨੂੰ ਨਾਸ ਕਰ ਦਿੱਤਾ, ਭਾਵ ਖਾ ਲਿਆ। ਫੁਰਮਾਨ ਹੈ :

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥

ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥

(ਅੰਗ ੬੪੩)

ਭਗਤ ਸ੍ਰੀ ਕਬੀਰ ਜੀ ਗਉੜੀ ਰਾਗ ਦੇ ਇਕ ਸ਼ਬਦ ਵਿਚ ਫੁਰਮਾਉਂਦੇ ਹਨ :

ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥

ਗਈ ਠਗਉਰੀ ਠਗ ਪਹਿਚਾਨਿਆ ॥ (ਅੰਗ ੩੩੧)

ਜਿਸ ਪ੍ਰਮੇਸ਼ਰ ਰੂਪੀ ਠਗ ਨੇ ਸਾਰੇ ਜਗਤ ਨੂੰ ਠਗ ਕੇ ਕਾਲ ਦੇ ਅਧੀਨ ਕਰਕੇ ਖਾ ਲਿਆ, ਨਾਸ ਕਰ ਦਿੱਤਾ। ਜਦੋਂ ਸਾਡਾ ਮਨ ਤੁਰੀਆ ਪਦ ਰੂਪੀ ਠਉਰ ਟਿਕਾਣੇ ਵਿਚ ਆ ਕੇ ਇਸਥਿਤ ਹੋ ਗਿਆ,ਤਦੋਂ ਅਸੀਂ ਪ੍ਰਮੇਸ਼ਰ ਨੂੰ ਪ੍ਰੇਮ ਦੀ ਠਗ ਬੂਟੀ ਪਾ ਕੇ ਠਗ ਲਿਆ ਹੈ।

ਠ ਅੱਖਰ ਨਾਲ ਲਿਖੇ ਜਾਂਦੇ ਕੁਝ ਸ਼ਬਦ ਇੱਥੇ ਲਿਖੇ ਜਾਂਦੇ ਹਨ :

ਠੱਗ, ਠਹਿਰੋ, ਠੱਠਾ ਕਰਨਾ, ਠਰੰਮਾ, ਠੰਢਾ ਬੁਰਜ, ਠੀਕ ਠਾਕ, ਠਿਕਾਣਾ, ਠਿੱਬੀ, ਠੀਕਰੀਆਂ, ਠੁੱਡਾ, ਠੁਕਰਾਉਣਾ, ਠੇਕਾ, ਠਾਕੁਰ, ਠੰਢਾ ਸੁਭਾਅ, ਠੱਪਾ, ਠੇਸ। ਠੋਸ, ਠਾਕੁਰ, ਠਾਠੀ, ਠੂਠਾ ਤੇ ਠੇਕੇਦਾਰ ਆਦਿ ਕੁਝ ਸ਼ਬਦ ਲਿਖੇ ਹਨ।

ਡ

ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ ॥ ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥ ੧੬ ॥

(ਅੰਗ ੪੩੩)

ਪੈਂਤੀ ਵਿਖੇ ਠ ਅੱਖਰ ਤੋਂ ਬਾਅਦ ਤੇ ਢ ਅੱਖਰ ਤੋਂ ਪਹਿਲਾਂ ਡ ਅੱਖਰ ਆਉਂਦਾ ਹੈ। ਇਹ ਪੈਂਤੀ ਦਾ ਅਠਾਰਵਾਂ ਅੱਖਰ ਹੈ ਭਾਵ ਕਿ ਇਸ ਨੂੰ ਬਿਲਕੁਲ ਦਰਮਿਆਨ, ਵਿਚਕਾਰ

ਜਾਂ ਗਭਲਾ ਅੱਖਰ ਵੀ ਆਖਿਆ ਜਾ ਸਕਦਾ ਹੈ, ਕਿਉਂਕਿ ਇਸ ਅੱਖਰ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਸਤਾਰਾਂ ਸਤਾਰਾਂ ਅੱਖਰ ਹਨ।

ਪਹਿਲਾਂ ਦੇਖਦੇ ਹਾਂ ਕਿ **ਡੱਡਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਪਹਿਲਾਂ ਤ ਅੱਖਰ ਲਿਖ ਕੇ ਤੇ ਉਸ ਦੇ ਅਖੀਰਲੇ ਸਿਰੇ ਨੂੰ ਮੋੜ ਕੇ ਵਾਪਸ ਉਥੇ ਲੈ ਜਾ ਕੇ ਜੋੜ ਦੇਈਏ ਮਿਲਾ ਦੇਈਏ ਜਿਥੋਂ ਕੁ ਤ ਦਾ ਥੱਲੇ ਵਾਲਾ ਪਾਸਾ ਖੱਬੇ ਪਾਸੇ ਨੂੰ ਆਉਂਦਾ ਹੈ। ਇਸ ਤਰ੍ਹਾਂ ਇਹ ਡੱਡੇ ਅੱਖਰ ਦਾ ਰੂਪ ਲੈ ਲੈਂਦਾ ਹੈ। ਡੱਡਾ ਟਵਰਗ ਪਾਲ ਦਾ ਤੀਜਾ ਅੱਖਰ ਹੈ।

ਬਾਣੀ ਪਟੀ ਲਿਖੀ ਵਿਖੇ ਅੰਗ ੪੩੩ ਉੱਪਰ ਅੰਕ ੧੬ ਰਾਹੀਂ **ਡੱਡੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਪਾਂਧੇ ਨੂੰ ਬਖ਼ਸ਼ਦੇ ਹਨ ਕਿ ਹੇ ਭਾਈ ! ਤੁਸੀਂ ਕੀ ਡੰਫ, ਪਾਖੰਡ ਕਰਦੇ ਹੋ ਜੋ ਕੁਝ ਵੀ ਪੈਦਾ ਹੋਇਆ ਹੈ ਸਭ ਚਲਿਆ ਜਾਣਾ ਹੈ, ਨਾਸ ਹੋ ਜਾਣਾ ਹੈ। ਥੋੜ੍ਹੇ ਚਿਰ ਦੀਆਂ ਹੀ ਖੇਡਾਂ ਹੁੰਦੀਆਂ ਹਨ। ਫੁਰਮਾਨ ਹਨ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ (ਅੰਗ ੪੭੪)

ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥ (ਅੰਗ ੬੩)

ਇਹ ਜਨਮ ਪ੍ਰਭੂ ਦਾ ਸਿਮਰਨ ਕਰਨ ਲਈ ਹੀ ਮਿਲਿਆ ਹੈ, ਸਿਮਰਨ ਕਰੋ ਵਿਖਾਵਾ ਨਾ ਕਰੋ, ਕਿਉਂਕਿ ਆਤਮਿਕ ਅਨੰਦ ਤਾਂ ਹੀ ਮਿਲੇਗਾ ਜੋ ਇਕ-ਰਸ ਪ੍ਰਭੂ ਸਾਰਿਆਂ ਵਿਚ ਵਿਆਪਕ ਹੈ ਉਸ ਨੂੰ ਸੇਵਨਾ ਕਰਾਂਗੇ ਤਾਂ ਹੀ ਸੁਖ ਦੀ ਪ੍ਰਾਪਤੀ ਹੋਵੇਗੀ।

ਗਉੜੀ ਬਾਵਨ ਅਖਰੀ ਅੰਗ ੨੫੬ ਵਿਖੇ ਅੰਕ ੨੯ ਰਾਹੀਂ **ਡੱਡੇ** ਅੱਖਰ ਦਾ ਉਪਦੇਸ਼ ਸਲੋਕ ਤੇ ਪਉੜੀ ਵਿਖੇ ਦਰਸਾਉਂਦੇ ਹਨ ਕਿ ਹੇ ਸਾਰੀਆਂ ਸ਼ਕਤੀਆਂ ਦੇ ਮਾਲਕ ਪ੍ਰਭੂ ਜੀ ! ਮੈਂ ਆਪ ਜੀ ਅਨੇਕਾਂ ਵਾਰੀ ਡੰਡੇ ਦੀ ਤਰ੍ਹਾਂ ਧਰਤੀ 'ਤੇ ਸਿੱਧਾ ਲੰਬਾ ਪੈ ਕੇ ਨਮਸਕਾਰ ਕਰਦਾ ਹਾਂ ਜੀ। ਮੈਨੂੰ ਆਪ ਜੀ ਹੱਥ ਦਾ ਸਹਾਰਾ ਬਖ਼ਸ਼ ਕੇ ਜੀਵਨ ਵਿਚ ਡੋਲਣ ਤੋਂ ਰੱਖ ਲਓ।

ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ **ਡੱਡੇ** ਅੱਖਰ ਤੋਂ ਪਹਿਲਾਂ ਸਤਾਰਾਂ ਅੱਖਰ ਪੈਂਤੀ ਵਿਚੋਂ ਆ ਚੁੱਕੇ ਹਨ ਤੇ ਡੱਡੇ ਅੱਖਰ ਤੇ ਇਸ ਬਾਣੀ ਦਾ ਮੱਧ ਹੈ, ਡੱਡਾ 18ਵਾਂ ਅੱਖਰ ਹੈ। ਇਸ ਤੋਂ ਅੱਗੇ, ਬਾਅਦ ਵਿਚ ਵੀ ਸਤਾਰਾਂ ਅੱਖਰ ਹਨ ਤੇ ਸਤਿਗੁਰੂ ਜੀ ਇੱਥੇ ਮੱਧ ਦਾ ਮੰਗਲ ਕਰਦੇ ਹਨ।

ਚਾਰ ਪ੍ਰਕਾਰ ਦੇ ਮੰਗਲ ਹੁੰਦੇ ਹਨ : 1. ਅਸ਼ੀਰਵਾਦ ਮੰਗਲ 2. ਨਮਸਕਾਰ ਮੰਗਲ 3. ਵਸਤੂ ਨਿਰਦੇਸ਼ ਮੰਗਲ। 4. ਆਤਮ ਚਿੰਤਨ ਮੰਗਲ।

ਇਸ ਸਲੋਕ ਵਿਚ ਗੁਰੂ ਜੀ ਨੇ ਚਾਰ ਪ੍ਰਕਾਰ ਦਾ ਮੰਗਲ ਕਥਨ ਕੀਤਾ ਹੈ।

ਡੰਡਉਤਿ ਬੰਦਨ ਅਨਿਕ ਬਾਰ : ਇਹ ਨਮਸਕਾਰ ਆਤਮਿਕ ਮੰਗਲ ਹੈ, ਨਮਸਤਕ ਰੂਪ ਮੰਗਲ ਹੈ।

ਸਰਬ ਕਲਾ ਸਮਰਥ॥ ਇਹ ਵਸਤੂ ਨਿਰਦੇਸ਼ ਮੰਗਲ ਹੈ। ਨਿਰਗੁਣ ਤੇ ਸਰਗੁਣ ਸਰੂਪ

ਦੋ ਵਸਤੂਆਂ ਮੰਨ ਕੇ ਉਸਤਤਿ ਨਿਰਣਾ ਰੂਪ ਮੰਗਲ ਹੈ।

ਡੋਲਨ ਤੇ ਰਾਖਹੁ ਪ੍ਰਭੂ ਨਾਨਕ: ਇਹ ਅਸ਼ੀਰਵਾਦ ਆਤਮਿਕ ਮੰਗਲ ਹੈ, ਅਸ਼ੀਰਵਾਦ ਰੂਪ ਮੰਗਲ ਹੈ।

ਦੇ ਕਰਿ ਹਥ॥ ਆਤਮ ਚਿੰਤਨ ਰੂਪ ਮੰਗਲ ਹੈ, ਜਿਵੇਂ ਹੱਥ 'ਤੇ ਹੱਥ ਰੱਖਿਆਂ ਅਤਿਅੰਤ ਨੇੜੇ ਹੁੰਦਾ ਹੈ, ਜਿਵੇਂ ਦੋਵੇਂ ਹੱਥ ਅਲੱਗ-ਅਲੱਗ ਦੂਰ ਹਨ। ਜਦੋਂ ਹੱਥ ਦੇ ਉੱਪਰ ਹੱਥ ਰੱਖ ਲਈਏ ਤਾਂ ਦੋਵੇਂ ਹੱਥ ਇਕ ਦੂਜੇ ਦੇ ਬਹੁਤ ਨੇੜੇ ਹੋ ਜਾਂਦੇ ਹਨ, ਏਸੇ ਤਰ੍ਹਾਂ ਆਤਮਾ ਨੂੰ ਗਿਆਨ ਦੁਆਰਾ ਬ੍ਰਹਮ ਰੂਪ ਕਰਕੇ ਚਿੰਤਨ ਕਰਨਾ ਹੀ ਆਤਮ ਚਿੰਤਨ ਹੈ। ਇਉਂ ਆਤਮਾ ਨੂੰ ਨੇੜੇ ਤੋਂ ਨੇੜੇ ਆਪਣਾ ਸਰੂਪ ਜਾਣ ਕੇ ਉਸ ਦਾ ਚਿੰਤਨ ਕਰਨਾ, ਇਹ ਆਤਮ ਚਿੰਤਨ ਮੰਗਲ ਹੈ।

ਹੁਣ ਪਉੜੀ ਵਿਖੇ ਫੁਰਮਾਉਂਦੇ ਹਨ ਕਿ ਇਹ ਸੰਸਾਰ ਰੂਪੀ ਘਰ ਡੇਰਾ, ਰਹਿਣ ਦੀ ਥਾਂ ਨਹੀਂ। ਉਸ ਅਸਲੀ ਘਰ ਟਿਕਾਣੇ ਦੀ ਪਹਿਚਾਣ ਕਰ, ਕਿਉਂਕਿ ਇਹ ਸਰੀਰ ਵੀ ਤੇਰਾ ਪੱਕਾ ਘਰ ਨਹੀਂ ਹੈ। ਇਸ ਨੂੰ ਵੀ ਛੱਡ ਕੇ ਤੂੰ ਪ੍ਰਲੋਕ ਨੂੰ ਜਾਣਾ ਹੈ। ਗੁਰੂ ਦੇ ਸ਼ਬਦ ਵਿਚ ਜੁੜ ਕੇ ਇਹ ਸਮਝ-ਸੂਝ ਹਾਸਲ ਕਰ ਕਿ ਪਰਮਾਤਮਾ ਦਾ ਸਰੂਪ, ਸੱਚਖੰਡ ਰੂਪ ਡੇਰੇ ਨੂੰ ਜਾਨਣਾ ਕਰ। ਇੱਥੇ ਘਰ ਦੇ ਲਈ ਤੂੰ ਬਹੁਤ ਮਿਹਨਤ ਕਰਦਾ ਤੇ ਤਕਲੀਫਾਂ ਝੱਲ ਕੇ ਕਮਾਈ ਕਰਦਾ ਹੈਂ। ਪਰ ਤੇਰੇ ਘਰ ਦਾ ਥੋੜ੍ਹਾ ਜਿਹਾ ਵੀ ਹਿੱਸਾ ਤੇਰੇ ਨਾਲ ਨਹੀਂ ਜਾਣਾ। ਤਸੂ = 24 ਤਸੂਆਂ ਦਾ ਇਕ ਇਮਾਰਤੀ ਗਜ ਹੁੰਦਾ ਹੈ ਜੋ ਕਿ 32 ਇੰਚ ਦੇ ਬਰਾਬਰ ਹੁੰਦਾ ਹੈ। ਸੋ ਇਸ ਹਿਸਾਬ ਨਾਲ ਇਕ ਤਸੂ ਸਵਾ ਕੁ ਇੰਚ ਦਾ ਹੁੰਦਾ ਹੈ। ਸੋ ਤੇਰੇ ਏਕੜਾਂ ਦੇ ਵਿਚ ਫੈਲੇ ਹੋਏ ਘਰ ਦਾ ਇਕ ਤਸੂ ਵੀ ਤੇਰੇ ਨਾਲ ਨਹੀਂ ਜਾਣਾ। ਜਿਵੇਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕਾਰੂੰ ਬਾਦਸ਼ਾਹ ਨੂੰ ਸੂਈ ਦੇ ਕੇ ਸਮਝਾਇਆ ਸੀ ਕਿ ਤੂੰ ਸਾਡੀ ਸੂਈ ਰੱਖ ਲੈ ਅੱਗੇ ਤੇਰੇ ਕੋਲੋਂ ਦਰਗਾਹ ਵਿਚ ਲੈ ਲਵਾਂਗੇ। ਪਹਿਲਾਂ ਤਾਂ ਉਸ ਨੇ ਸੂਈ ਫੜ ਲਈ ਫਿਰ ਘਰ ਵਿਚ ਪ੍ਰਵਾਰ ਵਿਚ ਵਿਚਾਰ-ਵਟਾਂਦਰਾ ਕਰਕੇ ਸੋਝੀ ਹੋਈ ਕਿ ਇਹ ਤਾਂ ਮੈਂ ਨਾਲ ਨਹੀਂ ਲੈ ਜਾ ਸਕਦਾ। ਜਦੋਂ ਆ ਕੇ ਗੁਰੂ ਸਾਹਿਬ ਜੀ ਕੋਲ ਆਪਣੀ ਅਸਮਰਥਾ ਬਿਆਨ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਆਖਿਆ ਕਿ ਇਹ ਜੋ ਇਤਨਾ ਮਾਲ-ਧਨ ਗਰੀਬਾਂ 'ਤੇ ਜ਼ੁਲਮ ਕਰਕੇ ਤੂੰ ਇਤਨੇ ਗੰਜ ਜੋੜੇ ਹਨ ਕੀ ਉਹ ਤੂੰ ਲੈ ਜਾ ਸਕੇਂਗਾ, ਤਾਂ ਸੋਝੀ ਹੋ ਆਈ। ਸਤਿਗੁਰੂ ਜੀ ਨੇ ਫੁਰਮਾਨ ਕੀਤਾ ਤੂੰ ਗਰੀਬਾਂ ਲੋੜਵੰਦਾਂ ਵਿਚ ਵੰਡ ਦੇ, ਲੰਗਰ ਲਾ ਦੇ, ਅਸੀਂ ਤੇਰੇ ਇਸ ਤਰ੍ਹਾਂ ਵਰਤਾਏ ਧਨ ਦੇ ਗਵਾਹ ਹੋਵਾਂਗੇ।

ਇਸ ਅਸਲੀ ਘਰ ਦਾ ਭੇਦ ਉਹ ਹੀ ਜਾਣ ਸਕਦਾ ਹੈ ਜਿਸ ਉੱਪਰ ਪੂਰਨ ਪ੍ਰਭੂ ਦੀ ਮਿਹਰ ਹੁੰਦੀ ਹੈ। ਅਸਲੀ ਡੇਰਾ ਸਤਿਸੰਗਤ ਵਿਚ ਜਾਣ ਨਾਲ ਸਦੀਵੀ ਆਤਮਿਕ ਅਨੰਦ ਪ੍ਰਾਪਤ ਹੋ ਜਾਂਦਾ ਹੈ, ਫਿਰ ਉਨ੍ਹਾਂ ਦਾ ਮਨ ਇਸ ਨਾਸਵੰਤ ਘਰਾਂ ਦੇ ਕਰਕੇ ਨਹੀਂ ਡੋਲਦਾ। ਸਤਿਗੁਰੂ ਜੀ ਵੀ ਫੁਰਮਾਨ ਕਰਦੇ ਹਨ :

ਥਿਰ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥
(ਅੰਗ ੨੦੧)

ਭਾਈ ਗੁਰਦਾਸ ਜੀ ਵੀ ਮਾਰਗ ਦਰਸ਼ਨ ਕਰਦੇ ਹਨ 29ਵੀਂ ਵਾਰ ਦੀ 13ਵੀਂ ਪਉੜੀ ਵਿਖੇ :

ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ ਦਾਵੈ।
ਸਾਧ ਸੰਗਤਿ ਮਿਲਿ ਹੁਕਮਿ ਕਮਾਵੈ ॥ ੧੩ ॥

ਰਾਮਕਲੀ ਰਾਗ ਦੇ ਵਿਚ ਬਾਣੀ ਦਖਣੀ ਓਅੰਕਾਰ ਅੰਗ ੯੩੩ ਵਿਖੇ ਅੰਕ ੩੦ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਜੋ ਕੂੜਿਆਰ ਇਸਤ੍ਰੀ ਹੈ ਬਹੁਤੇ ਵੇਸਾਂ ਦੇ ਕਰਨ ਵਾਲੀ ਹੈ ਉਸ ਨੂੰ ਆਖਦੇ ਹਨ ਕਿ ਹੇ ਸਖੀ ! ਤੂੰ ਦੁਆਰੇ-ਦੁਆਰੇ, ਥਾਂ-ਥਾਂ ਡੋਲਦੀ ਫਿਰਦੀ ਐਂ ਤੇ ਭਟਕ-ਭਟਕ ਕੇ ਤੇਰੇ ਸ਼ਿੰਗਾਰ ਤੇ ਸਾਰੇ ਕੱਪੜੇ ਪਾਟ ਗਏ ਹਨ ਭਾਵ ਤ੍ਰਿਸ਼ਨਾ ਤੇ ਈਰਖਾ ਦੀ ਅੱਗ ਦੇ ਕਾਰਨ ਹੋਰ ਆਸਰੇ ਤੱਕਿਆਂ ਸਾਰੇ ਧਾਰਮਿਕ ਉਦਮ ਵਿਅਰਥ ਜਾਂਦੇ ਹਨ। ਤ੍ਰਿਸ਼ਨਾ ਦੀ ਅੱਗ ਵਿਚ ਸੜਦਿਆਂ ਹਿਰਦੇ ਵਿਚ ਸੁਖ ਨਹੀਂ ਹੋ ਸਕਦਾ। ਇਸੇ ਤਰ੍ਹਾਂ ਡਰਨ ਨਾਲ ਬੇਅੰਤ ਜੀਵ ਖੱਪ ਰਹੇ ਹਨ ਭਟਕਣੇ ਕਰਕੇ। ਪ੍ਰਮਾਤਮਾ ਦਾ ਡਰ ਧਾਰ ਕੇ ਜੋ ਜੀਵ ਇਸਤ੍ਰੀ ਆਪਣੇ ਸਰੀਰ ਵਿਚ ਰਹਿੰਦਿਆਂ ਹੀ ਮਰੀ ਰਹਿੰਦੀ ਹੈ ਭਾਵ ਆਸਾਵਾਂ ਦਾ ਤਿਆਗ ਕਰਦੀ ਹੈ ਤਾਂ ਪ੍ਰਭੂ ਉਸ ਨੂੰ ਮਿਹਰ ਦੀ ਨਿਗ੍ਹਾ ਨਾਲ ਦੇਖਦਾ ਹੈ। ਜਿਸ ਨੇ ਆਪਦੇ ਗੁਰਾਂ ਦਾ ਭੈ ਆਪਣੇ ਵਿਚ ਹਿਰਦੇ ਵਿਚ ਧਾਰਨ ਕਰਕੇ ਨਿਰਭਉ ਪ੍ਰਭੂ ਦਾ ਨਾਮ ਜਪਿਆ ਹੈ ਤੇ ਐਸਾ ਹੋਰਨਾਂ ਨੂੰ ਵੀ ਸੁਣਾਇਆ ਹੈ। ਜਦੋਂ ਤੱਕ ਹਉਮੈ ਕਰਕੇ ਸਿਰ ਉੱਚਾ ਪਹਾੜ ਦੀ ਤਰ੍ਹਾਂ ਤਾਂ ਮਾਇਆਵੀ ਪਦਾਰਥਾਂ ਦੀ ਬਹੁਤ ਪਿਆਸ ਸੀ ਪਰ ਜਦੋਂ ਪ੍ਰਭੂ ਦਾ ਦੀਦਾਰ ਕਰ ਲਿਆ ਤਾਂ ਇਹ ਪਿਆਸ ਨੂੰ ਮਿਟਾਉਣ ਵਾਲਾ ਅੰਮ੍ਰਿਤ ਨੇੜੇ ਹੀ ਦਿਸ ਪਿਆ ਤੇ ਗੁਰੂ ਦੇ ਸ਼ਬਦ ਦੀ ਕਮਾਈ ਕਰ, ਰੱਜ ਕੇ ਇਸ ਅੰਮ੍ਰਿਤ ਨੂੰ ਛਕਣਾ ਕੀਤਾ। ਹਰੇਕ ਜਗਿਆਸੂ ਆਖਦਾ ਹੈ ਪ੍ਰਭੂ ਜੀ ਮੈਨੂੰ ਇਹ ਦਾਤ ਦੇਵੋ। ਪ੍ਰਭੂ ਜੀ ਆਪਣੀ ਮਰਜ਼ੀ ਨਾਲ ਜੋ ਉਨ੍ਹਾਂ ਨੂੰ ਚੰਗਾ ਲੱਗਦਾ ਹੈ ਉਸ ਨੂੰ ਦਾਤ ਬਖ਼ਸ਼ਦੇ ਹਨ। ਫੁਰਮਾਨ ਹੈ :

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥ (ਅੰਗ ੬੦੩)

ਪਰ ਇਹ ਦਾਤਾਂ ਪ੍ਰਭੂ ਜੀ ਗੁਰੂ ਜੀ ਦੁਆਰਾ ਬਖ਼ਸ਼ਦੇ ਹਨ ਜਿਨ੍ਹਾਂ ਦੁਆਰਾ ਜਨਮਾਂ-ਜਨਮਾਂਤਰਾਂ ਦੀ ਤ੍ਰਿਸ਼ਨਾ ਰੂਪੀ ਪਿਆਸ ਖਤਮ ਹੋ ਜਾਂਦੀ ਹੈ।

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖਰੀ ਅੰਗ ੩੪੧ ਵਿਖੇ ਅੰਕ ੧੯ ਰਾਹੀਂ ਡੱਡੇ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜੇ ਪਰਮਾਤਮਾ ਦਾ ਡਰ ਮਨੁੱਖ ਦੇ ਹਿਰਦੇ ਵਿਚ ਪੈਦਾ ਹੋ ਜਾਵੇ ਤਾਂ ਬਾਕੀ ਦੇ ਡਰ, ਦੁਨੀਆਂ ਦਾ ਡਰ, ਜਮਾਂ ਦਾ ਡਰ ਆਦਿ ਪ੍ਰਭੂ ਦੇ ਡਰ ਭੈ ਦੇ ਵਿਚ ਹੀ ਚਲਿਆ ਜਾਂਦਾ ਹੈ, ਮੁੱਕ ਜਾਂਦਾ ਹੈ। ਪਰ ਜੇ ਮਨੁੱਖ ਰੱਬ ਦਾ ਡਰ ਮਨ ਵਿਚ

ਨਾ ਵਸਾਵੇ ਤਾਂ ਫਿਰ ਦੂਜੇ ਡਰ ਚਿੰਬੜ ਹੀ ਜਾਂਦੇ ਹਨ। ਪਰ ਜੇ ਹਿੰਮਤ ਧਾਰ ਕੇ ਪ੍ਰਭੂ ਦਾ ਡਰ ਧਾਰਨ ਕਰੇ ਤਾਂ ਨਿਡਰ ਹੋ ਜਾਂਦਾ ਹੈ ਤੇ ਦੁਨੀਆਂ ਦਾ ਡਰ, ਜੰਮਣ ਮਰਣ ਦਾ ਡਰ ਆਦਿ ਸਭ ਦੌੜ ਜਾਂਦੇ ਹਨ। ਫੁਰਮਾਨ ਵੀ ਹੈ :

ਨਿਰਭਉ ਜਪੈ ਸਗਲ ਭਉ ਮਿਟੈ ॥ (ਅੰਗ ੨੯੩)

ਡ ਅੱਖਰ ਨਾਲ ਸ਼ੁਰੂ ਹੋਣ ਵਾਲੇ ਕੁਝ ਸ਼ਬਦ ਇਸ ਤਰ੍ਹਾਂ ਹਨ :

ਡੱਕਣਾ, ਡੱਕਰਾ, ਡਕਾਰ, ਡੰਕਾ ਵਜਾਉਣਾ, ਡੱਕਾ ਨਾ ਤੋੜਨਾ, ਡੰਗ, ਡਾਕਟਰ, ਡੰਗਰ, ਡੱਗੀ, ਡੰਡਾ, ਡੰਗੋਰੀ, ਡੱਡੂ, ਡੰਡਉਤਿ, ਡੱਬਾ, ਡਰ, ਡਲੀ, ਡਾਇਰੀ, ਡਾਕ, ਦਰਸ਼ਨੀ ਡਿਓੜੀ, ਡੇਰਾ, ਡੋਰੀ, ਡਾਕਾ, ਡਾਂਗ, ਡਿੱਗਣਾ, ਡੁੱਲਣਾ, ਡੂੰਘਾ, ਡੋਲੀ, ਡੋਲੇ ਫਰਕਣੇ, ਡਰਾਈ ਕਲੀਨਿੰਗ, ਡਰਾਈਵਿੰਗ, ਡਰਾਵਾ, ਡਾਕਖਾਨਾ, ਡਰਾਮਾ, ਡਾਹਣਾ, ਡੰਗਰ ਤੇ ਡੌਂਡੀ ਆਦਿ ਕੁਝ ਸ਼ਬਦ ਲਿਖੇ ਹਨ।

ਢ

ਢਢੈ ਢਾਹਿ ਉਸਾਰੇ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥
ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ
ਨਦਰਿ ਕਰੇ ॥ ੧੭ ॥ (ਅੰਗ ੪੩੩)

ਪੈਂਤੀ ਵਿਖੇ ਡ ਅੱਖਰ ਤੋਂ ਬਾਅਦ ਤੇ ਣ ਅੱਖਰ ਤੋਂ ਪਹਿਲਾਂ **ਢ** ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਢ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਪਹਿਲਾਂ ਅਸੀਂ ਦ ਅੱਖਰ ਲਿਖ ਲਈਏ ਤੇ ਹੇਠਾਂ ਅਖੀਰ ਤੇ ਲਕੀਰ ਨੂੰ ਮੋੜ ਕੇ ਵਾਪਸ ਜੋੜ ਦੇਈਏ ਘੁੰਡੀ ਜਿਹੀ ਬਣਾ ਕੇ ਤਾਂ ਢਢਾ ਅੱਖਰ ਲਿਖ ਹੋ ਜਾਂਦਾ ਹੈ। **ਢ** ਅੱਖਰ ਟਵਰਗ ਪਾਲ ਜੋ ਟੈਂਕੇ ਨਾਲ ਸ਼ੁਰੂ ਹੁੰਦੀ ਹੈ ਉਸ ਪਾਲ ਦਾ ਚੌਥਾ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੧੭ ਦੁਆਰਾ ਪਾਂਧੇ ਨੂੰ ਉਪਦੇਸ਼ ਬਖ਼ਸ਼ਦੇ ਹਨ ਕਿ ਉਹ ਪਰਮੇਸ਼ਰ ਆਪ ਹੀ ਜੀਵਾਂ ਨੂੰ ਉਤਪੰਨ ਕਰਦਾ ਹੈ ਤੇ ਆਪ ਹੀ ਜੀਵਾਂ ਨੂੰ ਢਾਹ ਦਿੰਦਾ ਭਾਵ ਖਤਮ ਕਰ ਦਿੰਦਾ ਹੈ। ਤਿੰਨਾਂ ਲੋਕਾਂ ਨੂੰ ਪੰਜਾਂ ਤੱਤਾਂ ਦੇ ਰਾਹੀਂ ਪਹਿਲਾਂ ਬਣਾਉਂਦਾ ਹੈ ਫਿਰ ਢਾਹ ਦਿੰਦਾ ਹੈ, ਜਿਵੇਂ ਉਸ ਨੂੰ ਚੰਗਾ ਲਗਦਾ ਉਵੇਂ ਹੀ ਕਰਦਾ ਹੈ। ਸਭ ਉੱਪਰ ਨਿਗ੍ਹਾ ਰੱਖ ਕੇ ਆਪਣੇ ਹੁਕਮ ਚਲਾਉਂਦਾ ਹੈ। ਜਿਸ ਜੀਵ ਸਿਰਜਣਹਾਰ ਪ੍ਰਭੂ ਨੂੰ ਵਿਸਾਰ ਕੇ ਨਾਸ਼ਵੰਤ ਸੰਸਾਰ ਵਿਚ ਮਗਨ ਰਹਿੰਦਾ ਹੈ। ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਦਰਿ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਸ ਨੂੰ ਪਾਰ ਲੰਘਾਉਂਦਾ ਭਾਵ ਤਾਰਦਾ ਹੈ। ਫੁਰਮਾਨ ਹੈ :

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ (ਅੰਗ ੬)

ਗਉੜੀ ਬਾਵਨ ਅਖਰੀ ਅੰਗ ੨੫੬ ਵਿਖੇ ਅੰਕ ੩੦ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਤੇ ਪਉੜੀ ਵਿਚ **ਢ** ਅੱਖਰ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਜਦੋਂ ਧਰਮ ਰਾਜੇ ਦੇ ਜਮਦੂਤ ਤੇਰੇ ਸਰੀਰ ਰੂਪੀ ਘਰ ਨੂੰ ਢਾਉਣ ਲੱਗੇ ਤਾਂ ਕਿਸੇ ਨੇ ਵੀ ਉਨ੍ਹਾਂ ਨੂੰ ਰੋਕਣਾ ਨਹੀਂ, ਕਿਉਂਕਿ ਉਹ ਤਾਂ ਉਨ੍ਹਾਂ ਨੂੰ ਦਿਖਾਈ ਹੀ ਨਹੀਂ ਦੇਣੇ। ਜੇ ਦਿਸ ਵੀ ਪੈਣ ਤਾਂ ਉਹ ਇਤਨੀ ਜਲਦੀ ਇਤਨਾ ਜ਼ੋਰ ਨਾਲ ਫੜਦੇ ਹਨ ਕਿ ਕੋਈ ਛੁਡਾ ਨਹੀਂ ਸਕਦਾ। ਪਰ ਜਿਹੜੇ ਵਿਅਕਤੀ ਸਾਧਸੰਗਤ ਵਿਚ ਜਾਂਦੇ ਹਨ, ਪ੍ਰਭੂ ਦੀ ਭਗਤੀ ਕਰਕੇ ਨਾਮ ਜਪ ਕੇ ਬਚ ਜਾਂਦੇ ਹਨ। ਇਸ ਸਲੋਕ ਦਾ ਭਾਵ ਇਸ ਸ਼ਬਦ ਵਿਚ ਦਿਖਾਈ ਦਿੰਦਾ ਹੈ :

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ॥
ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ॥
ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ॥
ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ॥ (ਅੰਗ ੭੮)

ਹੁਣ ਪਉੜੀ ਵਿਚ ਫ਼ੁਰਮਾਉਂਦੇ ਹਨ ਕਿ ਉਸ ਪ੍ਰਭੂ ਨੂੰ ਬਾਹਰ ਕਿੱਥੇ ਲੱਭਦੇ ਫਿਰਦੇ ਹੋ, ਉਸ ਨੂੰ ਤਾਂ ਆਪਣੇ ਅੰਤਸ਼ਕਰਣ, ਮਨ ਵਿਖੇ ਹੀ ਖੋਜੋ। ਉਹ ਤਾਂ ਤੁਹਾਡੇ ਨਾਲ ਹੀ ਹੈ। ਉਸ ਨੂੰ ਲੱਭਣ ਲਈ ਜੰਗਲਾਂ ਵਿਚ ਫਿਰਨ, ਜਾਣ ਤੇ ਭਾਲਣ ਦੀ ਜ਼ਰੂਰਤ ਨਹੀਂ। ਫ਼ੁਰਮਾਨ ਵੀ ਹੈ :

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ (ਅੰਗ ੬੮੪)

ਸ੍ਰੇਸ਼ਟ ਜਨਾਂ ਦੀ ਸੰਗਤ, ਸਾਧਸੰਗਤ ਵਿਚ ਜਾ ਕੇ ਨਿਮਰਤਾ ਧਾਰਨ ਕਰਕੇ ਹੰਗਤਾ ਦੀ ਢੇਰੀ, ਕੰਧ ਨੂੰ ਢਾਹ ਦਿਓ, ਇਹ ਹੰਗਤਾ, ਹਉਮੈ ਦੀ ਬੁੱਧੀ ਬਹੁਤ ਭਿਆਨਕ ਹੈ। ਐਸਾ ਕਰੋਗੇ ਤਾਂ ਸੁਖੀ ਵਸੋਗੇ ਤੇ ਪ੍ਰਭੂ ਜੀ ਦਾ ਦੀਦਾਰ ਦੇਖ ਕੇ ਅਨੰਦਤ ਹੋ ਜਾਵੋਗੇ। ਜਿਸ ਜੀਵ ਦੇ ਹਿਰਦੇ ਵਿਖੇ ਹਉਮੈ ਦੀ ਪੱਕੀ ਢੇਰੀ ਬਣੀ ਹੋਈ ਹੈ ਉਹ ਜਨਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ ਭਾਵ ਜੰਮਦਾ ਮਰਦਾ ਤੇ ਦੁੱਖ ਭੋਗਦਾ ਹੈ। ਹਉਮੈ ਦੇ ਕਾਰਨ ਹੀ ਇਸ ਵਿਚ ਫਸਿਆ ਰਹਿੰਦਾ ਹੈ। ਫ਼ੁਰਮਾਨ ਵੀ ਹੈ :

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ (ਅੰਗ ੪੬੬)

ਜੋ ਇਸੇ ਜਨਮ ਵਿਚ ਸਾਧਸੰਗਤ ਵਿਚ ਆ ਕੇ ਨਿਮਰਤਾ ਸਹਿਤ ਸ਼ਰਨ ਗ੍ਰਹਿਣ ਕਰ ਲੈਂਦੇ ਹਨ। ਫਿਰ ਉਨ੍ਹਾਂ ਨੂੰ ਢਾਹੁਣ ਵਾਲੇ ਵਿਕਾਰ ਕਾਮ, ਕ੍ਰੋਧ ਆਦਿ ਢਹਿ ਜਾਂਦੇ ਹਨ। ਉਨ੍ਹਾਂ ਦੀਆਂ ਦੁੱਖਾਂ ਦੀਆਂ ਫਾਹੀਆਂ ਕੱਟੀਆਂ ਜਾਂਦੀਆਂ ਹਨ ਤੇ ਪ੍ਰਭੂ ਉਨ੍ਹਾਂ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ।

ਦਖਣੀ ਓਅੰਕਾਰ ਬਾਣੀ ਅੰਗ ੯੩੩-੯੩੪ ਵਿਖੇ ਅੰਕ ੩੧ ਦੁਆਰਾ **ਢਢੇ** ਅੱਖਰ

ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਕਿ ਲੱਭਣੀ ਵਾਲੀ ਹੋ ਕੇ ਮੈਂ ਢੂੰਢਣ ਦੀ ਕੋਸ਼ਿਸ਼ ਕਰ ਰਹੀ ਹਾਂ ਪਰ ਮੈਂ ਵੇਖਿਆ ਜੋ ਆਪਣੇ ਆਪ ਨੂੰ ਦੂਜਿਆਂ ਦਾ ਆਸਰਾ ਸਮਝਦੇ ਹਨ ਤੇ ਆਪਣੇ ਆਪ ਨੂੰ ਬਹੁਤ ਵੱਡਾ ਅਮੀਰ ਹਾਂ, ਬਹੁਤ ਵੱਡਾ ਹਾਂ ਉਹ ਢਹਿ-ਢਹਿ ਕੇ ਡਿੱਗ ਪਏ ਜੋ ਤਾਂ ਪਾਪਾਂ ਕਰਕੇ ਭਾਰੇ ਸੀ। ਉਨ੍ਹਾਂ ਨੂੰ ਤਾਂ ਮੌਤ ਹੀ ਆ ਗਈ ਤੇ ਜੋ ਹੌਲੇ ਸੀ ਪਾਪਾਂ ਰਹਿਤ ਸਨ ਉਹ ਸੰਸਾਰ ਸਮੁੰਦਰ ਤੋਂ ਪਾਰ ਨਿਕਲ ਗਏ। ਜੋ ਜੀਵ ਨਿਸ਼ਕਾਮਤਾ ਸਹਿਤ ਭਗਤੀ ਕਰਦੇ ਹਨ ਉਨ੍ਹਾਂ ਨੂੰ ਪ੍ਰਭੂ ਜੀ ਮਿਲੇ ਹਨ ਕਿਉਂਕਿ ਉਨ੍ਹਾਂ ਦੀ ਕੋਈ ਯਾਚਨਾ ਮੰਗ ਨਹੀਂ ਸੀ ਭਗਤੀ ਕਰਦਿਆਂ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਫ਼ੁਰਮਾਨ ਵੀ ਹੈ :

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
(ਅੰਗ ੨੮੬)

ਐਸੇ ਨਿਸ਼ਕਾਮ ਭਗਤੀ ਕਰਨ ਵਾਲਿਆਂ ਦੀ ਮੈਨੂੰ ਵੀ ਸੰਗਤ ਬਖ਼ਸ਼ੋ ਜੀ, ਐਸੇ ਪੁਰਖਾਂ ਦੀ ਧੂੜੀ ਨਾਲ ਛੁਟ ਜਾਈਦਾ ਹੈ, ਤਰ ਜਾਈਦਾ ਹੈ। ਜਦੋਂ ਆਪਣੇ ਗੁਰਾਂ ਨੂੰ ਮਨ ਸਮਪਰਣ ਕਰ ਦਿੱਤਾ, ਭੇਟਾ ਕਰ ਦਿੱਤਾ ਤਾਂ ਗੁਰਾਂ ਤੋਂ ਨਿਰਮਲ ਨਾਮ ਪ੍ਰਾਪਤ ਕੀਤਾ ਹੈ। ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਨਾਮ ਬਖ਼ਸ਼ਿਸ਼ ਕੀਤਾ ਹੈ ਮੈਂ ਉਨ੍ਹਾਂ ਤੋਂ ਬਲਿਹਾਰ, ਕੁਰਬਾਨ ਜਾਂਦਾ ਹਾਂ। ਜੋ ਪਰਮੇਸ਼ਰ ਜਗਤ ਨੂੰ ਉਸਾਰਦਾ ਹੈ, ਉਤਪਤੀ ਕਰਦਾ ਹੈ ਉਹੀ ਢਾਉਂਦਾ ਵੀ ਹੈ। ਉਨ੍ਹਾਂ ਤੋਂ ਬਿਨਾਂ ਹੋਰ ਕੋਈ ਐਸਾ ਕਰਨੇ ਵਾਲਾ ਨਹੀਂ ਹੈ। ਗੁਰਾਂ ਦੀ ਕ੍ਰਿਪਾ ਨਾਲ ਜੇ ਉਨ੍ਹਾਂ ਨੂੰ ਯਾਦ ਕਰਦਾ ਰਵੇਂ ਤਾਂ ਫਿਰ ਸਰੀਰ ਨੂੰ ਕਿਸੇ ਪ੍ਰਕਾਰ ਦਾ ਦੁੱਖ ਨਹੀਂ ਹੁੰਦਾ।

ਗਉੜੀ ਬਾਵਨ ਅਖਰੀ ਅੰਗ ੩੪੦ ਵਿਖੇ ਅੰਕ ੨੦ ਦੁਆਰਾ **ਢਢੇ** ਅੱਖਰ ਦਾ ਉਪਦੇਸ਼ ਭਗਤ ਸ੍ਰੀ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਪਰਮੇਸ਼ਰ ਤੁਹਾਡੇ ਕੋਲ ਨਜ਼ਦੀਕ ਹੀ ਹੈ, ਤੂੰ ਕਿਸ ਵਾਸਤੇ ਹੋਰ ਥਾਵਾਂ 'ਤੇ ਲੱਭਦਾ ਹੈਂ? ਕਈਆਂ ਦੇ ਬਾਹਰ ਢੂੰਢਦਿਆਂ ਦੇ ਪ੍ਰਾਣਾਂ ਦਾ ਹੀ ਅੰਤ ਹੋ ਗਿਆ। ਜਦੋਂ ਸੁਮੇਰ ਪਰਬਤ 'ਤੇ ਚੜ੍ਹ ਕੇ ਵੀ ਮੈਂ ਢੂੰਢ ਆਇਆ ਭਾਵ ਪਹਾੜਾਂ ਦੀਆਂ ਚੋਟੀਆਂ, ਪਹਾੜਾਂ ਦੀਆਂ ਗੁਫਾਂ ਵਿਚ ਬੈਠ ਕੇ ਪ੍ਰਾਣਾਯਾਮ ਰਾਹੀਂ ਸਮਾਧੀਆਂ ਲਾ ਕੇ। ਜਦੋਂ ਗੁਰਾਂ ਦੀ ਸ਼ਰਨ ਵਿਚ ਆਇਆ ਤਾਂ ਗੁਰਾਂ ਦੀ ਕ੍ਰਿਪਾ ਨਾਲ ਪ੍ਰਾਪਤੀ ਹੋ ਗਈ। ਜਿਸ ਪਰਮਾਤਮਾ ਨੇ ਸਰੀਰ ਰੂਪੀ ਕਿਲ੍ਹੇ ਨੂੰ ਘੜਿਆ, ਉਸ ਨੂੰ ਇਸ ਸਰੀਰ ਰੂਪੀ ਕਿਲ੍ਹੇ ਵਿਚੋਂ ਹੀ ਪ੍ਰਾਪਤ ਕੀਤਾ ਹੈ। ਗੜ੍ਹ ਨਾਮ ਕਿਲ੍ਹੇ ਦਾ ਹੁੰਦਾ ਹੈ। ਜਿਸ ਨੇ ਸਰੀਰ ਰੂਪੀ ਕਿਲ੍ਹਾ ਰਚਿਆ ਹੈ ਉਹ ਇਸ ਦੇ ਵਿਚ ਹੀ ਬੈਠਾ ਹੈ। ਇਸੇ ਕਰਕੇ ਉਸ ਨੂੰ ਕਰਤਾ ਪੁਰਖ ਆਖਿਆ ਜਾਂਦਾ ਹੈ। ਉਹ ਆਪਣੀ ਕ੍ਰਿਤ ਵਿਚ ਪਰੀਪੂਰਨ ਹੈ। ਇਸੇ ਤਰ੍ਹਾਂ ਦੇ ਭਾਵ ਦਾ ਇਕ ਫ਼ੁਰਮਾਨ ਵੀ ਹੈ :

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥
(ਅੰਗ ੧੦੦੨)

ਹੁਣ ਢੱਢੇ ਅੱਖਰ ਨਾਲ ਸ਼ੁਰੂ ਹੋਣ ਵਾਲੇ ਕੁਝ ਕੁ ਅੱਖਰ ਲਿਖੇ ਜਾਂਦੇ ਹਨ :

ਢਾਡੀ, ਢੰਡੋਰਾ, ਢਾਹ ਲੈਣਾ, ਢੱਕਣ, ਢਾਸਣਾ ਲਾਉਣਾ, ਢਾਣੀ, ਢਿੱਲਾ, ਢੇਰੀ, ਢੋਲ, ਢੋਲਕੀ, ਢੱਗਾ, ਢੂੰਚਰ, ਢੱਡ, ਢਲਣਾ, ਢਾਂਗਾ, ਢਾਬ, ਢਾਰਸ, ਢਿੱਡ, ਢਿਬਰੀ, ਢੁਕਣਾ, ਢੋਂਗੀ, ਢੇਰ ਤੇ ਢੀਠ ਆਦਿ ਕੁਝ ਸ਼ਬਦ ਲਿਖੇ ਹਨ।

ਣ

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥੧੮॥

(ਅੰਗ ੪੩੩)

ਪੈਂਤੀ ਵਿਖੇ ਢ ਅੱਖਰ ਤੋਂ ਬਾਅਦ ਤੇ ਤ ਅੱਖਰ ਤੋਂ ਪਹਿਲਾਂ ਣ ਅੱਖਰ ਆਉਂਦਾ ਹੈ।

ਹੁਣ ਪਹਿਲਾਂ ਦੇਖਦੇ ਹਾਂ ਕਿ ਣ ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਪਹਿਲਾਂ ਉੱਪਰ ਲਕੀਰ ਵਾਹ ਕੇ ਖੱਬੇ ਪਾਸੇ ਦੇ ਸਿਰੇ ਤੋਂ ਥੋੜ੍ਹਾ ਬਾਦ ਤੋਂ ਤਕਰੀਬਨ 20 ਪ੍ਰਤੀਸ਼ਤ ਕੋਨ ਦੁਆਰਾ ਸੱਜੇ ਨੂੰ ਤਿਰਛੀ ਲਕੀਰ ਵਾਹੀ ਜਾਂਦੀ ਹੈ ਫਿਰ ਉਸ ਦੇ ਅਖੀਰ ਤੋਂ ਪਹਿਲਾਂ ਟੈਂਕਾ ਅੱਖਰ ਹੇਠਾਂ ਨੂੰ ਵਾਹ ਦਿੱਤਾ ਜਾਵੇ ਤਾਂ ਣ ਅੱਖਰ ਰੂਪ ਧਾਰ ਲੈਂਦਾ ਹੈ। ਣ ਟਵਰਗ ਦੀ ਪਾਲ ਦਾ ਪੰਜਵਾਂ ਅੱਖਰ ਹੈ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀ ਨੇ ਪਟੀ ਬਾਣੀ (ਭੁਲਾਵੇਂ ਅੱਖਰਾਂ) ਵਿਚ ਟਵਰਗ ਪਾਲ ਦਾ ਕੋਈ ਵੀ ਅੱਖਰ ਨਹੀਂ ਵਰਤਿਆ, ਸਤਿਗੁਰੂ ਜੀ ਦੀ ਆਪਣੀ ਮੌਜ, ਪ੍ਰਸੰਨਤਾ ਤੇ ਅਜ਼ਾਦੀ ਹੈ, ਜਿਸ ਨੂੰ ਅਸੀਂ ਜੀਵ ਸਮਝਣ ਵਿਚ ਅਸਮਰਥ ਹਾਂ। ਸਾਡੀ ਤਾਂ ਨਮਸਕਾਰ ਕਰਨੀ ਹੀ ਬਣਦੀ ਹੈ ਜੀ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੧੮ ਰਾਹੀਂ ਣ ਅੱਖਰ ਦਾ ਉਪਦੇਸ਼ ਪਾਂਧੇ ਤਾਈਂ ਬਖ਼ਸ਼ਿਸ਼ ਕਰਦੇ ਹਨ ਕਿ ਜਿਹੜਾ ਵਿਅਕਤੀ ਉਸ ਪ੍ਰਭੂ ਨੂੰ ਆਪਣੇ ਹਿਰਦੇ ਘਰ ਵਿਚ ਉਚਾਰਦਾ ਰਹਿੰਦਾ ਹੈ ਉਹੀ ਜ਼ੁਬਾਨ ਦੁਆਰਾ ਪ੍ਰਭੂ ਦੇ ਗੁਣ ਗਾਉਂਦਾ ਹੈ। ਭਾਵ ਉਸ ਨੂੰ ਹਿਰਦੇ ਵਿਚ ਵਸਾਉਣ ਤੋਂ ਬਿਨਾਂ ਉਸ ਪ੍ਰਭੂ ਦੇ ਗੁਣ ਗਾਉਣੇ ਔਖੇ ਹਨ। ਫੁਰਮਾਨ ਹੈ :

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥ (ਅੰਗ ੪੭੪)

ਉਸ ਦੀ ਪ੍ਰੀਤ ਤੇ ਪ੍ਰਸੰਨ ਹੋ ਕੇ ਪ੍ਰਭੂ ਆਪੇ ਹੀ ਮੇਲ ਲੈਂਦਾ ਹੈ ਤੇ ਫਿਰ ਉਹ ਜਨਮ ਮਰਣ ਤੇ ਦੁੱਖਾਂ ਤੋਂ ਰਹਿਤ ਹੋ ਜਾਂਦਾ ਹੈ। ਫੁਰਮਾਨ ਹੈ :

ਸਤਿਗੁਰਿ ਮਿਲਿਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ॥ (ਅੰਗ ੬੯)

ਗਉੜੀ ਬਾਵਨ ਅਖਰੀ ਅੰਗ ੨੫੬ ਉੱਪਰ ਅੰਕ ੩੧ ਵਿਖੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਤੇ ਪਉੜੀ ਦੁਆਰਾ ਣ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ। ਸਤਿਗੁਰੂ

ਜੀ ਫੁਰਮਾਉਂਦੇ ਹਨ ਕਿ ਧਰਮਰਾਜਾ ਆਪਣੇ ਦੂਤਾਂ ਨੂੰ ਚਿਤਾਵਨੀ ਦਿੰਦਾ ਹੈ ਕਿ ਜਿੱਥੇ ਸੰਤ ਜਨ ਪਰਮਾਤਮਾ ਦਾ ਭਜਨ ਕਰਦੇ ਹਨ, ਸਿਮਰਨ ਤੇ ਕੀਰਤਨ ਨਿਤ ਹੁੰਦਾ ਹੋਵੇ ਤਾਂ ਤੁਸੀਂ ਉਥੇ ਉਨ੍ਹਾਂ ਦੇ ਨਜ਼ਦੀਕ ਨਾ ਜਾਣਾ, ਨਹੀਂ ਤਾਂ ਨਾ ਮੈਂ ਨਾ ਤੁਸੀਂ ਤੇ ਨਾ ਹੀ ਸਾਡੀ ਜਮਪੁਰੀ ਛੁਟੇਗੀ, ਭਾਵ ਸਾਨੂੰ ਬਹੁਤ ਸਜ਼ਾ ਮਿਲੇਗੀ। ਸਿੰਮ੍ਰਤੀਆਂ ਵਿਚ ਧਰਮਰਾਜੇ ਦੀ ਨਗਰੀ ਦਾ ਨਾਮ ਸੰਯਮਨੀ ਪੁਰੀ ਲਿਖਿਆ ਮਿਲਦਾ ਹੈ। ਸਤਿਸੰਗਤ ਦੇ ਵਿਚ ਕੀਰਤਨ ਕਥਾ ਕਰਨ ਦਾ ਐਸਾ ਪ੍ਰਤਾਪ ਹੈ, ਇਸ ਪ੍ਰਥਾਇ ਇਕ ਸਾਖੀ ਹੈ :

ਸਾਖੀ—ਭਾਈ ਪਰਾਣਾ ਜੀ

ਗੁਰੂ ਨਾਨਕ ਸਾਹਿਬ ਜੀ ਦੇ ਅਨੰਤ ਸਿੱਖਾਂ ਵਿਚੋਂ ਇਕ ਭਾਈ ਪਰਾਣਾ ਨਾਮ ਦਾ ਸਿੱਖ ਹੋਇਆ ਹੈ। ਇਕ ਇਹੋ ਹੀ ਨਾਮ ਦਾ ਸਿੱਖ ਗੁਰੂ ਅਰਜਨ ਦੇਵ ਜੀ ਦੇ ਸਮੇਂ ਭੀ ਹੋਇਆ ਹੈ। ਇਥੇ ਸਾਖੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਭਾਈ ਪਰਾਣੇ ਦੀ ਹੈ। ਇਹ ਸਿੱਖ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਇਕ ਰੱਜਿਆ ਪੁੱਜਿਆ ਸ਼ਾਹੂਕਾਰ ਸੀ। ਹਰ ਵੇਲੇ ਮਾਇਆ ਦੀ ਦੌੜ ਵਿਚ ਲੱਗਿਆ ਰਹਿੰਦਾ ਸੀ। ਅਚਾਨਕ ਕਰਮ ਜਾਗੇ, ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰ ਕੇ ਮਾਇਆ ਦਾ ਪਰਦਾ ਦੂਰ ਹੋਇਆ ਅਤੇ ਬਚਨ ਸੁਣ ਕੇ ਪਰਲੋਕ ਦਾ ਭੈਅ ਪ੍ਰਤੀਤ ਹੋਣ ਲੱਗਾ। ਗੁਰੂ ਜੀ ਦੇ ਚਰਨ ਪਕੜ ਕੇ ਬੇਨਤੀ ਕੀਤੀ ਕਿ ਮੈਨੂੰ ਪਰਲੋਕ ਤੋਂ ਬਹੁਤ ਡਰ ਲੱਗਦਾ ਹੈ, ਮੇਰਾ ਭਲਾ ਕਿਵੇਂ ਹੋਵੇ? ਤਾਂ ਸਤਿਗੁਰੂ ਜੀ ਨੇ ਕਿਹਾ, "ਜਿਹੜੀ ਮਾਇਆ ਪਾਪਾਂ ਨਾਲ ਇਕੱਠੀ ਕੀਤੀ ਹੈ, ਸਭ ਗਰੀਬਾਂ ਨੂੰ ਲੁਟਾ ਦੇ, ਤੇਰੀ ਧਰਮ ਕਿਰਤ ਮਾਇਆ ਦੇ ਅਸੀਂ ਜਾਮਨ ਹੋਵਾਂਗੇ।" ਗੁਰੂ ਜੀ ਦਾ ਬਚਨ ਮੰਨ ਕੇ ਸਾਰੀ ਦੌਲਤ ਗਰੀਬਾਂ ਨੂੰ ਦੇ ਦਿੱਤੀ। ਪਰਿਵਾਰ ਨਰਾਜ਼ ਹੋ ਕੇ ਇਸ ਦਾ ਸਾਥ ਛੱਡ ਗਿਆ। ਗੁਰੂ ਜੀ ਇਸ ਨੂੰ ਪਰਮ ਪਦਵੀ ਦੇ ਕੇ ਅੱਗੇ ਚਲੇ ਗਏ।

ਗੁਰੂ ਜੀ ਦੇ ਹੁਕਮ ਅਨੁਸਾਰ ਧਰਮ ਕਿਰਤ ਕਰਨੀ, ਵੰਡ ਛਕਣਾ ਤੇ ਹਰ ਸਮੇਂ ਜਾਪ ਕਰਦੇ ਰਹਿਣਾ, ਥੋੜ੍ਹੇ ਸਮੇਂ ਵਿਚ ਆਤਮ ਅਨੰਦ ਆਉਣਾ ਲੱਗਾ। ਇਸ ਨੇ ਇਕ ਨਿਯਮ ਬਣਾਇਆ ਕਿ ਕਿਰਤ ਦੇ ਨਾਲ-ਨਾਲ ਪਰਮੇਸ਼ਰ ਦੀ ਸਿਫ਼ਤ ਸੁਣਨੀ ਜਾਂ ਕਰਨੀ ਵੀ ਜ਼ਰੂਰੀ ਹੈ। ਇਸ ਲਈ ਇਹ ਜਿੱਥੇ ਵੀ ਕਿਰਤ ਕਰਨ ਲਈ ਜਾਂਦਾ ਉਥੇ ਜਾਂ ਤਾਂ ਸਿਫ਼ਤ ਕਰਦਾ ਜਾਂ ਸੁਣਦਾ। ਇਕ ਸਰਕਾਰੀ ਮਾਮਲਾ ਉਗਰਾਹੁਣ ਵਾਲਾ ਕਰਮਚਾਰੀ ਮਾਮਲਾ ਉਗਰਾਹ ਰਿਹਾ ਸੀ। ਪਿੱਛੋਂ ਪਰਿਵਾਰ ਦੀ ਚਿੱਠੀ ਆਈ ਕਿ ਜਲਦੀ ਘਰੇ ਆ ਜਾਉ। ਚਿੱਠੀ ਮਿਲੀ ਤਾਂ ਰਾਤ ਦਾ ਸਮਾਂ ਸੀ। ਇਸ ਨੇ ਚੌਧਰੀ ਨੂੰ ਬੁਲਾਇਆ ਅਤੇ ਇਕ ਮਜ਼ਦੂਰ ਦੀ ਮੰਗ ਕੀਤੀ ਤਾਂ ਚੌਧਰੀ ਨੇ ਕਿਹਾ, ਇਸ ਸਮੇਂ ਕਿਸੇ ਮਜ਼ਦੂਰ ਨੇ ਜਾਣ ਲਈ ਸਹਿਮਤ ਨਹੀਂ ਹੋਣਾ, ਕਿਉਂਕਿ ੧੪ (ਚੌਦਾਂ) ਕੋਹਾਂ 'ਤੇ ਨਗਰ ਹੈ ਅਤੇ ਵਿਚਕਾਰ ਦਰਿਆ ਹੈ, ਪਰ ਇਕ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੈ, ਉਸ ਨੂੰ ਪੁੱਛ ਲੈਂਦੇ ਹਾਂ। ਚੌਧਰੀ, ਭਾਈ ਪਰਾਣੇ ਕੋਲ ਆਇਆ ਅਤੇ ਸਰਕਾਰੀ ਕਰਮਚਾਰੀ ਦੀ ਮੁਸ਼ਕਲ ਦੱਸੀ। ਭਾਈ ਪਰਾਣੇ ਨੇ ਕਿਹਾ ਕਿ ਮੈਨੂੰ

ਰਾਤ ਨੂੰ ਮਜ਼ਦੂਰ ਕਰਨ ਦੀ ਕੋਈ ਲੋੜ ਤਾਂ ਨਹੀਂ, ਪਰ ਇਸ ਜੀਵ ਦੇ ਭਲੇ ਲਈ ਮੈਂ ਜਾਣ ਲਈ ਤਿਆਰ ਹਾਂ। ਕਰਮਚਾਰੀ ਦਾ ਭਾਰ ਚੁੱਕਿਆ, ਜਦੋਂ ਦੋ ਕੋਹਾਂ 'ਤੇ ਪਹੁੰਚਿਆ ਤਾਂ ਸਿੱਖ ਨੂੰ ਆਪਣਾ ਨਿਯਮ ਯਾਦ ਆਇਆ ਤੇ ਪਸ਼ਚਾਤਾਪ ਕਰਨ ਲੱਗਾ ਕਿ ਧਿਰਕਾਰ ਐਸੀ ਕਿਰਤ ਨੂੰ ਜਿਸ ਨੇ ਪਰਮਾਤਮਾ ਭੁਲਾ ਦਿੱਤਾ ਹੈ। ਉਸ ਦਾ ਸਾਮਾਨ ਧਰਤੀ 'ਤੇ ਰੱਖ ਕੇ ਕਹਿਣ ਲੱਗਾ ਕਿ ਮੈਨੂੰ ਐਸੀ ਕਿਰਤ ਦੀ ਲੋੜ ਨਹੀਂ। ਮੁਨਸ਼ੀ ਨੇ ਕਿਹਾ ਕਿ ਮਜ਼ਦੂਰੀ ਵੱਧ ਦੇ ਦੇਵਾਂਗਾ, ਪਰ ਤੂੰ ਮੇਰਾ ਸਾਮਾਨ ਚੁੱਕ। ਭਾਈ ਸਾਹਿਬ ਕਹਿਣ ਲੱਗ ਕਿ ਮਜ਼ਦੂਰੀ ਦੀ ਬਾਤ ਨਹੀਂ, ਮੇਰਾ ਮਜ਼ਦੂਰੀ ਕਰਨ ਵੇਲੇ ਨਿਯਮ ਹੈ ਕਿ ਰੱਬ ਦੀ ਕੀਰਤੀ ਆਪ ਸੁਣਨੀ ਜਾਂ ਕਿਸੇ ਨੂੰ ਸੁਣਾਉਣੀ। ਉਸ ਮੁਨਸ਼ੀ ਨੇ ਕਿਹਾ ਕਿ ਮੈਂ ਸਿਫ਼ਤ ਕਰਨੀ ਜਾਣਦਾ ਤਾਂ ਨਹੀਂ ਪਰ ਸੁਣ ਜ਼ਰੂਰ ਲਵਾਂਗਾ। ਇਉਂ ਪਰਮਾਤਮਾ ਦੀ ਸਿਫ਼ਤ ਕਰਕੇ ਘਰ ਪਹੁੰਚੇ। ਅਰਾਮ ਲਈ ਆਸਣ ਦਿੱਤਾ। ਸਿੱਖ ਅੰਮ੍ਰਿਤ ਵੇਲੇ ਉੱਠ ਕੇ ਪਰਮਾਤਮਾ ਦੀ ਬੰਦਗੀ ਵਿਚ ਲੱਗਾ, ਵਾਪਸ ਮੁੜਨ ਵੇਲੇ ਉਸ ਮੁਨਸ਼ੀ ਨੇ ਚਾਰ ਪੈਸੇ ਮਜ਼ਦੂਰੀ ਦੇ ਕੇ ਵਿਦਾ ਕੀਤਾ ਤਾਂ ਭਾਈ ਪਰਾਣਾ ਉਥੋਂ ਚੱਲ ਕੇ ਥੋੜ੍ਹੀ ਦੂਰ ਪਰਤਿਆ ਸੀ, ਚੇਤਾ ਆਇਆ ਇਸ ਦਾ ਭਲਾ ਕਰ ਚੱਲੀਏ। ਵਾਪਸ ਆ ਕੇ ਉਸ ਨੂੰ ਪੁੱਛਿਆ ਕਿ ਤੇਰੀ ਉਮਰ ਕਿਤਨੀ ਹੈ? ਉਸ ਨੇ ਹੈਰਾਨ ਹੋ ਕੇ ਦੱਸਿਆ, ਉਮਰ ਤਾਂ 60 ਵਰ੍ਹਿਆਂ ਦੀ ਹੈ, ਪਰ ਮੇਰੀ ਉਮਰ ਪੁੱਛਣ ਦੀ ਤੈਨੂੰ ਕੀ ਲੋੜ ਪੈ ਗਈ? ਤਾਂ ਭਾਈ ਪਰਾਣਾ ਜੀ ਨੇ ਕਿਹਾ ਕਿ ਮੈਂ ਤੇਰੇ ਘਰ ਦਾ ਅੰਨ ਪਾਣੀ ਖਾਧਾ ਹੈ। ਪਰਲੋਕ ਵਿਚ ਤੇਰੀ ਹੁਣ ਤੱਕ ਭੋਗੀ ਉਮਰ ਗੈਰ-ਹਾਜ਼ਰੀ ਵਿਚ ਲੰਘੀ ਹੈ, ਲੇਖੇ ਵਿਚ ਨਹੀਂ। ਪਰ ਅੱਜ ਰਾਤ ਦਾ ਕੀਤਾ ਸਤਿਸੰਗ ਲੇਖੇ ਵਿਚ ਪੈ ਗਿਆ ਹੈ। ਅੱਜ ਦੀ ਚਾਰ ਘੜੀ ਸਤਿਸੰਗ ਨੇ ਤੇਰਾ ਭਲਾ ਕਰਨਾ ਹੈ। ਅੱਜ ਤੋਂ ਅੱਠਵੇਂ ਦਿਨ ਤੇਰੀ ਮੌਤ ਹੋ ਜਾਵੇਗੀ। ਧਰਮਰਾਜੇ ਦੇ ਪੇਸ਼ੀ ਪਵੇਗੀ, ਜਮਦੂਤ ਲੈ ਕੇ ਜਾਣਗੇ, ਜਦੋਂ ਚਿੱਤਰ ਗੁਪਤ ਦੇ ਲਿਖੇ ਲੇਖੇ ਅਨੁਸਾਰ ਤੈਨੂੰ ਧਰਮਰਾਜ ਹੁਕਮ ਕਰੇਗਾ, ਉਹ ਪੁੱਛੇਗਾ ਕਿ ਬਾਕੀ ਉਮਰ ਦੇ ਕੀਤੇ ਕਰਮਾਂ ਅਨੁਸਾਰ ਤੂੰ ਨਰਕਾਂ ਦਾ ਅਧਿਕਾਰੀ ਹੈਂ, ਪਰ ਇਕ ਰਾਤ ਦਾ ਸਤਿਸੰਗ ਕੀਤਾ ਹੈ, ਸਤਿਸੰਗ ਦਾ ਮਹਾਤਮ ਪਹਿਲਾਂ ਲੈਣਾ ਹੈ ਜਾਂ ਨਰਕਾਂ ਦੀ ਸਜ਼ਾ ਪਹਿਲਾਂ ਲੈਣੀ ਹੈ? ਤਾਂ ਤੂੰ ਕਹੀਂ ਕਿ ਪਹਿਲਾਂ ਸਤਿਸੰਗ ਦਾ ਮਹਾਤਮ ਬੈਕੁੰਠ ਪ੍ਰਾਪਤੀ ਚਾਹੀਦੀ ਹੈ। ਇਹ ਸ਼ਖ਼ਸ ਬਹੁਤ ਡਰਿਆ, ਕਹਿਣ ਲੱਗਾ, ਫੇਰ ਕੀ ਹੋਵੇਗਾ? ਭਾਈ ਪਰਾਣਾ ਨੇ ਕਿਹਾ ਕਿ ਮੈਂ ਕੱਲ ਤੋਂ ਅਗਲੇ ਦਿਨ ਯਾਨਿ ਪਰਸੋਂ ਨੂੰ ਬੈਕੁੰਠ ਗਵਨ ਕਰ ਜਾਣਾ ਹੈ। ਤੈਨੂੰ ਉਥੇ ਸੰਭਾਲਾਂਗਾ।

ਮੁਨਸ਼ੀ ਦੀ ਅੱਠਵੇਂ ਦਿਨ ਮੌਤ ਹੋਈ। ਧਰਮਰਾਜੇ ਦੀ ਕਚਹਿਰੀ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵੱਲੋਂ ਗੈਰ-ਹਾਜ਼ਰੀ ਮਿਲੀ, ਤੇਰੇ ਕਰਮਾਂ ਦੇ ਬਦਲੇ ਤੈਨੂੰ ਲੰਮੇ ਸਮੇਂ ਲਈ ਨਰਕਾਂ ਦੀ ਸਜ਼ਾ ਮਿਲੇਗੀ, ਪਰ ਇਕ ਸਤਿ ਕਰਮ ਨਿਕਲਿਆ ਹੈ। ਤੂੰ ਦੱਸ ਕਿ ਪਾਪ ਕਰਮ ਦਾ ਫਲ ਪਹਿਲਾਂ ਲੈਣਾ ਹੈ ਕਿ ਸਤਿਸੰਗ ਦਾ। ਮੁਨਸ਼ੀ ਨੇ ਭਾਈ ਪਰਾਣੇ ਦੀ ਗੱਲ ਚੇਤੇ ਕਰਦਿਆਂ ਕਿਹਾ ਕਿ ਸਤਿਸੰਗ ਦਾ ਮਹਾਤਮ ਪਹਿਲਾਂ ਲੈਣਾ ਹੈ। ਦੂਤ ਬੈਕੁੰਠ ਧਾਮ ਤੋਂ ਕਾਫ਼ੀ

ਦੂਰ ਰੁਕੇ ਤੇ ਕਿਹਾ, ਜਲਦੀ ਆ ਜਾਵੀਂ, ਨਹੀਂ ਤਾਂ ਸਜ਼ਾ ਹੋਰ ਵੀ ਭਿਆਨਕ ਮਿਲੇਗੀ। ਅੱਗੇ ਗਿਆ ਤਾਂ ਭਾਈ ਪਰਾਣਾ ਜੀ ਬੈਕੁੰਠ ਧਾਮ ਦਾ ਅਨੰਦ ਮਾਣ ਰਹੇ ਸਨ। ਭਾਈ ਪਰਾਣੇ ਨੇ ਕੋਲ ਬਿਠਾਇਆ, ਨਿਸਚਤ ਸਮਾਂ ਪੂਰਾ ਹੋਣ 'ਤੇ ਵਾਰ-ਵਾਰ ਮੁਨਸ਼ੀ ਪਿਛੇ ਨੂੰ ਦੇਖ ਰਿਹਾ ਸੀ। ਜਦੋਂ ਉੱਠ ਕੇ ਜਾਣ ਲੱਗਾ ਤਾਂ ਭਾਈ ਪਰਾਣੇ ਨੇ ਕਿਹਾ ਕਿ ਹੁਣ ਕਿੱਥੇ ਚਲਿਆ ਹੈਂ? ਉਸ ਨੇ ਕਿਹਾ ਕਿ ਜਮਦੂਤਾਂ ਦੇ ਕਹੇ ਅਨੁਸਾਰ ਹੁਣ ਮੈਨੂੰ ਇਥੋਂ ਜਾਣਾ ਪਵੇਗਾ, ਨਹੀਂ ਤਾਂ ਉਹ ਆਪ ਇਥੋਂ ਲੈ ਜਾਣਗੇ ਤਾਂ ਭਾਈ ਪਰਾਣੇ ਨੇ ਕਿਹਾ ਕਿ ਜਮਦੂਤ ਤਾਂ ਕੀ ਉਨ੍ਹਾਂ ਦਾ ਮਾਲਕ ਧਰਮਰਾਜ ਵੀ ਤੈਨੂੰ ਇਥੋਂ ਲਿਜਾ ਨਹੀਂ ਸਕਦਾ। ਧਰਮਰਾਜ ਨੂੰ ਸ਼ਿਕਾਇਤ ਕੀਤੀ ਕਿ ਮੁਨਸ਼ੀ ਧੋਖਾ ਦੇ ਕੇ ਨਿਕਲ ਗਿਆ ਹੈ, ਜੇ ਹੁਕਮ ਹੋਵੇ ਤਾਂ ਉਥੋਂ ਪਕੜ ਕੇ ਲੈ ਆਈਏ? ਤਾਂ ਧਰਮਰਾਜੇ ਨੇ ਕਿਹਾ ਕਿ ਜੇਕਰ ਐਸੀ ਗਲਤੀ ਕੀਤੀ ਤਾਂ ਸਾਰੇ ਬੱਧੀ ਦੇ ਮਰਜਾਂਗੇ, ਨਾ ਮੇਰਾ ਅਤੇ ਨਾ ਹੀ ਤੁਹਾਡਾ ਛੁਟਕਾਰਾ ਹੋਵੇਗਾ, ਕਿਉਂਕਿ ਪਰਮੇਸ਼ਰ ਜੀ ਦਾ ਇਹ ਹੁਕਮ ਹੈ ਕਿ ਜਿੱਥੇ ਕੋਈ ਸੰਤ, ਭਗਤ ਗੋਬਿੰਦ ਦਾ ਕੀਰਤਨ ਅਤੇ ਭਜਨ ਕਰਦਾ ਹੈ, ਉਸ ਦੇ ਨੇੜੇ ਨਹੀਂ ਜਾਣਾ। ਇਸ ਪ੍ਰਸੰਗ ਨੂੰ ਧਿਆਨ ਵਿਚ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਇਹ ਸਲੋਕ ਉਚਾਰਨ ਕੀਤਾ ਹੈ, ਜੋ ਉੱਪਰ ਆ ਚੁੱਕਾ ਹੈ। ਧਰਮ ਰਾਜਾ ਜੀ ਵੀ ਪਰਮਾਤਮਾ ਦੇ ਹੁਕਮ ਵਿਚ ਆਪਣੀ ਸੇਵਾ ਨਿਭਾ ਰਹੇ ਹਨ। ਗੁਰਬਾਣੀ ਵਿਚ ਫੁਰਮਾਨ ਹੈ :

ਧਰਮਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ॥ (ਅੰਗ ੯੬੭)

ਧਰਮਰਾਜਾ ਜੀ ਬੰਦਗੀ ਵਾਲਿਆਂ ਨੂੰ ਕੁਝ ਨਹੀਂ ਕਹਿੰਦੇ ਤੇ ਬਹੁਤ ਸਿਆਣਪ ਦੇ ਨਾਲ ਕਾਰਜ ਕਰਦੇ ਨੇ। ਜਿਸ ਤਰ੍ਹਾਂ ਮਹਾਂਪੁਰਖ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਦੀ ਮਾਤਾ ਨੂੰ ਮੋੜ ਦਿੱਤਾ ਸੀ ਕਿ ਮਾਤਾ ਤੂੰ ਅੰਮ੍ਰਿਤ ਛਕ ਜਾ ਕੇ। ਗਿਆਨ ਠਾਕੁਰ ਸਿੰਘ ਜੀ ਨੇ ਕਥਾ ਕਰਦਿਆਂ ਇਹ ਆਖਿਆ ਹੈ ਕਿ ਪਟਿਆਲੇ ਤੋਂ ਇਕ ਸਿੰਘ ਚੜ੍ਹਾਈ ਕਰ ਗਿਆ ਸੀ ਜੋ ਬਹੁਤ ਅਭਿਆਸੀ ਸੀ। ਉਸ ਨੇ ਓਪਰੇਸ਼ਨ ਕਰਾਉਣ ਤੋਂ ਬਾਅਦ ਦੁਬਾਰਾ ਅੰਮ੍ਰਿਤ ਨਹੀਂ ਸੀ ਛਕਿਆ, ਪੰਜਾਂ ਪਿਆਰਿਆਂ ਕੋਲੋਂ ਆਪਣੀ ਭੁੱਲ ਨਹੀਂ ਸੀ ਬਖ਼ਸ਼ਾਈ ਤੇ ਉਸ ਨੂੰ ਵੀ ਧਰਮ ਰਾਜਾ ਦੀ ਪੁਰੀ ਵਿਚ ਜਾਣਾ ਪੈ ਗਿਆ। ਉਸ ਨੇ ਦੱਸਿਆ ਕਿ ਜਦੋਂ ਮੈਂ ਕਤਾਰ, ਲਾਈਨ ਵਿਚ ਖੜ੍ਹਾ ਸੀ, ਧਰਮਰਾਜੇ ਦੇ ਅਸਥਾਨ 'ਤੇ ਜਿਵੇਂ ਭੁਚਾਲ ਆ ਜਾਂਦਾ ਹੈ ਤੇ ਸਿੰਘਾਸਨ ਡੋਲ ਗਿਆ ਤੇ ਬਿਜਲੀਆਂ ਚਮਕਣ ਲੱਗ ਪਈਆਂ। ਧਰਮ ਰਾਜਾ ਆਪਣੀ ਗੱਦੀ ਛੱਡ ਕੇ ਦੌੜ ਕੇ ਆਇਆ ਕਹਿੰਦਾ ਕਿ ਮੈਨੂੰ ਡੋਲੇ ਤੋਂ ਫੜ ਕੇ ਉਸ ਨੇ ਲਾਈਨ ਵਿਚੋਂ ਬਾਹਰ ਕੱਢ ਲਿਆ ਤੇ ਕਹਿੰਦਾ ਸਿੰਘ ਜੀ ਤੁਸੀਂ ਐਥੇ ਕਿੱਥੇ? ਤੁਸੀਂ ਤਾਂ ਸੱਚਖੰਡ ਨੂੰ ਜਾਣਾ ਸੀ। ਜਾਓ ਓਪਰੇਸ਼ਨ ਕਰਕੇ ਅੰਮ੍ਰਿਤ ਨਹੀਂ ਸੀ ਛਕਿਆ ਇਸ ਕੁਰਹਿਤ ਕਰਕੇ ਤੁਹਾਨੂੰ ਇਥੇ ਆਉਣਾ ਪਿਆ, ਜਾਉ ਵਾਪਸ ਚਲੇ ਜਾਉ, ਪੰਦਰਾਂ ਦਿਨ ਦਾ ਸਮਾਂ ਹੋਰ ਆ ਤੇ ਜਾ ਕੇ ਅੰਮ੍ਰਿਤ ਛਕ ਲਉ ਤੇ ਭੁੱਲ ਬਖ਼ਸ਼ਾ ਕੇ ਸੱਚਖੰਡ ਜਾਉ ਤੇ ਫਿਰ ਉਹ ਉਥੇ ਪਟਿਆਲੇ ਜੀਊਂਦਾ ਹੋ ਗਿਆ

ਤੇ ਫੇਰ ਉਸ ਨੇ ਸਾਰੀ ਦੁਨੀਆਂ ਨੂੰ ਦੱਸਿਆ। ਸੋ ਇਸ ਕਰਕੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਚਨ ਆਇਆ ਸੋ ਸੱਚ ਹੈ। ਜਮਦੂਤ ਜਿਹੜੇ ਹਨ ਸੋ ਕਈ ਵਾਰੀ ਰੱਬ ਦੇ ਪਿਆਰਿਆਂ ਦੇ ਦਰਸ਼ਨ ਕਰਨ ਆਉਂਦੇ ਹਨ। ਗਿਆਨੀ ਠਾਕੁਰ ਸਿੰਘ ਜੀ ਪਟਿਆਲੇ ਵਾਲਿਆਂ ਨੇ ਉਸ ਸਿੰਘ ਦਾ ਨਾਮ ਨਹੀਂ ਵਰਨਣ ਕੀਤਾ। ਇਹ ਬਹੁਤ ਡੂੰਘੀਆਂ ਗੱਲਾਂ ਹਨ ਜੋ ਕਈ ਵਿਅਕਤੀਆਂ ਦੀ ਸਮਝ ਤੋਂ ਉੱਪਰ ਹੋ ਸਕਦੀਆਂ ਹਨ। ਸ਼ਰਧਾ ਸਹਿਤ ਤੇ ਭਾਵਨਾ ਸਹਿਤ ਪ੍ਰਭੂ ਜੀ ਉੱਪਰ ਵਿਸ਼ਵਾਸ ਬੱਝਦਾ ਹੈ।

ਅੱਗੇ ਪਉੜੀ ਦੁਆਰਾ ਣ ਅੱਖਰ ਪ੍ਰਤੀ ਉਪਦੇਸ਼ ਫ਼ੁਰਮਾਉਂਦੇ ਹਨ ਕਿ ਇਸ ਜਗਤ ਯੁੱਧ ਦੇ ਮੈਦਾਨ ਵਿਚ ਹਉਮੈ ਤੇ ਵਿਕਾਰਾਂ ਨਾਲ ਜੰਗ ਕਰਕੇ ਆਪਣਾ ਆਪਾ ਜਿੱਤ ਲਵੇ ਉਹੀ ਵੱਡੀ ਵਡਿਆਈ ਵਾਲਾ ਗਿਣਿਆ ਜਾਂਦਾ ਹੈ ਪਰ ਮਨ ਨੂੰ ਪ੍ਰਮਾਤਮਾ ਦੇ ਪਿਆਰ ਨਾਲ ਹੀ ਜਿੱਤਿਆ ਜਾ ਸਕਦਾ ਹੈ। ਫ਼ੁਰਮਾਨ ਹੈ :

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ ੧ ॥ (ਅੰਗ ੬੭੯)

ਜਿਹੜਾ ਆਪਣੇ ਅਹੰਕਾਰ ਨੂੰ ਮਿਟਾ ਕੇ ਗੁਰੂ ਸਾਹਿਬ ਜੀ ਦੀ ਸਿੱਖਿਆ ਦੁਆਰਾ ਆਪਣੇ ਮਨ ਨੂੰ ਵਸ ਵਿਚ ਕਰ ਲੈਂਦਾ ਹੈ ਉਹੀ ਅਸਲੀ ਸੂਰਮਾ ਆਖਿਆ ਜਾ ਸਕਦਾ ਹੈ। ਆਪਣਾ ਕੁਝ ਵੀ ਨਾ ਸਮਝ ਕੇ ਇਕ ਪ੍ਰਭੂ ਦਾ ਹੀ ਆਸਰਾ ਤੱਕੇ ਤੇ ਰਾਤ ਦਿਨ ਉਸੇ ਮਾਲਕ ਨੂੰ ਸਿਮਰੇ। ਆਪਣੇ ਮਨ ਨੂੰ ਨਿਮਰਤਾ ਧਾਰਨ ਕਰਕੇ ਸਭ ਦੀ ਚਰਨ ਧੂੜ ਸਮਝੇ ਐਸੀ ਕਮਾਈ ਕਰੇ। ਇਸੇ ਕਰਕੇ ਹੀ ਸਾਡੀ ਨਿੱਤ ਦੀ ਅਰਦਾਸ ਵਿਚ ਸ਼ਾਮਲ ਹੈ 'ਸਿੱਖਾਂ ਦਾ ਮਨ ਨੀਵਾਂ, ਮੱਤ ਉਚੀ, ਮੱਤ ਪੱਤ ਦਾ ਰਾਖਾ ਆਪ ਵਾਹਿਗੁਰੂ।' ਉਹ ਪ੍ਰਭੂ ਦੇ ਹੁਕਮ ਨੂੰ ਸਮਝ ਕੇ ਸਦਾ ਸੁਖ ਅਨੰਦ ਤੇ ਸੁਖ ਮਾਣਦਾ ਹੈ ਪਰ ਇਹ ਪਿਛਲੇ ਕੀਤੇ ਭਲੇ ਕਰਮਾਂ ਦੇ ਲੇਖ ਅਨੁਸਾਰ ਹੀ ਵਾਪਰਦਾ ਹੈ। ਫ਼ੁਰਮਾਨ ਹੈ :

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਅੰਗ ੧੧੦੨)

ਦਖਣੀ ਓਅੰਕਾਰ ਬਾਣੀ ਅੰਗ ੯੩੪ ਵਿਖੇ ਅੰਕ ੩੨ ਰਾਹੀਂ ਣ ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਮੈਂ ਪ੍ਰਭੂ ਤੋਂ ਬਿਨਾਂ ਕਿਸ ਦਾ ਆਸਰਾ ਫੜਾਂ, ਮੇਰਾ ਇਸ ਸਮੇਂ ਕੋਈ ਨਹੀਂ ਹੈ ਸਾਥੀ, ਨਾ ਹੀ ਕੋਈ ਪਿਛਲੇ ਸਮੇਂ ਵਿਚ ਸਾਥੀ ਹੈ ਸੀ ਤੇ ਨਾ ਹੀ ਕੋਈ ਅੱਗੇ ਨੂੰ ਦਿਖਾਈ ਦਿੰਦਾ ਹੈ। ਇਹ ਝੂਠੀ ਮਾਇਆ ਰਾਹੀਂ ਖੁਆਰੀ ਹੀ ਮਿਲਦੀ ਹੈ ਪਰ ਦੁਬਿਧਾ ਕਰਕੇ ਇਹ ਦੁਚਿਤਾਪਣ ਵਿਆਪ ਰਿਹਾ ਹੈ। ਇਸ ਦੁਬਿਧਾ ਨੂੰ ਕੱਟਣ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਫ਼ੁਰਮਾਇਆ ਹੈ :

॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਅੰਗ ੧)

ਪਰਮਾਤਮਾ ਦੇ ਨਾਮ ਤੋਂ ਸੱਖਣੇ ਆਦਮੀ ਇਸ ਤਰ੍ਹਾਂ ਹਨ ਜਿਵੇਂ ਕੱਲਰ ਦੀ ਕੰਧ

(ਕਿਰਦੀ ਰਹਿੰਦੀ ਹੈ) ਪ੍ਰਭੂ ਦੇ ਨਾਮ ਤੋਂ ਬਿਨਾਂ ਛੁਟਕਾਰਾ ਨਹੀਂ ਅਤੇ ਆਖਰੀ ਸਮੇਂ ਨੀਵੇਂ ਕਰਮ ਕਰਨ ਕਰਕੇ ਧਰਤੀ ਦੇ ਹੇਠਾਂ ਮੰਨੇ ਜਾਂਦੇ ਰਸਾਤਲ ਨਰਕ ਵਿਖੇ ਭੇਜ ਦਿੱਤਾ ਜਾਂਦਾ ਹੈ। ਰਸਾਤਲ ਲੋਕ ਬਾਰੇ ਜਾਣਕਾਰੀ ਮੇਰੀ ਲਿਖੀ ਪੁਸਤਕ ਸੱਤ ਵਾਰ ਵਿਚੋਂ ਦਿੱਤੀ ਜਾ ਰਹੀ ਹੈ।

ਰਸਾਤਲ ਲੋਕ :— ਰਸਾਤਲ ਲੋਕ ਮਹਾਤਲ ਲੋਕ ਤੋਂ ਥੱਲੇ ਹੈ ਤੇ ਇਸ ਨੂੰ ਧਰਤੀ ਹੇਠਾਂ 2900 ਕਿਲੋਮੀਟਰ ਤੋਂ ਲੈ ਕੇ 5100 ਕਿਲੋਮੀਟਰ ਧਰਤੀ ਦੇ ਥੱਲੇ ਹੈ। ਇਸ ਨੂੰ ਧੁਰ ਅੰਦਰ ਕੇਂਦਰੀ ਭਾਗ ਦਾ ਬਾਹਰਲਾ ਹਿੱਸਾ ਵੀ ਆਖਦੇ ਹਨ Outer-core ਜਿੱਥੇ ਬਾਕੀ ਦੇ ਪਾਤਾਲਾਂ ਨੂੰ ਠੋਸ ਤੇ ਸਥੂਲ ਮੰਨਦੇ ਹਨ। ਇਸ ਰਸਾਤਲ-ਲੋਕ ਨੂੰ ਜ਼ਿਆਦਾ ਤੌਰ 'ਤੇ ਤਰਲ ਜਲ-ਰੂਪੀ ਮੰਨਦੇ ਹਨ। ਰਸਾਤਲ ਲੋਕ ਵਿਖੇ ਜ਼ਿਆਦਾ ਤੌਰ 'ਤੇ ਦਾਨਵ, ਦੈਂਤ ਤੇ ਅਸੁਰ ਵਸਦੇ ਹਨ ਜੋ ਬਹੁਤ ਤਾਕਤਵਰ ਤੇ ਜ਼ੋਰਾਵਰ ਹਨ। ਪਰ ਨਿਰਦਈ ਤੇ ਕਠੋਰ ਹਨ। ਇਹ ਸਦੀਵੀ ਤੌਰ 'ਤੇ ਲਗਾਤਾਰ ਹੀ ਦੇਵਤਿਆਂ ਦੇ ਦੁਸ਼ਮਣ ਹਨ। ਇਹ ਜ਼ਿਆਦਾਤਰ ਟੋਇਆਂ ਤੇ ਖੱਡਾਂ ਵਿਚ ਰਹਿੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਾਰਗ ਰਾਗ ਵਿਚ ਵਿਕਾਰੀ, ਵਿਸ਼ਈ ਮਨੁੱਖਾਂ ਦੀ ਜ਼ਿੰਦਗੀ ਬਿਆਨ ਕਰਦੇ ਹਨ ਕਿ ਦਿਨ-ਰਾਤ ਵਿਸ਼ਿਆਂ ਵਿਚ ਹੀ ਲਪਟਿਆ ਰਹਿੰਦਾ ਹੈ। ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦਾ। ਮਾਨੋ ਕੱਲਰ ਦੀ ਪੰਡ ਸਿਰ ਉਤੇ ਚੁੱਕੀ ਫਿਰਦਾ ਹੈ। ਮਾਨੋ ਜਿਸ ਰੁੱਖ ਦੇ ਟਾਹਣੇ 'ਤੇ ਬੈਠਾ ਹੀ ਉਸੇ ਹੀ ਰੁੱਖ ਨੂੰ ਵੱਢ ਰਿਹਾ ਹੈ ਤੇ ਮਠਿਆਈ ਖਾ-ਖਾ ਕੇ ਮੁਸਕਰਾ ਰਿਹਾ ਹੈ। ਰੁੱਖ ਵੱਢੇ ਜਾਣ ਤੇ ਡੂੰਘੇ ਟੋਏ ਵਿਚ ਜਾ ਡਿੱਗਦਾ ਹੈ। ਸਿਰ ਭਾਰ ਡਿੱਗ ਕੇ ਹੱਡੀ ਹੱਡੀ ਹੋ ਜਾਂਦਾ ਹੈ। ਸਾਰਾ ਸ਼ਬਦ ਵਿਚਾਰਨ ਉਪ੍ਰੰਤ ਸਮਝ ਪੈਂਦੀ ਹੈ ਕਿ ਵਿਕਾਰੀ ਤੇ ਵਿਸ਼ਿਆਂ ਵਿਚ ਗ੍ਰਸਤੇ ਰਹਿਣ ਕਰਕੇ ਜੀਵਨ ਉਪ੍ਰੰਤ ਡੂੰਘੇ ਹੋਏ (ਰਸਾਤਲ) ਪਾਤਾਲ ਵਿਚ ਡਿੱਗਣਾ ਪੈਂਦਾ ਹੈ। ਫ਼ੁਰਮਾਨ ਹੈ :

ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥
ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ॥ (ਅੰਗ ੧੨੦੫)

ਪ੍ਰਭਾਤੀ ਰਾਗ ਵਿਚ ਵੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅਸਟਪਦੀਆ ਵਿਚ ਬਿਆਨ ਕਰਦੇ ਹਨ ਕਿ ਇਸ ਮਮਤਾ ਨੇ ਵਿਕਾਰਾਂ ਤੇ ਵਿਸ਼ਿਆਂ ਦੇ ਚੋਗ ਪਾ ਕੇ ਬਹੁਤ ਸਾਰੇ ਘਰਾਂ ਦੇ ਵਾਸੀ ਫਸਾ ਲਏ ਹਨ। ਗੁਰੂ ਸਾਹਿਬ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਮੈਂ ਗੁਰੂ ਦਾ ਉਪਦੇਸ਼ ਬਹੁਤ ਧਿਆਨ ਨਾਲ ਸੁਣਿਆ ਤੇ ਕਾਮ, ਕਰੋਧ ਨਾਲ ਮੇਰੀ ਸਾਂਝ ਨਹੀਂ ਬਣੀ, ਕਿਉਂਕਿ ਗੁਰੂ ਜੀ ਨੇ ਉਪਦੇਸ਼ ਕੀਤਾ ਕਿ ਇਹ ਜ਼ਹਿਰੀਲੀ ਅੱਗ ਹੈ ਜੋ ਇਨ੍ਹਾਂ ਨਾਲ ਸਾਂਝ ਕਰਨਗੇ ਉਹ ਨਰਕ ਵਿਚ ਆਤਮਾ ਦੀ ਨੀਵੀਂ ਤੋਂ ਨੀਵੀਂ ਖੱਡ ਵਿਚ ਡਿੱਗਣਗੇ। ਸਾਰਾ ਸ਼ਬਦ ਵਿਚਾਰਨ ਦੀ ਲੋੜ ਹੈ ਜੀ। ਫ਼ੁਰਮਾਨ ਹੈ-

ਦਸ ਨਾਰੀ ਮੈ ਕਰੀ ਦੁਹਾਗਨਿ॥ ਗੁਰਿ ਕਹਿਆ ਏਹ ਰਸਹਿ ਬਿਖਗਨਿ॥

ਇਨ ਸਨਬੰਧੀ ਰਸਾਤਲਿ ਜਾਇ॥ ਹਮ ਗੁਰਿ ਰਾਖੇ ਹਰਿ ਲਿਵ ਲਾਇ॥

(ਅੰਗ ੧੩੪੭)

ਸਤਿਗੁਰੂ ਜੀ ਦੀ ਪੂਰੀ ਕੋਸ਼ਿਸ਼ ਹੈ ਕਿ ਸਾਡੇ ਸਿੱਖ ਇਸ ਗੱਲ ਨੂੰ ਸਮਝ ਕੇ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਸਤਸੰਗਤ ਕਰਨ, ਨਾਮ ਜਪਣ ਤਾਂ ਕਿ ਇਨ੍ਹਾਂ ਨੂੰ ਰਸਾਤਲ ਵਿਚ ਨਾ ਡਿੱਗਣਾ ਪਵੇ। ਵੇਦਾਂ ਅਨੁਸਾਰ ਇਸ ਰਸਾਤਲ ਲੋਕ ਨੂੰ ਮਨੁੱਖੀ ਸਰੀਰ ਦੇ ਪੈਰਾਂ ਉੱਪਰ ਦੀ ਬਰਾਬਰਤਾ ਵਿਚ ਦਰਸਾਇਆ ਗਿਆ ਹੈ। ਇਥੇ ਹੀ ਰਸਾਤਲ ਲੋਕ ਦਾ ਪ੍ਰਸੰਗ ਸੰਕੋਚਿਆ ਜਾਂਦਾ ਹੈ।

ਜੇ ਕੋਈ ਵਿਅਕਤੀ ਆਖੇ ਕਿ ਮੈਂ ਬਹੁਤ ਗਿਆਨਵਾਨ ਹਾਂ, ਮੈਨੂੰ ਵਿਆਕਰਣ ਆਦਿ ਸਭ ਸੋਝੀ ਹੈ ਪਰ ਉਹ ਪ੍ਰਭੂ ਤਾਂ ਗਿਣਤੀਆਂ ਤੋਂ ਪਰ੍ਹੇ ਹੈ, ਜਿਤਨਾ ਕੋਈ ਮਰਜ਼ੀ ਧਾਰਮਿਕ ਗ੍ਰੰਥਾਂ ਆਦਿ ਦਾ ਜਾਣਕਾਰ ਹੋਵੇ, ਪਰ ਜੇ ਕੋਈ ਐਸਾ ਸਮਝਦਾ ਹੈ ਕਿ ਮੈਂ ਪ੍ਰਮਾਤਮਾ ਬਾਰੇ ਸਭ ਕੁਝ ਜਾਣਦਾ ਹਾਂ ਤਾਂ ਉਹ ਪੁਰਖ ਅਗਿਆਨੀ ਤੇ ਮੰਦਮਤੀ ਵਾਲਾ ਹੈ, ਕਿਉਂਕਿ ਗੁਰੂ ਸਾਹਿਬ ਜੀ ਦੀ ਕ੍ਰਿਪਾ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ ਤੇ ਜਿਸ 'ਤੇ ਕ੍ਰਿਪਾ ਹੋ ਜਾਂਦੀ ਹੈ ਉਹ ਨਿਮਰਤਾ ਧਾਰਨ ਕਰਕੇ ਆਖਣ ਲੱਗ ਪੈਂਦਾ ਹੈ ਕਿ ਮੈਨੂੰ ਕੁਝ ਵੀ ਨਹੀਂ ਪਤਾ ਪ੍ਰਭੂ ਬਾਰੇ, ਉਸ ਪ੍ਰਭੂ ਨੂੰ ਅੱਖਰਾਂ ਰਾਹੀਂ ਬਿਆਨ ਕੀਤਾ ਹੀ ਨਹੀਂ ਜਾ ਸਕਦਾ। ਜਿਵੇਂ ਰਬਾਬ ਦੀ ਤਾਰ ਟੁੱਟ ਜਾਵੇ ਤਾਂ ਉਹ ਤੰਦ ਦੇ ਵਿਜੋਗ ਕਰਕੇ ਵੱਜਦਾ ਨਹੀਂ, ਜੇ ਤਾਰ ਦੁਬਾਰਾ ਮੇਲ ਲਈ ਜਾਵੇ ਤਾਂ ਵੱਜਣ ਦਾ ਸੰਜੋਗ ਹੋ ਆਉਂਦਾ ਹੈ। ਇਸ ਨੂੰ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ, ਜਦੋਂ ਮਨ ਰੂਪੀ ਰਬਾਬ ਦੀ ਵਾਸ਼ਨਾ ਰੂਪੀ ਤਾਰ ਟੁੱਟ ਜਾਵੇ, ਤਦੋਂ ਮਨ ਮੈਂ ਤੇ ਤੂੰ ਦੀਆਂ ਅਵਾਜ਼ਾਂ ਨਹੀਂ ਕੱਢਦਾ, ਕਿਉਂਕਿ ਮਨ ਦਾ ਮੈਂ ਤੇ ਤੂੰ ਵੱਲੋਂ ਵਿਜੋਗ ਹੋ ਗਿਆ ਹੈ। ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਇਵੇਂ ਜੋ ਮੈਂ ਤੇ ਤੂੰ ਵੱਲੋਂ ਵਿਛੜ ਗਏ ਹਨ ਉਨ੍ਹਾਂ ਨੂੰ ਸਤਿਗੁਰੂ ਸਾਹਿਬ ਦਾ ਸੰਜੋਗ ਕਰਕੇ ਪਰਮੇਸ਼ਰ ਆਪਣੇ ਨਾਲ ਮੇਲ ਲੈਂਦੇ ਹੈ। ਫ਼ੁਰਮਾਨ ਹੈ :

ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠ॥ **(ਅੰਗ ੯੬੭)**

ਭਗਤ ਸ੍ਰੀ ਕਬੀਰ ਜੀ ਗਉੜੀ ਬਾਵਨ ਅਖੀਰ ਅੰਗ ੩੪੧ ਵਿਖੇ ਅੰਕ ੨੧ ਦੁਆਰਾ **ਣ** ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਕਿ ਜਿਸ ਵੇਲੇ ਮਨੁੱਖ ਰਣ ਭੂਮਿਕਾ ਵਿਖੇ ਆ ਕੇ ਰੁਕ ਜਾਵੇ ਭਾਵ ਪਹੁੰਚ ਜਾਵੇ ਤਾਂ ਫਿਰ ਉਹ ਹੱਠ ਕਰੇ ਦ੍ਰਿੜ੍ਹਤਾ ਰੱਖੇ ਕਿ ਹੁਣ ਤਾਂ ਯੁੱਧ ਕਰਨਾ ਹੀ ਪੈਣਾ। ਦੁਸ਼ਮਣਾਂ ਅੱਗੇ ਨਿਵੇਂ ਨਾ ਤੇ ਨਾ ਹੀ ਉਨ੍ਹਾਂ ਨਾਲ ਮਿਲੇ, ਜਦ ਯੁੱਧ ਹੀ ਹੋ ਗਿਆ ਤਾਂ ਫਿਰ ਮਿਲਣਾ ਕੈਸਾ? ਭਗਤ ਸਾਹਿਬ ਜੀ ਦਾ ਕਹਿਣਾ ਹੈ ਕਿ ਜੇ ਭਗਤੀ ਵਿਚ ਚਲ ਹੀ ਪਿਆ ਤਾਂ ਫਿਰ ਕਾਮ, ਕ੍ਰੋਧ ਅੱਗੇ ਝੁਕੇ ਨਾ ਬੰਦਗੀ ਕਰਦਾ ਹੀ ਜਾਵੇ ਤਾਂ ਹੀ ਉਸ ਪੁਰਸ਼ ਦਾ ਜਨਮ ਧੰਨਤਾ ਜੋਗ ਗਿਣਿਆ ਜਾਂਦਾ ਹੈ। ਇਕ ਮੁਖੀ ਜੋ ਹੁੰਦਾ ਹੈ ਫ਼ੌਜ ਦਾ ਉਸ ਨੂੰ ਮਾਰ ਦੇਵੇ ਤਾਂ ਬਾਕੀ ਦੇ ਘਣੇ ਬਹੁਤੇ ਸੂਰਮੇ ਆਪੇ ਭੱਜ ਜਾਂਦੇ ਆ। ਇਸੇ ਤਰ੍ਹਾਂ ਜੋ ਕਾਮ ਆਦਿਕਾਂ ਦੇ ਰਣ ਵਿਚ ਆ ਕੇ ਦ੍ਰਿੜ੍ਹਤਾ ਰੱਖੇ, ਜਿਹੜਾ ਆਪਣੇ ਮਨ ਨੂੰ ਮਾਰੇ, ਇਕ ਦੇਹ ਅਧਿਆਸ

ਨੂੰ ਮਾਰ ਦੇਵੇ ਤਾਂ ਬਾਕੀ ਦੇ ਬਹੁਤੇ ਦੁਸ਼ਮਣ ਆਸੁਰੀ ਸੰਪਦਾ ਆਦਿਕ ਸਭ ਛੱਡ ਕੇ ਭੱਜ ਜਾਂਦੇ ਹਨ।

ਭਾਵੇਂ **ਣ** ਅੱਖਰ ਨਾਲ ਸ਼ਬਦ ਨਹੀਂ ਸ਼ੁਰੂ ਹੁੰਦੇ ਪਰ ਇਸ ਦੀ ਬਹੁਤ ਜ਼ਰੂਰਤ ਹੈ ਸੀ। ਗੁਰਮੁਖੀ ਇਕ ਸੰਪੂਰਨ ਭਾਸ਼ਾ ਹੈ ਤੇ **ਣ** ਅੱਖਰ ਦੀ ਆਪਣੀ ਵਿਲੱਖਣ ਹੋਂਦ ਹੈ। ਕਈ ਸ਼ਬਦ **ਣ** ਤੋਂ ਬਿਨਾਂ ਜੇ ਨੰਨੇ ਨਾਲ ਲਿਖ ਦਿੱਤੇ ਜਾਣ ਤਾਂ ਅਸਲੀ ਅਰਥ ਗੁਆਚ ਜਾਂਦਾ ਹੈ, ਜਿੱਥੇ ਨੰਨੇ ਨਾਲ ਅੱਖਰ ਬੋਲਣ ਨਾਲ ਨਿਮਰਤਾ, ਮਦੀਨੀ, ਮਾਦਾ ਜਿਹੀ ਆਵਾਜ਼ ਆਉਂਦੀ ਹੈ ਉਥੇ **ਣ** ਅੱਖਰ ਬੋਲਣ ਵਿਚ ਉੱਚਾ ਰੋਅਬਦਾਰ ਤੇ ਮਰਦਾਨਾ ਭਾਅ ਮਾਰਦਾ ਹੈ। ਹੇਠ ਲਿਖੇ ਕੁਝ ਸ਼ਬਦਾਂ ਵਿਚ ਜੇ ਣ ਦੀ ਥਾਂ ਨ ਲਿਖ ਦਿੱਤਾ ਜਾਵੇ ਤਾਂ ਅਰਥ ਹੀ ਬਦਲ ਜਾਣਗੇ, ਗੁਆਚ ਜਾਣਗੇ।

ਬਾਣਾ,ਕਾਣਾ, ਖਾਣਾ, ਗਾਣਾ, ਤਾਣਾ, ਦਾਣਾ, ਭਾਣਾ, ਰਾਣਾ, ਲਾਣਾ, ਆਵਣਾ, ਜਾਣਾ, ਵਿਹੂਣੇ, ਗਣਿਤ, ਅਗਣਤ, ਊਣ, ਲੂਣ, ਭਰੂਣ, ਗੁਣ, ਘੁਣ, ਪੁਣਨਾ, ਬੁਣਨਾ, ਮੋਣ, ਮਿਲਣਾ, ਰੋਣਾ, ਲੋਇਣ, ਵਿਣ, ਕਿਣ-ਮਿਣ, ਹਿਣਕਣਾ, ਗਿਣ, ਚਿਣ, ਰਿਣ, ਕੂਣਾ, ਸੂਣਾ, ਟੂਣਾ, ਦੂਣਾ, ਸਉਣਾ, ਗਾਉਣਾ, ਭਉਣਾ, ਤਾਣ ਤੇ ਤਪਾਉਣਾ ਆਦਿ ਕੁਝ ਕੁ ਣ ਦੇ ਸਾਥ ਵਾਲੇ ਸ਼ਬਦ ਲਿਖੇ ਹਨ।

ਤ

ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ॥ ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ॥੧੯॥ **(ਅੰਗ ੪੩੩)**

ਪੈਂਤੀ ਵਿਖੇ ਣ ਅੱਖਰ ਤੋਂ ਬਾਅਦ ਤੇ ਥ ਅੱਖਰ ਤੋਂ ਪਹਿਲਾਂ **ਤ** ਅੱਖਰ ਆਉਂਦਾ ਹੈ। ਪਹਿਲਾਂ ਦੇਖਦੇ ਹਾਂ ਕਿ **ਤੱਤਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਆਪਾਂ ਡੱਡਾ ਅੱਖਰ ਲਿਖਣਾ ਸ਼ੁਰੂ ਕਰੀਏ ਤੇ ਅਖੀਰ ਤੇ ਡੱਡੇ ਵਾਂਗੂੰ ਉਸ ਨੂੰ ਨਾ ਮੋੜੀਏ, ਮਰੋੜੀ ਜਿਹੀ ਨਾ ਦੇਈਏ ਤਾਂ **ਤ** ਅੱਖਰ ਲਿਖਿਆ ਜਾਂਦਾ ਹੈ। ਜੇ ਊੜਾ ਲਿਖਣਾ ਸ਼ੁਰੂ ਕਰਕੇ ਉਸ ਨੂੰ ਅੱਧ ਵਿਚ ਹੀ ਰੋਕ ਦੇਈਏ ਅੱਗੇ ਨਾ ਲਿਖਿਆ ਜਾਵੇ ਤਾਂ ਵੀ **ਤ** ਅੱਖਰ ਬਣ ਜਾਂਦਾ ਹੈ। ਤੱਤਾ ਅੱਖਰ ਤਵਰਗ ਪਾਲ ਦਾ ਪਹਿਲਾ ਅੱਖਰ ਹੈ। ਤੱਤੇ ਦਾ ਅਰਥ ਗਰਮ ਵੀ ਹੁੰਦਾ ਹੈ ਜੋ ਇੱਥੇ ਲਾਗੂ ਨਹੀਂ ਹੁੰਦਾ।

ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੧੯ ਰਾਹੀਂ **ਤੱਤੇ** ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਕਿ ਇਹ ਸੰਸਾਰ ਰੂਪੀ

ਸਮੁੰਦਰ ਬਹੁਤ ਹੀ ਡੂੰਘਾ ਹੋ ਰਿਹਾ ਹੈ,ਕਿਉਂਕਿ ਇਸ ਵਿਚ ਵਿਕਾਰਾਂ ਦਾ ਹੜ੍ਹ ਠਾਠਾਂ ਮਾਰ ਰਿਹਾ ਹੈ। ਇਸ ਦਾ ਪਾਰਲਾ ਬੰਨਾ ਭੀ ਨਹੀਂ ਲੱਭਦਾ। ਇਸ ਨੂੰ ਪਾਰ ਕਰਨ ਲਈ ਕੋਈ ਬੇੜੀ ਜਾਂ ਤੁਲਹਾ ਕੋਲ ਨਹੀਂ ਹੈ, ਅਸੀਂ ਡੁੱਬ ਜਾਵਾਂਗੇ ਹੇ ਤਾਰਣ ਦੇ ਸਮਰਥ ਪ੍ਰਭੂ ! ਸਾਨੂੰ ਪਾਰ ਲੰਘਾ ਲੈ। ਜਿਵੇਂ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸੇ ਤਰ੍ਹਾਂ ਜੰਮਣੇ ਮਰਣੇ ਵਾਲੇ ਭੈ ਰੂਪੀ ਜਲ ਕਰਕੇ ਸੰਸਾਰ ਦਾ ਅੰਤ ਵੀ ਸਮਝ ਨਹੀਂ ਪੈਂਦਾ। ਮੇਰੇ ਕੋਲ ਨਾ ਤਾਂ ਨਾਮ ਰੂਪੀ ਜਹਾਜ਼ ਹੈ ਤੇ ਨਾ ਹੀ ਪ੍ਰੇਮ ਰੂਪੀ ਤੁਲਹਾ ਹੈ ਤੇ ਮੈਂ ਹੰਗਤਾ ਮਮਤਾ ਕਰਕੇ ਡੁੱਬ ਰਿਹਾ ਹਾਂ ਹੇ ਪ੍ਰਭੂ ਜੀ ! ਮਲਾਹ ਦੀ ਨਿਆਈਂ ਹੋ ਕੇ ਮੈਨੂੰ ਤਾਰਣਾ ਕਰੋ। ਭਗਤ ਸ੍ਰੀ ਨਾਮਦੇਵ ਜੀ ਦਾ ਵੀ ਇਕ ਸ਼ਬਦ ਵਿਚ ਐਸਾ ਹੀ ਭਾਵ ਦਿਖਾਈ ਦਿੰਦਾ ਹੈ :

ਮੋਕਉ ਤਾਰਿ ਲੇ ਰਾਮਾ ਤਾਰਿ ਲੇ ॥

ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥ ੧ ॥ ਰਹਾਉ ॥

(ਅੰਗ ੮੭੩)

ਪਟੀ ਬਾਣੀ ਅੰਗ ੪੩੫ ਵਿਖੇ ਅੰਕ ੯ ਰਾਹੀਂ ਅੱਧੀ ਤੁਕ ਰਾਹੀਂ ਹੀ **ਤੱਤੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਮੂਰਖ ਵਿਅਕਤੀ ! ਤੂੰ ਤਮੋਗੁਣੀ ਬਿਰਤੀ ਵਿਚ ਸੜ ਰਿਹਾ ਹੈਂ ਭਾਵ ਜਲ ਰਿਹਾ ਹੈਂ। ਰਜੋ ਤਮੋ ਤੇ ਸਤੋ ਗੁਣੀ ਬਿਰਤੀਆਂ ਦਾ ਵੀਚਾਰ ਕੁਝ ਵਾਰੀ ਬਾਣੀ ਵਿਚ ਆਇਆ ਹੈ ਤੇ ਤਮੋਗੁਣੀ ਬਿਰਤੀ ਸਭ ਤੋਂ ਨੀਵੀਂ ਨੀਚ ਮਾਇਆ ਦੀ ਗਿਣੀ ਜਾਂਦੀ ਹੈ। ਫੁਰਮਾਨ ਹੈ :

ਰਜ ਤਮ ਸਤ ਕਲ ਤੇਰੀ ਛਾਇਆ ॥

ਜਨਮ ਮਰਣ ਹਉਮੈ ਦੁਖੁ ਪਾਇਆ ॥ (ਅੰਗ ੧੦੩੭)

ਗਉੜੀ ਬਾਵਨ ਅਖਰੀ ਅੰਗ ੨੫੬ ਵਿਖੇ ਸਲੋਕ ਤੇ ਪਉੜੀ ਅੰਕ ੩੨ ਦੁਆਰਾ ਉਪਦੇਸ਼ ਬਖ਼ਸ਼ਦੇ ਹਨ ਕਿ ਜੇ ਕੋਈ ਮੈਨੂੰ ਪਰਮੇਸ਼ਰ ਮਿਲਾ ਦੇਵੇ ਤਾਂ ਤਨ ਮਨ ਧਨ ਸਭ ਕੁਝ ਭੇਟ ਕਰ ਦਿਆਂ। ਪ੍ਰਭੂ ਦੇ ਮਿਲਿਆਂ ਮਨ ਦੀ ਭਟਕਣਾ ਤੇ ਸਹਿਮ ਤੋਂ ਦੂਰੀ ਹੋ ਜਾਂਦੀ ਹੈ ਤੇ ਜਮਾਂ ਦੀ ਤਾੜਨਾ ਵੀ ਦੂਰ ਹੋ ਜਾਵੇਗੀ। ਐਸਾ ਫੁਰਮਾਨ ਹੈ :

ਮਨ ਅਰਪਉ ਧਨ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥

(ਅੰਗ ੨੦੪)

ਇੱਥੇ ਹੀ ਬਸ ਨਹੀਂ ਇਕ ਸ਼ਬਦ ਵਿਚ ਤਾਂ ਐਸਾ ਵੀ ਸਵਾਲ ਰੱਖਿਆ ਕਿ ਜੇ ਕੋਈ ਪ੍ਰਭੂ ਪਿਆਰੇ ਦੀ ਕੋਈ ਸਾਖੀ ਸੁਣਾਵੇ ਤਾਂ ਕੀ ਦਿੱਤਾ ਜਾਵੇ, ਨਾਲ ਹੀ ਅਗਲੀ ਪੰਗਤੀ ਵਿਚ ਉੱਤਰ ਹੈ :

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (ਅੰਗ ੫੫੭)

ਪਉੜੀ ਵਿਚ ਬਿਆਨਦੇ ਹਨ ਕਿ ਜੋ ਸਾਰੇ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਹੈ ਉਸ ਨਾਲ

ਪ੍ਰੀਤ ਕਰਨ ਦੇ ਨਾਲ ਮਨ-ਭਾਉਂਦੇ ਫਲ ਮਿਲਣਗੇ ਤੇ ਤ੍ਰਿਸ਼ਨਾ ਦੀ ਤਪਤ ਵੀ ਮਿਟ ਜਾਏਗੀ। ਜਿਸ ਪ੍ਰਾਣੀ ਦੇ ਮਨ ਵਿਚ ਵਸ ਜਾਂਦਾ ਹੈ ਉਸ ਦਾ ਜਮਾਂ ਦੇ ਰਾਹ ਦਾ ਡਰ ਮਿਟ ਜਾਂਦਾ ਹੈ। ਉਸ ਦੀ ਮੱਤ ਬੁੱਧੀ ਵਿਚ ਆਤਮ ਸਰੂਪ ਦਾ ਪ੍ਰਕਾਸ਼ ਹੋ ਆਉਂਦਾ ਹੈ ਤੇ ਨਾਮ ਦੀ ਬਰਕਤ ਨਾਲ ਉੱਚੀ ਆਤਮਿਕ ਅਵਸਥਾ ਮੁਕਤੀ ਆਦਿ ਪ੍ਰਾਪਤ ਹੋ ਜਾਂਦੀਆਂ ਹਨ ਤੇ ਪ੍ਰਭੂ ਦੇ ਮਹਿਲ, ਚਰਨਾਂ ਵਿਚ ਟਿਕਾਣਾ ਪਾ ਲੈਂਦਾ ਹੈ। ਸੋਝੀ ਹੋ ਆਉਂਦੀ ਹੈ ਕਿ ਮੇਰੇ ਨਾਲ ਘਰ, ਧਨ, ਮਾਲ, ਜੁਆਨੀ ਤੇ ਰਾਜ-ਭਾਗ ਨਹੀਂ ਜਾਣਾ ਤੇ ਪ੍ਰਭੂ ਵੱਲੋਂ ਪ੍ਰੇਰਨਾ ਹੋ ਆਉਂਦੀ ਹੈ ਕਿ ਸਤਸੰਗ ਵਿਚ ਰਹਿ ਕੇ ਪ੍ਰਭੂ ਦਾ ਨਾਮ ਸਿਮਰਿਆ ਕਰੋ, ਬਸ ਇਹ ਹੀ ਤੁਹਾਡੇ ਲਈ ਕੰਮ ਕਾਰਜ ਹੈ। ਜਦੋਂ ਪ੍ਰਭੂ ਆਪ ਹੀ ਦੁੱਖ-ਕਲੇਸ਼ ਨਵਿਰਤ ਕਰ ਦੇਵੇ ਤਾਂ ਕੋਈ ਵੀ ਈਰਖਾ ਸਾੜਾ ਆਦਿ ਨਹੀਂ ਰਹਿੰਦਾ। ਪ੍ਰਭੂ ਆਪ ਹੀ ਮਾਪਿਆਂ ਵਾਂਗ ਪਾਲਣਾ ਪ੍ਰਤਿਪਾਲਣਾ ਕਰਦਾ ਹੈ। ਐਸਾ ਫੁਰਮਾਨ ਵੀ ਹੈ :

ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥ (ਅੰਗ ੭੮੩)

ਦਖਣੀ ਓਅੰਕਾਰ ਬਾਣੀ ਅੰਗ ੯੩੪ ਵਿਖੇ ਅੰਕ ੩੩ ਰਾਹੀਂ **ਤਤੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਮਨੁੱਖਾ ਸਰੀਰ ਦਰੱਖ਼ਤ ਦੀ ਤਰ੍ਹਾਂ ਹੈ ਤੇ ਮਨ ਰੂਪੀ ਪੰਛੀ ਬੈਠਾ ਹੋਇਆ ਹੈ ਪਰ ਇਸ ਮਨ ਰੂਪੀ ਪੰਛੀ ਦੇ ਪੰਜ ਪ੍ਰਾਣ (ਇੰਦਰੇ ਰੂਪ ਪੰਛੀ) ਬੈਠੇ ਹੋਏ ਹਨ। ਜਿਹੜੇ ਤਾਂ ਮਨੁੱਖਾਂ ਦੇ ਇਹ ਪੰਛੀ ਇਕ ਪਰਮਾਤਮਾ ਨਾਲ ਮਿਲ ਕੇ ਨਾਮ ਰੂਪੀ ਫਲ ਖਾਂਦੇ ਹਨ ਉਨ੍ਹਾਂ ਨੂੰ ਥੋੜ੍ਹੀ ਵੀ ਜਮਾਂ ਦੀ ਫਾਹੀ ਨਹੀਂ ਪੈਂਦੀ। ਪਰ ਜਿਹੜੇ ਪੰਖੀ ਕਾਹਲੀ-ਕਾਹਲੀ ਨਾਲ ਉੱਡ ਕੇ ਬਹੁਤ ਸਾਰਾ ਚੋਗ ਚੁਗਦੇ ਹਨ (ਭਾਵ ਬਹੁਤ ਸਾਰੇ ਭੋਗਾਂ ਵਿਚ ਲਿਪਤ ਹੁੰਦੇ ਹਨ) ਜਦੋਂ ਪੁੰਨ ਮੁੱਕ ਜਾਂਦੇ ਹਨ ਤੇ ਨਿਖੇਧ ਰੂਪੀ ਖੰਭ ਟੁੱਟ ਜਾਂਦੇ ਹਨ ਤਾਂ ਫਿਰ ਫਾਹੀ ਗਲ ਪੈ ਜਾਂਦੀ ਹੈ ਔਗੁਣਾਂ, ਵਿਕਾਰ ਕਰਮਾਂ ਦੇ ਕਾਰਣ, ਇਹ ਬਿਪਤਾ ਗਲ ਪੈਂਦੀ ਹੈ। ਉਹ ਵੱਡਾ ਮਾਲਕ ਅਕਾਲ ਪੁਰਖ ਆਪ ਹੀ ਛੁਡਾਵੇ ਤਾਂ ਕੋਈ ਛੁਟ ਸਕਦਾ ਹੈ ਪਰ ਇਹ ਛੁਟਕਾਰਾ ਤਾਂ ਪ੍ਰਭੂ ਦੇ ਗੁਣ ਗਾਉਣ ਨਾਲ ਹੀ ਸੰਭਵ ਹੁੰਦਾ ਹੈ। ਭਗਤ ਬਾਬਾ ਫਰੀਦ ਸਾਹਿਬ ਜੀ ਦਾ ਇਕ ਸਲੋਕ ਇਸ ਮਜ਼ਮੂਨ ਨੂੰ ਬਿਆਨਦਾ ਹੈ :

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥ (ਅੰਗ ੧੩੮੪)

ਜਿਸ ਉੱਪਰ ਮਿਹਰ ਦੀ ਕ੍ਰਿਪਾ ਦ੍ਰਿਸ਼ਟੀ ਬਖ਼ਸ਼ਿਸ਼ ਕਰਦਾ ਹੈ ਉਹੋ ਹੀ ਵਿਅਕਤੀ ਛੁਟਕਾਰਾ ਪਾ ਸਕਦਾ ਹੈ ਉਸ ਦੇ ਕੋਲ ਹੀ ਸਭ ਵਡਿਆਈਆਂ ਹਨ ਜੋ ਉਸ ਨੂੰ ਚੰਗਾ ਲੱਗਦਾ ਹੈ, ਭਾਅ ਜਾਂਦਾ ਹੈ ਉਸੇ ਉੱਪਰ ਹੀ ਕਿਰਪਾ ਹੁੰਦੀ ਹੈ। ਸਾਰੀਆਂ ਦਾਤਾਂ ਬਖ਼ਸ਼ਿਸ਼ਾਂ ਉਸ ਦਾਤੇ ਮਾਲਕ ਦੇ ਹੱਥ ਵਿਚ ਹਨ। ਫੁਰਮਾਨ ਹੈ :

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸ ਦੇਈ॥ (ਅੰਗ ੬੦੩)

ਭਗਤ ਕਬੀਰ ਸਾਹਿਬ ਜੀ ਬਾਵਨ ਅਖਰੀ ਅੰਗ ੩੪੧ ਵਿਖੇ ਅੰਕ ੨੨ ਰਾਹੀਂ **ਤਤੇ**

ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਇਹ ਜਗਤ ਸਮੁੰਦਰ ਤਰਨਾ ਬਹੁਤ ਕਠਿਨ ਹੈ ਕਿਉਂਕਿ ਇਹ ਸਰੀਰ ਵਾਸ਼ਨਾਵਾਂ ਵਿਚ ਖਚਿਤ ਹੈ। ਜਦੋਂ ਤਿੰਨਾਂ ਭਵਨਾਂ ਦੀ ਅਵਸਥਾ ਜਾਗਤ, ਸੁਪਨ, ਸੁਖੋਪਤ ਤੇ ਇਸੇ ਤਰ੍ਹਾਂ ਸਵਰਗ ਲੋਕ, ਮਾਤਲੋਕ ਤੇ ਪਾਤਾਲ ਲੋਕ ਆਦਿ ਤਿੰਨੇ ਭਵਨਾਂ ਦੀਆਂ ਵਾਸ਼ਨਾਵਾਂ ਤਨ ਤੇ ਮਨ ਦੇ ਵਿਚ ਹੀ ਸਮਾ ਜਾਂਦੀਆਂ ਹਨ ਤਾਂ ਜੀਵ ਤੇ ਈਸ਼ਰ ਸਰੂਪ ਦਾ ਮਿਲਾਪ ਹੋ ਜਾਂਦਾ ਹੈ। ਪਰ ਇਹ ਬੰਧਨ ਗੁਰ ਸ਼ਬਦ ਦੀ ਕਮਾਈ ਨਾਲ ਹੀ ਟੁੱਟਦੇ ਹਨ। ਫ਼ੁਰਮਾਨ ਹੈ :

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ॥

(ਅੰਗ ੧੨੭)

ਹੁਣ ਤਤੇ ਅੱਖਰ ਨਾਲ ਕੁਝ ਆਮ ਵਰਤੋਂ ਵਾਲੇ ਸ਼ਬਦ ਲਿਖੇ ਜਾਂਦੇ ਹਨ :

ਤਸਵੀਰ, ਤਸੱਲੀ, ਤਕਲੀਫ, ਤਸਕਰ, ਤਸਦੀਕ ਕਰਨੀ, ਤਸਮਾ, ਤਸੀਹੇ ਦੇਣੇ, ਤਸ਼ੱਦਦ, ਤਹਿਸੀਲ, ਤਹਿ, ਤੱਕਣਾ, ਤਕੜਾ, ਤਖਤ, ਤੰਗ, ਤਖਤਾ, ਤਜ਼ਰਬਾ, ਤਣਾ, ਤੱਤਾ, ਤੰਦਰੁਸਤੀ, ਤੰਦੂਰ, ਤਨਖਾਹ, ਤਪਾ, ਤਬਦੀਲੀ, ਤਬਾਹੀ, ਤੰਬੂ, ਤਰਸ, ਤਰੱਕੀ, ਤਰਜਮਾ, ਤਰਤੀਬ, ਤਰਨਾ, ਤਰਲਾ, ਤੇਲ, ਤਪ ਕਰਨਾ, ਤਮਾਸ਼ਾ, ਤਰੀ, ਤਰਕੀਬ, ਤਲਾ, ਤਲਾਸ਼ੀ, ਤਰਾਸਦੀ, ਤ੍ਰਿਕੁਟੀ, ਤਾਹਨਾ, ਤਾਕਤਵਰ, ਤਾਂਘ, ਤਾਜ, ਤਾਰੇ, ਤਾਂਬਾ, ਤਾਰੀਖ, ਤਿਲ, ਤਿਲਕ, ਤੀਰ, ਤੀਰਥ, ਤੁੱਕਾ, ਤੁਬਕਾ, ਤੁਰਨਾ ਫਿਰਨਾ, ਤੁਲਨਾ ਕਰਨੀ, ਤੋਪ, ਤੋਤਲਾ, ਤੋਲਾ ਤੇ ਤੋਤਾ ਆਦਿ ਕੁਝ ਸ਼ਬਦ ਲਿਖੇ ਹਨ।

ਥ

ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ
ਸੋਈ ਭਲਾ॥੨੦॥ (ਅੰਗ ੪੩੩)

ਪੈਂਤੀ ਵਿਖੇ ਤ ਅੱਖਰ ਤੋਂ ਬਾਅਦ ਅਤੇ ਦ ਅੱਖਰ ਤੋਂ ਪਹਿਲਾਂ **ਥ** ਅੱਖਰ ਆਉਂਦਾ ਹੈ।

ਹੁਣ ਪਹਿਲਾਂ ਦੇਖਦੇ ਹਾਂ ਕਿ **ਥ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਪਹਿਲਾਂ ਧ ਅੱਖਰ ਲਿਖ ਲਈਏ ਤੇ ਉਸ ਦੇ ਦਰਮਿਆਨ ਵਿਖੇ ਖੱਬੇ ਤੋਂ ਸੱਜੇ ਨੂੰ ਲਕੀਰ ਵਾਹ ਦਿੱਤੀ ਜਾਵੇ ਤਾਂ **ਥ** ਅੱਖਰ ਬਣ ਹੋ ਆਉਂਦਾ ਹੈ। ਇਹ ਤਵਰਗ ਪਾਲ ਦਾ ਦੂਜਾ ਅੱਖਰ ਹੈ।

ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੨੦ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਾਂਧੇ ਤਾਂਈ ਥਥੇ ਅੱਖਰ ਪ੍ਰਤੀ ਉਪਦੇਸ਼ ਬਖ਼ਸ਼ਦੇ ਹਨ ਕਿ ਉਹ ਪ੍ਰਭੂ ਸਭ ਥਾਵਾਂ 'ਤੇ ਮੌਜੂਦ ਹੈ। ਮਕਾਨਾਂ ਦੀ ਨਿਆਈਂ ਸਰੀਰਾਂ ਵਿਚ ਵੀ ਉਹ ਪ੍ਰਭੂ ਭਾਵ ਸੂਖਮ ਅਸਥੂਲ

ਹਰ ਜਗ੍ਹਾ ਵਿਖੇ ਭਰਪੂਰ ਹੈ। ਇਹ ਮੋਹ ਮਾਇਆ ਦਾ ਪਸਾਰਾ, ਖਲਾਰਾ ਵੀ ਉਸ ਤੋਂ ਵੱਖਰਾ ਨਹੀਂ ਹੈ ਭਾਵ ਉਸੇ ਦਾ ਹੀ ਵਰਤਾਇਆ ਵਰਤ ਰਿਹਾ ਹੈ। ਫ਼ੁਰਮਾਨ ਹੈ :

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥ (ਅੰਗ ੬੭)

ਜੋ ਪ੍ਰਭੂ ਨੂੰ ਭਾਵੈ ਉਹੀ ਚੰਗਾ ਹੈ, ਭਾਵ ਉਹੀ ਜਗਤ ਵਿਚ ਹੋ ਰਿਹਾ ਹੈ।

ਪਟੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੰਗ ੪੩੫ ਵਿਖੇ ਅੰਕ ੯ ਦੇ ਵਿਚ **ਥਥੇ** ਅੱਖਰ ਦਾ ਉਪਦੇਸ਼ ਅੱਧੀ ਪੰਗਤੀ ਵਿਚ ਹੀ ਫ਼ੁਰਮਾਉਂਦੇ ਹਨ ਕਿ ਤਮੋਗੁਣ ਨਾਲ ਸੜੇ ਹੋਣ ਕਰਕੇ ਜਿੱਥੇ ਵੀ ਤੂੰ ਬੈਠਦਾ ਹੈਂ ਤਾਂ ਮਾਨੋ ਉਸ ਥਾਂ ਨੂੰ ਭਰਿਸ਼ਟ ਭਾਵ ਅਪਵਿੱਤਰ ਕਰ ਦਿੰਦਾ ਹੈਂ ਭਾਵ ਤੇਰਾ ਹਿਰਦਾ ਰੂਪੀ ਥਾਂ ਵੀ ਪਵਿੱਤਰ ਨਹੀਂ, ਗੰਦਾ ਹੋ ਰਿਹਾ ਹੈ। ਐਸਾ ਇਕ ਫ਼ੁਰਮਾਨ ਹੈ :

ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ॥ (ਅੰਗ ੬੫੩)

ਗਉੜੀ ਬਾਵਨ ਅਖਰੀ ਅੰਗ ੨੫੭ ਵਿਖੇ ਅੰਕ ੩੩ ਰਾਹੀਂ ਸਲੋਕ ਤੇ ਪਉੜੀ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਉਪਦੇਸ਼ ਬਖ਼ਸ਼ਦੇ ਹਨ ਕਿ ਜਿਹੜਾ ਸਾਕਤ ਪੁਰਸ਼ ਹੈ ਉਹ ਮਾਇਆ ਕਮਾਉਂਦਾ ਅਖੀਰ ਮੰਜੇ ਉੱਪਰ ਡਿੱਗ ਪੈਂਦਾ, ਪਰ ਰੱਜਿਆ ਫਿਰ ਵੀ ਨਹੀਂ, ਗੱਲਾਂ ਹਾਲੇ ਵੀ ਮਾਇਆ ਦੀਆਂ ਕਰਦਾ ਹੈ। ਉਮਰ ਜਿਤਨੀ ਮਰਜ਼ੀ ਵਧ ਜਾਵੇ ਪਰ ਮਾਇਆ, ਪੈਸਿਆਂ ਤੇ ਪਦਾਰਥਾਂ ਦੀ ਹੀ ਗੱਲ ਹੀ ਕਰਦਾ ਹੈ ਭਾਵ ਤ੍ਰਿਸ਼ਨਾ ਨਹੀਂ ਮੁੱਕਦੀ। ਇਕੱਠੀ ਕਰ-ਕਰ ਕੇ ਐਸੇ ਸਾਕਤ ਮਰ ਜਾਂਦੇ ਹਨ ਪਰ ਮਾਇਆ ਤਾਂ ਉਨ੍ਹਾਂ ਦੇ ਨਾਲ ਨਹੀਂ ਜਾਂਦੀ। ਫ਼ੁਰਮਾਨ ਹੈ :

ਸੰਚਤ ਸੰਚਤ ਥੈਲੀ ਕੀਨ੍ਹੀ॥
ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ॥੧॥ (ਅੰਗ ੩੯੧)

ਹੁਣ **ਥਥੇ** ਅੱਖਰ ਦੇ ਸਲੋਕ ਉਪ੍ਰੰਤ ਪਉੜੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਇਸ ਸੰਸਾਰ ਵਿਚ ਕਿਸੇ ਨੇ ਟਿਕੇ ਨਹੀਂ ਰਹਿਣਾ ਤੇ ਤੁਸੀਂ ਕਿਸ ਵਾਸਤੇ ਪੈਰ ਪਸਾਰੀ ਜਾ ਰਹੇ ਹੋ? ਇਕ ਮਾਇਆ ਦੇ ਇਕੱਠੇ ਕਰਨ ਲਈ ਕਈ ਪਾਪੜ ਵੇਲ ਰਿਹਾ ਹੈਂ ਠੱਗੀਆਂ ਤੇ ਵਲ ਛਲ ਕਰ ਰਿਹਾ ਹੈਂ? ਹੇ ਮੂਰਖ ਜੀਵ ! ਤੂੰ ਧਨ ਬਹੁਤ ਸਾਰਾ ਇਕੱਠਾ ਕਰ ਕੇ ਥੈਲੀ ਬਣਾ ਲਈ ਤੇ ਹੁਣ ਥੱਕ ਗਿਆ ਹੈਂ ਪਰ ਇਹ ਮਾਇਆ ਤਾਂ ਅੰਤ ਵੇਲੇ ਜਾਂ ਪ੍ਰਲੋਕ ਵਿਚ ਤੇਰੀ ਜਿੰਦ ਦੇ ਕੰਮ ਨਹੀਂ ਆਵੇਗੀ। ਸੰਤਾਂ, ਮਹਾਂਪੁਰਖਾਂ, ਗੁਰਮੁਖਾਂ ਤੋਂ ਸਿੱਖਿਆ ਗ੍ਰਹਿਣ ਕਰਕੇ ਪ੍ਰਭੂ ਦਾ ਨਾਮ ਜਪ, ਸਿਮਰਨ ਕਰ, ਪ੍ਰਭੂ ਨਾਲ ਦਿਲੀ ਪ੍ਰੀਤ ਬਣਾ, ਇਹ ਤੇਰੇ ਕੰਮ ਆਵੇਗੀ। ਕਾਰਨ ਕਰਾਉਣ ਵਾਲਾ ਉਹ ਪ੍ਰਭੂ ਹੀ ਹੈ। ਸਭ ਕੁਝ ਉਸ ਦੇ ਹੁਕਮ, ਹੱਥਾਂ ਵਿਚ ਹੈ। ਬੇਨਤੀ ਕਰਨ ਦੀ ਜਾਚ ਸਿਖਾਉਂਦੇ ਹਨ ਕਿ ਆਖੋ, ਹੇ ਪ੍ਰਭੂ ਜੀ ! ਅਸੀਂ ਜੰਤ ਤਾਂ ਯਤੀਮ ਹਾਂ ਜੀ, ਤੁਸੀਂ ਸਾਨੂੰ ਜਿੱਥੇ-ਜਿੱਥੇ ਲਾਉਂਦੇ ਹੋ ਉਧਰ ਹੀ ਲੱਗ ਜਾਂਦੇ ਹਾਂ ਜੀ। ਮਾਇਆ ਦੇ ਟਾਕਰੇ ਵਿਚ

ਅਸੀਂ ਬੇਬਸ ਹਾਂ ਜੀ, ਸਾਰੇ ਸਬੱਬ ਬਣਾਉਣ ਦਾ ਕਾਰਣ ਵੀ ਤੁਸੀਂ ਆਪ ਹੋ ਜੀ।

ਦਖਣੀ ਓਅੰਕਾਰ ਬਾਣੀ ਅੰਗ ੯੩੪ ਵਿਖੇ ਅੰਕ ੩੪ ਰਾਹੀਂ **ਥਥੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜਦੋਂ ਅਸਥੂਲ ਸਰੀਰ ਵਿਚੋਂ ਪ੍ਰਾਣ ਨਿਕਲ ਜਾਂਦੇ ਹਨ ਉਸ ਸਮੇਂ ਸੂਖਮ ਸਰੀਰ ਪ੍ਰਲੋਕ ਦੇ ਦੁੱਖਾਂ ਨੂੰ ਸੁਣ-ਸੁਣ ਕੇ ਥਰ-ਥਰ ਕੰਬਦਾ ਹੈ ਤੇ ਸਰੀਰ ਰੂਪੀ ਥਾਨ ਤੋਂ ਬਗੈਰ ਹੁੰਦਾ ਹੈ। ਸਰੂਪ ਰੂਪੀ ਥਾਨ, ਥਾਂ ਤੇ ਦੇਣ ਵਾਲਾ ਇਕ ਸਚਾ ਪਰਮੇਸ਼ਰ ਹੀ ਹੈ ਜਿਸ ਨੂੰ ਬਖ਼ਸ਼ ਦਿੰਦਾ ਹੈ ਤਾਂ ਫਿਰ ਉਸ ਦਾ ਕੋਈ ਕੰਮ ਨਹੀਂ ਵਿਗੜਦਾ। ਹੇ ਪ੍ਰਭੂ ਜੀ ! ਤੁਸੀਂ ਸਦੀਵ ਥਿਰ, ਅਸਥਿਤ ਰੂਪ ਹੋ, ਤੁਹਾਡਾ ਸਰੂਪ ਹੋਣ ਕਰਕੇ ਪੂਰਾ ਗੁਰੂ ਵੀ ਇਸਥਿਤ ਰੂਪ ਹੈ ਤੇ ਗੁਰੂ ਦੁਆਰਾ ਤੁਹਾਡੇ ਸਰੂਪ ਦਾ ਸੱਚਾ ਬੀਚਾਰ ਕਰਨ ਵਾਲਾ ਬ੍ਰਹਮ ਗਿਆਨੀ ਤਤਬੇਤਾ ਵੀ ਇਸਥਿਤ ਰੂਪ ਹੈ। ਜਦੋਂ ਇਸਥਿਤ ਗੁਰੂ ਦੇ ਸੱਚੇ ਉਪਦੇਸ਼ ਵਿਚ ਗੁਰਮੁਖ ਅਧਿਕਾਰੀ ਦਾ ਮਨ ਇਸਥਿਤ ਹੁੰਦਾ ਹੈ, ਤਦ ਗੁਰਮੁਖ ਅਧਿਕਾਰੀ ਪਰਮੇਸ਼ਰ ਦੇ ਸਰੂਪ ਵਿਚ ਇਸਥਿਤ ਹੋ ਜਾਂਦਾ ਹੈ। ਤੇਰੇ ਗੁਣਾਂ ਦੀ ਵੀਚਾਰ ਜਿਸ ਦੇ ਹਿਰਦੇ ਵਿਚ ਟਿਕੀ ਹੋਈ ਹੈ ਉਸ ਦੇ ਵਾਸਤੇ ਦੇਵਤਿਆਂ ਮਨੁੱਖਾਂ ਤੇ ਨਾਥਾਂ ਦਾ ਤੂੰ ਹੀ ਨਾਥ ਹੈਂ ਤੇ ਤੂੰ ਹੀ ਨਿਆਸਰਿਆਂ ਦਾ ਆਸਰਾ ਹੈਂ। ਹੇ ਪ੍ਰਭੂ ! ਤੂੰ ਸਭ ਥਾਵਾਂ 'ਤੇ ਮੌਜੂਦ ਹੈਂ ਤੇ ਤੂੰ ਹੀ ਦਾਤਿਆਂ ਦਾ ਵੀ ਦਾਤਾ ਹੈਂ। ਕਿਸੇ ਕੋਲੋਂ ਵੀ ਤੇਰੇ ਪਾਰ ਉਰਾਰ ਦਾ ਅੰਤ ਨਹੀਂ ਪਾਇਆ ਜਾਂਦਾ। ਸਤਿਗੁਰੂ ਜੀ ਦੇ ਸ਼ਬਦ ਦੀ ਵੀਚਾਰ ਦੁਆਰਾ ਇਹ ਗਿਆਨ ਹੋ ਆਉਂਦਾ ਹੈ ਕਿ ਉਹ ਗੋਪਾਲ ਪ੍ਰਭੂ ਹੀ ਸਭ ਥਾਵਾਂ ਉਤੇ ਵਿਆਪਕ ਦਿਸਦਾ ਰਿਹਾ ਹੈ ਤੇ ਉਹ ਇਤਨਾ ਸਮਰਥ ਦਾਤਾ ਹੈ ਕਿ ਬਿਨਾਂ ਮੰਗਿਆਂ ਤੋਂ ਦਾਤਾਂ ਬਖਸ਼ੀ ਜਾ ਰਿਹਾ ਹੈ। ਫ਼ੁਰਮਾਨ ਹੈ :

ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥
ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥ (ਅੰਗ ੫੮੫)

ਭਗਤ ਕਬੀਰ ਸਾਹਿਬ ਜੀ ਗਉੜੀ ਬਾਵਨ ਅਖੀਰ ਅੰਗ ੩੪੧ ਵਿਖੇ ਅੰਕ ੨੩ ਰਾਹੀਂ **ਥੱਥੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਉਹ ਪਰਮਾਤਮਾ ਅਥਾਹ, ਬਹੁਤ ਡੂੰਘਾ ਹੈ ਜਿਸ ਨੂੰ ਮਨੁੱਖ ਜਾਣ ਨਹੀਂ ਸਕਦਾ। ਜਿੱਥੇ ਪ੍ਰਭੂ ਅਥਾਹ ਹੈ ਉਥੇ ਮਨੁੱਖ ਦਾ ਮਨ ਹੀ ਨਹੀਂ ਟਿਕਦਾ, ਕਿਵੇਂ ਜਾਣ ਸਕਦਾ ਹੈ। ਮਨੁੱਖ ਥੋੜ੍ਹੀ ਜਿਹੀ ਜਗ੍ਹਾ ਦੇ ਵਿਚ ਹੀ ਬਹੁਤ ਵੱਡੇ ਘਰ ਤੇ ਚੁਬਾਰੇ ਬਣਾਉਣਾ ਚਾਹੁੰਦਾ ਹੈ ਪਰ ਇਹ ਕਿਵੇਂ ਸੰਭਵ ਹੋ ਸਕਦਾ ਹੈ। ਜਿਵੇਂ ਕੋਈ ਹੇਠਾਂ ਥੰਮੀਆਂ ਦੇਣ ਤੋਂ ਬਿਨਾਂ ਹੀ ਵੱਡਾ ਘਰ ਉਸਾਰਨਾ ਚਾਹੇ ਤਾਂ ਕਿਵੇਂ ਇਸਥਿਤ ਰਹਿ ਸਕਦਾ ਹੈ। ਇਵੇਂ ਹੀ ਹੈ ਮਨੁੱਖੀ ਜੀਵਨ ਛੋਟਾ ਜਿਹਾ ਹੈ, ਮਨੁੱਖ ਸਰੀਰ ਵਿਚ ਵੀ ਹਵਾ ਦੀਆਂ ਥੰਮ੍ਹੀਆਂ ਹਨ ਸਵਾਸਾਂ ਰੂਪੀ, ਸੁਆਸ ਖਤਮ ਹੋ ਜਾਵਣ ਤਾਂ ਸਰੀਰ ਕਿਵੇਂ ਕਾਇਮ ਰਹਿ ਸਕਦਾ ਹੈ। ਫ਼ੁਰਮਾਨ ਹੈ :

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ (ਅੰਗ ੬੫੯)

ਹੁਣ ਥੱਥੇ ਨਾਲ ਸ਼ੁਰੂ ਹੋਣ ਵਾਲੇ ਕੁਝ ਸ਼ਬਦ ਲਿਖੇ ਜਾਂਦੇ ਹਨ :

ਥੰਮ੍ਹ, ਥੜ੍ਹਾ, ਥਣ, ਥੱਕਣਾ, ਥਪਕੀ, ਥੱਲਾ, ਥੰਧਿਆਈ, ਥਥਲਾ, ਥੁੱਕਣਾ, ਥੈਲਾ, ਥੱਪੜ, ਥੋੜ੍ਹਾ, ਥਾਣੇਦਾਰ, ਥਾਪੀ, ਥਾਨ, ਥੈਲੀ, ਥਿੱਤ-ਵਾਰ, ਥੁੜਨਾ, ਥੋਥਾ ਤੇ ਥੂਹ-ਥੂਹ ਹੋਣੀ, ਥੱਬਾ, ਥਾਪੀ, ਥੇਹ ਤੇ ਥੋਕ ਆਦਿ ਕੁਝ ਸ਼ਬਦ ਲਿਖੇ ਹਨ।

ਦ

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥

(ਅੰਗ ੪੩੩)

ਪੈਂਤੀ ਵਿਖੇ ਥ ਅੱਖਰ ਤੋਂ ਬਾਅਦ ਵਿਚ ਤੇ ਧ ਅੱਖਰ ਤੋਂ ਪਹਿਲਾਂ **ਦ** ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਦੱਦਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਚ ਅੱਖਰ ਲਿਖਣਾ ਸ਼ੁਰੂ ਕਰੀਏ, ਲਕੀਰ ਤੋਂ ਹੇਠਾਂ ਫੇਰ ਖੱਬੇ ਨੂੰ, ਫਿਰ ਹੇਠਾਂ, ਪਰ ਉਸ ਨੂੰ ਥੱਲਿਓਂ ਉੱਪਰ ਦੇ ਹਿੱਸੇ ਨਾਲ ਨਾ ਜੋੜਿਆ ਜਾਵੇ ਤਾਂ **ਦ** ਅੱਖਰ ਲਿਖ ਹੋ ਜਾਂਦਾ ਹੈ। **ਦੱਦਾ** ਅੱਖਰ ਤਵਰਗ ਪਾਲ ਦਾ ਵਿਚਕਾਰਲਾ ਤੀਜਾ ਅੱਖਰ ਹੈ। ਟੈਂਕਾ ਅੱਖਰ ਲਿਖ ਕੇ ਜੇ ਉਪਰੋਂ ਲਕੀਰ ਵਾਹ ਕੇ ਜਦੋਂ ਹੇਠਾਂ ਨੂੰ ਕਰਕੇ ਖੱਬੇ ਪਾਸੇ ਕਰਕੇ ਜੇ ਮਰੋੜੀ ਜਿਹੀ ਦੇ ਦਿੱਤੀ ਜਾਵੇ ਤਾਂ ਵੀ **ਦ** ਅੱਖਰ ਲਿਖ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੨੧ ਦੁਆਰਾ **ਦੱਦੇ** ਅੱਖਰ ਦੁਆਰਾ ਪਾਂਧੇ ਨੂੰ ਉਪਦੇਸ਼ ਬਖ਼ਸ਼ਦੇ ਹਨ ਕਿ ਕਿਸੇ ਹੋਰ ਨੂੰ ਦੋਸ਼ ਦੇਣਾ ਸਹੀ ਨਹੀਂ ਹੈ, ਆਪਣੇ ਕੀਤੇ ਕਰਮਾਂ ਅਨੁਸਾਰ ਹੀ ਦੁੱਖ, ਸੁੱਖ ਕਲੇਸ਼ ਮਿਲਦੇ ਹਨ। ਜੋ ਮੈਂ ਪਿੱਛੇ ਕੀਤਾ ਉਸੇ ਹਿਸਾਬ ਨਾਲ ਹੀ ਇਹ ਵਰਤਾਰਾ ਵਰਤਦਾ ਹੈ ਤੇ ਪ੍ਰਭੂ ਜੀ ਭੁੱਲਦੇ ਨਹੀਂ ਹਨ ਉਹ ਪੂਰਾ ਇਨਸਾਫ ਕਰਦੇ ਹਨ। ਕਿਸੇ ਹੋਰ ਨੂੰ ਦੋਸ਼ੀ ਠਹਿਰਾਉਣ ਦੀ ਥਾਂ ਆਪਣੇ ਕਰਮਾਂ ਨੂੰ ਸੁਧਾਰਨ ਦੀ ਲੋੜ ਹੈ। ਫ਼ੁਰਮਾਨ ਹਨ :

ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥ (ਅੰਗ ੮੮੮)
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ (ਅੰਗ ੬੧)
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ (ਅੰਗ ੧੩੪੪)

ਪਟੀ ਬਾਣੀ ਵਿਖੇ ਅੰਗ ੪੩੫ ਅੰਕ ੯ ਰਾਹੀਂ ਅੱਧੀ ਪੰਗਤੀ ਵਿਚ ਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਪੰਡਿਤ ! ਤੂੰ ਸਾਰੇ ਜਜਮਾਨਾਂ ਦੇ ਘਰਾਂ ਵਿਚ ਮਾਇਆ (ਦੱਛਣਾ) ਵਾਸਤੇ ਤਾਂ ਤੂੰ ਤੁਰਿਆ ਫਿਰਦਾ ਹੈਂ ਪਰ ਜੇ ਕਿਸੇ ਨੇ ਸ਼ਰਧਾ ਨਾਲ ਥੋੜ੍ਹਾ ਦਾਨ ਦਿੱਤਾ ਉਹ ਤਾਂ ਤੂੰ ਲਿਆ ਹੀ ਨਹੀਂ ਭਾਵ ਤੂੰ ਆਪ ਤਾਂ ਕਿਸੇ ਪਾਸੋਂ ਪ੍ਰਭੂ ਦੇ ਨਾਮ ਦੀ ਦੱਛਣਾ ਤਾਂ ਲਈ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਸੀ ਹਾਲਤ ਦਸਮ ਗ੍ਰੰਥ ਵਿਚ

ਫ਼ੁਰਮਾਉਂਦੇ ਹਨ :

ਲੋਭ ਲਗੇ ਧਨ ਕੇ ਏ ਦਿਜਬਰ॥

ਮਾਂਗਤ ਫਿਰਤ ਸਭਨ ਕੇ ਘਰ ਘਰ॥ (ਦਸਮ ਗ੍ਰੰਥ)

ਗਉੜੀ ਬਾਵਨ ਅਖਰੀ ਅੰਗ ੨੫੭ ਅੰਕ ੩੪ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਤੇ ਪਉੜੀ ਰਾਹੀਂ **ਦੱਦੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ। ਸਲੋਕ ਵਿਚ ਫ਼ੁਰਮਾਉਂਦੇ ਹਨ ਕਿ ਪ੍ਰਭੂ ਦੇ ਸੇਵਕਾਂ ਨੇ ਇਹ ਵੇਖਣਾ ਕੀਤਾ ਹੈ, ਉਹ ਜਾਣਦੇ ਹਨ ਕਿ ਇਕ ਪ੍ਰਭੂ ਹੀ ਸਾਰੀਆਂ ਦਾਤਾਂ ਦਾ ਦੇਵਣ ਵਾਲਾ ਹੈ ਤੇ ਉਹ ਉਸ ਪ੍ਰਭੂ ਦੇ ਦੀਦਾਰ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਕੇ ਉਸ ਨੂੰ ਸੁਆਸਾਂ ਦੁਆਰਾ ਯਾਦ ਕਰਦੇ ਹਨ। ਐਸੀ ਬੇਨਤੀ ਭਰਿਆ ਫ਼ੁਰਮਾਨ ਹੈ :

ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥ (ਅੰਗ ੨੫੫)

ਅੱਗੇ ਪਉੜੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਇਕ ਪ੍ਰਭੂ ਹੀ ਹੈ ਜੋ ਸਭ ਜੀਆਂ ਨੂੰ ਦਾਤਾਂ ਦੇਣ ਵਾਲਾ ਹੈ। ਰਿਜ਼ਕ ਅਪੜਾਨ ਦੀ ਸਮਰਥਾ ਰੱਖਦਾ ਹੈ ਤੇ ਉਸ ਦੇ ਖ਼ਜ਼ਾਨੇ, ਭੰਡਾਰੇ ਭਰੇ ਪਏ ਹਨ ਜਿੱਥੇ ਕੋਈ ਕਮੀ ਨਹੀਂ ਆਉਂਦੀ। ਉਹ ਮਾਲਕ ਪ੍ਰਭੂ ਹਮੇਸ਼ਾ ਹੈ ਤੇ ਕਦੀ ਵੀ ਉਸ ਉੱਪਰ ਅਸਾਡੇ ਵਾਂਗੂੰ ਮੌਤ ਨਹੀਂ ਆਉਂਦੀ ਭਾਵ ਉਹ ਮਰਦਾ ਨਹੀਂ ਸਦਾ ਜੀਂਵਦਾ ਹੈ। ਹੇ ਮੇਰੇ ਮੂਰਖ ਮਨ ! ਤੂੰ ਕਿਉਂ ਉਸ ਨੂੰ ਵਿਸਾਰ ਦਿੱਤਾ ਹੈ। ਹੇ ਮਿੱਤਰ ! ਕਿਸੇ ਨੂੰ ਦੋਸ਼ ਦੇਣਾ ਠੀਕ ਨਹੀਂ, ਕਿਉਂਕਿ ਆਪ ਪ੍ਰਭੂ ਨੇ ਹੀ ਜੀਵ ਦੇ ਆਤਮਿਕ ਜੀਵਨ ਦੇ ਰਾਹ ਵਿਚ ਮਾਇਆ ਦੇ ਮੋਹ ਦਾ ਬੰਧਨ ਬਣਾ ਦਿੱਤਾ ਹੈ। ਪਰਮੇਸ਼ਰ ਆਪ ਹੀ ਜਿਨ੍ਹਾਂ ਦੇ ਹਿਰਦੇ ਵਿਚੋਂ ਅਵਿੱਦਿਆ ਦੀ ਪੀੜਾ ਨਵਿਰਤ ਕਰਦਾ ਹੈ ਉਹ ਗੁਰਮੁਖ ਜਨ ਗੁਰੂ ਦੀ ਸ਼ਰਨ ਵਿਚ ਪੈ ਕੇ ਤ੍ਰਿਪਤ ਹੋ ਜਾਂਦੇ ਹਨ ਭਾਵ ਮਾਇਆ ਵੱਲੋਂ ਰੱਜ ਜਾਂਦੇ ਹਨ, ਤ੍ਰਿਸ਼ਨਾ ਮੁਕਾ ਲੈਂਦੇ ਹਨ। ਉਹ ਪ੍ਰਭੂ ਹੁਣ ਵੀ ਹੈ, ਅੱਗੇ ਵੀ ਹੋਵੇਗਾ, ਕਿਉਂਕਿ ਸਾਰੀ ਰਚਨਾ ਉਸ ਦੀ ਬਣਾਈ, ਸਾਜੀ ਹੋਈ ਹੈ। ਫ਼ੁਰਮਾਨ ਹੈ :

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ (ਅੰਗ ੬)

ਦਖਣੀ ਓਅੰਕਾਰ ਬਾਣੀ ਅੰਗ ੯੩੪ ਅੰਕ ੩੫ ਵਿਖੇ **ਦੱਦੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਦਇਆਲੂ ਪ੍ਰਭੂ ਜੀ ! ਤੁਸੀਂ ਮਿਹਰ ਦੀ ਦ੍ਰਿਸ਼ਟੀ ਕਰਕੇ ਸਭ ਨੂੰ ਦਾਨ ਦੇ ਰਹੇ ਹੋ। ਪਹਿਲਾਂ ਵੀ, ਹੁਣ ਵੀ ਤੇ ਅੱਗੇ ਨੂੰ ਵੀ ਦੇਵੋਗੇ। ਸ੍ਰਿਸ਼ਟੀ ਦੀ ਰਚਨਾ ਕਰਕੇ ਪਾਲਣਾ ਕਰਕੇ ਸਭ ਦੇ ਚੰਗੇ ਮੰਦੇ ਕਰਮਾਂ ਨੂੰ ਦ੍ਰਿਸ਼ਟਾ ਰੂਪ ਹੋ ਕੇ ਦੇਖਣਹਾਰ ਵੀ ਤੁਸੀਂ ਆਪ ਹੀ ਹੋ। ਜਿਸ ਉੱਪਰ ਤੁਸੀਂ ਤਰਸ ਕਰਦੇ ਹੋ ਉਸ ਨੂੰ ਆਪਣੇ ਚਰਣਾਂ ਨਾਲ ਜੋੜ ਲੈਂਦੇ ਹੋ। ਅੱਖ ਦੇ ਝਮਕਣ ਸਮੇਂ ਵਿਚ ਤੁਸੀਂ ਸੰਸਾਰ ਖਤਮ ਕਰਕੇ ਫਿਰ ਉਸਾਰ ਸਕਦੇ ਹੋ। ਫ਼ੁਰਮਾਨ ਹੈ :

ਦੇਦੇ ਤੋਟਿ ਨਹੀ ਭੰਡਾਰ॥ ਖਿਨ ਮਹਿ ਥਾਪਿ ਉਥਾਪਨਹਾਰ॥ (ਅੰਗ ੧੧੪੪)

ਹੇ ਪ੍ਰਭੂ ਜੀ ! ਤੁਸੀਂ ਸਾਰਿਆਂ ਦੇ ਦਿਲਾਂ ਦੀ ਜਾਨਣ ਵਾਲੇ ਹੋ ਤੇ ਸਭ ਦੀਆਂ ਗੁਪਤ

ਗੱਲਾਂ ਤੇ ਕਰਤੱਵਾਂ ਨੂੰ ਦੇਖਣ ਵਾਲੇ ਹੋ। ਫ਼ੁਰਮਾਨ ਹੈ :

ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ॥ (ਅੰਗ ੧੫੪)

ਹੇ ਪ੍ਰਭੂ ! ਤੂੰ ਦਲਿੱਦਰ ਤੇ ਦੁੱਖ ਨਾਸ ਕਰਨ ਵਾਲਾ ਹੈਂ ਤੇ ਗੁਰੂ ਸਾਹਿਬਾਂ ਦੁਆਰਾ ਗੁਰਮੁਖ ਬਣਾ ਕੇ ਤੁਸੀਂ ਆਪ ਹੀ ਆਪਣੇ ਸਰੂਪ ਦਾ ਗਿਆਨ ਤੇ ਆਪਣੇ ਧਿਆਨ ਵਿਚ ਜੋੜ ਕੇ ਰੱਖਦੇ ਹੋ।

ਭਗਤ ਕਬੀਰ ਸਾਹਿਬ ਜੀ ਗਉੜੀ ਬਾਵਨ ਅਖਰੀ ਅੰਗ ੩੪੧ ਵਿਖੇ ਅੰਕ ੨੪ ਰਾਹੀਂ **ਦੱਦੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਇਹ ਸੰਸਾਰ ਜੋ ਇਨ੍ਹਾਂ ਅੱਖਾਂ ਨਾਲ ਦਿਸ ਰਿਹਾ ਹੈ ਇਹ ਸਾਰਾ ਨਾਸਵੰਤ ਹੈ ਤੇ ਜਿਹੋ ਜਿਹਾ ਪਰਮੇਸ਼ਰ ਆਪ ਅਦੇਖਿ ਭਾਵ ਅਦ੍ਰਿਸ਼ ਹੈ, ਦੇਖਣ ਤੋਂ ਰਹਿਤ ਹੈ ਤੇ ਤਿਹੋ ਜਿਹੀ ਹੀ ਉਸ ਦੀ ਵਿਚਾਰ ਹੈ ਉਸ ਨੂੰ ਦਿਲ ਵਿਚ ਸੁਰਤ ਜੋੜ ਕੇ ਟਿਕਾ। ਦਸਵੇਂ ਦੁਆਰ ਨੂੰ ਜੋ ਬੰਦ ਹੈ ਨਾਮ ਦੀ, ਗੁਰ ਸ਼ਬਦ ਦੀ ਗੁਰ ਮੰਤਰ ਤੇ ਮੂਲ ਮੰਤਰ ਦੀ ਚਾਬੀ ਨਾਲ ਦਰਵਾਜ਼ਾ ਖੁੱਲ੍ਹ ਜਾਵੇਗਾ ਤੇ ਅਗਿਆਨ ਰੂਪੀ ਜਿੰਦਰਾ ਖੁੱਲ੍ਹ ਜਾਵੇਗਾ, ਦੇਹ ਅਧਿਆਸ ਦਾ ਕੁੰਡਾ ਅਤੇ ਆਸਾ ਤ੍ਰਿਸ਼ਨਾ ਦੇ ਤਖਤੇ ਖੁੱਲ੍ਹ ਜਾਣਗੇ ਤੇ ਦਿਆਲੂ ਪ੍ਰਭੂ ਜੀ ਦੇ ਦਰਸ਼ਨ ਨਸੀਬ ਹੋਣਗੇ। ਫ਼ੁਰਮਾਨ ਹੈ :

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥

ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥

(ਅੰਗ ੯੫੪)

ਹੁਣ **ਦ** ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ ਸ਼ਬਦ ਤਾਂ ਬਹੁਤ ਹਨ ਇੱਥੇ ਥੋੜ੍ਹੇ ਹੀ ਦਿੱਤੇ ਜਾਣਗੇ।

ਦਇਆ, ਦ੍ਰਿਸ਼ਟੀ, ਦਸਖ਼ਤ, ਦੁਸਹਿਰਾ, ਦਸਤਾਨੇ, ਦਹੀਂ, ਦਸਤਾਰ, ਦੁਮਾਲਾ, ਦੁਪੱਟਾ, ਦਹੇਜ, ਦੰਗਾ, ਦਫ਼ਤਰ, ਦੰਦ, ਦਖਲ-ਅੰਦਾਜ਼ੀ, ਦਬਕਾ ਮਾਰਨਾ, ਦਰੱਖ਼ਤ, ਦਰਜ਼ੀ, ਦਰਸ਼ਨ, ਦਰਸ਼ਨੀ ਡਿਓੜੀ, ਦਰਬਾਰ ਸਾਹਿਬ, ਦਵਾਈ, ਦਵਾਤ, ਦਾਨਾ-ਪਾਣੀ, ਦਾਦਾ ਦਾਦੀ, ਦਿਓਰ, ਦਾਨ, ਦਾਗੀ, ਦਾਹ-ਸੰਸਕਾਰ, ਦਰਿਆ, ਦੋਸਤੀ, ਦਸਮ-ਦੁਆਰ, ਦਾਸੀ, ਦਸ਼ਾ, ਦਹਿਸ਼ਤ, ਦੰਡ, ਦੰਦ, ਦਫ਼ਾ, ਦੱਬਣਾ, ਦਮਾ, ਦਮੜੇ, ਦਰਸਾਉਣਾ, ਦਰਸ਼ਕ, ਦਰਾਜ, ਦਲਦਲ, ਦਵਾਈ, ਦ੍ਰਿਸ਼ਟਮਾਨ, ਦ੍ਰਿਸ਼ਟਾਂਤ, ਦ੍ਰਿੜ੍ਹਤਾ, ਦਾਅ, ਦਾਇਰਾ, ਦਾਖਲ, ਦਾਜ, ਦਾਤ, ਦਾਨ, ਦਰਮਿਆਨਾ, ਦਰਦ, ਦਰਜਨ, ਦਾਹੜਾ, ਦਰਵਾਨ, ਦਾਤਣ, ਦਾਤਾਰ, ਦਿਆਲੂ, ਦਿਮਾਗ, ਦਿਲ, ਦੀਪ-ਮਾਲਾ, ਦੁਕਾਨ, ਦੁਸ਼ਮਣ, ਦੁੱਖ, ਦੁਪਹਿਰਾ, ਦਿਸ਼ਾ, ਦੁਰਲਭ, ਦੋਸ਼ੀ, ਦੋਧਾਰਾ-ਖੰਡਾ, ਦੌੜ ਤੇ ਦੌਲਤਮੰਦ ਆਦਿ ਕੁਝ ਸ਼ਬਦ ਲਿਖੇ ਹਨ।

ਧ

ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ॥ ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ॥ ੨੨॥ (ਅੰਗ ੪੩੩)

ਪੈਂਤੀ ਵਿਚ ਦ ਅੱਖਰ ਤੋਂ ਬਾਅਦ ਤੇ ਨ ਅੱਖਰ ਤੋਂ ਪਹਿਲਾਂ **ਧ** ਅੱਖਰ ਆਉਂਦਾ ਹੈ। ਪਹਿਲਾਂ ਦੇਖਦੇ ਹਾਂ ਕਿ **ਧਧਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਪਹਿਲਾਂ ਪ ਅੱਖਰ ਲਿਖ ਲਈਏ ਤੇ ਫਿਰ ਉਸ ਦੇ ਉੱਪਰ ਲਕੀਰ ਵਾਹ ਕੇ ਉਸ ਨੂੰ ਬੰਦ ਕਰ ਦਿੱਤਾ ਜਾਵੇ, ਢੱਕ ਦਿੱਤਾ ਜਾਵੇ ਤਾਂ **ਧਧਾ** ਅੱਖਰ ਬਣ ਜਾਂਦਾ ਹੈ। ਤਵਰਗ ਪਾਲ ਦਾ **ਧ** ਚੌਥਾ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੨੨ ਰਾਹੀਂ ਪਾਂਧੇ ਤਾਂਈ **ਧਧੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜਿਸ ਵਾਹਿਗੁਰੂ ਨੇ ਆਪਣੀ ਚੇਤਨ ਦੀ ਕਲਾ ਸ਼ਕਤੀ ਸਾਰੇ ਪਾਸੇ ਭਾਵ ਸਾਰੀ ਸ੍ਰਿਸ਼ਟੀ ਵਿਚ ਟਿਕਾ ਰੱਖੀ ਹੈ। ਪ੍ਰਭੂ ਜੀ ਨੇ ਇਸ ਅਨੰਦੀ ਕੌਤਕ ਰਾਹੀਂ ਇਹ ਰੰਗਾ-ਰੰਗ ਦੀ ਰਚਨਾ ਰਚ ਦਿੱਤੀ ਹੈ। ਸਾਰੇ ਜੀਵ ਉਸ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਵਰਤ ਰਹੇ ਹਨ ਪਰ ਇਹ ਸਭ ਜੀਵਾਂ ਦੇ ਕਰਮਾਂ ਅਨੁਸਾਰ ਹੀ ਪ੍ਰਭੂ ਦੇ ਹੁਕਮ ਵਿਚ ਵਰਤਾਰਾ ਵਰਤ ਰਿਹਾ ਹੈ। ਜਪੁਜੀ ਸਾਹਿਬ ਵਿਚ ਫ਼ੁਰਮਾਨ ਹੈ :

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥ (ਅੰਗ ੭)

ਜਿਨ੍ਹਾਂ ਕਰਮੀ ਜੀਵਾਂ ਦੇ ਉੱਪਰ ਗੁਰੂ ਸਾਹਿਬ ਜੀ ਨੇ ਕਰਮੀ (ਬਖ਼ਸ਼ਿਸ਼) ਕੀਤੀ ਉਹ ਰਜ਼ਾ ਵਿਚ ਚਲਦੇ ਹਨ ਤੇ ਹੁਕਮ ਮੰਨਣ ਕਰਕੇ ਸੱਚ ਸਰੂਪ ਵਿਚ ਸਮਾ ਜਾਂਦੇ ਹਨ।

ਪਟੀ ਬਾਣੀ ਅੰਗ ੪੩੫ ਵਿਖੇ ਅੰਕ ੧੪ ਰਾਹੀਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ **ਧਧੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਹੇ ਮੂਰਖਾ ! ਤੂੰ ਪਦਾਰਥਾਂ ਵੱਲ ਨੂੰ ਦੌੜਦੇ ਮਨ ਨੂੰ ਰੋਕ ਕੇ ਰੱਖ, ਤੇਰੇ ਅੰਦਰ ਹੀ ਨਾਮ ਦਾ ਖ਼ਜ਼ਾਨਾ ਹੈ ਉਸ ਨੂੰ ਪ੍ਰਾਪਤ ਕਰ, ਪਰ ਕਿਵੇਂ ਪ੍ਰਾਪਤ ਹੋਵੇ ਇਹ ਖ਼ਜ਼ਾਨਾ? ਇਕ ਹੋਰ ਫ਼ੁਰਮਾਨ ਸਪੱਸ਼ਟ ਕਰਦਾ ਹੈ :

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥

(ਅੰਗ ੫੭੦)

ਜੇ ਤੂੰ ਗੁਰੂ ਸਾਹਿਬ ਦੇ ਦੱਸੇ ਹੋਏ ਰਾਹ 'ਤੇ ਚੱਲੇਂਗਾ, ਸਿਮਰਨ ਕਰਨ ਦਾ ਪੱਕਾ ਸੁਭਾਅ ਬਣਾ ਲਵੇਂਗਾ ਤਾਂ ਵਾਹਿਗੁਰੂ ਦੇ ਨਾਮ ਰਸ ਨੂੰ ਪੀਵੇਂਗਾ ਜੋ ਕਦੇ ਵੀ ਕਈ ਜੁੱਗਾਂ-ਜੁਗਾਂਤਰਾਂ ਤੱਕ ਵੀ ਨਹੀਂ ਮੁੱਕੇਗਾ।

ਗਉੜੀ ਬਾਵਨ ਅਖਰੀ ਅੰਗ ੨੫੭ ਵਿਖੇ ਅੰਕ ੩੫ ਰਾਹੀਂ ਸਲੋਕ ਤੇ ਪਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧਧੇ ਅੱਖਰ ਦਾ ਉਪਦੇਸ਼ ਫ਼ੁਰਮਾਉਂਦੇ ਹਨ ਕਿ ਹੇ ਜੀਵ ! ਤੂੰ ਆਪਣੇ ਹਿਰਦੇ ਵਿਚ ਸਿਰਫ ਪ੍ਰਭੂ ਦੀ ਹੀ ਟੇਕ, ਓਟ ਰੱਖ ਤੇ ਹੋਰ ਬਿਗਾਨੀਆਂ ਆਸਾਂ ਤਿਆਗ ਦੇ। ਸਦਾ ਪਰਮੇਸ਼ਰ ਨੂੰ ਯਾਦ ਕਰਨ ਨਾਲ, ਸਿਮਰਨ ਕਰਨ ਨਾਲ ਸਾਰੇ ਕੰਮ ਨਿਰਵਿਘਨ ਸੰਪੂਰਨ ਹੋ ਜਾਣਗੇ। ਬਾਬਾ ਫਰੀਦ ਸਾਹਿਬ ਜੀ ਵੀ ਬਿਗਾਨੀਆਂ ਆਸਾਂ ਰੱਖਣ ਵਾਲੇ ਨੂੰ ਧਿਰਕਾਰ ਪਾਉਂਦੇ ਹਨ। ਫ਼ੁਰਮਾਨ ਹੈ :

ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥ ੨੧॥ (ਅੰਗ ੧੩੭੮)

ਧਧੇ ਅੱਖਰ ਦਾ ਹੁਣ ਪਉੜੀ ਰਾਹੀਂ ਉਪਦੇਸ਼ ਬਖ਼ਸ਼ਦੇ ਹਨ ਕਿ ਮਨ ਵਿਸ਼ਿਆਂ ਵਿਕਾਰਾਂ ਵੱਲੋਂ ਦੌੜਦਾ ਤਾਂ ਰੁਕਦਾ ਹੈ ਜੇ ਸੰਤਾਂ ਦੀ ਸੰਗਤ, ਸਤਿਸੰਗਤ ਵਿਚ ਵਾਸਾ ਹੋ ਜਾਵੇ, ਕਿਉਂਕਿ ਸਤਿਸੰਗਤ ਵਿਚ ਨਾਮ ਜਪਿਆ ਜਾਣਾ ਹੈ, ਜਿਸ ਦੇ ਸਦਕੇ ਹੀ ਮਨ ਦੀ ਦੌੜ ਮਿਟਦੀ ਹੈ। ਫ਼ੁਰਮਾਨ ਹੈ :

ਧਾਵਤ ਮਨੁ ਰਾਖੈ ਇਕ ਠਾਇ॥

ਮਨੁ ਤਨੁ ਸੁਧੁ ਜਪਤ ਹਰਿ ਨਾਇ॥ (ਅੰਗ ੨੯੯)

ਅਗਲੀ ਪੰਗਤੀ ਵਿਚ ਫ਼ੁਰਮਾਨ ਹੈ ਕਿ ਹੇ ਪ੍ਰਭੂ ਜੀ ! ਜਿਸ ਉੱਪਰ ਤੁਸੀਂ ਧੁਰੋਂ ਹੀ ਕਿਰਪਾ ਕਰਦੇ ਹੋ, ਉਸ ਦੇ ਮਨ ਵਿਖੇ ਹੀ ਗਿਆਨ ਦਾ ਚਾਨਣਾ ਹੁੰਦਾ ਹੈ। ਜਿਨ੍ਹਾਂ ਦੇ ਕੋਲ ਸੱਚਾ ਧਨ ਹੈ ਉਹੀ ਸੱਚੇ ਸ਼ਾਹੂਕਾਰ ਹਨ ਤੇ ਉਹ ਆਪਣੀ ਸ਼ਰਧਾ ਰੂਪੀ ਪੂੰਜੀ ਨਾਲ ਹਰੀ ਨਾਮ ਨੂੰ ਖਰੀਦਦੇ ਹਨ ਉਹ ਤਨ-ਮਨ-ਧਨ ਰੂਪੀ ਪੂੰਜੀ ਖਰਚ ਕੇ ਨਾਮ ਧਨ ਦੀ ਖਰੀਦ ਕਰਦੇ ਹਨ। ਇਹ ਜੋ ਅਸੀਂ ਸਾਹ ਲੈਂਦੇ ਹਾਂ ਇਹ ਕੋਰੇ ਕਾਗਜ਼ ਹਨ ਤੇ ਜੇ ਇਨ੍ਹਾਂ ਸਾਹਾਂ ਉੱਪਰ ਪ੍ਰਭੂ ਦਾ ਨਾਮ ਲਿਖ ਲਈਏ, ਭਾਵ ਜੱਪ ਲਈਏ ਤਾਂ ਇਹ ਪੂੰਜੀ, ਕਰੰਸੀ ਅੱਗੇ ਵੀ ਚਲਦੀ ਹੈ। ਕੁਝ ਸ਼ਬਦਾਂ ਵਿਚ ਐਸਾ ਵਖਿਆਨ ਦੇਖਣ ਨੂੰ ਮਿਲਦਾ ਹੈ। ਇੱਥੇ ਇਕ ਸ਼ਬਦ ਦੀਆਂ ਦੋ ਤੁਕਾਂ ਹੀ ਲਿਖੀਆਂ ਜਾ ਰਹੀਆਂ ਹਨ। ਸਾਰਾ ਸ਼ਬਦ ਦੇਖ ਲਓ ਜੀ। ਫ਼ੁਰਮਾਨ ਹੈ :

ਸਾਹ ਵਾਪਾਰੀ ਦੁਆਰੈ ਆਏ॥ ਵਖਰੁ ਕਾਢਹੁ ਸਉਦਾ ਕਰਾਏ॥

(ਅੰਗ ੩੭੨)

ਅੱਗੇ ਇਸੇ ਸ਼ਬਦਾਂ ਵਿਚ ਹੋਰ ਪੰਗਤੀ ਹੈ :

ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ॥ (ਅੰਗ ੩੭੨)

ਹੇ ਪ੍ਰਭੂ ! ਜਿਨ੍ਹਾਂ ਨੇ ਤੇਰਾ ਨਾਮ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿਆ ਹੈ ਉਨ੍ਹਾਂ ਦੇ ਅੰਦਰ ਟਿਕਾਓ ਤੇ ਗੰਭੀਰਤਾ ਆਉਂਦੀ ਹੈ, ਉਨ੍ਹਾਂ ਦੀ ਕੀਰਤੀ ਤੇ ਸੋਭਾ ਜਗਤ ਵਿਚ ਹੁੰਦੀ ਹੈ। ਜਪੁ ਜੀ ਸਾਹਿਬ ਵਿਚ ਵੀ ਸੁਨਣ ਬਾਰੇ ਚਾਰ ਪਉੜੀਆਂ ਵਿਚ ਵਡਿਆਈ ਵਰਨਣ ਕੀਤੀ ਮਿਲਦੀ ਹੈ। ਫ਼ੁਰਮਾਨ ਹੈ :

ਸੁਣਿਐ ਈਸਰ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥ (ਅੰਗ ੨)

ਗੁਰੂ ਸਾਹਿਬ ਦੀ ਰਾਹੀਂ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਸਮਾਇਆ ਰਹਿੰਦਾ

ਹੈ, ਉਨ੍ਹਾਂ ਨੂੰ ਲੋਕ-ਪਰਲੋਕ ਵਿਚ ਵਡਿਆਈ ਮਿਲਦੀ ਹੈ।

ਦਖਣੀ ਓਅੰਕਾਰ ਬਾਣੀ ਅੰਗ ੯੩੪ ਵਿਖੇ ਅੰਕ ੩੯ ਰਾਹੀਂ **ਧਧੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫੁਰਮਾਉਂਦੇ ਹਨ ਕਿ ਮੂਰਖ ਜੀਵਾਂ ਦਾ ਧਨ ਇਕੱਠਾ ਕਰਨ ਵਿਚ ਚਿੱਤ ਲੱਗਾ ਹੋਇਆ ਹੈ। ਜੇ ਕਿਤੇ ਧਨ ਗੁਆਚ ਜਾਵੇ ਜਾਂ ਚੋਰੀ ਹੋ ਜਾਵੇ ਤਾਂ ਬੈਠ ਕੇ ਝੂਰਦੇ ਹਨ। ਭਗਤ ਸ੍ਰੀ ਰਵਿਦਾਸ ਸਾਹਿਬ ਜੀ ਵੀ ਐਸੀ ਅਵਸਥਾ ਬਿਆਨਦੇ ਹਨ :

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥ (ਅੰਗ ੪੮੭)

ਗੁਰੂ ਸਾਹਿਬ ਦੇ ਚਰਨਾਂ ਨਾਲ ਪਿਆਰ ਕਰਕੇ ਕਿਸੇ ਵਿਰਲੇ ਨੇ ਹੀ ਪਵਿੱਤਰ ਨਾਮ ਰੂਪ ਸੱਚਾ ਧਨ ਇਕੱਤਰ ਕੀਤਾ ਹੈ। ਜੇ ਤੇਰਾ ਮਨ ਇਕ ਪ੍ਰਭੂ ਦੇ ਪਿਆਰ ਵਿਚ ਜੁੜ ਜਾਵੇ ਤਾਂ ਧਨ ਚਲਾ ਵੀ ਜਾਵੇ ਤਾਂ ਕੋਈ ਸੰਸਾਰੀ ਧਨ ਦਾ ਮੋਹ ਨਾ ਕਰ। ਜੇਕਰ ਗੁਰੂ ਸਾਹਿਬ ਜੀ ਨੂੰ ਆਪਣਾ ਮਨ ਤੇ ਸੀਸ ਅਰਪ ਕੇ ਵੀ ਗੁਰੂ ਸਿੱਖਿਆ ਧਾਰਨ ਕਰੇ ਤੇ ਨਿਮਰਤਾ ਰੱਖ ਕੇ ਓਟ ਪ੍ਰਭੂ ਦੀ ਹੀ ਰੱਖਣੀ ਚਾਹੀਦੀ ਹੈ। ਭਗਤ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ :

ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ॥
ਸੋਈ ਸੁਹਾਗਨਿ ਕਹੈ ਕਬੀਰੁ॥ (ਅੰਗ ੩੨੮)

ਅਨੰਦ ਸਾਹਿਬ ਵਿਚ ਫੁਰਮਾਨ ਹੈ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

ਜਿਨ੍ਹਾਂ ਦੇ ਮਨ ਹਿਰਦੇ ਵਿਚ ਸਤਿਗੁਰੂ ਜੀ ਦੇ ਸ਼ਬਦ ਦਾ ਵਾਸਾ ਹੋ ਜਾਂਦਾ ਹੈ ਉਹ ਮਾਇਆ ਦੇ ਧੰਧਿਆਂ ਦੀ ਭਟਕਣਾ ਵਿਚ ਨਹੀਂ ਰਚਦੇ, ਉਨ੍ਹਾਂ ਨੂੰ ਸ਼ਬਦ ਬ੍ਰਹਮ ਦੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਹੋ ਆਉਂਦਾ ਹੈ। ਗੁਰੂ ਉਪਦੇਸ਼ ਕਮਾਉਣ ਨਾਲ ਖੋਟੇ ਵਿਅਕਤੀ ਵੀ ਖਰੇ ਹੋ ਜਾਂਦੇ ਹਨ। ਫੁਰਮਾਨ ਵੀ ਹੈ :

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥ (ਅੰਗ ੧੪੩)

ਪਰਮੇਸ਼ਰ ਸਰੂਪ ਗੁਰੂ ਨੂੰ ਮਿਲ ਕੇ ਪੰਜਾਂ ਵਿਕਾਰਾਂ ਵਿਚ ਗ੍ਰਸੇ, ਮੰਦ ਵਾਸ਼ਨਾ ਤੋਂ ਉਲਟ ਕੇ ਸੱਜਣ ਬਣ ਜਾਂਦੇ ਹਨ ਭਾਵ ਦੈਵੀ ਗੁਣਾਂ ਦੀ ਪ੍ਰਾਪਤੀ ਹੋ ਆਉਂਦੀ ਹੈ। ਸੰਤ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਜੀਵਨ ਵਿਚੋਂ ਇਹ ਸਾਖੀ ਲਈ ਗਈ ਹੈ।

ਸਿੱਖ ਜਗਤ ਦੇ ਪ੍ਰਸਿੱਧ ਮਹਾਂਪੁਰਖ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਕਰਨੀ ਕਮਾਈ 'ਤੇ ਹਿੰਦੂ ਸਿੱਖਾਂ ਤੋਂ ਇਲਾਵਾ ਪਠਾਣ ਵੀ ਪ੍ਰਭਾਵਿਤ ਸਨ। ਇਕ ਪਠਾਣ ਇਨ੍ਹਾਂ ਦੀ ਚਰਨ ਸ਼ਰਨ ਵਿਚ ਆਇਆ ਤੇ ਮਹਾਂਪੁਰਖਾਂ ਦੇ ਚਰਨਾਂ ਵਿਚ ਕੁਝ ਪਦਾਰਥ ਅਰਪਣ ਕਰਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ! ਮੇਰੀ ਇੱਛਾ ਪੂਰੀ ਹੋਵੇ,

ਕਿਉਂਕਿ ਤੁਸੀਂ ਬਾਕੀ ਦੇ ਸ਼ਰਧਾਲੂਆਂ ਦੀ ਵੀ ਇੱਛਾ ਪੂਰੀ ਕਰਦੇ ਹੋ। ਮਹਾਂਪੁਰਖਾਂ ਨੇ ਪੁੱਛਿਆ ਕਿ ਤੇਰਾ ਕੀ ਮਨੋਰਥ ਹੈ? ਪਠਾਣ ਨੇ ਦੱਸਿਆ ਕਿ ਇਕ ਬਹੁਤ ਖ਼ੂਬਸੂਰਤ ਹਿੰਦੂਆਂ ਦੀ ਲੜਕੀ ਹੈ। ਮੈਂ ਉਸ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਹਾਂ। ਮੇਰੀ ਇਹ ਇੱਛਾ ਪੂਰੀ ਕਰੋ। ਦੂਸਰਾ, ਮੁਸਲਮਾਨ ਮੇਰੇ ਨਾਲ ਵੈਰ ਕਰਦੇ ਹਨ, ਉਨ੍ਹਾਂ ਦਾ ਵੈਰ-ਭਾਵ ਖਤਮ ਹੋਵੇ। ਮਹਾਂਪੁਰਖਾਂ ਨੇ ਕਿਹਾ ਕਿ ਤੇਰੀ ਸਮਝ ਦੀ ਗੱਲ ਹੈ। ਇੱਛਾ ਵੀ ਪੂਰੀ ਹੋ ਜਾਵੇਗੀ, ਵਿਕਾਰ ਵੀ ਮਿਟ ਜਾਣਗੇ, ਦੁਸ਼ਮਣੀ ਵੀ ਖਤਮ ਹੋ ਜਾਵੇਗੀ, ਪਰ ਜੇ ਸਾਡਾ ਇਕ ਬਚਨ ਮੰਨੇ। ਪਠਾਣ ਨੇ ਕਿਹਾ ਕਿ ਹੁਕਮ ਕਰੋ। ਸੰਤਾਂ ਨੇ ਕਿਹਾ ਕਿ ਤੂੰ ਗੁਰੂ ਨਾਨਕ ਦਾ '੧ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤਕ ਕਲਾਮ ਪੜ੍ਹਿਆ ਕਰ, ਜੋ ਬਹੁਤ ਸ਼ਕਤੀ ਵਾਲਾ ਹੈ। ਅੱਠੇ ਘੰਟੇ ਮਸੀਤ ਵਿਚ ਬੈਠ ਕੇ ਜਪਣ ਦੀ ਆਗਿਆ ਕੀਤੀ ਤੇ ਕਿਹਾ ਕਿ ਇਸ ਨੂੰ ਗੁਪਤ ਰੂਪ ਵਿਚ ਜਪਣਾ ਅਤੇ 40 ਦਿਨਾਂ ਵਿਚ ਨਾਗਾ ਨਹੀਂ ਪਾਉਣਾ। ਜਦੋਂ 4-5 ਦਿਨ ਹੀ ਹੋਏ ਸਨ ਤਾਂ ਮੁਸਲਮਾਨ ਜੋ ਵੈਰ ਕਰਦੇ ਸਨ, ਆਪ ਸਲਾਮਾਂ ਕਰਨ ਲੱਗ ਪਏ। ਕਹਿੰਦੇ ਕਿ ਤੂੰ ਬੰਦਗੀ ਕਰਨ ਲੱਗ ਗਿਆ ਹੈਂ, ਇਸ ਲਈ ਅਸੀਂ ਵੈਰ ਛੱਡਿਆ। ਤੈਨੂੰ ਅਸੀਂ ਮਾਰਨਾ ਸੀ, ਪਰ ਹੁਣ ਨਹੀਂ ਮਾਰਦੇ। ਸ਼ਸਤ੍ਰ ਛੱਡ ਦਿੱਤੇ। ਜਦੋਂ 25 ਦਿਨ ਹੋ ਗਏ ਤਾਂ ਉਸ ਦੇ ਅੰਦਰ ਵੀ ਵੈਰ-ਭਾਵਨਾ ਖਤਮ ਹੋ ਗਈ। ਜਦੋਂ 35 ਦਿਨ ਹੋ ਗਏ ਤਾਂ ਜਿਹੜੀ ਮਨ ਵਿਚ ਵਾਸ਼ਨਾ ਸੀ, ਉਹ ਵੀ ਖਤਮ ਹੋ ਗਈ। ਫੇਰ ਉਸ ਲੜਕੀ ਨੂੰ ਲੈ ਕੇ ਆਪਣੀ ਧੀ ਬਣਾਇਆ ਅਤੇ ਉਸ ਦਾ ਵਿਆਹ ਕੀਤਾ ਤੇ ਉਸ ਦਾ ਸਾਰਾ ਖਰਚ ਆਪ ਕੀਤਾ। ਜਿਵੇਂ ਹਿੰਦੂ ਲੋਕ ਦਾਜ ਦਿੰਦੇ ਹਨ ਉਹ ਵੀ ਦਿੱਤਾ। ਫੇਰ ਮਹਾਂਪੁਰਖਾਂ ਦੇ ਚਰਨਾਂ ਵਿਚ ਆ ਕੇ ਕਹਿਣ ਲੱਗਾ ਕਿ ਮੇਰਾ ਮਨ ਵਿਕਾਰਾਂ ਵੱਲੋਂ ਮੁੜ ਗਿਆ ਹੈ। ਜਿਹੜੀ ਤੁਸੀਂ ਕਲਾਮ ਦਿੱਤੀ ਸੀ, ਇਹ ਬਹੁਤ ਸ਼ਕਤੀ ਵਾਲੀ ਹੈ। ਇਸ ਪ੍ਰਕਾਰ ਦੁਸ਼ਮਣ ਦੁੱਖ ਦੇਣ ਵਾਲੇ ਵੀ ਮਿੱਤਰ ਹੋ ਗਏ, ਇੱਛਾ ਐਸੀ ਪੂਰੀ ਹੋਈ ਕਿ ਮੁੜ ਕੇ ਵਿਕਾਰ ਭਾਵਨਾ ਵੀ ਖਤਮ ਹੋ ਗਈ।

ਜੀਵ-ਇਸਤ੍ਰੀ ਉਸ ਪ੍ਰਭੂ ਨੂੰ ਭਾਲਦੀ ਰਹੀ ਜੰਗਲਾਂ ਵਿਚ, ਭੇਖਾਂ ਵਿਚ, ਕਰਮਕਾਂਡਾਂ ਵਿਚ, ਪਰ ਉਹ ਨਾਮ ਦੀ ਵਸਤੂ ਤਾਂ ਘਰ ਵਿਚ ਹੀ ਸੀ। ਸੋ ਉਸ ਦੀ ਪ੍ਰਾਪਤੀ ਵਾਲੀ ਆਤਮ ਵੀਚਾਰ ਰੂਪੀ ਵਸਤੂ ਸਾਧਸੰਗਤ ਰੂਪੀ ਘਰ ਵਿਚੋਂ ਮਿਲਦੀ ਹੈ। ਜਿਨ੍ਹਾਂ ਦੀ ਬੁੱਧੀ ਪ੍ਰਭੂ ਜੀ ਨੇ ਪੂਰਬਲੇ ਪੁੰਨਾਂ ਦੇ ਹੋਣ ਕਰਕੇ ਸਤਿਗੁਰਾਂ ਨਾਲ ਮੇਲ ਦਿੱਤੀ। ਉਨ੍ਹਾਂ ਦੀ ਬੁੱਧੀ ਗੁਰੂ, ਨਾਮ ਨਾਲ ਮਿਲ ਰਹੀ ਹੈ ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਜਨਮ ਮਰਣ ਦਾ ਦੁੱਖ ਨਵਿਰਤ ਕਰ ਲਿਆ ਹੈ।

ਗਉੜੀ ਬਾਵਨ ਅਖਰੀ ਅੰਗ ੩੪੧ ਵਿਖੇ ਭਗਤ ਕਬੀਰ ਸਾਹਿਬ ਜੀ **ਧਧੇ** ਅੱਖਰ ਦਾ ਉਪਦੇਸ਼ ਅੰਕ ੨੫ ਦੁਆਰਾ ਫੁਰਮਾਉਂਦੇ ਹਨ ਕਿ ਅਰਧਹਿ ਭਾਵ ਜੀਵ ਤੇ ਉਰਧ ਭਾਵ ਈਸ਼ਵਰ ਦਾ ਨਿਬੇੜਾ ਕਿਵੇਂ ਹੋਵੇ ਭਾਵ ਅਰਧਹਿ=ਅੱਧੇ ਨੂੰ ਵੀ ਆਖਦੇ ਹਨ। ਜਦੋਂ ਜੀਵਾਤਮਾ ਦਾ ਨਿਵਾਸ ਪ੍ਰਭੂ ਵਿਚ ਹੁੰਦਾ ਹੈ ਤਾਂ ਪ੍ਰਭੂ ਨਾਲ ਇਕਮਿਕ ਹੋਇਆਂ ਹੀ ਜੀਵ

ਦੇ ਜਨਮ ਮਰਨ ਦਾ ਖਾਤਮਾ ਹੁੰਦਾ ਹੈ। ਪਰਮੇਸ਼ਰ ਦੀ ਉਪਾਸਨਾ ਵਿਚ ਵਾਸਾ ਕਰੇ। ਅਸਲ ਵਿਚ ਇਹ ਮਨ ਮੰਨੇ ਤਾਂ ਹੀ ਹੋ ਸਕਦਾ ਹੈ। ਫੁਰਮਾਨ ਹੈ :

ਅਰਧ ਉਰਧ ਕੀ ਸੰਧਿ ਕਿਉ ਜਾਨੈ॥

ਗੁਰਮੁਖਿ ਸੰਧਿ ਮਿਲੈ ਮਨੁ ਮਾਨੈ॥ (ਅੰਗ ੨੨੮)

ਜਦੋਂ ਜੀਵ ਨੀਵੀਂ ਅਵਸਥਾ ਨੂੰ ਛੱਡ ਕੇ ਉੱਚੀ ਅਵਸਥਾ 'ਤੇ ਅੱਪੜਦਾ ਹੈ ਜੋ ਜੀਵ ਨੂੰ ਪਰਮਾਤਮਾ ਮਿਲ ਪੈਂਦਾ ਹੈ ਤੇ ਅਸਲ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਧਧੇ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾਂਦੇ ਹਨ :

ਧਰਮ, ਧਰਮ-ਯੁੱਧ, ਧੰਨਵਾਦ, ਧੰਧਾ, ਧੱਕਾ, ਧੱਬਾ, ਧਮਕੀ, ਧਰਤੀ, ਧਰਨਾ, ਧੜ, ਧੜਕਣ, ਧੜਾ, ਧਰੋਹੀ, ਧੂੰਆਂ, ਧਿਆਨ, ਧਿਰ, ਧੀ, ਧੀਰਜ, ਧੁੰਧਲਾ, ਧੁੰਨੀ, ਧੁੱਪ, ਧੂਪ, ਧੂੜ, ਧੌਣ, ਧੋਤੀ, ਧੋਬੀ, ਧੱਖ, ਧਨ, ਧਨੁਖ, ਧਨਾਢ, ਧੱਫੜ, ਧਰਮਸ਼ਾਲਾ, ਧੜੱਲਾਂ, ਧਾਈ ਕਰਨੀ, ਧਾਰਨਾ, ਧਾਵਾ ਬੋਲਣਾ, ਧੁੰਧ, ਧੁੰਮ, ਧੁਰੀ, ਧੂਹਣਾ ਤੇ ਧੋਖੇਬਾਜ ਆਦਿ ਕੁਝ ਸ਼ਬਦ ਲਿਖੇ ਹਨ।

ਨ

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥ ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥ ੨੩ ॥

(ਅੰਗ ੪੩੩)

ਪੈਂਤੀ ਵਿਚ ਧ ਅੱਖਰ ਤੋਂ ਬਾਅਦ ਤੇ ਪ ਅੱਖਰ ਤੋਂ ਪਹਿਲਾਂ ਨ ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਨੰਨਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਠ ਅੱਖਰ ਲਿਖਣਾ ਸ਼ੁਰੂ ਕਰੀਏ ਤਾਂ ਹੇਠਾਂ ਤੋਂ ਉਸ ਨੂੰ ਜੋੜੀਏ ਨਾ ਤੇ ਥੱਲੇ ਤੋਂ ਖੁੱਲ੍ਹਾ ਰਹਿਣ ਦੇਈਏ ਤਾਂ **ਨੰਨਾ** ਅੱਖਰ ਨ ਲਿਖ ਹੋ ਜਾਂਦਾ ਹੈ। **ਨ** ਅੱਖਰ ਤਵਰਗ ਧਾਲ ਦਾ ਪੰਜਵਾਂ ਅੱਖਰ ਹੈ।

ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੩੩ ਰਾਹੀਂ ਨੰਨੇ ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਸ੍ਰੀ ਗੁਰੂ ਬਾਬਾ ਨਾਨਕ ਸਾਹਿਬ ਜੀ ਉਚਾਰਦੇ ਹਨ ਕਿ ਹੇ ਪਾਂਧਾ ਜੀ ! ਸਾਰੇ ਜੀਵ ਉਸ ਪ੍ਰਭੂ ਦੇ ਦਿੱਤੇ ਪਦਾਰਥ ਨਿਤਾਪ੍ਰਤੀ ਭੋਗਦੇ ਹਨ ਭਾਵ ਰਿੱਧੀਆਂ ਸਿੱਧੀਆਂ ਤੇ ਸਾਰੇ ਖਾਣ ਵਾਲੇ ਪਦਾਰਥ ਆਦਿ ਪਰ ਉਸ ਮਾਲਕ ਪਤੀ ਨੂੰ ਨਾ ਕਦੇ ਦੇਖਿਆ ਹੈ ਤੇ ਨਾ ਹੀ ਕਦੇ ਯਾਦ ਕੀਤਾ ਹੈ। ਗੁਰਮੁਖ ਤਦੇ ਹੀ ਕੋਈ ਵੀ ਪਦਾਰਥ ਅੰਗੀਕਾਰ ਕਰਦੇ ਹਨ ਤੇ ਛਕਦੇ ਹਨ ਤਾਂ ਪ੍ਰਭੂ ਜੀ ਅੱਗੇ ਪਹਿਲਾਂ ਅਰਦਾਸ ਕਰਦੇ ਹਨ। ਇਥੋਂ ਤੱਕ ਵੀ ਗੁਰਬਾਣੀ ਵਿਚ ਤਾੜਨਾ ਅੰਕਿਤ ਹੈ :

ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ॥ (ਅੰਗ ੩੦੬)

ਮੈਂ ਗੱਲਾਂ ਕਰਕੇ ਤਾਂ ਆਪਣੇ ਆਪ ਨੂੰ ਸੁਹਾਗਣ ਆਖਦੀ ਰਹੀ, ਪਰ ਮੈਨੂੰ ਮਾਲਕ ਪ੍ਰਭੂ-ਪਤੀ ਦਾ ਦੀਦਾਰ ਤਾਂ ਹਾਲੇ ਤੱਕ ਨਸੀਬ ਨਹੀਂ ਹੋਇਆ। ਮਿਲਦਾ ਜੁਲਦਾ ਇਕ ਫੁਰਮਾਨ ਹੈ :

ਗਾਂਲੀ ਅਸੀ ਚੰਗੀਆ ਆਚਾਰੀ ਬੁਰੀਆਹ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥ (ਅੰਗ ੮੫)

ਪਟੀ ਬਾਣੀ ਅੰਗ ੪੩੪ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੱਧੀ ਪੰਗਤੀ ਵਿਚ ਹੀ **ਨੰਨੇ** ਅੱਖਰ ਦਾ ਉਪਦੇਸ਼ ਅੰਕ ਦੋ ਰਾਹੀਂ ਬਖ਼ਸ਼ਦੇ ਹਨ ਕਿ ਨਾ ਹੀ ਤੂੰ ਪਰਮੇਸ਼ਰ ਦਾ ਨਾਮ ਲਿਆ ਭਾਵ ਸਿਮਰਨ ਵਲੋਂ ਇਨਕਾਰ, ਨਨਕਾਰ ਹੀ ਕੀਤਾ ਹੈ।

ਗਉੜੀ ਬਾਵਨ ਅਖਰੀ ਮਹਲਾ ੫ ਅੰਗ ੨੫੭-੨੫੮ ਵਿਖੇ ਅੰਕ ੩੬ ਰਾਹੀਂ **ਨੰਨੇ** ਅੱਖਰ ਦਾ ਉਪਦੇਸ਼ ਸਲੋਕ ਤੇ ਪਉੜੀ ਦੁਆਰਾ ਬਖ਼ਸ਼ਦੇ ਹਨ ਕਿ ਜਿਨ੍ਹਾਂ ਜੀਵਾਂ ਨੇ ਪ੍ਰੇਮ ਕਰਕੇ ਹਿਰਦੇ ਅੰਦਰ ਪਰਮੇਸ੍ਰਰ ਦਾ ਜਾਪ ਜਪਿਆ ਹੈ ਤੇ ਬਾਹਰ ਬਾਣੀ ਦੁਆਰਾ ਸਰੀਰ ਕਰਕੇ ਵੀ ਨਾਮ ਜਪਿਆ ਹੈ ਉਨ੍ਹਾਂ ਨੂੰ ਪੂਰਨ ਸਤਿਗੁਰੂ ਜੀ ਨੇ ਉਪਦੇਸ਼ਿਆ ਹੈ ਕਿ ਸਾਧਸੰਗਤ ਦੁਆਰਾ ਨਰਕਾਂ ਵਿਚ ਨਹੀਂ ਪਈਦਾ। ਹੁਣ ਪਉੜੀ ਵਿਚ ਵੀ ਐਸਾ ਵੀਚਾਰ ਦੇ ਰਹੇ ਹਨ ਕਿ ਜਿਨ੍ਹਾਂ ਦੇ ਅੰਤਸ਼ਕਰਣ ਤੇ ਸਰੀਰ ਵਿਖੇ ਵਾਹਿਗੁਰੂ ਦਾ ਨਾਮ ਵੱਸਦਾ ਹੈ ਉਹ ਘੋਰ ਦੁੱਖਾਂ ਦੇ ਟੋਏ ਨਰਕ ਵਿਚ ਨਹੀਂ ਡਿੱਗਦੇ। ਜੇਹੜੇ ਮਨੁੱਖ ਗੁਰੂ ਸਾਹਿਬ ਦੀ ਰਾਹੀਂ ਪ੍ਰਭੂ ਨਾਮ ਨੂੰ ਸਭ ਪਦਾਰਥਾਂ ਦਾ ਖ਼ਜ਼ਾਨਾ ਸਮਝ, ਜਾਣ ਕੇ ਜੱਪਦੇ ਹਨ ਉਹ ਮਾਇਆ ਦੇ ਮੋਹ ਵਿਚ ਦੌੜ ਭੱਜ ਨਹੀਂ ਕਰਦੇ, ਖੱਪਦੇ। ਨਾਮ ਗੁਰੂ ਸਾਹਿਬ ਦੇ ਚਰਣਾਂ ਨਾਲ ਜੁੜ ਕੇ ਭਗਤੀ ਕਰਨ ਨਾਲ ਮਿਲਦਾ ਹੈ। ਫੁਰਮਾਨ ਹੈ :

ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ॥

(ਅੰਗ ੧੨੧)

ਜਿਨ੍ਹਾਂ ਨੇ ਆਪਾ ਅਰਪਨ ਕਰਕੇ ਗੁਰੂ ਸਾਹਿਬ ਜੀ ਤੋਂ ਗੁਰ-ਮੰਤ੍ਰ ਪ੍ਰਾਪਤ ਕੀਤਾ ਹੈ ਤੇ ਉਸ ਦੀ ਕਮਾਈ ਕੀਤੀ ਹੈ ਉਨ੍ਹਾਂ ਨੂੰ ਤਾਂ ਦਰਗਹ ਵਿਚ ਵੀ ਕੋਈ ਇਨਕਾਰ ਨਹੀਂ ਕਰਦਾ। ਜਿਨ੍ਹਾਂ ਦੇ ਹਿਰਦੇ ਸਭ ਖ਼ਜ਼ਾਨਿਆਂ ਪ੍ਰਭੂ ਦੇ ਨਾਮ ਨਾਲ ਅੰਮ੍ਰਿਤ ਨਾਲ ਭਰੇ ਰਹਿੰਦੇ ਹਨ ਤਾਂ ਉਨ੍ਹਾਂ ਦੇ ਅੰਦਰ ਅਨੰਦਮਈ ਸੁਖ ਬਣਿਆ ਰਹਿੰਦਾ ਹੈ। ਸਭ ਤਰ੍ਹਾਂ ਦੇ ਸੰਗੀਤਮਈ ਵਾਜੇ ਇਕ-ਸੁਰ ਉਨ੍ਹਾਂ ਦੇ ਅੰਦਰ ਵੱਜਣ ਲੱਗ ਪੈਂਦੇ ਹਨ ਜੋ ਲਗਾਤਾਰ ਕਿਸੇ ਹੱਦ ਤੋਂ ਰਹਿਤ ਹੁੰਦੇ ਹਨ, ਭਾਵ ਉਨ੍ਹਾਂ ਦਾ ਜਾਪ ਅਨਹਦ ਹੋ ਵਰਤਦਾ ਹੈ।

ਦਖਣੀ ਓਅੰਕਾਰ ਬਾਣੀ ਅੰਗ ੯੩੪-੯੩੫ ਵਿਖੇ ੩੭ ਰਾਹੀਂ **ਨੰਨੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਨਾਮ ਤੋਂ ਬਿਨਾਂ ਹੋਰ ਨਾਨਾ ਪ੍ਰਕਾਰ ਦੇ ਕੰਮ ਕਰਨ ਨਾਲ

ਜਮਪੁਰੀ ਵਿਚ ਛੁਟਕਾਰਾ ਨਹੀਂ ਹੁੰਦਾ। ਨਾ ਇਸ ਲੋਕ ਦਾ ਸੁਖ ਤੇ ਨਾ ਹੀ ਪ੍ਰਲੋਕ ਦਾ ਸੁਖ ਹੁੰਦਾ ਹੈ। ਪ੍ਰਲੋਕ ਵਿਚ ਫਿਰ ਪਸ਼ਤਾਤਾਪ ਕਰਦਾ ਹੈ ਅਉਗਣਾਂ ਵਿਚ ਫਸੇ ਰਹਿਣ ਕਰਕੇ। ਨਾ ਨਿਰਗੁਣ ਸਰੂਪ ਦਾ ਗਿਆਨ ਹੁੰਦਾ ਹੈ ਨਾ ਹੀ ਸਰਗੁਣ ਸਰੂਪ ਦਾ ਧਿਆਨ ਨਾਹੀ ਪੁੰਨ ਕਰਮ ਕਰਕੇ ਧਰਮ ਵੱਲ ਧਿਆਨ ਹੁੰਦਾ ਹੈ। ਜਦੋਂ ਜਮਪੁਰੀ ਵਿਚ ਸਜ਼ਾ ਮਿਲਦੀ ਹੈ ਤਾਂ ਆਖਦਾ ਹੈ ਕਿ ਮੈਨੂੰ ਹੁਣ ਨਾਮ ਦੇ ਦਿਓ, ਹੁਣ ਮੈਂ ਅੰਮ੍ਰਿਤ ਛਕਣ ਨੂੰ ਤਿਆਰ ਹਾਂ, ਪਰ ਹੁਣ ਤਾਂ ਨਾਮ ਨਹੀਂ ਮਿਲ ਸਕਦਾ, ਸਗੋਂ ਸਜ਼ਾ ਹੀ ਮਿਲਦੀ ਹੈ। ਐਸਾ ਵਰਨਣ ਇਸ ਸ਼ਬਦ ਵਿਚ ਹੈ :

ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥ ੪ ॥

(ਅੰਗ ੯੯੩)

ਪ੍ਰਭੂ ਦੇ ਨਾਮ ਤੋਂ ਬਿਨਾਂ ਨਿਰਭਉ ਕਿਸ ਤਰ੍ਹਾਂ ਹੋ ਸਕਦਾ ਹੈ? ਕੀ ਜਾਣੀਏ ਅਭਿਮਾਨ ਦੇ ਕਾਰਨੇ ਕਰਕੇ ਇਹ ਹਾਲ ਹੋਵੇਗਾ। ਜਗਿਆਸੂ ਦੀ ਬੁੱਧੀ ਸਕਾਮ ਕਰਮਾਂ ਦੇ ਕਰਨੇ ਕਰਕੇ ਥੱਕ ਰਹੀ ਹੈ ਕਿਵੇਂ ਮੁਕਤ ਪਦ ਤੱਕ ਪਹੁੰਚ ਸਕਦੀ ਹੈ। ਨਾ ਉਰਲੇ ਇਸ ਕਿਨਾਰੇ ਨਾ ਪਰਲੇ ਕਿਨਾਰੇ ਦਾ ਅੰਤ ਹੈ, ਨਾ ਬੈਰਾਗ ਹੈ ਨਾ ਗਿਆਨ ਹੈ। ਮੈਨੂੰ ਕੋਊ ਪਿਆਰ ਵਾਲੇ ਸੰਤ ਮਹਾਤਮਾ ਸੱਜਣ ਨਹੀਂ ਮਿਲੇ ਜੋ ਇਹ ਜੁਗਤੀ ਦੱਸ ਦਿੰਦੇ, ਹੁਣ ਮੈਂ ਕਿਸ ਦੇ ਕੋਲ ਜਾ ਕੇ ਪੁਕਾਰ ਕਰਾਂ। ਜੇ ਸ਼ਰਧਾ ਨਾਲ ਪ੍ਰਿਉ ਪ੍ਰਿਉ ਵਾਹਿਗੁਰੂ-ਵਾਹਿਗੁਰੂ ਕਰੇ ਤੇ ਉਸ ਮਾਲਕ ਪਤੀ ਨੂੰ ਨਜ਼ਦੀਕ ਹੀ ਸਮਝੇ ਤਾਂ ਮੇਲਣਹਾਰ ਪ੍ਰਭੂ ਆਪ ਹੀ ਮੇਲ ਲੈਂਦਾ ਹੈ। ਗੁਰਾਂ ਦੇ ਵਿਚ ਅਪਾਰ ਪ੍ਰੇਮ ਕਰਨ ਦੁਆਰਾ ਜਿਸ ਪਰਮੇਸ਼ਰ ਨੇ ਵਿਛੋੜਿਆ ਹੈ ਉਹ ਹੀ ਮੇਲ ਲੈਂਦਾ ਹੈ।

ਭਗਤ ਸ੍ਰੀ ਕਬੀਰ ਜੀਉ ਬਾਵਨ ਅਖਰੀ ਬਾਣੀ ਅੰਗ ੩੪੧ ਵਿਖੇ ਅੰਕ ੨੯ ਰਾਹੀਂ **ਨੰਨੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜਿਹੜੇ ਰਾਤ ਦਿਨ ਪਰਮੇਸ਼ਰ ਦੇ ਦਰਸ਼ਨ ਕਰਨ ਵਾਸਤੇ ਪ੍ਰੇਮ ਵਿਚ ਵੇਖਦੇ-ਵੇਖਦੇ ਮਗਨ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਮਨ ਬੁੱਧੀ ਨੇਤਰ ਪ੍ਰੇਮ ਦੀ ਲਾਲੀ ਵਾਲੇ ਹੋ ਜਾਂਦੇ ਹਨ। ਸਦਾ ਭਜਨ, ਦਰਸ਼ਨ ਕਰਨ ਲਈ ਫ਼ੁਰਮਾਨ ਹੈ :

ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੁੋਰਾ॥

(ਅੰਗ ੧੨੦੧)

ਦੀਦਾਰ ਦੀ ਤਾਂਘ ਕਰਦਿਆਂ-ਕਰਦਿਆਂ ਜਦੋਂ ਆਖਰ ਦੀਦਾਰ ਹੁੰਦਾ ਹੈ ਤਾਂ ਉਹ ਇਸ਼ਟ-ਪ੍ਰਭੂ ਦਰਸ਼ਨ ਦੀ ਤਾਂਘ ਰੱਖਣ ਵਾਲੇ ਆਪਣੇ ਪ੍ਰੇਮੀ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਨੰਨੇ ਅੱਖਰ ਨਾਲ ਸ਼ੁਰੂ ਹੋਣ ਵਾਲੇ ਕੁਝ ਸ਼ਬਦ ਲਿਖੇ ਜਾ ਰਹੇ ਹਨ :

ਨਗਾਰਾ, ਨਗਰ ਕੀਰਤਨ, ਨਸੀਬ, ਨਸਲ, ਨਹਿਰ, ਨਸ਼ਾ, ਨੱਕ, ਨਹੁੰ, ਨਕਦ, ਨਕਸ਼ਾ, ਨਕਲ, ਨਖਰਾ, ਨਗ, ਨੱਚਣਾ, ਨਗਨ, ਨਜ਼ਦੀਕੀ,

ਨਜ਼ਰਬੰਦ, ਨਜ਼ਲਾ, ਨਿਚੋੜਨਾ, ਨਣਦ, ਨੱਠਣਾ, ਨਤੀਜਾ, ਨੱਥ ਪਾਉਣੀ, ਨਿਡਰ, ਨਫਰਤ, ਨੱਪਣਾ, ਨਫਾ, ਨਾਬਾਲਗ, ਨਮਸਕਾਰ, ਨਮੂਨਾ, ਨਰਕ, ਨਰਮ, ਨਲਕਾ, ਨਵਾਂ, ਨਵਾਬ, ਨਾਅਰਾ, ਨਾਕਾ, ਨਾਗਰਿਕ, ਨਾਨਕਾ, ਨਾਮ ਜਪਣਾ, ਨਿਆਰਾ, ਨਲਾਇਕ, ਨਸਵਾਰ, ਨਸੀਹਤ, ਨਸ਼ਟ, ਨੱਕਾ ਮੋੜਨਾ, ਨਕੇਲ, ਨਹਿਸ਼, ਨਹੋਰਾ, ਨਕਸ਼, ਨਕਲੀ, ਨਕਾਰਾ, ਨਜ਼ਰ, ਨਜ਼ਾਰਾ, ਨੇਤਾ, ਨਤੀਜਾ, ਨੰਬਰ, ਨਮਿਤ, ਨਮੂਨਾ, ਨਾਨਕਸ਼ਾਹੀ, ਨਾਨਕ ਪੰਥੀ, ਨਾਪਣਾ, ਨਾਰ, ਨਰਾਜ਼, ਨਾਰੀਅਲ, ਨਿਓਣਾ, ਨਿਆਣਾ, ਨਿੱਘਾ, ਨਿਗਾਹ, ਨਿਪੁੰਨ, ਨਿਰਦਈ, ਨੁਕਤਾਚੀਨੀ, ਨੁਮਾਇਸ਼, ਨਾਵਲ, ਨਿਸ਼ਾਨ, ਨਿਗਰਾਨੀ, ਨਿੰਦਾ, ਨਿੰਬੂ, ਨਿਬੇੜਨਾ, ਨਿਭਾਉਣਾ, ਨਿਰੰਕਾਰ, ਨਿਰਦੋਸ਼, ਨਿਰਧਨ, ਨਿਰਭਉ, ਨਿਰਮਲ, ਨਿਰਵੈਰ, ਨਿਰਾਸ, ਨੀਂਹ ਪੱਥਰ, ਨੀਚ, ਨੀਂਦ, ਨੀਲਾਮੀ, ਨੇਕਦਿਲ, ਨੇਤਰਹੀਣ, ਨੌਕਰ, ਨੋਟ ਤੇ ਨੋਟਿਸ ਆਦਿ ਕੁਝ ਸ਼ਬਦ ਲਿਖੇ ਹਨ।

ਪ

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ੨੪ ॥

(ਅੰਗ ੪੩੩)

ਪੈਂਤੀ ਵਿਚ ਨ ਅੱਖਰ ਤੋਂ ਬਾਅਦ ਤੇ ਫ ਅੱਖਰ ਤੋਂ ਪਹਿਲਾਂ **ਪ** ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਪੱਪਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਖੱਖਾ ਅੱਖਰ ਲਿਖੀਏ ਪਰ ਦਰਮਿਆਨ, ਗੱਭੇ ਲਕੀਰ ਨਾ ਪਾਈਏ ਤਾਂ **ਪ** ਅੱਖਰ ਲਿਖ ਹੋ ਜਾਂਦਾ ਹੈ। **ਪ** ਪਵਰਗ ਟੋਲੀ ਦਾ ਪਹਿਲਾ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਾਂਧੇ ਨੂੰ **ਪੱਪੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ, ਇਹ ਪਟੀ ਲਿਖੀ ਬਾਣੀ ੪੩੩ ਵਿਖੇ ਅੰਕ ੨੪ ਰਾਹੀਂ ਦਰਜ ਹੈ। ਉਹ ਪਰਮੇਸ਼ਰ ਸਭ ਦਾ **ਪਾਤਿਸਾਹੁ** (ਬਾਦਸ਼ਾਹ) ਹੈ ਉਸ ਨੇ ਧਰਤੀ ਤਖਤ ਬਣਾ ਕੇ ਆਕਾਸ਼ ਚੰਦੋਆ ਬਣਾਇਆ ਹੈ। ਤਾਰੇ ਮੰਡਲ ਬਲੌਰ ਟੰਗੇ ਹਨ। ਚੰਦਰਮਾ ਤੇ ਸੂਰਜ ਚਮਕਦੇ ਗਹਿਣੇ ਬਣਾਏ ਹਨ। ਉਸ ਨੇ ਆਪਣੇ ਦੇਖਣ ਵਾਸਤੇ ਸੰਸਾਰ ਦੀ ਰਚਨਾ ਕੀਤੀ ਹੈ ਤੇ ਜੀਵਾਂ ਦੇ ਕੌਤਕ ਆਪ ਦੇਖਦਾ ਹੈ। ਉਹ ਸਭ ਕਿਛੁ ਜਾਣਦਾ ਹੋਇਆ ਸਭ ਥਾਂਈ ਵਿਆਪਕ ਹੋ ਰਿਹਾ ਹੈ। ਫ਼ੁਰਮਾਨ ਹਨ :

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ (ਅੰਗ ੧੪੦੩)

ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥ (ਅੰਗ ੩੧੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਫੁਰਮਾਉਂਦੇ ਹਨ :

ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥

(ਦਸਮ ਗ੍ਰੰਥ, ਅੰਗ ੫੭)

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਟੀ ਅੰਗ ੪੩੫ ਵਿਖੇ ਅੰਕ ੧੦ ਵਿਖੇ **ਪਪੇ** ਅੱਖਰ ਰਾਹੀਂ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਮੂਰਖ ! ਤੂੰ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਪਵੇਂਗਾ, ਕਿਉਂਕਿ ਤੂੰ ਸੰਸਾਰ ਰੂਪ ਮੋਹ ਜਾਲ ਵਿਚ ਫਸ ਰਿਹਾ ਹੈਂ। ਫੁਰਮਾਨ ਹੈ :

ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥ (ਅੰਗ ੨੯੭)

ਤੇਰੇ ਪੂਰਬਲੇ ਖੋਟੇ ਕਰਮਾਂ ਕਰਕੇ ਤੈਨੂੰ ਐਸੀ ਪ੍ਰੇਰਨਾ ਮਿਲ ਰਹੀ ਹੈ ਇਹ ਸੱਚੇ ਪ੍ਰਭੂ ਵੱਲੋਂ ਤੇਰੇ ਪਿਛਲੇ ਕੀਤੇ ਗਲਤ ਕਰਮਾਂ ਅਨੁਸਾਰ ਹੀ ਵਰਤਾਰਾ ਵਰਤ ਰਿਹਾ ਹੈ। ਸੋਰਠਿ ਰਾਗ ਦੀ ਵਾਰ ਦੀ ਪਉੜੀ ਵਿਚ ਵੀ ਐਸੀ ਹੀ ਪੰਗਤੀ ਹੈ :

ਇਕਨਾ ਭਗਤੀ ਲਾਇ ਇਕਿ ਆਪਿ ਖੁਆਇਦਾ ॥ (ਅੰਗ ੬੪੪)

ਗਉੜੀ ਬਾਵਨ ਅਖਰੀ ਅੰਗ ੨੫੮ ਵਿਖੇ ਅੰਕ ੩੭ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ **ਪੱਪੇ** ਅੱਖਰ ਬਾਰੇ ਸਲੋਕ ਤੇ ਪਉੜੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਦੀ ਗੁਰੂ ਸਾਹਿਬ ਤੇ ਪ੍ਰਭੂ ਜੀ ਨੇ ਇੱਜ਼ਤ ਰੱਖਣੀ ਕੀਤੀ ਉਨ੍ਹਾਂ ਨੇ ਠੱਗੀ, ਮੋਹ ਤੇ ਵਿਸ਼ੇ ਵਿਕਾਰ ਛੱਡ ਦੇਣੇ ਕੀਤੇ ਹਨ। ਇਸ ਲਈ ਉਸੇ ਪ੍ਰਭੂ (ਇੱਥੇ ਪ੍ਰਭੂ ਲਈ ਸੋਊ ਪਦ ਵਰਤਿਆ ਗਿਆ ਹੈ) ਨੂੰ ਧਿਆਉਣਾ ਚਾਹੀਦਾ ਹੈ ਜਿਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ। ਉਸ ਦੀ ਹਸਤੀ ਦਾ ਉਰਲਾ ਪਾਰਲਾ ਬੰਨਾ ਨਹੀਂ ਲੱਭਿਆ ਜਾ ਸਕਦਾ।

ਪਉੜੀ ਵਿਖੇ **ਪੱਪੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਉਹ ਪ੍ਰਭੂ ਅਪਹੁੰਚ ਹੈ। ਉਹ ਰਾਜਾ ਰੂਪ ਪਵਿੱਤਰ ਹਰੀ ਪਾਪੀਆਂ ਨੂੰ ਵੀ ਪਵਿੱਤਰ ਕਰਨ ਵਾਲਾ ਹੈ ਉਸ ਦੀ ਹਸਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਕਰੋੜਾਂ ਹੀ ਅਪਰਾਧੀ, ਪਾਪੀ ਸਾਧਸੰਗਤ ਕਰਨ ਕਰਕੇ ਨਾਮ ਜੱਪਣ ਲੱਗ ਜਾਂਦੇ ਹਨ। ਨਾਮ ਜਪਣ ਕਰਕੇ ਸਤਸੰਗਤ ਕਰਨ ਕਰਕੇ ਉਨ੍ਹਾਂ ਦੇ ਛਲ, ਧ੍ਰੋਹ, ਵੈਰ-ਭਾਵ ਮਿਟ ਜਾਂਦੇ ਹਨ ਜਿਨ੍ਹਾਂ ਨੂੰ ਹੇ ਮਾਲਕ ਜੀ ! ਤੁਸੀਂ ਆਪ ਰੱਖਦੇ ਹੋ। ਫੁਰਮਾਨ ਹੈ :

ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ ॥

(ਅੰਗ ੧੨੯੪)

ਉਹ ਮਾਲਕ ਪ੍ਰਭੂ ਸ਼ਾਹਾਂ ਦਾ ਸ਼ਾਹ ਹੈ ਤੇ ਅਸਲੀ ਛਤਰ ਧਾਰਨ ਕਰਨ ਵਾਲਾ ਉਹੀ ਹੈ ਤੇ ਹੋਰ ਕੋਈ ਦੂਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਹੋਰ ਕੋਈ ਦੂਜਾ ਉਸ ਦੀ ਬਰਾਬਰੀ ਕਰਨ ਜੋਗਾ ਹੈ ਹੀ ਨਹੀਂ। ਫੁਰਮਾਨ ਹੈ :

ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥

(ਅੰਗ ੫੯੪)

ਦਖਣੀ ਓਅੰਕਾਰ ਬਾਣੀ ਅੰਗ ੯੩੫ ਵਿਖੇ ਅੰਕ ੩੮ ਰਾਹੀਂ **ਪੱਪੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਪਾਪ ਕਰਨੇ ਮਾੜਾ ਕੰਮ ਹੈ ਪਰ ਪਾਪੀ ਵਿਅਕਤੀ ਨੂੰ ਉਹ ਚੰਗੇ ਲੱਗਦੇ ਹਨ ਤੇ ਪਾਪਾਂ ਦੇ ਚਸਕੇ ਵਿਚ ਫਸਿਆ ਹੋਇਆ ਪਾਪਾਂ ਦਾ ਹੀ ਹੋਰ ਪਸਾਰਾ ਖਿਲਾਰੀ ਜਾਂਦਾ ਹੈ। ਪਰ ਜੇ ਉਹ ਪਾਪਾਂ ਨੂੰ ਛੱਡ ਕੇ ਆਪਣੇ ਅਸਲ ਨੂੰ ਪਛਾਣੇ ਤਾਂ ਫਿਰ ਉਸ ਨੂੰ ਚਿੰਤਾ, ਵਿਛੋੜਾ ਤੇ ਦੁੱਖ ਨਹੀਂ ਵਿਆਪਦੇ। ਪਰ ਜੇ ਪਾਪ ਕਰਮ ਨਹੀਂ ਤਿਆਗਦਾ ਤੇ ਆਪਾ ਨਹੀਂ ਪਛਾਣਦਾ ਤਾਂ ਫਿਰ ਕਿਸ ਤਰ੍ਹਾਂ ਨਰਕ ਵਿਚ ਡਿੱਗਣ ਤੋਂ ਬਚ ਸਕਦਾ ਹੈ। ਨਰਕ ਦੀ ਝਾਕੀ ਇਸ ਫੁਰਮਾਨ ਵਿਚ ਹੈ :

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥

ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥ (ਅੰਗ ੧੪੨੫)

ਇਸ ਦਾ ਪਰਮੇਸ਼ਰ ਨੂੰ ਭੁੱਲਣ ਕਰਕੇ ਆਉਣਾ ਜਾਣਾ ਨਵਿਰਤ ਨਹੀਂ ਹੁੰਦਾ ਤੇ ਝੂਠਾ ਬੋਲਣ ਕਰਕੇ ਕਾਲ ਇਸ ਨੂੰ ਨਾਸ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਝੂਠ ਬੋਲਣ ਨੂੰ ਮੁਰਦਾ ਖਾਣੇ ਨਾਲ ਤਰਜੀਹ ਦਿੰਦੇ ਹਨ। ਫੁਰਮਾਨ ਹੈ :

ਕੂੜੁ ਬੋਲਿ ਮੁਰਦਾਰੁ ਖਾਇ ॥ (ਅੰਗ ੧੩੯)

ਇਨ੍ਹਾਂ ਵਿਕਾਰਾਂ ਤੇ ਝੂਠ ਤੋਂ ਬਚਣ ਲਈ ਇਸ ਸ਼ਬਦ ਵਿਚ ਬੇਨਤੀ ਹੈ :

ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥ (ਅੰਗ ੬੭੭)

ਜਿਤਨਾ ਚਿਰ ਇਸ ਦਾ ਮਨ ਬੰਧਨਾਂ ਵਿਚ ਲਪੇਟਿਆ, ਵਲਿਆ ਹੋਇਆ ਹੈ ਤਾਂ ਇਹ ਹੋਰ-ਹੋਰ ਪਾਪਾਂ ਦੇ ਜੰਜਾਲਾਂ ਵਿਚ ਫਸਦਾ ਹੈ। ਪ੍ਰਭੂ ਜੀ ਦੇ ਨਾਮ ਤੋਂ ਬਿਨਾਂ ਐਸੇ ਲੋਕਾਂ ਨੂੰ ਇਨ੍ਹਾਂ ਪਾਪਾਂ ਤੋਂ ਛੁਟਕਾਰਾ ਨਹੀਂ ਮਿਲਦਾ ਤੇ ਪਾਪਾਂ ਵਿਚ ਹੀ ਮੁੜ-ਮੁੜ ਕੇ ਦੁਬਾਰਾ-ਦੁਬਾਰਾ ਦੁਖੀ ਹੋਣਾ ਪੈਂਦਾ ਹੈ।

ਗਉੜੀ ਬਾਵਨ ਅਖਰੀ ਅੰਗ ੩੪੧ ਵਿਖੇ ਅੰਕ ੨੭ ਦੁਆਰਾ ਭਗਤ ਸ੍ਰੀ ਕਬੀਰ ਜੀ **ਪੱਪੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਪ੍ਰਭੂ ਸਭ ਤੋਂ ਵੱਡਾ ਹੈ ਤੇ ਉਸ ਦਾ ਕਿਸੇ ਨੇ ਵੀ ਅੰਤ ਨਹੀਂ ਲੱਭਿਆ। ਉਸ ਦੇ ਨਾਲ ਪਿਆਰ ਕਰਨਾ ਤੇ ਲਾਉਣਾ ਚਾਹੀਦਾ ਹੈ। ਜੋ ਆਪਣੇ ਗਿਆਨ ਇੰਦਰਿਆਂ ਤੇ ਇਨ੍ਹਾਂ ਦੇ ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਉੱਪਰ ਕਾਬੂ ਪਾ ਲੈਂਦਾ ਹੈ ਤੇ ਉਹ ਪਾਪ ਪੁੰਨ ਤੋਂ ਉੱਪਰ ਉੱਠ ਜਾਂਦਾ ਹੈ ਤੇ ਉਸ ਦੇ ਲਈ ਫੁਰਮਾਨ ਵੀ ਹੈ :

ਪਾਪ ਪੁੰਨ ਦੁਇ ਏਕ ਸਮਾਨ ॥ (ਅੰਗ ੩੨੫)

ਤਾਂ ਜਿਨ੍ਹਾਂ ਨੇ ਪੰਜਾਂ ਗਿਆਨ ਇੰਦਰਿਆਂ ਨੂੰ ਰੋਕਣਾ ਕੀਤਾ ਹੈ ਉਨ੍ਹਾਂ ਦੇ ਅੰਤਸ਼ਕਰਨ ਵਿਚ ਜੋ ਨਖਿੱਧ ਕਰਮਾਂ ਵਾਲੇ ਪਾਪ ਮੰਦ ਕਰਮ ਤੇ ਸਕਾਮ ਕਰਮ ਕਰਕੇ ਪੁੰਨ ਕਰਮ ਦੋਵੇਂ

ਹੀ ਨਵਿਰਤ ਹੋ ਜਾਂਦੇ ਹਨ।

ਹੁਣ **ਪੱਪੇ** ਅੱਖਰ ਨਾਲ ਸ਼ੁਰੂ ਹੋਣ ਵਾਲੇ ਕੁਝ ਸ਼ਬਦ ਲਿਖੇ ਜਾਂਦੇ ਹਨ :

ਪੰਜਾ, ਪੰਜ ਪਿਆਰੇ, ਪ੍ਰਤੱਖ, ਪਉੜੀ, ਪਸਤੌਲ, ਪਸਲੀ, ਪਸਰਨਾ, ਪੰਸਾਰੀ, ਪੱਜ, ਪਸੀਨਾ, ਪਸ਼ੂ, ਪਛੁਤਾਵਾ, ਪਹਾੜ, ਪਹਾੜਾ, ਪਹਿਨਣਾ, ਪਹਿਚਾਣ, ਪਹਿਰਾ ਦੇਣਾ, ਪਹਿਰਾਵਾ, ਪਹਿਲਵਾਨ, ਪਹਿਲਾ, ਪਹੀਆ, ਪਹੁੰਚ, ਪਾਹੁਲ, ਪਹੇਲੀ, ਪੰਕਜ, ਪੱਕਣਾ, ਪਕੜ, ਪਕੌੜਾ, ਪਾਖੰਡੀ, ਪੱਖੀ, ਪੰਖੜੀ, ਪੱਗੜੀ, ਪੰਚ, ਪੰਚਰ, ਪੱਤਰਾ, ਪਚਾਉਣਾ, ਪੱਛਮੀ, ਪੰਛੀ, ਪੰਜ ਇਸ਼ਨਾਨਾ, ਪੰਜਾਬ, ਪੰਜਾਬੀ, ਪਟਵਾਰੀ, ਪਟਾ, ਪਟਾਰੀ, ਪੱਠਾ, ਪੱਟ, ਪੰਡਿਤ, ਪਤੰਗ, ਪੱਤਝੜ, ਪੱਤਰਕਾਰ, ਪਤਲਾ, ਪਤਾ ਕਰਨਾ, ਪਸੰਦ, ਪਸਾਰਾ, ਪੁੱਛਣਾ, ਪਛਤਾਵਾ, ਪਟਾਕੇ, ਪੰਡ, ਪੰਡਾਲ, ਪਤੰਗ, ਪਤੀ, ਪਤਨੀ, ਪਤਾ, ਪੱਤਾ, ਪਤਾਲ, ਪਿਆਜ, ਪਿਆਸ, ਪਿਆਰ, ਪਿਸਤਾ, ਪਿੱਠ, ਪੀਂਘ, ਪਿੰਗਲਵਾੜਾ, ਪੀਪੀ, ਪੀੜਾ, ਪੁਸਤਕ, ਪੁਸ਼ਾਕ, ਪੁਤਲਾ, ਪੁਲ, ਪੂਛ, ਪੂਜਾ, ਪਰਚਾ, ਪ੍ਰਦੇਸੀ, ਪਰਨਾ, ਪਤਾਲ, ਪਤੀਲਾ, ਪਤੀ ਪਤਨੀ, ਪੱਥਰ, ਪਦਾਰਥ, ਪੰਧ, ਪਨੀਰ, ਪ੍ਰਸ਼ਾਦ, ਪ੍ਰਹੇਜ, ਪਰਕਰਮਾ, ਪਰਾਲੀ, ਪਰੇਡ, ਪਰੋਸਣਾ, ਪਲਕ, ਪਲੰਘ, ਪਲੀਤ, ਪੱਲਾ, ਪ੍ਰਸਿੱਧ, ਪੜ੍ਹਾਈ, ਪ੍ਰਸ਼ਨ, ਪਹੀਆ, ਪਕਵਾਨ, ਪੰਨਾ, ਪਰੀ, ਪਰਾਚੀਨ, ਪ੍ਰਣ ਤੇ ਪ੍ਰਤੀਸ਼ਤ ਆਦਿ ਕੁਝ ਸ਼ਬਦ ਲਿਖੇ ਹਨ।

ਫ

ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥ ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥ ੨੫ ॥ (ਅੰਗ ੪੩੩)

ਪੈਂਤੀ ਵਿਖੇ ਪ ਅੱਖਰ ਤੋਂ ਬਾਅਦ ਤੇ ਬ ਅੱਖਰ ਤੋਂ ਪਹਿਲਾਂ **ਫ** ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਫੱਫਾ** ਕਿਸ ਤਰ੍ਹਾਂ ਲਿਖਿਆ ਜਾਂਦਾ ਹੈ। ਜੇ ਟੈਂਕਾ ਲਿਖਣਾ ਸ਼ੁਰੂ ਕਰਕੇ ਅਖੀਰ ਤੇ ਟੈਂਕੇ ਦੀ ਲਕੀਰ ਨੂੰ ਵਾਪਸ ਮੋੜ ਕੇ ਘੁੰਡੀ ਜਿਹੀ ਬਣਾ ਦੇਈਏ ਤਾਂ **ਫ** ਅੱਖਰ ਲਿਖਿਆ ਜਾਂਦਾ ਹੈ। **ਫ** ਅੱਖਰ ਪਵਰਗ ਪਾਲ ਦਾ ਦੂਜਾ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੨੫ ਰਾਹੀਂ **ਫਫੇ** ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਦਰਸਾਉਂਦੇ ਹਨ ਕਿ ਮਾਇਆ ਦੇ ਮੋਹ, ਸਰੀਰਾਂ ਦੇ ਮੋਹ ਤੇ ਵਿਸ਼ਿਆਂ ਦੀ ਫਾਹੀ ਵਿਚ ਸਭ ਜੱਗ ਫਸਿਆ ਹੋਇਆ ਹੈ। ਧਰਮ ਰਾਇ ਦੇ ਦੂਤ

ਇਸ ਨੂੰ ਮਾਇਕੀ ਸੰਗਲਾਂ, ਜ਼ੰਜੀਰਾਂ ਨਾਲ ਬੰਨ੍ਹ ਲੈਂਦੇ ਹਨ, ਇਹ ਮਾਇਕੀ ਸੰਗਲ ਮਰਨ ਵਾਲੇ ਦੀ ਰੂਹ ਨੂੰ ਪੈਂਦੇ ਹਨ ਤੇ ਸਿਰਫ ਉਸੇ ਵਿਅਕਤੀ ਨੂੰ ਦਿਖਾਈ ਦਿੰਦੇ ਹਨ। ਪਰ ਕੋਈ ਆਪਣੇ ਜ਼ੋਰ ਨਾਲ ਉਨ੍ਹਾਂ ਜਮਾਂ ਤੋਂ ਛੁਟ ਨਹੀਂ ਸਕਦਾ। ਫੁਰਮਾਨ ਹੈ :

ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ
ਮਿਤ੍ਰਾ ਓਨੀ ਤਕੜੇ ਪਾਏ ਹਾਥ ॥ (ਅੰਗ ੭੮)

ਇਨ੍ਹਾਂ ਸੰਗਲਾਂ ਜ਼ੰਜੀਰਾਂ ਤੋਂ ਸਿਰਫ ਉਹੀ ਬਚਦੇ ਹਨ ਜੋ ਦੌੜ ਕੇ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਕੇ ਪੈ ਜਾਂਦੇ ਹਨ ਕਿਉਂਕਿ ਉਸ ਪ੍ਰਭੂ ਦਾ ਬਿਰਦ ਹੈ ਜੋ ਸ਼ਰਣ ਵਿਚ ਆ ਜਾਂਦਾ ਹੈ ਬਿਨਾਂ ਕਿਸੇ ਸ਼ੱਕ ਦੇ ਉਸ ਦੀ ਰੱਖਿਆ ਹੋ ਜਾਂਦੀ ਹੈ। ਫੁਰਮਾਨ ਹੈ :

ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥ (ਅੰਗ ੮੧੨)

ਗਉੜੀ ਬਾਵਨ ਅਖਰੀ ਅੰਗ ੨੫੮ ਵਿਖੇ ਅੰਕ ੩੮ ਰਾਹੀਂ ਸਲੋਕ ਤੇ ਪਉੜੀ ਰਾਹੀਂ **ਫਫੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਕਿ ਆਪਣੇ ਮਨ ਨੂੰ ਜਿੱਤਣ ਨਾਲ ਫਾਹੀਆਂ ਕੱਟੀਆਂ ਜਾਂਦੀਆਂ ਹਨ ਤੇ 84 ਲੱਖ ਜੋਨੀਆਂ ਦੇ ਚੱਕਰ ਵੀ ਮਿਟ ਜਾਂਦੇ ਹਨ ਤੇ ਅੰਤਸ਼ਕਰਣ ਨੂੰ ਜਿੱਤ ਕੇ ਫ਼ਤਹਿ, ਵਿਜਯ ਭਈ ਹੈ। ਗੁਰੂ ਸਾਹਿਬ ਜੀ ਨੇ ਕਿਰਪਾ ਕਰਕੇ ਵਾਹਿਗੁਰੂ ਜੀ ਦੇ ਸਰੂਪ ਵਿਚ ਇਸਥਤੀ ਪਾਉਣਾ ਕੀਤੀ ਹੈ ਤੇ ਫਿਰ 84 ਦੇ ਗੇੜੇ ਫੇਰੇ ਨਹੀਂ ਪੈਣਗੇ। ਭਗਤ ਕਬੀਰ ਜੀ ਮਾਰੂ ਰਾਗ ਵਿਚ ਫੁਰਮਾਉਂਦੇ ਹਨ :

ਮਨੁ ਜੀਤੇ ਜਗੁ ਜੀਤਿਆ ਜਾ ਤੇ ਬਿਖਿਆ ਤੇ ਹੋਇ ਉਦਾਸੁ ॥ (ਅੰਗ ੧੧੦੩)

ਪਉੜੀ ਵਿਚ **ਫਫੇ** ਅੱਖਰ ਦਾ ਅੱਗੇ ਹੋਰ ਉਪਦੇਸ਼ ਦੇ ਕੇ ਨਿਰਣਾ ਕਰਦੇ ਹਨ ਕਿ ਬਹੁਤ ਜੋਨੀਆਂ ਵਿਚ ਘੁੰਮਦੇ-ਘੁੰਮਦੇ ਨੂੰ ਤੈਨੂੰ ਹੁਣ ਕਲਜੁਗ ਵਿਚ ਮਨੁੱਖਾ ਦੇਹ ਪ੍ਰਾਪਤ ਹੋਈ ਹੈ। ਫਿਰ ਹੋ ਸਕਦਾ ਤੈਨੂੰ ਮੌਕਾ ਨਾ ਮਿਲੇ, ਹੁਣ ਹੀ ਨਾਮ ਜਪ-ਜਪ ਕੇ ਫਾਹੀ ਕੱਟ ਲਾ। ਮਨੁੱਖ ਨੂੰ ਚਲਦੇ ਕਿਤਨਾ ਸਮਾਂ ਹੋ ਗਿਆ ਹੈ ਐਸਾ ਹੀ ਇਕ ਫੁਰਮਾਨ ਅੰਕਿਤ ਹੈ :

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥ (ਅੰਗ ੯੯੯)

ਪਹਿਲਾਂ ਤੁਰੇ ਹੋਏ ਦਾ ਸਮਾਂ ਤਾਂ ਪਤਾ ਨਹੀਂ ਪਰ ਜੇ ਤੂੰ ਇਕ ਪ੍ਰਭੂ ਦਾ ਨਾਮ ਜਪਣਾ ਕਰੇਂਗਾ ਤਾਂ ਦੁਬਾਰਾ-ਦੁਬਾਰਾ ਤੇਰਾ ਆਉਣਾ ਜਾਣਾ ਨਹੀਂ ਹੋਵੇਗਾ। ਪ੍ਰਭੂ ਅੱਗੇ ਬੇਨਤੀ ਕਰਨੀ ਹੀ ਬਣਦੀ ਹੈ ਤੇ ਸ੍ਰਿਸ਼ਟੀ ਦੇ ਕਰਤਾ ਮਾਲਕ ਅਸੀਂ ਗਰੀਬ ਜਿਹੇ ਤੁਛ ਜੀਵ ਹਾਂ। ਪ੍ਰਭੂ ਜੀ ਤੁਸੀਂ ਆਪ ਹੀ ਕਿਰਪਾ ਕਰਕੇ ਸਾਨੂੰ ਆਪਣੇ ਨਾਲ ਮੇਲ ਲਵੋ ਜੀ।

ਦਖਣੀ ਓਅੰਕਾਰ ਬਾਣੀ ਅੰਗ ੯੩੫ ਵਿਖੇ ਅੰਕ ੩੯ ਰਾਹੀਂ **ਫਫੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਬਖ਼ਸ਼ਦੇ ਹਨ ਕਿ ਕਾਂ ਦੀ ਤਰ੍ਹਾਂ ਕਾਲੀਆਂ

ਕਰਤੂਤਾਂ ਵਾਲਾ ਮਨੁੱਖ ਫਿਰ-ਫਿਰ ਫਾਹੀ ਵਿਚ ਫਸਦਾ ਹੈ, ਜਦੋਂ ਚੋਗਾ ਚੁਗਦਾ ਹੈ ਫਿਰ ਪਛਤਾਉਂਦਾ ਹੈ, ਹੈਂ ਇਹ ਕੀ ਹੋ ਗਿਆ? ਫੁਰਮਾਨ ਹੈ ਕਿ ਕਾਲਾ ਕਾਂ ਕਦੀ ਸੁੱਚਾ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਝੂਠੇ ਵਿਅਕਤੀ ਨੂੰ ਮਾਣ ਵਡਿਆਈ ਨਹੀਂ ਪ੍ਰਾਪਤ ਹੁੰਦੀ। ਫੁਰਮਾਨ ਹੈ :

ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ (ਅੰਗ ੮੩੯)

ਪਰ ਇਹ ਫਸਿਆ ਹੋਇਆ ਵੀ ਗਲਤ ਚੋਗਾ ਚੁਗੀ ਹੀ ਜਾਂਦਾ ਹੈ ਹੋਸ਼ ਨਹੀਂ ਕਰਦਾ। ਮਾਰੂ ਰਾਗ ਦੇ ਪਹਿਲੀ ਪਾਤਿਸ਼ਾਹੀ ਜੀ ਦੇ ਬਚਨ ਹਨ :

ਗਸਿ ਗਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥

(ਅੰਗ ੯੯੦)

ਜੇ ਕਿਤੇ ਭਾਗਾਂ ਨਾਲ ਇਸ ਨੂੰ ਸਤਿਗੁਰੂ ਜੀ ਮਿਲ ਪੈਣ ਤਾਂ ਉਨ੍ਹਾਂ ਦੀ ਸਿੱਖਿਆ ਨਾਲ ਸਮਝ ਪੈ ਸਕਦੀ ਹੈ। ਜਿਵੇਂ ਮੱਛੀ ਜਾਲ ਵਿਚ ਫਸ ਜਾਂਦੀ ਹੈ ਤੇ ਉਸ ਨੂੰ ਮੌਤ ਦਿਖਾਈ ਦਿੰਦੀ ਹੈ ਪਰ ਪ੍ਰਭੂ ਦੀ ਕ੍ਰਿਪਾ ਤੋਂ ਬਿਨਾਂ ਮੁਕਤੀ ਨਹੀਂ ਪ੍ਰਾਪਤ ਹੁੰਦੀ। ਸਾਡੇ ਲਈ ਸਾਵਧਾਨ ਹੋਣ ਦਾ ਫੁਰਮਾਨ ਹੈ :

ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥
ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ (ਅੰਗ ੪੩੯)

ਫਾਹੀ ਵਿਚ ਫਸਿਆ ਜੀਵ ਮੁੜ-ਮੁੜ ਕੇ ਜਨਮਦਾ ਤੇ ਮਰਦਾ ਰਹਿੰਦਾ ਹੈ। ਫੁਰਮਾਨ ਹੈ :

ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥ (ਅੰਗ ੧੦੨੦)

ਜਿਹੜਾ ਜੀਵ ਪ੍ਰਭੂ ਦੇ ਨਾਲ ਪ੍ਰੇਮ ਬਣਾ ਕੇ ਭਗਤੀ ਵਿਚ ਲਿਵ ਲਾਵੇ ਤਾਂ ਫਿਰ ਉਹ ਜੀਵ ਪੰਛੀ ਛੁੱਟ ਕੇ ਮੁਕਤ ਹੋ ਸਕਦਾ ਹੈ ਤੇ ਫਿਰ ਕਾਲ ਦੀ ਫਾਹੀ ਨਹੀਂ ਪੈਂਦੀ। ਐਸੇ ਪੰਛੀ ਜੀਵ ਨੂੰ ਪ੍ਰੇਰਨਾ ਹੈ ਪ੍ਰਭੂ ਦੀ ਸ਼ਰਨ ਵਿਚ ਆ ਜਾ, ਸਤਸੰਗਤ ਵਿਚ ਜਾ ਕੇ ਹੇ ਜੀਵ ਪੰਛੀ, ਆਪਣੇ ਪ੍ਰਭੂ ਦੇ ਸਿਮਰਨ ਨੂੰ ਖੰਭ ਬਣਾ। ਫੁਰਮਾਨ ਹੈ :

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥
ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ ॥ ੧ ॥ ਰਹਾਉ ॥

(ਅੰਗ ੨੦੪)

ਭਗਤ ਕਬੀਰ ਸਾਹਿਬ ਜੀ ਗਉੜੀ ਬਾਵਨ ਅਖਰੀ ਬਾਣੀ ਅੰਗ ੩੪੧ ਵਿਖੇ ਅੰਕ ੨੮ ਰਾਹੀਂ **ਫਫੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਜੇ ਜੀਵ ਆਪਣੇ ਉੱਪਰ ਮਾਣ ਕਰਨਾ ਛੱਡ ਦੇਵੇਂ ਭਾਵ ਆਪਣੇ ਗੁਣਾਂ ਨੂੰ ਵਿਚਾਰ ਕੇ ਫੁੱਲੀ ਜਾਣਾ ਹਟਾ ਦੇਵੇ ਤਾਂ ਨਾਮ ਰੂਪੀ ਫਲ ਪ੍ਰਾਪਤ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਸੰਸਾਰ ਵਿਚ ਕੁਝ ਦਰੱਖ਼ਤ ਹਨ ਜਿਨ੍ਹਾਂ ਨੂੰ

ਫੁੱਲ ਲੱਗਣ ਤੋਂ ਬਿਨਾਂ ਹੀ ਫਲ ਲੱਗ ਆਉਂਦੇ ਹਨ ਜਿਵੇਂ ਕਿ ਕਟੈਲ ਬ੍ਰਿਛ ਆਦਿ। ਇਸੇ ਤਰ੍ਹਾਂ ਹੀ ਸਾਧਨਾ ਤੇ ਉਪਾਸਨਾ ਰੂਪੀ ਫੁੱਲਾਂ ਤੋਂ ਬਿਨਾਂ ਹੀ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। ਜੇ ਜੀਵ ਦੇਹ-ਅਧਿਆਸ ਤਿਆਗ ਦੇਵੇ ਤੇ ਉਸ ਰੱਬੀ ਸੂਝ ਦਾ ਝਲਕਾਰਾ (ਉਸ ਫਲ ਦੀ ਥੋੜ੍ਹੀ ਜਿਹੀ ਫਾੜੀ) ਸਮਝ ਲਵੇ ਤਾਂ ਗਿਆਨ ਪ੍ਰਾਪਤ ਹੋ ਜਾਂਦਾ ਹੈ। ਦੋ ਪਹਾੜਾਂ ਦੇ ਵਿਚਕਾਰਲੇ ਮੈਦਾਨੀ ਇਲਾਕੇ ਨੂੰ ਦੂਣ ਆਖਦੇ ਹਨ। ਇਹ ਦੋ ਪਹਾੜ ਜਨਮ-ਮਰਣ ਨੂੰ ਵੀ ਆਖਿਆ ਗਿਆ ਹੈ ਤੇ 84 ਲੱਖ ਜੋਨੀਆਂ ਨੂੰ ਦੂਣ। ਸੋ ਭਾਵ ਇਹ ਹੈ ਕਿ ਜੇ ਗਿਆਨ ਫਲ ਦੀ ਫਾੜੀ ਨੂੰ ਵਿਚਾਰੇ ਤਾਂ ਉਹ ਜਨਮ ਮਰਨ ਦੇ ਚੱਕਰ ਵਿਚ ਨਹੀਂ ਆਉਂਦਾ, ਕਿਉਂਕਿ ਉਹ ਫਾੜੀ ਦਾ ਝਲਕਾਰਾ ਦੇਹ-ਅਧਿਆਸ ਤੇ ਮਾਣ ਨੂੰ ਮੁਕਾ ਦਿੰਦਾ ਹੈ। ਜਦੋਂ ਪ੍ਰਭੂ ਦੀ ਵਿਚਾਰ ਵਿਚ ਮਨ ਫਲ ਰੂਪੀ ਪੱਕ ਜਾਂਦਾ ਹੈ ਤਾਂ ਉਸ ਪ੍ਰਭੂ ਦਾ ਹੀ ਰੂਪ ਹੋ ਨਿਬੜਦਾ ਹੈ। ਫੁਰਮਾਨ ਹੈ :

ਫਲ ਪਾਕੇ ਤੇ ਏਕੰਕਾਰਾ ॥ (ਅੰਗ ੭੩੬)

ਹੇਠਾਂ ਕੁਝ ਫਫੇ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ :

ਫਸਲ, ਫੁੱਲ, ਫਲ, ਫੁਲਵਾੜੀ, ਫੁਲਝੜੀ, ਫਸਾਉਣਾ, ਫਕੀਰ, ਫਖਰ, ਫੱਕਾ ਮਾਰਨਾ, ਫਜ਼ੂਲ ਖਰਚੀ, ਫੱਟ, ਫੱਟੀ ਪੋਚਣੀ, ਫਟਕੜੀ, ਫਤਵਾ, ਫੰਡਰ, ਫੰਧਕ, ਫਸਲ, ਫਸਾਦ, ਫਜ਼ੂਲ, ਫੰਧਾ, ਫਰਸ਼, ਫਰਕ, ਫਰਿਆਦ, ਫਰੇਬ, ਫਤੂਰ, ਫਿੱਕਾ, ਫਿਕਰ, ਫਿਟਕਾਰ, ਫੁਲ, ਫੁਲਵਾੜੀ, ਫਨਾਹ, ਫਬਵਾਂ, ਫਤਹਿ, ਫਰਿਸ਼ਤਾ, ਫਰਾਂਸ, ਫਰਸ਼, ਫਤੂਰ, ਫਰਕ, ਫਰਜ਼, ਫਰਜ਼ੰਦ, ਫਰਦ, ਫਰਨੀਚਰ, ਫਰਮਾ, ਫੁਰਮਾਨ, ਫੁਰਮਾਇਸ਼, ਫਰਲਾ, ਫਰਕਣਾ, ਫਰਾਰ, ਫਰੇਬ, ਫਲਾਹੀ, ਫਲੀ, ਫਰੋਲਣਾ, ਫੜਾਈ, ਫਾਇਦਾ, ਫਾਸਲਾ, ਫਾਂਸੀ, ਫਾਡੀ, ਫਿਕਰ, ਫਿਟਕਾਰ, ਫਾਹਾ, ਫਿਰ, ਫਿਲਮ, ਫੁਆਰਾ, ਫਾਇਦਾ, ਫਿਲਾਸਫੀ, ਫੀਤਾ, ਫੁੱਟ, ਫੁੰਡਣਾ, ਫੁਲਕਾ, ਫੁਰਨਾ, ਫੀਸਦੀ, ਫੂਕ ਮਾਰਨੀ, ਫੈਲਣਾ, ਫੂਕਣਾ, ਫੋਸੜ, ਫੋੜਾ ਤੇ ਫਿਊਜ਼ ਆਦਿ ਕੁਝ ਸ਼ਬਦ ਲਿਖੇ ਹਨ।

ਬ

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ ੨੬ ॥

(ਅੰਗ ੪੩੩)

ਪੈਂਤੀ ਵਿਚ ਫ ਅੱਖਰ ਤੋਂ ਬਾਅਦ ਤੇ ਭ ਅੱਖਰ ਤੋਂ ਪਹਿਲਾਂ **ਬ** ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਬ** ਕਿਸ ਤਰ੍ਹਾਂ ਲਿਖਿਆ ਜਾਂਦਾ ਹੈ। **ਬਬੇ** ਅੱਖਰ ਦੀ ਬਣਤਰ ਕੁਝ ਵੱਖਰੀ ਤੇ ਵਿਲੱਖਣ ਹੈ। ਕੁਝ ਕੁ ਥ ਅੱਖਰ ਨਾਲ ਮਿਲਦੀ ਹੈ ਪਰ ਥ ਅੱਖਰ ਵਾਂਗੂੰ ਖੱਬੀ ਲਾਈਨ ਹੇਠਾਂ ਨੂੰ ਸਿੱਧੀ ਨਹੀਂ ਲਿਖੀ ਜਾਂਦੀ, ਪਹਿਲਾਂ ਅੱਧ ਵਿਚੋਂ ਸੱਜੇ ਨੂੰ ਜਾ ਕੇ ਫਿਰ ਉਸੇ ਲਾਈਨ ਦੇ ਖੱਬੇ ਪਾਸਿਉਂ ਫਿਰ ਹੇਠਾਂ ਨੂੰ ਲੈ ਜਾ ਕੇ, ਸੱਜੇ ਨੂੰ ਲੈ ਜਾਇਆ ਜਾਂਦਾ ਹੈ ਤੇ ਸੱਜੇ ਪਾਸੇ ਤੋਂ ਉੱਪਰ ਤੋਂ ਹੇਠਾਂ ਨੂੰ ਲਕੀਰ ਵਾਹ ਕੇ ਰਲਾ ਦਿੱਤਾ ਜਾਂਦਾ ਹੈ। ਜਾਂ ਇਸ ਨੂੰ ਇਸ ਤਰ੍ਹਾਂ ਵੀ ਦੇਖ ਸਕਦੇ ਹਾਂ ਕਿ ਜੇ ਤ ਅੱਖਰ ਨੂੰ ਪੁੱਠਾ ਕਰਕੇ ਲਿਖੀਏ ਤੇ ਫਿਰ ਉੱਪਰ ਤੋਂ ਹੇਠਾਂ ਨੂੰ ਲਕੀਰ ਸੱਜੇ ਪਾਸੇ ਵਾਹ ਦਿੱਤੀ ਜਾਵੇ ਤਾਂ **ਬ** ਅੱਖਰ ਬਣ ਆਉਂਦਾ ਹੈ। ਇਹ ਪਵਰਗ ਟੋਲੀ ਦਾ ਤੀਜਾ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਬਾਣੀ ਅੰਗ ੪੩੩ ਵਿਖੇ ਅੰਕ ੨੬ ਰਾਹੀਂ **ਬੱਬੇ** ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਸਮਝਾਉਂਦੇ ਹਨ ਕਿ ਸੰਸਾਰ ਨੂੰ ਚੌਪੜ ਦੀ ਖੇਡ ਸਮਝ, ਵਿੱਦਿਆ ਉਤੇ ਮਾਣ ਕਰਨ ਦੀ ਥਾਂ ਇਕ ਸੁਚੱਜੀ ਨਰਦ ਬਣ ਕੇ ਪ੍ਰਭੂ ਦੀ ਰਜ਼ਾ-ਰੂਪੀ ਹੱਥਾਂ ਵਿਚ ਤੁਰ ਤਾਂ ਕਿ ਪੁੱਗ ਜਾਵੇਂ। ਇਹ ਚੌਪੜ ਦੀ ਖੇਡ ਜਾਂ ਇਸ ਦੇ ਨਾਲ ਰਲਦੀ ਮਿਲਦੀ ਖੇਡ ਜਿਸ ਨੂੰ ਅੱਡਾ ਖੱਡਾ ਵੀ ਕਹਿੰਦੇ ਹਨ, ਨੂੰ ਦੋ ਵਿਅਕਤੀ ਜਾਂ ਚਾਰ ਖਿਡਾਰੀ ਰਲ ਕੇ ਖੇਡ ਸਕਦੇ ਹਨ ਭਾਵ ਕਿ ਦੋ-ਦੋ ਹਾਂਢੀ ਜਾਂ ਸਾਥੀ ਬਣ ਕੇ। ਇਸ ਦੇ ਬਾਹਰਲੇ ਪਾਸੇ (ਚੱਕਰ) ਵਿਚ 16 ਖਾਨੇ ਹੁੰਦੇ ਹਨ ਤੇ ਅੰਦਰਲੇ ਚੱਕਰ ਵਿਚ 8 ਤੇ ਇਕ ਦਰਮਿਆਨ ਵਿਚ ਹੁੰਦਾ ਹੈ। ਚੌਹੀਂ ਪਾਸੀਂ ਦਰਮਿਆਨ ਵਿਚ ਇਕ ਘਰ ਹੁੰਦਾ ਹੈ। ਪਹਿਲਾਂ ਇਹ ਨਰਦਾਂ ਗਾਟੀਆਂ ਬਾਹਰਲੇ ਚੱਕਰ ਵਿਚ ਘੁੰਮ ਕੇ ਚਲ ਕੇ ਜੇ ਵਾਪਸ ਆਪਣੇ ਘਰ ਤੱਕ ਪਹੁੰਚ ਜਾਵੇ ਤਾਂ ਫਿਰ ਅੰਦਰਲੇ ਚੱਕਰ ਵਿਚ ਘੁੰਮਦੀ ਹੈ ਤੇ ਆਪਣੇ ਪੱਕੇ ਘਰ ਜੋ ਸਭ ਤੋਂ ਵਿਚਕਾਰ ਵਿਚ ਹੁੰਦਾ ਹੈ ਪਹੁੰਚ ਸਕੇ (ਭਾਵ ਸੱਚਖੰਡ) ਵੀ ਸਮਝ ਸਕਦੇ ਹਾਂ। ਕਿਉਂਕਿ ਦੂਜੇ ਖਿਡਾਰੀ ਵੀ ਚਾਲਾਂ ਚਲਦੇ ਹਨ। ਇਹ ਚਾਲ ਦੋ ਡਾਈਸਾਂ (dice) ਜਾਂ ਚਾਰ ਕੌਡੀਆਂ ਸਿੱਟਣ ਨਾਲ ਚੱਲਣਾ ਪੈਂਦਾ ਹੈ ਜਿਤਨੇ ਨੰਬਰ ਆਉਣ ਉਸੇ ਹਿਸਾਬ ਨਾਲ ਤੁਰਨਾ ਪੈਂਦਾ ਹੈ ਘੱਟ ਵੱਧ ਨਹੀਂ ਹੋ ਸਕਦਾ। ਵਿਰੋਧੀ ਖਿਡਾਰੀਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਜਿੱਤਣ ਤੇ ਦੂਜੇ ਖਿਡਾਰੀਆਂ ਦੀਆਂ ਨਰਦਾਂ ਨੂੰ ਕੁੱਟਦੇ ਜਾਂ ਮਾਰਦੇ ਹਨ ਤੇ ਇਸ ਤਰ੍ਹਾਂ ਉਹ ਚੌਪੜ ਜਾਂ ਅੱਡੇ ਖੱਡੇ ਤੋਂ ਉਠਾ ਕੇ ਬਾਹਰ ਕੱਢ ਦਿੱਤੀ ਜਾਂਦੀ ਹੈ। ਬਹੁਤ ਵਾਰੀ ਇਹ ਨਰਦਾਂ ਬਾਹਰਲੇ ਚੱਕਰ ਵਿਚ ਹੀ ਮਰਦੀਆਂ ਰਹਿੰਦੀਆਂ ਹਨ ਤੇ ਖਿਡਾਰੀ ਮਿੱਥੇ ਹੋਏ ਨੰਬਰ ਪ੍ਰਾਪਤ ਕਰਕੇ ਹੀ ਇਨ੍ਹਾਂ ਨੂੰ ਛੁਡਾ ਸਕਦਾ ਹੈ। ਆਮ ਤੌਰ 'ਤੇ ਇਕ ਖਿਡਾਰੀ ਕੋਲ ਚਾਰ ਨਰਦਾਂ ਹੁੰਦੀਆਂ ਹਨ। ਬਾਹਰਲੇ ਚੱਕਰ ਵਿਚ ਘੁੰਮਣ ਵਾਲੀਆਂ ਨਰਦਾਂ ਨੂੰ ਕੱਚੀਆਂ ਕਿਹਾ ਜਾਂਦਾ ਹੈ ਤੇ ਅੰਦਰਲੇ ਚੱਕਰ ਵਿਚ ਘੁੰਮਣ ਵਾਲੀਆਂ ਨੂੰ ਪੱਕੀਆਂ, ਪਰ ਆਪਣੇ ਪੱਕੇ ਘਰ ਤਾਂ ਪਹੁੰਚਦੀਆਂ ਹਨ ਜੇ ਵਿਰੋਧੀ ਖਿਡਾਰੀ ਲੋੜੀਂਦੇ ਨੰਬਰ ਨਾ ਲੈ ਸਕੇ, ਇਨ੍ਹਾਂ ਨੂੰ ਮਾਰਨ ਲਈ।

ਸਤਿਗੁਰੂ ਜੀ ਸੰਸਾਰੀ ਜੀਵਾਂ ਨੂੰ ਸਮਝਾਉਣ ਲਈ ਇਸ ਖੇਡ ਦੀ ਉਦਾਹਰਣ ਵਰਤੀ

ਹੈ। ਚਉਪੜ ਦੇ ਚਾਰ ਖਾਨੇ, ਚਾਰ ਜੁੱਗਾਂ ਦੀ ਤਰ੍ਹਾਂ ਸਮਝਾਏ ਹਨ ਤੇ ਸਾਰੇ ਜੀਵ ਨਰਦਾਂ ਦੀ ਨਿਆਈਂ ਹਨ ਤੇ ਪ੍ਰਭੂ ਜੀ ਆਪ ਹੀ ਡਾਈਸ ਜਾਂ ਕੌਡੀਆਂ ਸੁੱਟਦੇ ਜਾਂ ਉਛਾਲਦੇ ਹਨ। ਪ੍ਰਭੂ ਜੀ ਨੇ ਆਪ ਹੀ ਜੀਵਾਂ ਦੇ ਕਰਮਾਂ ਅਨੁਸਾਰ ਉਨ੍ਹਾਂ ਨੂੰ ਉੱਤਮ, ਮੱਧਮ, ਕਨਿਸ਼ਟ ਤੇ ਅਧਮ ਭਾਵ ਨਰਦਾਂ ਦੀ ਨਿਆਈਂ ਬਣਾਏ ਹਨ ਤੇ ਆਪ ਹੀ ਤਿੰਨਾਂ ਗੁਣੀ ਰੂਪੀ ਪਾਸਾ ਢਾਲਣ ਕਰਦਾ ਹੈ ਤੇ ਰਾਜਸੀ ਪੁਰਖਾਂ ਨੂੰ ਮਨੁੱਖ ਦੇਹ, ਸਾਤਕੀ ਪੁਰਖਾਂ ਨੂੰ ਦੇਵ ਦੇਹੀ ਤੇ ਤਾਮਸੀ ਪੁਰਖਾਂ ਨੂੰ ਪਸ਼ੂ ਪੰਛੀ ਆਦਿ ਦੇਹਾਂ ਪ੍ਰਾਪਤ ਹੁੰਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸਿਰੀਰਾਗ ਦੇ ਇਕ ਸ਼ਬਦ ਵਿਚ ਫੁਰਮਾਉਂਦੇ ਹਨ :

ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥
ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ ॥ ੩ ॥ (ਅੰਗ ੧੮)

ਬਹੁਤ ਸਾਰੀਆਂ ਨਰਦਾਂ ਬਾਹਰਲੇ ਚੱਕਰ ਵਿਚ ਹੀ ਮਾਰੀਆਂ ਜਾਂਦੀਆਂ ਹਨ ਤੇ ਕੋਈ-ਕੋਈ ਪੱਕੀ ਹੋ ਕੇ ਅੰਦਰਲੇ ਚੱਕਰ ਵਿਚ ਘੁੰਮਦੀ ਹੈ। ਇਹ ਖੇਡ ਵੀ ਕਈ ਵਾਰੀ ਲੰਬੀ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਮਨੁੱਖੀ ਜੀਵਨ ਹੈ। ਕੋਈ ਵਿਰਲਾ ਹੀ ਅੰਦਰਲੇ ਪਾਸੇ ਘੁੰਮਦਾ ਹੈ ਤੇ ਅਸਲੀ ਘਰ ਤਾਂ ਕੋਈ ਬਹੁਤ ਹੀ ਵਿਰਲਾ ਪਹੁੰਚਦਾ ਹੈ।

ਜੇ ਇਸ ਤਰ੍ਹਾਂ ਸਮਝ ਲਈਏ ਕਿ ਪ੍ਰਭੂ ਜਦੋਂ ਮਾਇਆ ਦੁਆਰਾ ਜਗਤ ਨੂੰ ਰਚਣ ਲੱਗਾ ਤਾਂ ਉਸ ਪ੍ਰਭੂ ਨੇ ਚਾਰੇ ਜੁੱਗ ਚੌਪੜ ਦੀ ਥਾਂ ਕਾਇਮ ਕੀਤੇ। ਸੂਖਮ ਅਸਥੂਲ ਜਿਤਨੇ ਵੀ ਜੀਵ ਜੰਤ ਸਭ (ਸਾਰੀ ਕੀਤੇ) ਭਾਵ ਨਰਦਾਂ ਕੀਤੀਆਂ ਤੇ ਤਿੰਨਾਂ ਗੁਣੀ ਰੂਪੀ (ਪਾਸਾ ਢਾਲਣਿ) ਉੱਪਰ ਥੱਲੇ ਕਰਨ ਲੱਗਾ ਹੈ।

ਪਟੀ ਬਾਣੀ ਅੰਗ ੪੩੪-੪੩੫ ਵਿਖੇ ਅੰਕ ੩ ਰਾਹੀਂ **ਬਬੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਮਰਦਾਸ ਜੀ ਪਾਂਧੇ ਤਾਈਂ ਕਰਦੇ ਹੋਏ ਫੁਰਮਾਉਂਦੇ ਹਨ ਕਿ ਅਨਜਾਣ ਮੂਰਖਾ, ਤੂੰ ਦੁਨਿਆਵੀ ਲੇਖੇ ਪੜ੍ਹਨ ਪੜ੍ਹਾਉਣ ਵਿਚ ਰੁੱਝ ਕੇ ਤੂੰ ਪਰਮੇਸ਼ਰ ਨੂੰ ਸਮਝਦਾ ਨਹੀਂ ਤੇ ਭਰਮ ਵਿਚ ਭੁੱਲੇ ਦਾ ਤੇਰਾ ਮਨੁੱਖਾ ਜਨਮ ਵਿਅਰਥ ਹੀ ਚਲਾ ਗਿਆ। ਤੂੰ ਆਪਣਾ ਅਯੋਗ ਹੀ ਨਾਮ ਪਾਂਧਾ ਉਪਦੇਸ਼ ਕਰਨ ਵਾਲਾ ਰਖਾਇਆ ਹੋਇਆ ਹੈ, ਹੋਰਨਾਂ ਨੂੰ ਪੜ੍ਹਾਉਣ ਦਾ ਭਾਰ ਵੀ, ਬੋਝ ਤੂੰ ਆਪਣੇ ਉੱਪਰ ਲਿਆ ਹੋਇਆ ਹੈ। ਭਾਵੇਂ ਤੇਰੇ ਵਿਚ ਆਤਮਿਕ ਜੀਵਨ ਦਾ ਰਾਹ ਸਮਝਾਉਣ ਵਾਲੇ ਗੁਣ ਤੇਰੇ ਕੋਲ ਨਹੀਂ ਹਨ। ਫੁਰਮਾਨ ਹਨ :

ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥
(ਅੰਗ ੧੦੪੬)

ਭਰਮੇ ਭੂਲਾ ਤਤੁ ਨ ਜਾਣੈ॥ (ਅੰਗ ੧੧੪)

ਗਉੜੀ ਬਾਵਨ ਅਖਰੀ ਅੰਗ ੨੫੮ ਵਿਖੇ ਅੰਕ ੩੯ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ **ਬਬੇ** ਅੱਖਰ ਦਾ ਉਪਦੇਸ਼ ਸਲੋਕ ਤੇ ਪਉੜੀ ਰਾਹੀਂ ਬਖ਼ਸ਼ਿਸ਼ ਕਰਦੇ ਹਨ। ਹੇ ਗਰੀਬਾਂ ਉੱਪਰ ਦਇਆ ਕਰਨ ਵਾਲੇ ਪ੍ਰਭੂ ਜੀ ! ਤੁਸੀਂ ਸਾਡੀ ਅਰਦਾਸ ਬੇਨਤੀ ਸੁਣਨਾ ਕਰੋ ਜੀ। ਸਾਨੂੰ ਤਾਂ ਗੁਰਮੁਖਾਂ ਦੀ ਧੂੜੀ ਬਖ਼ਸ਼ੋ ਜੀ। ਸਾਡੇ ਲਈ ਤਾਂ ਉਸ ਧੂੜੀ ਵਿਚ ਹੀ ਸਾਰੇ ਪਦਾਰਥਾਂ ਦੇ ਰਸ ਹਨ ਜੀ। ਫੁਰਮਾਨ ਵੀ ਹਨ :

ਗੁਰਸਿਖਾ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ (ਅੰਗ ੧੪੨੪)

ਐਸੀ ਕਿਰਪਾ ਮੋਹਿ ਕਰਹੁ ॥

ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥ (ਅੰਗ ੮੨੮)

ਪਉੜੀ ਵਿਚ ਅੱਗੇ ਫੁਰਮਾਉਂਦੇ ਹਨ **ਬਬੇ** ਅੱਖਰ ਦਾ ਉਪਦੇਸ਼ ਕਿ ਅਸੀਂ ਬ੍ਰਾਹਮਣ ਉਸ ਨੂੰ ਮੰਨਦੇ ਹਾਂ ਜੋ ਬ੍ਰਹਮ ਭਾਵ ਪਰਮੇਸ਼ਰ ਨੂੰ ਜਾਣ ਲਵੇ।

ਭਗਤ ਸ੍ਰੀ ਕਬੀਰ ਜੀ ਵੀ ਗਉੜੀ ਰਾਗ ਵਿਚ ਫੁਰਮਾਉਂਦੇ ਹਨ :

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥

(ਅੰਗ ੩੨੪)

ਵੈਸ਼ਨੂੰ ਉਹ ਹੈ ਜੋ ਗੁਰੂ ਸ਼ਰਨ ਵਿਚ ਪੈ ਕੇ ਆਤਮਿਕ ਪਵਿੱਤ੍ਰਤਾ ਦੇ ਧਰਮ ਵਾਲੇ ਹਨ। ਜੋ ਐਸਾ ਸ਼ੁੱਧ ਤੇ ਪਵਿੱਤਰ ਜੀਵਨ ਜੀਂਵਦੇ ਹਨ ਤੇ ਮਾਇਆ ਤੋਂ ਨਿਰਲੇਪ ਰਹਿੰਦੇ ਹਨ ਉਨ੍ਹਾਂ ਬਾਰੇ ਫੁਰਮਾਨ ਹੈ :

ਬੈਸਨੋ ਸੋ ਜਿਸ ਊਪਰਿ ਸੁਪ੍ਰਸੰਨ ॥

ਬਿਸਨ ਕੀ ਮਾਇਆ ਤੇ ਹੋਇ ਭਿੰਨ ॥ (ਅੰਗ ੨੭੪)

ਉਸ ਮਨੁੱਖ ਨੂੰ ਸੂਰਮਾ ਜਾਣੋ ਜੋ ਆਪਣ ਅੰਦਰੋਂ ਦੂਜਿਆਂ ਦਾ ਬੁਰਾ ਮੰਗਣ ਦੇ ਸੁਭਾਵ ਦਾ ਨਿਸ਼ਾਨ ਮਿਟਾ ਦੇਵੇ। ਫੁਰਮਾਨ ਹੈ :

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥

(ਅੰਗ ੩੮੬)

ਹਉਮੈ ਤੇ ਹੰਗਤਾ ਵਿਚ ਆਪੇ ਹੀ ਬੱਝਾ ਹੋਇਆ ਮਨੁੱਖ ਆਪਣੀ ਅਗਿਆਨਤਾ ਵਿਚ ਅੰਨ੍ਹਾ ਹੋਇਆ ਦੋਸ਼ ਹੋਰਨਾਂ ਦੇ ਸਿਰ ਮੜ੍ਹਦਾ ਹੈ।

ਸਿਆਣਪ ਦੀਆਂ ਗੱਲਾਂ ਤੇ ਹੋਰ ਵਿਚਾਰ ਕੁਝ ਨਹੀਂ ਸਵਾਰਦੇ ਹੇ ਪ੍ਰਭੂ ਜੀ ! ਜਿਸ ਨੂੰ ਤੁਸੀਂ ਆਪ ਹੀ ਸਮਝਾਵਹੁ ਉਹ ਹੀ ਆਪ ਜੀ ਦੇ ਸਰੂਪ ਨੂੰ ਜਾਣਦਾ ਹੈ।

ਦਖਣੀ ਓਅੰਕਾਰ ਬਾਣੀ ਅੰਗ ੯੩੫ ਵਿਖੇ ਅੰਕ ੪੦ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ **ਬਬੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਇਹ ਕਾਂਇਆ (ਜੀਵਾਤਮਾ) ਨੂੰ ਵੀਰ ਵੀਰ ਆਖਦੀ ਰਹਿ ਜਾਂਦੀ ਹੈ ਪਰ ਮੌਤ ਉਪ੍ਰੰਤ ਵੀਰ ਆਪਣੇ ਘਰ ਪਰਲੋਕ ਵਿਚ ਚਲੇ

ਜਾਂਦੇ ਹਨ ਤੇ ਵਿਛੋੜੇ ਵਿਚ ਕਾਂਇਆ ਮੌਤ ਆਉਣ ਤੇ ਸੜ ਜਾਂਦੀ ਹੈ। ਇਸ ਤਰ੍ਹਾਂ ਵੀ ਅਰਥ ਕੀਤਾ ਜਾਂਦਾ ਹੈ ਕਿ ਕਾਂਇਆ ਪਦਾਰਥ ਜਾਣ ਲੱਗਦੇ ਹਨ ਤਾਂ ਆਖਦੀ ਹੈ ਤੁਸੀਂ ਨਾ ਜਾਓ ਮੇਰੇ ਕੋਲ ਹੀ ਰਹੋ ਪਰ ਗੁਣਾਂ ਦੀ ਘਾਟ ਹੋਣ ਕਰਕੇ ਪਦਾਰਥ ਪੁੰਨੀ ਵਿਅਕਤੀਆਂ ਕੋਲ ਚਲੇ ਜਾਂਦੇ ਹਨ ਭਾਵ ਵਿਛੋੜਾ ਦੇ ਜਾਂਦੇ ਹਨ। ਮਾਰੂ ਰਾਗ ਦੇ ਇਕ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਰੀਰ ਤੇ ਜੀਵਾਤਮਾ ਦਾ ਸੰਵਾਦ ਬਹੁਤ ਹੀ ਵਚਿਤ੍ਰ ਤੇ ਵਿਸਮਾਦਜਨਕ ਦਰਜ ਕਰਦੇ ਹਨ, ਸਾਰਾ ਸ਼ਬਦ ਦੇਖਣ ਵਿਚਾਰਨ ਦੀ ਜ਼ਰੂਰਤ ਹੈ। ਵਿਚ ਹੀ ਫੁਰਮਾਨ ਹੈ ਇਸੇ ਸ਼ਬਦ ਦੇ :

ਧਨ ਕਰੈ ਬਿਨਉ ਦੋਊ ਕਰ ਜੋਰੈ ॥

ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥ (ਅੰਗ ੧੦੭੨)

ਸੰਸਾਰ (ਅਗਿਆਨ) ਰੂਪੀ ਪਿਤਾ ਦੇ ਘਰ ਵਿਚ ਪੁੱਤਰੀ ਹੈ ਤੇ ਇਸ ਦੇਹ ਰੂਪੀ ਪੁੱਤਰੀ ਦਾ ਇੰਦਰਿਆਂ ਰੂਪ ਬਾਲਕਾਂ ਨਾਲ ਪ੍ਰੇਮ ਹੈ ਭਾਵ ਅੱਖਾਂ, ਨੱਕ, ਕੰਨ ਆਦਿ ਨੂੰ ਚੰਗਾ ਸਮਝਦੀ ਹੈ। ਸਰੀਰ ਤੇ ਜਿੰਦ ਦਾ ਮੇਲ ਚਾਰ ਦਿਨ ਦਾ ਜਾਣਦਿਆਂ ਹੋਇਆਂ ਵੀ ਦੁਨੀਆਂ ਦੇ ਪਦਾਰਥਾਂ ਵਿਚ ਮਸਤ ਰਹਿੰਦੀ ਹੈ। ਹੇ ਜੀਵ ਇਸਤ੍ਰੀਏ ! ਜੇ ਪਤੀ ਨੂੰ ਮਿਲਣਾ ਚਾਹੁੰਦੀ ਹੈਂ ਤਾਂ ਪ੍ਰੇਮ ਨਾਲ ਸਤਿਗੁਰੂ ਜੀ ਦੀ ਸੇਵਾ ਕਰ। ਐਸਾ ਹੀ ਫੁਰਮਾਨ ਸੂਹੀ ਰਾਗ ਵਿਚ ਹੈ :

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥ (ਅੰਗ ੭੭੧)

ਕੋਈ ਵਿਰਲਾ ਗਿਆਨਵਾਨ ਪੁਰਖ ਹੀ ਗੁਰ ਉਪਦੇਸ਼ ਨੂੰ ਸਮਝਣ ਤੇ ਮੰਨਣ ਵਾਲਾ ਹੁੰਦਾ ਹੈ ਕਿ ਉਸ ਨੂੰ ਸਤਿਗੁਰੂ ਜੀ ਸੱਚੇ ਨਾਮ ਦੁਆਰਾ ਸੱਚੇ ਪ੍ਰਭੂ ਨੂੰ ਮਿਲਾ ਦਿੰਦੇ ਹਨ। ਇਹ ਵਡਿਆਈਆਂ ਮਾਲਕ ਪ੍ਰਭੂ ਨੇ ਆਪਣੇ ਹੱਥ ਵਿਚ, ਵੱਸ ਵਿਚ ਰੱਖੀਆਂ ਹੋਈਆਂ ਹਨ ਤੇ ਜੋ ਉਸ ਨੂੰ ਭਾਵੇ, ਚੰਗਾ ਲੱਗੇ ਉਸ ਨੂੰ ਹੀ ਭਗਤੀ ਤੇ ਨਿਮਰਤਾ ਆਦਿ ਦਾਤਾਂ ਬਖ਼ਸ਼ਦਾ ਹੈ। ਗੁਰ ਉਪਦੇਸ਼ ਬਾਣੀ ਦਖਣੀ ਓਅੰਕਾਰ ਭਾਵ ਬ੍ਰਹਮ ਦਾ ਵਿਚਾਰ ਕਰੇਗਾ ਉਹ ਗੁਰਮੁਖ ਬਣ ਜਾਵੇਗਾ। ਇਹ ਬਾਣੀ ਉਪਦੇਸ਼ ਅਕਾਲ ਪੁਰਖ ਦਾ ਹੈ ਤੇ ਇਸ ਦੀ ਵਿਚਾਰ ਕਰਨ ਨਾਲ ਸ੍ਵੈ-ਸਰੂਪ ਰੂਪੀ ਘਰ ਵਿਚ, ਨਾਮ ਵਿਚ ਵਾਸਾ ਹੋ ਜਾਂਦਾ ਹੈ। ਫੁਰਮਾਨ ਹੈ :

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥

(ਅੰਗ ੧੦੬੬)

ਭਗਤ ਸ੍ਰੀ ਕਬੀਰ ਜੀ ਅੰਗ ੩੪੧ ਵਿਖੇ ਅੰਕ ੨੯ ਰਾਹੀਂ **ਬਬੇ** ਅੱਖਰ ਦਾ ਉਪਦੇਸ਼ ਗਉੜੀ ਬਾਵਨ ਅਖਰੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਵੇਂ ਜਲ ਵਿਚ ਰਲ ਕੇ ਜਲ ਵੱਖ ਨਹੀਂ ਕੀਤਾ ਜਾ ਸਕਦਾ, ਇਸੇ ਤਰ੍ਹਾਂ ਪ੍ਰਭੂ ਜੀ ਦੀ ਬਖ਼ਸ਼ਿਸ਼ ਨਾਲ ਜਗਿਆਸੂ ਵੀ ਸੇਵਕ ਬਣ ਕੇ ਪ੍ਰਭੂ ਭਗਤੀ ਕਰਦਾ ਹੈ ਤੇ ਵਿਛੋੜਾ ਨਹੀਂ ਵਾਪਰਦਾ। ਫੁਰਮਾਨ ਹੈ :

ਜਿਉ ਜਲ ਮਹਿ ਜਲੁ ਆਇ ਖਟਾਨਾ ॥

ਤਿਉ ਜੋਤੀ ਸੰਗਿ ਜੋਤਿ ਸਮਾਨਾ ॥ (ਅੰਗ ੨੭੮)

ਬੰਦਾ ਭਾਵ ਦਾਸ ਬਣ ਕੇ ਨਿਮਰਤਾ ਸਹਿਤ ਜੋ ਭਗਤੀ ਕਰਦਾ ਹੈ ਉਸ ਨੂੰ ਜਿੱਥੇ ਵੀ ਭਗਤੀ,ਸਤਸੰਗਤ ਤੇ ਪਰਮੇਸ਼ਰ ਦੀ ਸੋਇ ਸੁਣਦੀ ਹੈ ਉਹ ਸਾਵਧਾਨ ਹੋ ਕੇ ਮੌਕੇ ਸੰਭਾਲਦਾ ਹੈ ਤੇ ਪ੍ਰਭੂ ਜੀ ਵੀ ਬੰਦਗੀ ਵਾਲੇ ਦੀ ਆਪ ਸੁਧ, ਖਬਰ ਰੱਖਦੇ ਹਨ। ਫੁਰਮਾਨ ਹੈ :

ਬੰਦੇ ਬੰਦਗੀ ਇਕਤੀਆਰ॥ (ਅੰਗ ੩੩੮)

ਬਬੇ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ :

ਬਸੰਤ, ਬੰਸਰੀ, ਬਹਾਦਰ, ਬਾਟਾ, ਬੰਦੂਕ, ਬ੍ਰਹਮ ਗਿਆਨ, ਬੰਦਾ, ਬਦਾਮ, ਬੁਰਜ, ਬੰਦਗੀ, ਬਹਾਰ, ਬੱਸ, ਬਹਾਨਾ, ਬਹਿਸ, ਬਹਿਣੀ, ਬਹੁਤ, ਬਹੁ-ਸੰਮਤੀ, ਬਕਣਾ, ਬੱਕਰੀ, ਬਖਸ਼, ਬਖੀਲੀ, ਬਗਲਾ, ਬਘਿਆੜ, ਬੱਘੀ, ਬੱਚਤ, ਬੱਚਾ-ਬੱਚੀ, ਬਚਾਉਣਾ, ਬਜਰੀ, ਬੰਜਰ, ਬਿਜਲੀ, ਬਾਜਰਾ, ਬਿਚਾਰਾ, ਬਿਗਲ, ਬਸੇਰਾ, ਬੰਗਲਾ, ਬਟਵਾਰਾ, ਬਟੂਆ, ਬਿਠਾਉਣਾ, ਬਤਾਊਂ, ਬੱਤੀ ਜਗਾਉਣੀ, ਬੰਦਸ਼, ਬਦਸੂਰਤ, ਬੰਦ-ਖਲਾਸੀ, ਬਦਨਾਮੀ, ਬਦਬੂ, ਬਾਂਦਰ, ਬੰਦੀਖਾਨਾ, ਬੰਦੋਬਸਤ, ਬਨਾਸਪਤੀ, ਬੰਨ੍ਹਣਾ, ਬੰਬ, ਬਰਸਾਤ, ਬਰਤਨ, ਬਰਫ, ਬਰਫੀ, ਬਰਾਂਡਾ, ਬਰਾਬਰ, ਬਾਰੀਕ, ਬਲਿਹਾਰ, ਬਲੀਦਾਨ, ਬਲਦ, ਬਰਾਂਚ, ਬਾਂਹ ਫੜਨੀ, ਬਾਹਰ, ਬਾਗ, ਬਨਾਵਟੀ, ਬਦਮਾਸ਼, ਬੱਦਲ, ਬਰਖਾ-ਰੁੱਤ, ਬਰਦਾਸ਼ਤ, ਬਾਉਲੀ, ਬਾਪੂ-ਬੇਬੇ, ਬਾਰਹਮਾਹਾ, ਬਾਲਟੀ, ਬਿਆਨ, ਬਿਸਕੁਟ, ਬਿਸਤਰਾ, ਬੀਜਣਾ, ਬੰਦ, ਬਰਾਤ, ਬਿਮਾਰ, ਬੁੱਢਾ-ਬੁੱਢੀ, ਬੁਤ-ਪ੍ਰਸਤੀ, ਬੁਰਾ, ਬੁੱਲ, ਬੇਇੱਜ਼ਤੀ, ਬੇਈਮਾਨ, ਬੇਇਨਸਾਫੀ, ਬੇਹੋਸ਼ੀ, ਬੇਕਾਰੀ, ਬੇਕਾਬੂ, ਬੈਕੁੰਠ, ਬੇਗਾਨਾ, ਬੇਵਕੂਫ, ਬਰੀ, ਬਹੁਸੰਮਤੀ, ਬਹੁਵਚਨ, ਬਕਵਾਸ, ਬਿੱਲੀ, ਬਖਸ਼ਣਹਾਰ, ਬਾਬਾ, ਬਿਜਲੀ, ਬਿਜਾਈ, ਬੀਜ, ਬੁਹਾਰੀ, ਬੁੱਕਲ, ਬੁੱਚੜ, ਬੁਨਿਆਦੀ, ਬੁੱਧੂ, ਬਲਾ, ਬੁੱਲਾ, ਬੂਹਾ, ਬੂਟਾ, ਬੂੰਦੀ, ਬੇਅਦਬ, ਬੇਸ਼ਰਮ, ਬੇਨਤੀ, ਬੇਮੁਖ, ਬੇਰਹਿਮ, ਬੇਵਸ, ਬੈਠਕ, ਬੋਲੀ, ਬੋਤਲ ਤੇ ਬੇਕਸੂਰ ਕੁਝ ਕੁ ਸ਼ਬਦ ਲਿਖੇ ਹਨ।

ਭ

ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ॥ ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ॥੨੭॥ (ਅੰਗ ੪੩੪)

ਪੈਂਤੀ ਦੇ ਵਿਚ ਬ ਅੱਖਰ ਤੋਂ ਬਾਦ ਤੇ ਮ ਅੱਖਰ ਤੋਂ ਪਹਿਲਾਂ ਭ ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ **ਭਭਾ** ਅੱਖਰ ਕਿਵੇਂ ਲਿਖਿਆ ਹੈ। ਜੇ ਤਤਾ ਅੱਖਰ ਲਿਖਣਾ ਸ਼ੁਰੂ ਕਰੀਏ, ਪਰ ਖੱਬੇ ਨੂੰ ਲਕੀਰ ਲਿਆ ਕੇ ਉਥੋਂ ਹੀ ਵਾਪਸ ਸੱਜੇ ਨੂੰ ਜਾਣ ਦੀ ਥਾਂ ਖੱਬੇ ਪਾਸੇ ਆਉਦਿਆਂ ਸਾਰ ਹੀ ਇਕ ਘੁੰਡੀ ਜਿਹੀ ਬਣਾ ਕੇ ਫਿਰ ਸੱਜੇ ਨੂੰ ਲੈ ਜਾ ਕੇ ਤਤੇ ਅੱਖਰ ਦੀ ਤਰ੍ਹਾਂ ਹੀ ਹੇਠਾਂ ਤੋਂ ਖੱਬੇ ਨੂੰ ਕਰ ਦਈਏ ਤਾਂ **ਭਭਾ** ਅੱਖਰ ਬਣ ਜਾਂਦਾ ਹੈ ਲਿਖ ਹੋ ਜਾਂਦਾ ਹੈ। **ਭ** ਅੱਖਰ ਪਵਰਗ ਪਾਲ ਦਾ ਚੌਥਾ ਅੱਖਰ ਹੈ।

ਪਟੀ ਲਿਖੀ ਬਾਣੀ ਵਿਖੇ ਅੰਗ ੪੩੪ ਵਿਖੇ ਅੰਕ ੩੪ ਰਾਹੀਂ ਭਭੇ ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਨੂੰ ਗੁਰੂ ਦੀ ਕਿਰਪਾ ਦੁਆਰਾ ਪਰਮੇਸ਼ਰ ਦਾ ਡਰ, ਅਦਬ ਹਿਰਦੇ ਵਿਚ ਸਮਾ ਗਿਆ ਹੈ ਉਹੋ ਹੀ ਪਰਮੇਸ਼ਰ ਨੂੰ ਭਾਲਦੇ ਹਨ ਤੇ ਜਤਨ ਕਰਦੇ ਹਨ ਤੇ ਫਲ ਰੂਪੀ ਬ੍ਰਹਮ ਗਿਆਨ ਹਾਸਲ ਕਰ ਲੈਂਦੇ ਹਨ। ਪ੍ਰਭੂ ਦੇ ਭੈ ਤੋਂ ਬਿਨਾਂ ਪ੍ਰਾਪਤੀ ਅਸੰਭਵ ਹੈ। ਫੁਰਮਾਨ ਹੈ :

ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ॥

(ਅੰਗ ੧੦੫੪)

ਬੇਸਮਝ ਮਨੁੱਖ ਜੋ ਆਪਣੇ ਮਨ ਦੇ ਪਿੱਛੇ ਤੁਰਦੇ ਹਨ ਤੇ ਪਰਮੇਸ਼ਰ ਨੂੰ ਯਾਦ ਨਹੀਂ ਕਰਦੇ ਉਨ੍ਹਾਂ ਨੂੰ ਚੌਰਾਸੀ ਲੱਖ ਜੂਨਾਂ ਦਾ ਗੇੜ ਚੱਕਰ ਪੈ ਜਾਂਦਾ ਹੈ। ਮਨੁੱਖਾ ਜਨਮ ਵਿਚ ਪ੍ਰਭੂ ਨੂੰ ਯਾਦ ਕਰਕੇ ਸਿਮਰਨ ਕਰਕੇ ਵਾਹਿਗੁਰੂ ਵੱਲ ਨੂੰ ਜਾ ਸਕਦਾ ਹੈ, ਤਰੱਕੀ ਕਰ ਸਕਦਾ ਹੈ। ਪਰ ਪ੍ਰਭੂ ਨੂੰ ਭੁਲਾ ਕੇ ਚੌਰਾਸੀ ਲੱਖ ਜੂਨੀਆਂ ਦੇ ਫੇਰ ਵਿਚ ਵੀ ਪੈ ਸਕਦਾ ਹੈ। ਫੁਰਮਾਨ ਹਨ :

ਲਖ ਚਉਰਾਸੀਹ ਭ੍ਰਮਤਾ ਫੇਰਿ॥ (ਅੰਗ ੧੭੯)

ਲਹੈ ਸਜਾਈ ਨਰਕ ਵਿਚਿ ਉਹੁ ਖਰਾ ਦੁਹੇਲਾ।
ਲਖ ਚਉਰਾਸੀਹ ਭਉਦਿਆਂ ਫਿਰਿ ਹੋਇ ਨ ਮੇਲਾ।
ਜਨਮ ਪਦਾਰਥੁ ਹਾਰਿਆ ਜਿਉ ਜੂਏ ਖੇਲਾ।

(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੨)

ਪਟੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੰਗ ੪੩੫ ਵਿਖੇ ਅੰਕ ੧੧ ਰਾਹੀਂ **ਭਭੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਬੇਸਮਝ ਮੂੜੇ, ਤੂੰ ਸੰਸਾਰ ਸਮੁੰਦਰ ਦੀਆਂ ਮੋਹ ਰੂਪੀ ਲਹਿਰਾਂ ਵਿਚ ਹੀ ਡੁੱਬ ਰਿਹਾ ਹੈਂ ਤੇ ਤੂੰ ਮਾਇਆ ਵਿਚ ਹੀ ਦਿਨ ਰਾਤ ਮਸਤ ਹੋਇਆ ਖਚਿਤ ਹੋਇਆ ਫਿਰਦਾ ਹੈਂ। ਫੁਰਮਾਨ ਹੈ :

ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ॥

(ਅੰਗ ੬੬੫)

ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਪੈ ਕੇ ਗੁਰੂ ਕਿਰਪਾ ਦੁਆਰਾ ਪ੍ਰਭੂ ਨਾਲ ਸਾਂਝ

ਬਣਾਉਂਦਾ ਹੈ ਉਹ ਇਕ ਘੜੀ ਜਿਤਨੇ ਸਮੇਂ ਵਿਚ ਹੀ ਪਾਰ ਲੰਘ ਜਾਵੇਂਗਾ ਇਸ ਭਵਜਲ ਸੰਸਾਰ ਨੂੰ। ਇਕ ਘੜੀ ਸਾਢੇ ਬਾਈ ਮਿੰਟ ਦੀ ਹੁੰਦੀ ਹੈ।

ਗਉੜੀ ਬਾਵਨ ਅਖਰੀ ਅੰਗ ੨੫੮ ਵਿਖੇ ਅੰਕ ੪੦ ਰਾਹੀਂ **ਭਭੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਤੇ ਪਉੜੀ ਵਿਖੇ ਉਚਾਰਦੇ ਹਨ ਕਿ ਮਨ ਰਾਹੀਂ ਉਸ ਪ੍ਰਭੂ ਨੂੰ ਯਾਦ ਰੱਖ ਜੋ ਸਭ ਡਰ ਤੇ ਦੋਸ਼ਾਂ ਨੂੰ ਖਤਮ ਭਾਵ ਨਵਿਰਤ ਕਰਨ ਵਾਲਾ ਹੈ। ਸਤਸੰਗਤ ਕਰਨ ਨਾਲ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਵਸ ਜਾਂਦਾ ਹੈ ਫਿਰ ਉਹ ਭਰਮ ਵਿਚ ਨਹੀਂ ਪੈਂਦੇ। ਪਉੜੀ ਰਾਹੀਂ ਬਿਆਨ ਕਰਦੇ ਹਨ ਕਿ ਜਿਵੇਂ ਰਾਤ ਨੂੰ ਸੁਪਨਾ ਆਉਂਦਾ ਹੈ ਤੇ ਜਾਗ ਖੁੱਲ੍ਹਣ ਤੇ ਉਹ ਸਾਥ ਸੰਬੰਧ ਟੁੱਟ ਖਤਮ ਹੋ ਜਾਂਦੇ ਹਨ। ਇਸੇ ਤਰ੍ਹਾਂ ਹੀ ਸੰਸਾਰ ਦਾ ਸਾਥ ਹੈ। ਫੁਰਮਾਨ ਹੈ :

ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥
ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥ ੨ ॥

(ਅੰਗ ੧੧੮੬)

ਨਰ ਮਨੁੱਖ ਦੇਵੀ-ਦੇਵਤੇ ਸਭ ਭਰਮ ਵਿਚ ਪਏ ਹੋਏ ਹਨ। ਇਹ ਵੱਡੇ-ਵੱਡੇ ਸਿੱਧ ਜੋਗੀ ਤੇ ਬ੍ਰਹਮਾ ਆਦਿ ਸਭ ਨੂੰ ਭਰਮ ਵਿਚ ਪਾ ਦਿੰਦੀ ਹੈ ਐਸੀ ਇਹ ਮਾਇਆ ਹੈ। ਮਾਇਕ ਪਦਾਰਥਾਂ ਦੀ ਖਾਤਰ ਭਟਕ-ਭਟਕ ਕੇ ਧੋਖੇ ਵਿਚ ਫਸ ਜਾਂਦੇ ਹਨ। ਇਸ ਨੂੰ ਤਰਨਾ, ਲੰਘਣਾ ਕਠਿਨ ਹੈ। ਇਸ ਅਵਸਥਾ ਨੂੰ ਬਿਆਨਦੇ ਫੁਰਮਾਨ ਹਨ :

ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥ ੧ ॥

(ਅੰਗ ੩੮੦)

ਭਗਤ ਕਬੀਰ ਜੀ ਭੈਰਉ ਰਾਗ ਦੇ ਇਸ ਸ਼ਬਦ ਦੇ ਵਿਚ ਲੰਬੀ ਲਿਸਟ ਦਿੰਦੇ ਹਨ ਜੋ ਕਿ ਭਰਮ ਗਏ ਹਨ। ਸਾਰਾ ਸ਼ਬਦ ਦੇਖ, ਜਾਚ ਲਓ ਜੀ। ਫੁਰਮਾਨ ਹੈ :

ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥ ੨ ॥
....ਤਪੇ ਰਖੀਸਰ ਮਾਇਆ ਮਹਿ ਸੂਤਾ ॥
....ਮਾਇਆ ਅੰਤਰਿ ਭੀਨੇ ਦੇਵ ॥
ਸਾਗਰ ਇੰਦ੍ਰਾ ਅਰੁ ਧਰਤੇਵ ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥
ਤਬ ਛੂਟੇ ਜਬ ਸਾਧੂ ਪਾਇਆ ॥ ੫ ॥ **(ਅੰਗ ੧੧੬੦)**

ਗੁਰਾਂ ਦੁਆਰਾ ਜਿਨ੍ਹਾਂ ਗੁਰਮੁਖਾਂ ਨੇ ਸਭ ਤਰ੍ਹਾਂ ਦਾ ਅਗਿਆਨ, ਭਰਮ ਤੇ ਡਰ ਦੂਰ ਕਰ ਦਿੱਤਾ ਭਾਵ ਮਿਟਾ ਕੇ ਖਤਮ ਕਰ ਦਿੱਤਾ ਤਾਂ ਉਨ੍ਹਾਂ ਨੂੰ ਸਭ ਤੋਂ ਸ੍ਰੇਸ਼ਟ ਆਤਮਿਕ ਅਨੰਦ ਹਾਸਲ ਕਰ ਲਿਆ ਹੈ।

ਦਖਣੀ ਓਅੰਕਾਰ ਬਾਣੀ ਅੰਗ ੯੩੫ ਅੰਕ ੪੧ ਦੁਆਰਾ **ਭਭੇ** ਅੱਖਰ ਦਾ ਉਪਦੇਸ਼ ਬਖਸ਼ਦੇ ਹਨ। ਇਹ ਸਭ ਗੁਰਮੁਖੀ ਅੱਖਰਾਂ ਦਾ ਹੀ ਉਪਦੇਸ਼ ਹੈ ਤੇ ਹਿੰਦੀ ਜਾਂ ਉਰਦੂ ਜਾਂ ਹੋਰ ਕੋਈ ਭਾਸ਼ਾ ਵਿਚ ਨਹੀਂ ਲਿਖ ਰਹੇ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ **ਭਭੇ** ਅੱਖਰ ਦੁਆਰਾ ਰਹਿਮਤਾਂ ਵਰਤਾਉਂਦੇ ਅੱਗੇ ਫੁਰਮਾਉਂਦੇ ਹਨ ਕਿ ਉਹ ਬੇਪ੍ਰਵਾਹ ਪਰਮਾਤਮਾ ਹਰੇਕ ਤਰ੍ਹਾਂ ਸਮਰਥ ਹੈ। ਪਿੱਛੇ ਵੀ ਭੰਨਦਾ ਘੜਦਾ ਸੀ, ਹੁਣ ਵੀ ਭੰਨਦਾ ਤੇ ਘੜਦਾ ਹੈ ਤੇ ਅਗਾਂਹ ਨੂੰ ਵੀ ਇਸੇ ਤਰ੍ਹਾਂ ਭੰਨਦਾ ਘੜਦਾ ਰਹੇਗਾ ਇਹ ਉਸ ਦੀ ਆਪਣੀ ਮੌਜ ਹੈ। ਢਾਹੁਣਾ ਤੇ ਉਸਾਰਨਾ ਤੇ ਭਰੇ ਸਰੋਵਰਾਂ ਨੂੰ ਸੁਕਾ ਦੇਣਾ ਤੇ ਸੁੱਕਿਆਂ ਨੂੰ ਭਰ ਦੇਣਾ, ਉਸ ਦੀ ਆਪਣੀ ਅਜ਼ਾਦੀ ਤੇ ਵੇਪ੍ਰਵਾਹੀ ਹੈ। ਫੁਰਮਾਨ ਹੈ :

ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥ ੨ ॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥ ੩ ॥ **(ਅੰਗ ੧੨੫੨)**
ਭੰਨੈ ਘੜੇ ਸਵਾਰੇ ਸਾਜੇ॥ **(ਅੰਗ ੧੦੫੩)**

ਕਈ ਥਾਵਾਂ 'ਤੇ ਕਈ ਸਮਿਆਂ ਤੇ ਉਸ ਦੀ ਇਹ ਕਿਰਿਆ ਸਾਫ ਦਿਖਾਈ ਦੇ ਜਾਂਦੀ ਹੈ, ਜਿਵੇਂ ਕਿਸੇ ਥਾਂ 'ਤੇ ਭੂਚਾਲ, ਸਮੁੰਦਰ ਵਿਚ ਸੁਨਾਮੀ ਜਾਂ ਕੋਈ ਸਫਰ, ਆਵਾਜਾਈ ਹਾਦਸੇ ਵਗੈਰਾ ਆਦਿ। ਇਸੇ ਤਰ੍ਹਾਂ ਹੀ ਉਹ ਪ੍ਰਭੂ ਜੁੱਗਾਂ, ਖਾਣੀਆਂ ਤੇ ਸ਼ੁਭ ਗੁਣ ਤੇ ਅਸ਼ੁਭ ਕਮਜ਼ੋਰੀਆਂ ਵਿਚ ਭੰਨ ਕੇ, ਘੜ ਕੇ ਤਬਦੀਲੀਆਂ ਲਿਆਉਂਦਾ ਹੈ। ਜਿਹੜੇ ਉਸ ਮਾਲਕ ਪ੍ਰਭੂ ਦੀ ਇਸ ਸਮਰਥਾ ਨੂੰ ਵਿਸਾਰ ਬੈਠੇ ਹਨ ਉਹ ਭਰਮ ਗਏ ਹਨ ਤੇ ਭਾਗਾਂ ਤੋਂ ਬਿਨਾ ਕੋਈ ਲਾਭ ਨਹੀਂ ਪ੍ਰਾਪਤ ਕਰ ਸਕਦੇ। ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਵਿਚ ਸਤਿਗੁਰੂ ਦੀ ਸਮਰਥਾ ਦਾ ਗਿਆਨ ਹੈ ਉਨ੍ਹਾਂ ਦੀ ਪ੍ਰੀਤ ਡੋਰੀ ਪ੍ਰਭੂ ਜੀ ਨੇ ਫੜੀ ਹੋਈ ਹੈ ਤੇ ਜਿਸ ਪਾਸੇ ਪ੍ਰਾਲਬਧ ਅਨੁਸਾਰ ਪ੍ਰਭੂ ਲੈ ਜਾਂਦਾ ਹੈ ਉਹ ਜਾਣਾ ਕਰਦੇ ਹਨ। ਫੁਰਮਾਨ ਹਨ :

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥ **(ਅੰਗ ੧੩੬੮)**
ਜੀਅ ਜੰਤ ਤੇਰੇ ਧਾਰੇ॥ ਪ੍ਰਭ ਡੋਰੀ ਹਾਥਿ ਤੁਮਾਰੇ॥ **(ਅੰਗ ੬੨੬)**

ਜਿਹੜੇ ਪ੍ਰਭੂ ਦੇ ਗੁਣ ਪਿਆਰ ਦੀ ਮਸਤੀ ਵਿਚ ਗਾਉਂਦੇ ਹਨ ਉਨ੍ਹਾਂ ਨੂੰ ਫਿਰ ਪਛਤਾਉਣਾ ਨਹੀਂ ਪੈਂਦਾ। **ਭਭੇ** ਅੱਖਰ ਰਾਹੀਂ ਫੁਰਮਾਉਂਦੇ ਹਨ ਕਿ ਜੋ ਵਾਹਿਗੁਰੂ ਨੂੰ ਖੋਜਦੇ ਹਨ ਤੇ ਸਤਿਗੁਰੂ ਦੀ ਰਾਹੀਂ ਰਸਤਾ ਸਮਝ ਕੇ ਆਪਣੇ ਸ੍ਵੈ ਰੂਪੀ ਘਰ ਵਿਚ ਨਿਵਾਸ ਪਾਉਂਦੇ ਹਨ। **ਭਭੇ** ਅੱਖਰ ਰਾਹੀਂ ਬਖ਼ਸ਼ਿਸ਼ ਕਰਦੇ ਹਨ ਕਿ ਇਹ ਰਸਤਾ ਬਹੁਤ ਕਠਿਨ ਹੈ ਕਿਉਂਕਿ ਆਸਾ ਨੂੰ ਤਿਆਗ ਕੇ ਜੋ ਬੇਆਸ, ਨਿਰਾਸ ਹੋਵੇਗਾ ਉਹ ਹੀ ਇਸ ਭਉਜਲ ਨੂੰ ਤਰ ਸਕੇਗਾ। ਫੁਰਮਾਨ ਹੈ :

ਜਿਨਿ ਪਾਇਆ ਗੁਰਿ ਦੇਖਿ ਦਿਖਾਇਆ॥

ਆਸਾ ਮਾਹਿ ਨਿਰਾਸੁ ਬੁਝਾਇਆ॥ (ਅੰਗ ੧੫੪)

ਪ੍ਰਭੂ ਦੀ ਮਿਹਰ ਨਾਲ ਆਪਣੇ ਆਪ ਨੂੰ ਜਾਣਨਾ ਕਰੇ ਤਾਂ ਜੀਵਤ ਭਾਵ ਤੋਂ ਮਰ ਕੇ ਮੁਕਤੀ ਪ੍ਰਾਪਤ ਹੁੰਦੀ ਹੈ ਭਾਵ ਜੀਵਦਿਆਂ ਹੀ ਮਨ ਵਿਕਾਰਾਂ ਵੱਲੋਂ ਹਟ ਜਾਂਦਾ ਹੈ।

ਭਗਤ ਕਬੀਰ ਸਾਹਿਬ ਜੀ ਗਉੜੀ ਬਾਵਨ ਅਖਰੀ ਅੰਗ ੩੪੨ ਵਿਖੇ ਅੰਕ ੩੦ ਦੁਆਰਾ **ਭਭੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਜੀਵ ਈਸ਼ਵਰ ਦੇ ਭੇਦ ਨੂੰ ਵਿੰਨੇ ਭਾਵ ਨਾਸ ਕਰੇ ਤਾਂ ਪਰਮੇਸ਼ਰ ਨਾਲ ਮਿਲਾਪ ਹੁੰਦਾ ਹੈ। ਜਿਸ ਵੇਲੇ ਗੁਰੂ ਕਿਰਪਾ ਦੁਆਰਾ ਭਰੋਸੇ ਵਿਚ ਆਇਆ ਤੇ ਗਿਆਨ ਰੂਪੀ ਸੂਰਜ ਉਦੈ ਹੋਇਆ ਤਾਂ ਜਮਾਂ ਦਾ ਡਰ ਖ਼ੌਫ ਭੰਨ ਦਿੱਤਾ। ਜਿਸ ਪ੍ਰਭੂ ਨੂੰ ਬਾਹਰ ਮੰਨਦੇ ਸੀ ਉਸ ਵਾਹਿਗੁਰੂ ਨੂੰ ਸਰੀਰ ਦੇ ਅੰਦਰ ਹੀ ਜਾਣ ਲਿਆ। ਜਦੋਂ ਗੁਰਾਂ ਦੀ ਕ੍ਰਿਪਾ ਨਾਲ ਉਸ ਦੀ ਪ੍ਰਾਪਤੀ ਦਾ ਭੇਦ ਪ੍ਰਾਪਤ ਹੋਇਆ ਤਾਂ ਪ੍ਰਿਥਵੀ ਦੇ ਪਤੀ ਪ੍ਰਮਾਤਮਾ ਨੂੰ ਪਹਿਚਾਣ ਲਿਆ।

ਭ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ :

ਭਗਤਣੀ-ਭਗਤ, ਭਰਾ-ਭੈਣ, ਭਾਣਜਾ-ਭਾਣਜੀ, ਭਤੀਜਾ-ਭਤੀਜੀ, ਭੂਆ, ਭਰਨਾ, ਭਉਜਲ, ਭਸਮ, ਭਸੂੜੀ, ਭਈਆ, ਭਖਣਾ, ਭੰਗ, ਭੰਗੜਾ, ਭਗਵਾਨ, ਭੰਗੂੜਾ, ਭਜਨ, ਭੱਜਣਾ, ਭੱਟ, ਭਟਕਣਾ, ਭੱਠੀ, ਭੰਡ, ਭੰਗੀ, ਭੱਥਾ, ਭੱਦਾ, ਭੰਨਣਾ, ਭੰਬਲ-ਭੂਸਾ, ਭੰਬੀਰੀ, ਭਰਜਾਈ, ਭਰਤੀ, ਭਰਪੂਰ, ਭਰਮ, ਭਰਵੱਟਾ, ਭਰਵਾਸਾ, ਭਰੀ, ਭਰਿਸ਼ਟ, ਭਰੋਸਾ, ਭੁੱਲ, ਭਲਾ, ਭਵਨ, ਭਵਿੱਖ, ਭੜਕਾਉਣਾ, ਭੜਥਾ, ਭੜਾਸ, ਭੜਾਕਾ, ਭਾਸ਼ਨ, ਭਾਈਚਾਰਾ, ਭਾਗ, ਭਾਸ਼ਾ, ਭਾਜੜ-ਪੈਣੀ, ਭਿਖਾਰੀ, ਭਬਕ, ਭਾਨ, ਭਾਫ, ਭਾਰ, ਭੁੱਖ, ਭੁੱਬ ਮਾਰਨੀ, ਭੁਰਨਾ, ਭੁਲਣਹਾਰ, ਭੁਗੋਲ, ਭੂਤ, ਭੂਪਤ, ਭੂਮੀ, ਭੂ-ਮਧ ਰੇਖਾ, ਭੇਟ, ਭੇਖ, ਭੇਤ, ਭੇਰੀ, ਭੈਰਵੀ, ਭੋਗ, ਭੈਂਸ, ਭੋਲਾ, ਭਉਣ, ਭਾਈ, ਭੰਡਾਰ, ਭੰਡਾਰਾ, ਭੱਲਾ, ਭਵਿਖਤ, ਭੜਥੂ, ਭੜਾਕਾ ਪੈਣਾ, ਭਾਂਡਾ, ਭਾਣਾ, ਭਾਜੀ ਮਾਰਨੀ, ਭਾਲ ਕਰਨੀ, ਭੁਜੰਗ, ਭੁਜੰਗੀ, ਭੁੰਨਣਾ ਤੇ ਭੋਜਨ ਆਦਿ ਕੁਝ ਸ਼ਬਦ ਲਿਖੇ ਹਨ।

ਮ

ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ॥ ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ॥੨੮॥ (ਅੰਗ ੪੩੪)

ਪੈਂਤੀ ਵਿਖੇ ਭ ਅੱਖਰ ਤੋਂ ਬਾਅਦ ਤੇ ਯ ਅੱਖਰ ਤੋਂ ਪਹਿਲਾਂ ਮ ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਮੰਮਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ ਜੇ ਸ ਅੱਖਰ ਲਿਖਣਾ ਸ਼ੁਰੂ ਕਰੀਏ ਤੇ ਉਪਰਲੀ ਲਕੀਰ ਨਾ ਪਾਈਏ ਭਾਵ ਉਪਰੋਂ ਖੁੱਲ੍ਹਾ ਰਹਿਣ ਦਿੱਤਾ ਜਾਵੇ ਤਾਂ **ਮ** ਅੱਖਰ ਬਣ ਜਾਂਦਾ ਹੈ। **ਮ** ਅੱਖਰ ਪਵਰਗ ਪਾਲ ਦਾ ਪੰਜਵਾਂ ਅੱਖਰ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਟੀ ਲਿਖੀ ਬਾਣੀ ਅੰਗ ੪੩੪ ਵਿਖੇ ਅੰਕ ੨੮ ਰਾਹੀਂ **ਮੰਮੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਸਬੰਧੀਆਂ ਦੇ ਮੋਹ ਕਰਕੇ ਤੂੰ ਮਧੁਸੂਦਨ (ਪਰਮਾਤਮਾ) ਵੱਲੋਂ ਮਰ ਗਿਆਂ, ਕਿਉਂਕਿ ਤੇਰੇ ਮਨ ਦੇ ਵਿਚ ਤਾਂ ਉਨ੍ਹਾਂ ਦਾ ਮੋਹ ਹੀ ਜ਼ਿਆਦਾ ਹੈ। ਜਦ ਤੇਰਾ ਮਰਨਾ ਹੋਵੇਗਾ ਤਾਂ ਤੂੰ ਵਾਹਿਗੁਰੂ ਨੂੰ ਯਾਦ ਕਰੇਂਗਾ ਤਾਂ ਫਿਰ ਨਹੀਂ ਯਾਦ ਆਉਣਾ, ਉਹ ਜਮਦੂਤ ਬਹੁਤ ਤੇਜ਼ ਹਨ। ਆਉਂਦਿਆਂ ਸਾਰ ਹੀ ਉਨ੍ਹਾਂ ਨੇ ਪਹਿਲਾਂ ਤੇ ਜ਼ੁਬਾਨ ਤੇ ਅੱਖਾਂ ਬੰਦ ਕਰ ਦੇਣੀਆਂ, ਕੰਨ ਬੰਦ ਕਰ ਦਿੰਦੇ ਨੇ ਤੇ ਸਾਰੇ ਸਰੀਰ 'ਤੇ ਕਾਬੂ ਪਾ ਲੈਂਦੇ ਹਨ ਤੇ ਫਿਰ ਸੁਰਤੀ ਵੀ ਨਹੀਂ ਕਿਤੇ ਜਾਣ ਦਿੰਦੇ ਕਿਸੇ ਪਾਸੇ ਨੂੰ। ਉਨ੍ਹਾਂ ਅੱਗੇ ਚਲਾਕੀਆਂ ਨਹੀਂ ਚਲਦੀਆਂ। ਭਗਤ ਸ੍ਰੀ ਤ੍ਰਿਲੋਚਨ ਜੀ ਸਿਰੀਰਾਗੁ ਵਿਚ ਫੁਰਮਾਉਂਦੇ ਹਨ:

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ॥ (ਅੰਗ ੯੨)

ਇਸੇ ਸ਼ਬਦ ਵਿਚ ਅੱਗੇ ਫੁਰਮਾਉਂਦੇ ਹਨ :

ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ॥

ਤੂੰ ਸਰੀਰ ਦੇ ਵਿਚ ਰਹਿੰਦਾ ਹੋਇਆ ਹੋਰ ਹੀ ਵਿੱਦਿਆ, ਹੋਰ ਵਿਸ਼ੇ ਸਬੰਧੀ ਪੁਸਤਕਾਂ ਨੂੰ ਪੜ੍ਹਦਾ ਰਿਹਾ ਤੇ ਤੈਨੂੰ ਮੰਮੇ ਅੱਖਰ ਰਾਹੀਂ ਮਰਨਾ ਤੇ ਮਧੁਸੂਦਨ (ਪਰਮਾਤਮਾ) ਮਧੁ ਦੈਂਤ ਨੂੰ ਮਾਰਨੇ ਵਾਲਾ ਭੁੱਲ ਗਿਆ।

ਪਟੀ ਬਾਣੀ ਅੰਗ ੪੩੫ ਵਿਖੇ ਅੰਕ ੭ ਰਾਹੀਂ **ਮੰਮੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਹੇ ਨਾਸਮਝ ਮੂਰਖ ! ਤੇਰੀ ਬੁੱਧੀ ਭਾਵ ਸਿਆਣਪ ਲੋਭ ਨੇ ਚੁਰਾ ਲਈ ਹੈ ਤੇ ਤੇਰੇ ਅੰਦਰ ਹੰਗਤਾ ਹਉਮੈ ਦਾ ਵੱਡਾ ਦੋਸ਼ ਪਿਆ ਹੋਇਆ ਹੈ ਕਿ ਮੇਰੇ ਵਰਗਾ ਕੋਈ ਨਹੀਂ। ਫੁਰਮਾਨ ਹੈ :

ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥ (ਅੰਗ ੧੪੧੭)

ਤੂੰ ਆਪਣੇ ਅੰਦਰ ਵਸ ਰਹੇ ਪ੍ਰਭੂ ਨੂੰ ਜਾਣਿਆ ਨਹੀਂ ਤੇ ਤੂੰ ਮਾਇਆ ਦੇ ਲਾਲਚ ਦੇ ਅਧੀਨ ਹੈਂ। ਫੁਰਮਾਨ ਹੈ :

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ॥ (ਅੰਗ ੧੪੧੭)

ਗਉੜੀ ਬਾਵਨ ਅਖਰੀ ਮਹਲਾ ੫ ਅੰਗ ੨੫੮-੨੫੯ ਵਿਖੇ **ਮੰਮੇ** ਅੱਖਰ ਬਾਰੇ ਦੋਹਰਾ ਉਪਦੇਸ਼ ਸਤਿਗੁਰੂ ਜੀ ਅੰਕ ੪੧ ਤੇ ੪੨ ਦੁਆਰਾ ਪ੍ਰਗਟ ਕਰ ਰਹੇ ਹਨ। ਪਹਿਲਾਂ

ਇਕ ਸਲੋਕ ਤੇ ਪਉੜੀ ਅੰਕ ੪੧ ਤੇ ਫਿਰ ਸਲੋਕ ਤੇ ਪਉੜੀ ਅੰਕ ੪੨ ਦੁਆਰਾ ਬਿਰਾਜਮਾਨ ਹੈ। ਫੁਰਮਾਉਂਦੇ ਹਨ ਕਿ ਮਾਇਆ ਬਹੁਤ ਤਰੀਕਿਆਂ ਨਾਲ ਡੋਲਦੀ ਹੈ ਜਿਵੇਂ ਬੇੜੀ ਪਾਣੀ ਵਿਚ ਹਿੱਲਦੀ, ਡੋਲਦੀ ਰਹਿੰਦੀ ਹੈ ਤੇ ਮਾਇਆ ਨਾਲ ਚੰਬੜਿਆ ਮਨੁੱਖ ਵੀ ਡੋਲਦਾ ਰਹਿੰਦਾ ਹੈ। ਜਿਨ੍ਹਾਂ ਨੂੰ ਇਹ ਸਮਝ ਹੋ ਆਉਂਦੀ ਹੈ ਉਹ ਫਿਰ ਇਵੇਂ ਅਰਦਾਸ ਕਰਦੇ ਹਨ ਫੁਰਮਾਨ ਹੈ :

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ (ਅੰਗ ੨੫੬)

ਜਿਨ੍ਹਾਂ ਨੂੰ ਤੁਸੀਂ ਕਿਰਪਾ ਕਰ ਨਾਮ ਦੇ ਰੰਗ ਵਿਚ ਜੋੜ ਦਿੰਦੇ ਹੋ ਉਹ ਫਿਰ ਮੰਗਣੇ ਤੋਂ ਰਹਿ ਜਾਂਦੇ ਹਨ ਭਾਵ ਉਹ ਜਾਣ ਜਾਂਦੇ ਹਨ ਕਿ ਨਾਮ ਤੋਂ ਬਿਨਾਂ ਕੋਈ ਹੋਰ ਵਸਤੂ ਅਸਥਿਰ ਰਹਿਣ ਵਾਲੀ ਨਹੀਂ ਹੈ ਉਹ ਫਿਰ ਉਸ ਦੀ ਹੀ ਮੰਗ ਕਰਦੇ ਹਨ। ਫੁਰਮਾਨ ਹੈ :

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥
(ਅੰਗ ੫੯੭)

ਪਉੜੀ ਵਿਚ ਬਖ਼ਸ਼ਿਸ਼ ਕਰਦੇ ਫੁਰਮਾਉਂਦੇ ਹਨ ਕਿ ਮੰਗਣੇ ਵਾਲਾ ਤਾਂ ਅਨਜਾਣ ਨਿਆਣੇ ਦੀ ਤਰ੍ਹਾਂ ਹੈ, ਦੇਣ ਵਾਲਾ ਅੰਤਰਜਾਮੀ ਪ੍ਰਭੂ ਸਭ ਨੂੰ ਕਰਮਾਂ ਅਨੁਸਾਰ ਦੇ ਰਿਹਾ ਹੈ। ਉਸ ਪ੍ਰਭੂ ਨੇ ਇਕੋ ਵਾਰੀ ਹੀ ਬਖ਼ਸ਼ਿਸ਼ ਕਰਕੇ ਦੇ ਦਿੱਤਾ ਹੈ, ਹੇ ਮੇਰੇ ਮੂਰਖ ਮਨ ! ਫਿਰ ਤੂੰ ਕਿਸ ਦੇ ਅੱਗੇ ਬੇਨਤੀ ਕਰਦਾ ਹੈਂ। ਜਦੋਂ ਵਿਅਕਤੀ ਮੰਗਦਾ ਹੈ ਤਾਂ ਹੋਰ-ਹੋਰ ਦੂਜੀਆਂ, ਦਵੈਤ ਵਾਲੀਆਂ ਚੀਜ਼ਾਂ ਹੀ ਮੰਗਦਾ ਹੈ ਜਿਨ੍ਹਾਂ ਤੋਂ ਕੋਈ ਸੁਖ ਨਹੀਂ ਮਿਲਦਾ, ਉਪਜਦਾ। ਜੇ ਪ੍ਰਭੂ ਤੋਂ ਮੰਗਣਾ ਹੈ ਤਾਂ ਇਕੋ ਹੀ ਦਾਤ ਮੰਗ, ਜਿਸ ਨਾਲ ਤੈਨੂੰ ਪਰਮ-ਗਤੀ ਦੀ ਪ੍ਰਾਪਤੀ ਹੋ ਸਕਦੀ ਹੈ, ਜਿਸ ਦੀ ਬਰਕਤ ਨਾਲ ਤੂੰ ਮਾਇਕ ਪਦਾਰਥਾਂ ਦੀ ਮੰਗ ਤੋਂ ਪਰਲੇ ਪਾਸੇ ਲੰਘ ਜਾਵੇਂ। ਫੁਰਮਾਨ ਵੀ ਹੈ :

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥ (ਅੰਗ ੧੦੧੮)

ਹੁਣ ਮੰਮੇ ਅੱਖਰ ਦੇ ਦੂਜੇ ਉਪਦੇਸ਼ ਦੇ ਸਲੋਕ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਨੇ ਪੂਰੇ ਗੁਰੂ ਦਾ ਮੰਤਰ ਜਪਿਆ, ਉਨ੍ਹਾਂ ਦੀ ਮੱਤ ਅਕਲ ਪੂਰਨ ਹੋ ਆਉਂਦੀ ਹੈ ਤੇ ਉਹ ਮੁਖੀ ਅਖਵਾਉਂਦੇ ਹਨ। ਕਿਉਂਕਿ ਨਾਮ ਜਪਣੇ ਕਰਕੇ ਸਭ ਉਨ੍ਹਾਂ ਦਾ ਆਦਰ ਕਰਦੇ ਹਨ। ਜਿਨ੍ਹਾਂ ਨੇ ਪ੍ਰਭੂ ਨਾਲ ਡੂੰਘੀ ਸਾਂਝ ਬਣਾ ਲਈ ਉਹ ਭਾਗਾਂ ਵਾਲੇ ਹਨ। ਉਹ ਤਾਂ ਪ੍ਰਭੂ ਦਾ ਆਪਣਾ ਸਰੂਪ ਹੀ ਬਣ ਜਾਂਦੇ ਹਨ। ਫੁਰਮਾਨ ਹਨ :

ਖਾਲਸਾ ਮੇਰੋ ਰੂਪ ਹੈ ਖਾਸ ॥ (ਸਰਬ ਲੋਹ ਗ੍ਰੰਥ)
ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥
(ਅੰਗ ੧੦੭੬)

ਅੱਗੇ ਪਉੜੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਨੇ ਗੁਰੂ ਦੁਆਰਾ ਪ੍ਰਭੂ ਦਾ ਭੇਦ

ਪਛਾਣ ਲਿਆ ਹੈ ਉਹ ਸਾਧਸੰਗਤ ਵਿਚ ਜਾ ਕੇ ਆਪਣਾ ਭਰੋਸਾ ਪੱਕੇ ਯਕੀਨ ਵਿਚ ਬਣਾ ਲੈਂਦੇ ਹਨ। ਉਹ ਦੁੱਖ ਤੇ ਸੁਖ ਨੂੰ ਬਰਾਬਰ ਸਮਝਦੇ ਹਨ ਤੇ ਅੰਗ ਸੰਗ ਵਸਦੇ ਪ੍ਰਭੂ ਵੱਲੋਂ ਆਏ ਦੁੱਖਾਂ ਦੀ ਘਬਰਾਹਟ ਤੇ ਸੁਖਾਂ ਵੱਲੋਂ ਆਈ ਖ਼ੁਸ਼ੀ ਵਿਚ ਨਹੀਂ ਪੈਂਦੇ ਤੇ ਉਨ੍ਹਾਂ ਦਾ ਨਰਕ ਜਾਂ ਸੁਰਗ, ਜੰਮਣਾ ਤੇ ਮਰਨਾ ਖਤਮ ਹੋ ਜਾਂਦਾ ਹੈ ਤੇ ਉਹ ਕਹਿ ਉਠਦੇ ਹਨ :

ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥ (ਅੰਗ ੧੧੦੩)

ਉਹ ਸਰੀਰ ਕਰਕੇ ਮਾਇਆ ਦੇ ਸੰਗ ਪ੍ਰਤੀਤ ਹੁੰਦੇ ਹਨ ਪਰ ਮਨ ਕਰਕੇ ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਜਿਵੇਂ ਜਲ ਵਿਖੇ ਕਮਲ ਦੀ ਤਰ੍ਹਾਂ। ਐਸੇ ਮਹਾਤਮਾ ਜਨ ਅਭਿਮਾਨ ਨਹੀਂ ਕਰਦੇ ਤੇ ਉਹ ਪ੍ਰਭੂ ਨੂੰ ਸਾਰੇ ਘਟਾਂ ਵਿਚ, ਸਾਰੀਆਂ ਖਾਣੀਆਂ ਵਿਚ ਵਰਤਦਾ ਤੇ ਵਿਆਪਕ ਜਾਣਦੇ ਹਨ। ਭਾਈ ਨੰਦ ਲਾਲ (ਸਿੰਘ) ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਦਾ ਸਿਮਰਨ ਤੁਹਾਨੂੰ ਵਾਹਿਗੁਰੂ ਰੂਪ ਹੀ ਬਣਾ ਦਿੰਦਾ ਹੈ। ਫੁਰਮਾਨ ਹਨ :

ਇਸ਼ਕਿ ਮੌਲਾ ਮਰ ਤੁਰਾ ਮੌਲਾ ਕੁਨਦ
ਦਰ ਦੋ ਆਲਮ ਮਿਹਤਰੋ ਔਲ ਕੁਨਦ ॥ ੪੬੦ ॥

(ਜ਼ਿੰਦਗੀਨਾਮਾ ਬੰਦਗੀਨਾਮਾ)

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ (ਅੰਗ ੧੩੭੫)

ਉਨ੍ਹਾਂ ਨੇ ਆਤਮ ਰਸ ਵਿਚੋਂ ਜੀਵਨ ਮੁਕਤੀ ਦੇ ਸੁਖ ਨੂੰ ਪਾਉਣਾ ਕੀਤਾ ਹੈ ਤੇ ਉਨ੍ਹਾਂ ਉੱਪਰ ਮਾਇਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ। ਐਸੇ ਜਨਾਂ ਪ੍ਰਤੀ ਫੁਰਮਾਨ ਹੈ :

ਹਉ ਬਲਿਹਾਰੀ ਤਿਨ ਕਉ ਜੋ ਹਰਿ ਚਰਣੀ ਰਹੈ ਲਿਵ ਲਾਇ ॥
ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ ॥

(ਅੰਗ ੧੨੮੧)

ਦਖਣੀ ਓਅੰਕਾਰ ਬਾਣੀ ਅੰਗ ੯੩੫-੯੩੬ ਵਿਖੇ ਅੰਕ ੪੨ ਰਾਹੀਂ ਮੰਮੇ ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਬੇਅੰਤ ਜੀਵ ਮਾਇਆ ਲਈ ਤਰਲੇ ਲੈਂਦੇ ਹਾਏ ਮਾਇਆ, ਹਾਏ ਮਾਇਆ ਕਰਦੇ ਮਰ ਗਏ, ਪਰ ਮਾਇਆ ਕਿਸੇ ਦੇ ਨਾਲ ਵੀ ਨਾ ਨਿਭੀ। ਇਸ ਮਾਇਆ ਨਾਲ ਇਤਨਾ ਪਿਆਰ ਕੀਤਾ ਪਰ ਉਹ ਅੱਗੇ ਨਾਲ ਨਹੀਂ ਚਲਦੀ ਮੌਤ ਵੇਲੇ। ਫੁਰਮਾਨ ਹੈ :

ਮਾਇਆ ਸਾਥਿ ਨ ਚਲੈ ਪਿਆਰੀ ॥ (ਅੰਗ ੧੩੪੨)

ਮਨ ਉਦਾਸ ਹੋ ਕੇ ਨਿੰਮੋਝੂਣਾ ਦੁਖੀ ਹੋ ਕੇ ਸੰਸਾਰ ਤੋਂ ਉੱਠ ਚਲਦਾ ਹੈ ਤਾਂ ਮਾਇਆ ਇੱਥੇ ਹੀ ਰਹਿ ਜਾਂਦੀ ਹੈ। ਰਸਤੇ ਵਿਚ ਜਦੋਂ ਜਮ ਮਾਰਗ 'ਤੇ ਮਾਰ ਪੈਂਦੀ ਹੈ ਤਦ ਸਭ ਕਿਛੁ

ਭੁੱਲ ਜਾਂਦਾ ਹੈ। ਇਸ ਮਾਇਆ ਵਿਚ ਖਚਿਤ ਹੋ ਕੇ ਬੁੱਧੀ ਭੁੱਲ ਗਈ ਸਿਮਰਨ ਕਰਨਾ, ਭਾਵ ਭਗਤੀ ਨਹੀਂ ਕੀਤੀ। ਮਨ ਜੋ ਮਾਇਆ ਵਿਚ ਫਸਿਆ ਹੋਇਆ ਹੈ, ਝੂਠਾ ਹੈ ਉਸ ਨੂੰ ਜਮ ਤਾੜਦੇ ਹਨ ਤੇ ਔਗੁਣ ਨਾਲ ਹੀ ਤੁਰ ਪੈਂਦੇ ਹਨ ਗਵਾਹੀ ਦੇਣ ਲਈ। ਜੇ ਮਨੁੱਖ ਦੇ ਕੋਲ ਗੁਣ ਹੋਵਣ ਤਾਂ ਮਨ ਮਾਇਆ ਵੱਲੋਂ ਉਲਟ ਕੇ ਆਪਣੇ ਅੰਦਰ ਹੀ ਜੀਵਤ ਭਾਵ ਤੋਂ ਮਰ ਜਾਂਦਾ ਹੈ ਤੇ ਸ਼ੁੱਧ ਸਰੂਪ ਵਿਚ ਸਮਾ ਜਾਂਦਾ ਹੈ। ਇਹ ਮੇਰੀ ਜ਼ਮੀਨ ਹੈ, ਇਹ ਮੇਰੀ ਜਾਇਦਾਦ, ਮੇਰੀ ਮਾਇਆ, ਮੇਰੇ ਬੱਚੇ, ਇਹ ਪੈਸਾ ਇਹ ਸੋਨਾ ਚਾਂਦੀ ਮੇਰਾ, ਇਉਂ ਕਰਦੇ-ਕਰਦੇ ਹੀ ਜੀਵ ਮਰ ਜਾਂਦੇ ਹਨ ਤੇ ਨਾਮ ਤੋਂ ਬਿਨਾਂ ਦੁੱਖ ਹੀ ਪ੍ਰਾਪਤ ਹੁੰਦਾ ਹੈ। ਇਹ ਸਾਰੇ ਪੱਕੇ ਘਰ, ਕਿਲ੍ਹੇ ਆਦਿ ਇਸਤ੍ਰੀਆਂ ਆਦਿ ਨੂੰ ਜੀਵ ਮੇਰੀ-ਮੇਰੀ ਕਰਦਾ ਮਰ ਰਿਹਾ ਸੀ, ਇਹ ਤਾਂ ਸਭ ਮਿਥਿਆ ਹਨ ਜਿਵੇਂ ਕਿ ਬਾਜੀਗਰ, ਮਦਾਰੀ ਦਾ ਖੇਲ ਹੁੰਦਾ ਹੈ। ਸੱਚੇ ਨਾਮ ਤੋਂ ਬਿਨਾਂ ਝੂਠਾ ਬੰਦਾ ਜੰਮਦਾ ਮਰਦਾ ਹੈ। ਉਹ ਮਾਲਕ ਆਪ ਹੀ ਸਿਆਣਾ ਤੇ ਅੰਤਰਜਾਮੀ ਹੈ ਤੇ ਆਪ ਹੀ ਸਭ ਕਿਛੁ ਜਾਣਦਾ ਹੈ। ਜੇ ਉਹੀ ਕ੍ਰਿਪਾ ਕਰੇ ਜੀਵ ਨੂੰ ਸਮਝਾਵੇ ਤਾਂ ਜੀਵ ਸਮਝੇ।

ਭਗਤ ਸ੍ਰੀ ਕਬੀਰ ਜੀ ਬਾਵਨ ਅਖਰੀ ਅੰਗ ੩੪੨ ਵਿਖੇ ਅੰਕ ੩੧ ਤੇ ੩੨ ਵਿਖੇ ਮੰਮੇ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਜੋ ਕਿ ਦੋ ਵਾਰੀ ਮੰਮੇ ਅੱਖਰ ਰਾਹੀਂ ਸੰਬੋਧਨ ਕਰਕੇ ਤੇ ਅੰਕ ੩੩ ਰਾਹੀਂ ਮਨ ਦੀ ਵੀਚਾਰ ਜੋ ਪਹਿਲੇ ਦੋ ਅੰਕਾਂ ਰਾਹੀਂ ਚਲ ਰਹੀ ਸੀ ਉਸ ਨੂੰ ਮੁਕੰਮਲ ਕਰਦੇ ਹਨ।

ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਗੁਰੂ ਦੇ ਮੰਤਰ ਨੂੰ ਮੰਨ ਲਿਆ ਉਨ੍ਹਾਂ ਨੇ ਮੁੱਢ ਰੂਪ ਪਰਮਾਤਮਾ ਨੂੰ ਪਕੜ ਲਿਆ, ਫੜ ਲਿਆ। ਜਿਹੜੇ ਗੁਰਮੁਖ ਗੁਰ ਉਪਦੇਸ਼ ਦੇ ਭੇਤੀ ਹੋ ਜਾਂਦੇ ਉਹ ਮਨ ਦੇ ਸ਼ੁੱਧ ਸਰੂਪ ਨੂੰ ਜਾਣ ਲੈਂਦੇ, ਸ਼੍ਰੋਮਣੀ ਪਰਮੇਸ਼ਰ ਨੂੰ ਉਹ ਜਾਣ ਲੈਂਦੇ ਉਹ ਵਸੀਕਾਰ ਕਰ ਲੈਂਦਾ ਹੈ। ਫੁਰਮਾਨ ਹੈ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ (ਅੰਗ ੪੪੦)

ਜਿਸ ਵੇਲੇ ਮਨ ਪਰਮੇਸ਼ਰ ਦੇ ਵਿਚ ਟਿਕਣ ਲੱਗੇ ਤਾਂ ਹੋਰ ਫੁਰਨੇ ਛੱਡ ਦਿਓ, ਦੇਰੀ ਨਾ ਕਰੋ ਕਿ ਇਹ ਕੰਮ ਕਰਨਾ ਹੈ, ਮੋਬਾਇਲ ਵੀ ਬੰਦ ਕਰ ਦਿਓ, ਸਾਵਧਾਨੀ ਵਰਤਣੀ ਹੈ ਕਿ ਵਿਚ ਕੋਈ ਅੜਿੱਕਾ ਨਾ ਪਵੇ ਕੀ ਪਤਾ ਮੁੜ ਕੇ ਜ਼ਿੰਦਗੀ ਵਿਚ ਐਸਾ ਸਮਾਂ, ਮੌਕਾ ਦੁਬਾਰਾ ਨਾ ਮਿਲੇ। ਮਨ ਦੇ ਮਗਨ ਹੋਇਆਂ ਮਸਤ ਹੋਇਆਂ ਪਰਮਾਤਮਾ ਦੇ ਆਤਮਿਕ ਅਨੰਦ ਦੀ ਝਲਕ ਵੱਜ ਜਾਂਦੀ ਹੈ। ਮਨ ਦੇ ਟਿਕਿਆਂ ਪ੍ਰਕਾਸ਼ ਹੋਣ ਲੱਗ ਪੈਂਦਾ ਹੈ, ਜਦੋਂ ਮਨ ਸ਼ੁੱਧ ਹੁੰਦਾ ਤਾਂ ਚਮਕਾਰੇ ਮਾਰਨ ਲੱਗ ਪੈਂਦਾ ਹੈ। ਪ੍ਰਭੂ ਚਰਨਾਂ ਵਿਚ ਜੁੜਨ ਦੀ ਬਰਕਤ ਨਾਲ ਮਨ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ ਤੇ ਉਸ ਸਦਾ ਥਿਰ ਰਹਿਣੇ ਵਾਲੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ। ਸਾਰਿਆਂ ਦਾ ਮਨ ਨਾਲ ਹੀ ਕੰਮ ਹੈ ਜਦੋਂ ਤੱਕ ਇਸ ਨੂੰ ਨਹੀਂ ਸਾਧਦੇ (ਕਾਬੂ

ਕਰਦੇ) ਤਦੋਂ ਤੱਕ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਮਨ ਨੂੰ ਗੁਰਾਂ ਦੇ ਮੰਤ੍ਰ ਵਿਚ ਲਗਾਉਣਾ ਸ਼੍ਰੋਮਣੀ ਕਾਰਜ ਹੈ। ਸਾਡਾ ਮਨ ਸੰਸਾਰ ਦੇ ਜੰਗਲ ਦੇ ਵਿਚ ਕਦੇ ਵਿਸ਼ਿਆਂ ਦੇ ਸੁਖ ਲੈਂਦਾ, ਕਦੇ ਖਾਣ ਦੇ, ਕਦੇ ਕੱਪੜਿਆਂ ਦੇ ਸੁਖ ਲੈਂਦਾ ਹੈ। ਕਬੀਰ ਜੀ ਫੁਰਮਾਉਂਦੇ ਹਨ ਕਿ ਸ਼ੁੱਧ ਮਨ ਹੀ ਮਲੀਨ ਮਨ ਨੂੰ ਕੋਈ ਸਿਖਿਆ ਦੇਵੇ ਤਾਂ ਉਹ ਸਮਝਦਾ ਹੈ। ਸਾਡੇ ਮਨ ਦੇ ਅੰਦਰ ਦੋ ਹਿੱਸੇ ਹਨ ਇਕ ਸ਼ੁੱਧ ਮਨ ਤੇ ਇਕ ਅਸ਼ੁੱਧ ਮਨ। ਸ਼ੁੱਧ ਮਨ ਅੰਦਰੋਂ ਹੀ ਅੰਦਰ ਅਸ਼ੁੱਧ ਮਨ ਨੂੰ ਸਮਝਾਵੇ, ਫਿਰ ਅਸ਼ੁੱਧ ਮਨ ਹੌਲੀ-ਹੌਲੀ ਸ਼ੁੱਧ ਦੇ ਨਾਲ ਮਿਲ ਕੇ ਇਕ ਦੂਜੇ ਵਿਚ ਲੀਨ ਹੋ ਜਾਂਦੇ ਨੇ। ਪਰ ਇਸ ਮਨ ਨੂੰ ਬਹੁਤ ਜਨਮਾਂ ਦੀ ਮੈਲ, ਗੰਦਗੀ ਲੱਗੀ ਹੋਈ ਹੈ। ਫੁਰਮਾਨ ਹੈ :

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥

(ਅੰਗ ੬੫੧)

ਕਬੀਰ ਜੀ ਆਖਦੇ ਹਨ ਕਿ ਮਨ ਵਰਗਾ ਹੋਰ ਕੋਈ ਸਲਾਹਕਾਰ ਨਹੀਂ ਮਿਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਬਚਿਤ੍ਰ ਨਾਟਕ ਵਿਚ ਮਨ ਨੂੰ ਹੀ ਗੁਰੂ ਆਖਦੇ ਹਨ। ਕਬੀਰ ਜੀ ਸੋਰਠਿ ਰਾਗ ਵਿਚ ਫੁਰਮਾਉਂਦੇ ਹਨ :

ਕਹਿ ਕਬੀਰ ਮਨੁ ਮਾਨਿਆ॥ ਮਨੁ ਮਾਨਿਆ ਤਉ ਹਰਿ ਜਾਨਿਆ॥

(ਅੰਗ ੬੫੬)

ਅੰਦਰੋਂ ਮਨ ਨੇ ਹੀ ਸਾਨੂੰ ਸਮਝਾਉਣਾ, ਬਾਹਰੋਂ ਅਸੀਂ ਬਾਣੀ ਰਾਹੀਂ, ਸਤਿਗੁਰੂ ਰਾਹੀਂ ਸਮਝਣਾ ਹੈ। ਅੰਦਰ ਮਨ ਨੇ ਹੀ ਮਨ ਨੂੰ ਸਮਝਾ ਦੇਣਾ ਹੈ। ਇਸ ਵਰਗੀ ਕੋਈ ਰੀਸ ਨਹੀਂ ਜੇ ਅੰਦਰ ਹੀ ਅੰਦਰ ਮਨ ਸਮਝ ਜਾਵੇ।

ਇਹ ਮਨ ਮਾਇਆ ਨਾਲ ਲੱਗਣ ਕਰਕੇ ਮਾਇਆ ਦਾ ਰੂਪ ਹੀ ਹੋ ਜਾਂਦਾ ਹੈ ਪਰ ਜੇ ਇਹ ਕਲਿਆਣ ਸਰੂਪ ਪਰਮੇਸ਼ਰ ਨਾਲ ਜੁੜ ਜਾਵੇ ਤਾਂ ਇਹ ਉਸੇ ਪ੍ਰਭੂ ਦਾ ਸਰੂਪ ਹੋ ਜਾਂਦਾ ਹੈ। ਮਨ ਸਤੋਗੁਣ ਅੰਸ ਤੋਂ ਪੈਦਾ ਹੋਇਆ ਹੋਣ ਕਰਕੇ ਸ਼ੁੱਧ ਵੀ ਹੈ। ਫੁਰਮਾਨ ਹੈ:

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥
ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ॥ (ਅੰਗ ੧੩੩੦)

ਇਹ ਮਨ ਪੰਜਾਂ ਤੱਤਾਂ ਦੀ ਸਤੋਗੁਣੀ ਅੰਸ਼ ਨਾਲ ਮਿਲ ਕੇ ਜੀਵ ਰੂਪ ਹੋ ਰਿਹਾ ਹੈ, ਜਿਧਰ ਨੂੰ ਇਸ ਨੂੰ ਲਾ ਦਿਆਂਗੇ ਉਹ ਜਿਹਾ ਹੀ ਇਹ ਹੋ ਜਾਣਾ ਹੈ। ਇਸ ਮਨ ਨੂੰ ਆਪਣੇ ਵੱਸ ਵਿਚ ਲੈ ਕੇ ਜਦੋਂ ਉਨਮਨ ਰਹੈ, ਭਾਵ ਤੁਰੀਆ ਅਵਸਥਾ ਵਿਚ ਇਸਥਿਤ ਰਹਿਣਾ ਕਰੇ ਤਾਂ ਉਹ ਗੁਰਮੁਖ ਪਿਆਰਾ ਉਹ ਅੰਤਰਜਾਮਤਾ ਕਰਕੇ ਤਿੰਨਾਂ ਲੋਕਾਂ ਦੀਆਂ ਗੱਲਾਂ ਕਹਿਣ ਲੱਗ ਪੈਂਦਾ ਹੈ। ਮਨ ਦੀ ਇਕਾਗਰਤਾ ਵਿਚ ਬਹੁਤ ਸ਼ਕਤੀ ਹੈ। ਇਕਾਗਰਤਾ ਵਿਚੋਂ ਹੀ ਖੋਜਾਂ ਨਿਕਲਦੀਆਂ ਹਨ।

ਹੁਣ **ਮੰਮੇ** ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾਂਦੇ ਹਨ :

ਮਾਂ, ਮਈ, ਮਸਤ, ਮਸਤਕ, ਮਸਕੀਨ, ਮਸਰ, ਮਿਸ਼ਰੀ, ਮਸਾਲਾ, ਮਸਲਾ, ਮੱਸਿਆ, ਮਸਾਂ-ਮਸਾਂ, ਮਸੂਮ, ਮਸੂੜਾ, ਮਸ਼ਹੂਰ, ਮਸ਼ਵਰਾ, ਮਸ਼ਕਰੀ, ਮਸ਼ੀਨ, ਮਹੰਤ, ਮਹੱਤਵ, ਮਹੱਲਾ, ਮਹਾਂ, ਮਹਾਤਮਾ, ਮਹਾਨਤਾ, ਮਹਾਂਪੁਰਖ, ਮਹਾਰਾਜਾ, ਮਹਿਸੂਸ ਕਰਨਾ, ਮਹਿਕ, ਮਹਿੰਗਾ, ਮਹਿੰਦੀ, ਮਹਿਮਾ, ਮਹੀਨਾ, ਮਹੂਰਤ, ਮੱਕੀ, ਮਕਸਦ, ਮਕਰ-ਫਰੇਬ, ਮਕਾਨ, ਮਾਲਕ, ਮੱਖਣ, ਮਖਮਲ, ਮੱਖੀ, ਮਖੌਲ, ਮੰਗਣਾ, ਮੰਗਤਾ, ਮਗਨ, ਮਗਰ, ਮਗਰਮੱਛ, ਮੰਗਲਵਾਰ, ਮਚਲਾ, ਮਚਕੋੜ, ਮੰਗਾਉਣਾ, ਮੱਛਰ, ਮੱਛੀ, ਮੰਜਾ, ਮੰਜਨ, ਮੇਰਾ-ਮੇਰੀ, ਮੁਕਤੀ, ਮੁਕਲਾਵਾ, ਮੁੱਕਾ, ਮੁਖ, ਮੁਖਬੰਦ, ਮੁਖੀ, ਮੁਗਧ, ਮੁਜਰਮ, ਮੋਟਾ-ਮੋਟੀ, ਮੁਟਿਆਰ, ਮੁੰਡਾ, ਮੁਠੀ-ਚਾਪੀ, ਮੁੱਢ, ਮੰਦਰ, ਮੁੰਦਰੀ, ਮੁਫਤ, ਮੁਰਗੀ, ਮੁਰਦਾ, ਮੁਰਾਦ, ਮੁਲ-ਖਰੀਦ, ਮੂੰਹ, ਮੂੰਗਫਲੀ, ਮੂਰਖ, ਮੂਰਤੀ, ਮੂਲ, ਮੂੜ, ਮੇਲਾ, ਮਾਂਹ, ਮਾਂਜਣਾ, ਮਾਂ-ਬੋਲੀ, ਮਾਨਤਾ, ਮਾਪਣਾ, ਮੁਆਫੀ, ਮਾਮਾ-ਮਾਮੀ, ਮੋਤੀ, ਮਾਸੜ-ਮਾਸੀ, ਮਾਮੂਲੀ, ਮਾਰਨਾ, ਮਾਲੀ, ਮਿਸਤਰੀ, ਮਹਿਮਾਨ, ਮਿੱਟੀ, ਮਿਠਾਈ, ਮਿਣਨਾ, ਮਿਤੀ, ਮਿੱਤਰ, ਮਿੱਥਿਆ, ਮਿਰਚ, ਮਿਰਗੀ, ਮਿਰਾਸੀ, ਮਿਲਾਵਟ, ਮਿਲਣੀ, ਮੀਂਹ, ਮੀਸਣਾ, ਮੀਰੀ-ਪੀਰੀ, ਮੀਲ-ਪੱਥਰ, ਮੁਸਾਫਰ, ਮੁਸੀਬਤ, ਮੁਸ਼ਕ, ਮੁਸ਼ਕਲ, ਮੁਹਰ, ਮੁਹਿੰਮ, ਮੁਕੱਦਮਾ, ਮੁਸਕਰਾਉਣਾ, ਮੁੱਛਾਂ, ਮੁਰੰਮਤ, ਮੁਜਾਹਰਾ, ਮਜ਼ਾ, ਮੱਤ ਦੇਣੀ, ਮੱਥਾ ਟੇਕਣਾ, ਮਦਦ, ਮੱਧਮ, ਮਧੁਰ, ਮਧਾਣੀ, ਮਨਮੁਖ, ਮਰਜ਼ੀ, ਮਨਮੋਹਣਾ, ਮਰਦ, ਮਲੰਗ, ਮੱਲ, ਮੋਚੀ, ਮੋਹਰੀ, ਮੈਦਾ, ਮੇਥੇ, ਮੋਦੀਖਾਨਾ, ਮੋਰਚਾ, ਮੈਚ, ਮੌਕਾ, ਮੇਜ, ਮੋਰ, ਮਲਵਈ, ਮਸੰਦ, ਮਸਲਤ, ਮੁਸ਼ਕਲ, ਮਹਿਕਮਾ, ਮਹਿਮਾਨ, ਮਤਾ, ਮੰਥਨ, ਮਨੋਰੰਜਨ, ਮਰਸਾ, ਮਾਲਕ, ਮਹੀਅਲ, ਮੰਗਲਾਚਰਨ, ਮੰਗੇਤਰ, ਮੰਜਨ, ਮਜ਼ਦੂਰ, ਮਟਰ, ਮਤਲਬ, ਮਾਲਸ਼, ਮਿਆਦ, ਮਿਆਨ, ਮਿਆਰ, ਮਿਤੀ, ਮਿੱਟੀ, ਮਿਰਗ, ਮਿਲਾਵਟ, ਮੁਸਕਰਾਹਟ, ਮੁਸਾਫਰ, ਮੁਸ਼ਕ, ਮੁਹੱਬਤ, ਮੁਕੱਰਰ, ਮੁਖੀ, ਮੁੱਠੀ, ਮੁਖਤਾਰਨਾਮਾ, ਮੁੰਦਰਾਂ, ਮੁਨਸ਼ੀ, ਮੁਫਤ, ਮੁਰਾਦ, ਮੂਲੀ, ਮੁਲਾਕਾਤ ਅਤੇ ਮੇਲਾ ਆਦਿ ਕੁਝ ਸ਼ਬਦ ਲਿਖੇ ਹਨ।

ਯ

ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥
ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥੨੯॥

(ਅੰਗ ੪੩੪)

ਪੈਂਤੀ ਵਿਖੇ ਮ ਅੱਖਰ ਤੋਂ ਬਾਅਦ ਤੇ ਰ ਅੱਖਰ ਤੋਂ ਪਹਿਲਾਂ **ਯ** ਅੱਖਰ ਆਉਂਦਾ ਹੈ।

ਪਹਿਲਾਂ ਦੇਖਦੇ ਹਾਂ ਕਿ **ਯ** ਅੱਖਰ ਕਿਸ ਤਰ੍ਹਾਂ ਲਿਖਿਆ ਜਾਂਦਾ ਹੈ। **ਯ** ਅੱਖਰ ਬਾਕੀ ਅੱਖਰਾਂ ਨਾਲੋਂ ਕੁਝ ਵਿਲਖਣ ਰੂਪ ਦਾ ਹੈ ਪਰ ਇਹ ਕੁਝ ਧ ਅੱਖਰ ਦੇ ਨਜ਼ਦੀਕ ਹੈ। ਜੇ ਧ ਅੱਖਰ ਲਿਖਣਾ ਸ਼ੁਰੂ ਕਰੀਏ, ਪਰ ਪੂਰਾ ਹੇਠਾਂ ਤੱਕ ਜਾਣ ਦੀ ਥਾਂ ਜੇ ਪਹਿਲੀ ਲਕੀਰ ਨੂੰ ਸਜੇ ਨੂੰ ਕਰਕੇ ਉੱਪਰ ਨੂੰ ਉਠਾ ਕੇ ਤੇ ਫਿਰ ਸੱਜੇ ਪਾਸੇ ਨੂੰ ਲੈ ਜਾਈਏ ਤਾਂ **ਯ** ਅੱਖਰ ਲਿਖ ਹੋ ਜਾਂਦਾ ਹੈ। ਵੈਸੇ ਤਾਂ ਸਾਰੇ ਗੁਰਮੁਖੀ ਦੇ ਅੱਖਰ ਅਤੀ ਸੁੰਦਰ ਤੇ ਰੋਅਬਦਾਰ ਦਿਖਾਈ ਦਿੰਦੇ ਹਨ ਪਰ ਯ ਤਾਂ ਵੱਡਾ ਤੇ ਵਧੀਆ ਦਿਖਾਈ ਦਿੰਦਾ ਹੈ। **ਯ** ਅੰਤਿਮ ਵਰਗ ਦਾ ਪਹਿਲਾ ਅੱਖਰ ਹੈ।

ਪਟੀ ਲਿਖੀ ਬਾਣੀ ਅੰਗ ੪੩੪ ਵਿਖੇ ਅੰਕ ੨੯ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ **ਯ** ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਫੁਰਮਾਉਂਦੇ ਹਨ ਕਿ ਇਸ ਜੀਵ ਦਾ ਫੇਰ ਕਦੇ ਵੀ ਜੰਮਣਾ ਮਰਣਾ ਨਹੀਂ ਹੋਵੇਗਾ, ਜੇਕਰ ਗੁਰਾਂ ਦੀ ਦੁਆਰਾ ਸੱਚ ਸਰੂਪ ਦੀ ਪਹਿਚਾਣ ਕਰ ਲਵੇ। ਮਨੁੱਖ ਪ੍ਰਭੂ ਦੀ ਸਿਫਤ ਸਾਲਾਹ ਕਰਦਾ ਰਹੇ, ਪ੍ਰਮਾਤਮਾ ਨੂੰ ਸਰਬ ਵਿਆਪਕ ਸਮਝੇ ਤੇ ਪ੍ਰਭੂ ਨਾਲ ਡੂੰਘੀ ਸਾਂਝ ਬਣਾਏ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਫੁਰਮਾਉਂਦੇ ਹਨ :

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥ (ਅੰਗ ੧੨੪੩)

ਗਉੜੀ ਬਾਵਨ ਅਖਰੀ ਅੰਗ ੨੫੯ ਵਿਖੇ ਅੰਕ ੪੩ ਰਾਹੀਂ **ਯ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਤੇ ਪਉੜੀ ਵਿਖੇ ਦਰਸਾਉਂਦੇ ਹਨ ਕਿ ਹੇ ਦੋਸਤੋ ਸਜਣਹੁ, ਸੁਣਨਾ ਕਰੋ ਕਿ ਵਾਹਿਗੁਰੂ ਜੀ ਦੀ ਸ਼ਰਨ ਵਿਚ ਜਾਣ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ। ਜਿਹੜੇ ਉਸ ਪ੍ਰਭੂ ਦੀ ਸ਼ਰਨ ਵਿਚ ਪੈਂਦੇ ਹਨ ਤਾਂ ਉਨ੍ਹਾਂ ਦੇ ਬੰਧਨ, ਜੰਜਾਲ ਮਾਇਆ ਦੇ ਮੋਹ ਦੇ ਕੱਟੇ ਜਾਂਦੇ ਹਨ। ਫੁਰਮਾਨ ਹੈ :

ਮਾਇਆ ਬੰਧ ਕਾਟੇ ਕਿਰਪਾ ਨਿਧਿ ਨਾਨਕ ਆਪਿ ਉਧਾਰਿਓ ॥

(ਅੰਗ ੫੨੯)

ਅੱਗੇ ਪਉੜੀ ਵਿਚ **ਯ** ਅੱਖਰ ਦਾ ਹੋਰ ਉਪਦੇਸ਼ ਦਰਜ ਕਰਦੇ ਹਨ ਕਿ ਹੇ ਜੀਵ, ਤੂੰ ਬਹੁਤ ਸਾਰੇ ਤਰੀਕਿਆਂ ਨਾਲ ਜਤਨ ਉੱਦਮ ਕਰਦਾ ਹੈਂ ਪਰ ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਕੋਈ ਸਫਲਤਾ ਨਹੀਂ ਮਿਲਣੀ। ਜੇਹੜੇ ਗੁਰੂ ਸਾਹਿਬ ਦੀ ਚਰਨੀਂ ਲੱਗ ਜਾਂਦੇ ਹਨ ਤੇ ਗੁਰ ਸਿਖਿਆ ਧਾਰਨ ਕਰਦੇ ਹਨ ਸਤਿਗੁਰੂ ਜੀ ਉਨ੍ਹਾਂ ਨੂੰ ਬੰਧਨਾਂ ਤੋਂ ਛੁਡਾ ਲੈਂਦੇ ਹਨ। ਫੁਰਮਾਨ ਹੈ :

ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ (ਅੰਗ ੮੦੪)

ਗੁਰੂ ਸਾਹਿਬ ਦੇ ਉਪਦੇਸ਼ ਧਾਰਨ ਕਰਕੇ ਸਾਧਸੰਗਤ ਕਰਨ ਨਾਲ ਇਹ ਸੰਭਵ ਹੁੰਦਾ ਹੈ। ਨਾਮ ਜਪਣ ਤੋਂ ਬਿਨਾਂ ਖਲਾਸੀ ਨਹੀਂ ਹੁੰਦੀ ਭਾਵੇਂ ਇੱਛਾ ਤਾਂ ਸਾਰੇ ਕਰਦੇ ਹਨ। ਹੇ ਪ੍ਰਭੂ ਜੀ, ਤੁਸੀਂ ਸੰਸਾਰ ਨੂੰ ਤਾਰਨ ਵਾਸਤੇ ਬਹੁਤ ਵੱਡੇ ਜਹਾਜ਼ ਰੂਪ ਹੋ, ਤੁਸੀਂ ਨਿਗੁਣਿਆਂ ਨੂੰ ਰੱਖ

ਲਓ ਜੀ। ਮਥੁਰਾ ਭੱਟ ਜੀ ਫੁਰਮਾਉਂਦੇ ਹਨ :

ਕਲਜੁਗਿ ਜਹਾਜੁ ਅਰਜਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥

(ਅੰਗ ੧੪੦੮)

ਜਿਨ੍ਹਾਂ ਮਨੁੱਖਾਂ ਦੇ ਮਨ ਵਿਚ, ਬਚਨਾਂ ਵਿਚ ਤੇ ਕਰਮਾਂ ਵਿਚ ਪ੍ਰਭੂ ਜੀ ਨੇ ਮਾਇਆ ਦੇ ਮੋਹ ਤੋਂ ਬਚਣ ਵਾਲੀ ਸੂਝ ਪੈਦਾ ਕਰ ਦਿੱਤੀ, ਉਨ੍ਹਾਂ ਦੀ ਬੁੱਧੀ ਉਜਲ ਹੋ ਜਾਂਦੀ ਹੈ।

ਦਖਣੀ ਓਅੰਕਾਰ ਬਾਣੀ ਅੰਗ ੯੩੬ ਵਿਖੇ ਅੰਕ ੪੩ ਰਾਹੀਂ ਉਪਦੇਸ਼ ਬਖ਼ਸ਼ਦੇ ਹਨ। ਇਥੇ ਸਤਿਗੁਰੂ ਗੁਰੂ ਨਾਨਕ ਦੇਵ ਸਾਹਿਬ ਜੀ ਯ ਦੀ ਥਾਂ ਜ ਵਰਤ ਕੇ ਉਪਦੇਸ਼ ਦਰਜ ਕਰਦੇ ਹਨ ਕਿ ਜੋ ਵੀ ਜੀਵ ਇਥੇ ਆਉਂਦੇ ਹਨ ਉਹ ਜਾਣ ਲੱਗੇ ਵਾਪਸ ਪਛਤਾਉਂਦੇ ਹੀ ਹਨ ਕਿ ਨਾਮ ਨਹੀਂ ਜਪਿਆ, ਪਰ ਹੁਣ ਅਖੀਰ ਵੇਲੇ ਪਛਤਾਉਣ ਨਾਲ ਤਾਂ ਕੁਝ ਨਹੀਂ ਮਿਲਦਾ। ਫੁਰਮਾਨ ਹੈ :

ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥ (ਅੰਗ ੭੨੫)

ਪਛਤਾਉਣ ਨਾਲ ਤਾਂ ਚੌਰਾਸੀ ਲੱਖ ਜੂਨੀਆਂ ਦਾ ਚੱਕਰ ਘਟਦਾ ਨਹੀਂ ਹੈ ਭਾਵ ਸਾਰੀਆਂ ਜੂਨੀਆਂ ਵਿਚ ਦੀ ਲੰਘਣਾ ਪਵੇਗਾ। ਤਦੇ ਹੀ ਸਤਿਗੁਰੂ ਜੀ ਫੁਰਮਾਉਂਦੇ ਹਨ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਅੰਗ ੩੭੮)

ਸਿਰਫ ਉਹ ਹੀ ਗੇੜ ਵਿਚੋਂ ਬਚਦੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਹੁਕਮ ਪਿਆਰਾ ਲਗਦਾ ਹੈ। ਜੋ ਸਾਧਸੰਗਤ ਕਰਦੇ ਹਨ ਉਹ ਪ੍ਰਭੂ ਨੂੰ ਭਾਅ ਜਾਂਦੇ ਹਨ। ਉਨ੍ਹਾਂ ਦੇ ਧੰਧੇ ਨਵਿਰਤ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਮਾਇਆ ਦੀ ਭਟਕਣਾ ਖਤਮ ਹੋ ਜਾਂਦੀ ਹੈ। ਜੋ ਵੀ ਵਿਅਕਤੀ ਜਾਂ ਪਸਾਰਾ ਦਿਖਾਈ ਦੇ ਰਿਹਾ ਹੈ ਸਭ ਚਲੇ ਜਾਣ ਵਾਲਾ ਹੈ, ਮੈਂ ਕਿਸ ਨੂੰ ਆਪਣਾ ਮਿੱਤਰ ਬਣਾਉਣਾ ਕਰਾਂ? ਐਸਾ ਸਾਥ ਨਿਭਾਉਣੇ ਵਾਲਾ ਤਾਂ ਪ੍ਰਭੂ ਆਪ ਹੀ ਹੈ। ਮੈਂ ਉਸ ਦੇ ਅੱਗੇ ਹੀ ਆਪਣੀ ਜਿੰਦ ਅਰਪਣ ਕਰ ਦਿਆਂ। ਉਸ ਮਾਲਕ ਪ੍ਰਭੂ ਹੀ ਸਦੀਵੀ ਹੈ ਤੇ ਉਸ ਦੀ ਓਟ ਵੀ ਸਦੀਵੀ ਹੈ। ਪ੍ਰਭੂ ਦੇ ਗੁਣ ਗਾਉਣ ਨਾਲ ਹੀ ਹਉਮੈ ਛੁਟਦੀ ਹੈ। ਫੁਰਮਾਨ ਹੈ :

ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥
ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥ (ਅੰਗ ੬੬੦)

ਪ੍ਰਭੂ ਦੇ ਗੁਣ ਗਾਉਣ ਨਾਲ, ਸੁਣਨ ਨਾਲ, ਸਾਧਸੰਗਤਿ ਕਰਨ ਨਾਲ ਇਹ ਵੈਰਾਗ ਦੀ ਚੋਟ ਮਹਿਸੂਸ ਹੁੰਦੀ ਹੈ ਕਿ ਕੁਝ ਵੀ ਸਦੀਵੀ ਨਹੀਂ ਹੈ ਤੇ ਮੈਂ ਵੀ ਇੱਥੇ ਪੱਕਾ ਨਹੀਂ ਰਹਿਣਾ ਤੇ ਹਉਮੈ ਘਟਦੀ ਤੇ ਮਿਟਦੀ ਹੈ।

ਭਗਤ ਕਬੀਰ ਜੀ ਬਾਵਨ ਅਖਰੀ ਅੰਗ ੩੪੨ ਵਿਖੇ ਅੰਗ ੩੪ ਵਿਖੇ **ਯ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜੇ ਤੂੰ ਪਰਮੇਸ਼ਰ ਜਾਨਣਾ ਚਾਹੁੰਦਾ ਹੈਂ ਤਾਂ ਆਪਣੇ ਅੰਦਰੋਂ ਮਨ

ਦੀ ਖੋਟੀ ਮੱਤ ਨੂੰ ਹਟਾ ਦੇ ਤੇ ਆਪਣੇ ਸਰੀਰ ਰੂਪੀ ਪਿੰਡ ਨੂੰ ਆਪਣੇ ਵੱਸ ਵਿਚ ਰੱਖ ਭਾਵ ਗਿਆਨ ਇੰਦਰਿਆਂ ਨੂੰ ਭਟਕਣ ਨਾ ਦੇ, ਆਪਣਾ ਕੰਟਰੋਲ ਰੱਖ। ਪਰ ਇਹ ਕੰਮ ਇਤਨਾ ਅਸਾਨ ਨਹੀਂ ਹੈ। ਫੁਰਮਾਨ ਹੈ :

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥ (ਅੰਗ ੮੦੦)

ਜੇ ਅੱਗੇ ਜੰਗ ਦਿਖਾਈ ਦੇਵੇ ਤਾਂ ਸੂਰਮਾ ਉਹ ਅਖਵਾਉਂਦਾ ਹੈ ਜੋ ਪਿੱਠ ਦਿਖਾ ਕੇ ਦੌੜੇ ਨਾ। ਇਸੇ ਤਰ੍ਹਾਂ ਹੀ ਵਿਕਾਰਾਂ ਨਾਲ ਵੀ ਜੰਗ ਕਰਨਾ ਹੈ ਤਾਂ ਕਿ ਵਿਕਾਰ ਤੈਥੋਂ ਕਿਤੇ ਬਾਜੀ, ਜੰਗ ਨਾ ਜਿੱਤ ਜਾਣ। ਫੁਰਮਾਨ ਹੈ :

ਰਣ ਦੇਖਿ ਸੂਰੇ ਚਿਤ ਉਲਾਸ॥ (ਅੰਗ ੧੧੮੦)

ਕਦੀ ਵੀ ਵਿਕਾਰਾਂ ਨੂੰ ਕਮਜ਼ੋਰ ਨਾ ਸਮਝੇ ਇਹ ਬਹੁਤ ਸੂਰਬੀਰ ਹਨ ਤੇ ਖਾਲਸਾ ਬਣਨ ਲਈ ਇਨ੍ਹਾਂ ਨਾਲ ਨਿਤ ਜੰਗ ਕਰਨਾ ਪੈਣਾ ਹੈ ਤੇ ਗੁਰੂ ਸਾਹਿਬ ਅਤੇ ਸਾਧਸੰਗਤ ਅਵਸ਼ਯ ਲੋੜੀਂਦੀ ਹੈ। ਫੁਰਮਾਨ ਹਨ :

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥ (ਅੰਗ ੪੦੪)
ਖਾਲਸਾ ਸੋ ਜੋ ਕਰੈ ਨਿਤ ਜੰਗ॥ ੩੪ ॥ (ਤਨਖਾਹਨਾਮਾ ਭਾਈ ਨੰਦ ਲਾਲ ਜੀ)

ਹੁਣ **ਯ** ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ :

ਯੱਕਾ, ਯਕੀਨ, ਯਤੀਮ, ਯਥਾ-ਸ਼ਕਤ, ਯਭਲੀਆਂ ਮਾਰਨੀਆਂ, ਯਾਤਰਾ, ਯਰਾਨਾ, ਯਾਦ, ਯੁੱਧ, ਯੋਗ-ਅਭਿਆਸ, ਯੋਜਨਾ, ਯੋਗਤਾ, ਯੋਗੀ, ਯੋਗਦਾਨ, ਯੁਵਾ-ਅਵਸਥਾ, ਯਾਰੀ-ਦੋਸਤੀ, ਯਾਦਦਾਸ਼ਤ, ਯਮ, ਯਥਾਰਥ, ਯੰਤਰ, ਯਜੁਰਵੇਦ, ਯਤਨ, ਯਹੂਦੀ, ਯੋਧਾ, ਯਕ, ਯਰੂਪ, ਯੂਨੀਅਨ, ਯੂਰੀਆ, ਯੋਜਨਾ, ਯਰਕਾਉਣਾ ਤੇ ਯੂਨੀਵਰਸਿਟੀ ਆਦਿ ਕੁਝ ਸ਼ਬਦ ਲਿਖੇ ਹਨ।

ਰ

ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ॥ ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ॥ ੩੦ ॥

(ਅੰਗ ੪੩੪)

ਪਹਿਲਾਂ ਦੇਖਦੇ ਹਾਂ ਕਿ **ਰ** ਕਿਸ ਤਰ੍ਹਾਂ ਲਿਖਿਆ ਜਾਂਦਾ ਹੈ। ਜੇ ਗ ਅੱਖਰ ਲਿਖਣਾ ਸ਼ੁਰੂ ਕਰੀਏ ਤੇ ਗ ਦਾ ਪਹਿਲਾ ਹਿੱਸਾ ਹੀ ਲਿਖੀਏ ਤੇ ਸੱਜੇ ਪਾਸੇ ਦੀ ਲਕੀਰ ਨਾ ਵਾਹੀਏ ਤਾਂ **ਰ** ਅੱਖਰ ਬਣ ਜਾਂਦਾ ਹੈ। **ਰ** ਅੰਤਿਮ ਵਰਗ ਦਾ ਦੂਜਾ ਅੱਖਰ ਹੈ।

ਪਟੀ ਲਿਖੀ ਬਾਣੀ ਅੰਗ ੪੩੪ ਵਿਖੇ ਅੰਕ ੩੦ ਰਾਹੀਂ ਰਾਰੇ ਅੱਖਰ ਦਾ ਉਪਦੇਸ਼

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਪਾਂਧੇ ਨੂੰ ਬਖ਼ਸ਼ਦੇ ਹਨ ਕਿ ਜਿਤਨੇ ਵੀ ਜੀਵ ਜੰਤ ਪੈਦਾ ਕੀਤੇ ਨੇ ਉਹ ਪ੍ਰਭੂ ਸਾਰਿਆਂ ਦੇ ਵਿਚ ਉਹ ਆਪ ਹੀ ਬੈਠਾ ਹੈ। ਫ਼ੁਰਮਾਨ ਹੈ :

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥ (ਅੰਗ ੪੮੫)

ਜੰਤਾਂ ਨੂੰ ਪੈਦਾ ਕਰਕੇ ਸਾਰਿਆਂ ਨੂੰ ਧੰਧਿਆਂ ਵਿਚ ਫਸਾ ਰੱਖਿਆ ਹੈ, ਕੰਮਾਂ ਵਿਚ ਲਾ ਦਿੱਤਾ ਹੈ। ਜੇ ਕੋਈ ਪਿਛਲਾ ਹੀ ਚੰਗਾ ਕਰਮ ਪ੍ਰਗਟ ਹੋਵੇ ਤੇ ਪ੍ਰਭੂ ਦੀ ਬਖ਼ਸ਼ਿਸ਼ ਨਾਲ ਹੀ ਪਰਮਾਤਮਾ ਦਾ ਨਾਮ ਲਿਆ ਜਾ ਸਕਦਾ ਹੈ। ਫ਼ੁਰਮਾਨ ਹੈ :

ਸਭ ਕਿਛੁ ਆਪੇ ਆਪਿ ਕਰਾਏ॥ ਆਪੇ ਸਿਰਿ ਸਿਰਿ ਧੰਧੈ ਲਾਏ॥

(ਅੰਗ ੧੦੬੦)

ਪਟੀ ਬਾਣੀ ਅੰਗ ੪੩੫ ਵਿਖੇ ਅੰਕ ੧੭ ਦੁਆਰਾ ਰ ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਹੇ ਬੇਸਮਝ ! ਪਰਮੇਸ਼ਰ ਦੇ ਨਾਮ ਨੂੰ ਚੇਤੇ ਕਰ। ਜਿਨ੍ਹਾਂ ਦੇ ਹਿਰਦੇ ਵਿਚ ਵਿਆਪਕ ਪਰਮੇਸ਼ਰ ਦਾ ਉਚਾਰਨ ਹੋ ਰਿਹਾ ਹੈ ਉਨ੍ਹਾਂ ਨੇ ਕਿਰਪਾ ਦੁਆਰਾ ਪਰਮੇਸ਼ਰ ਨੂੰ ਪਛਾਣਿਆ ਹੈ ਤੇ ਨਿਰਗੁਣ ਸਰੂਪ ਤਿੰਨਾਂ ਗੁਣਾਂ ਤੋਂ ਅਤੀਤ ਨਿਰਾਕਾਰ ਸਰੂਪ ਰਾਮ ਨੂੰ ਸਮਝ ਲਿਆ ਹੈ।

ਗੁਰਪ੍ਰਸਾਦਿ ਜਿਹ ਬੂਝਿਆ ਆਸਾ ਤੇ ਭਇਆ ਨਿਰਾਸ॥
ਸਭੁ ਸਚੁ ਨਦਰੀ ਆਇਆ ਜਉ ਆਤਮ ਭਇਆ ਉਦਾਸੁ॥ (ਅੰਗ ੧੧੦੩)

ਜਿਨ੍ਹਾਂ ਮਨੁੱਖਾਂ ਨੇ ਮਾਇਆ ਤੋਂ ਨਿਰਲੇਪ ਪ੍ਰਭੂ ਦਾ ਅਸਲਾ ਸਮਝ ਕੇ ਉਸ ਨਾਲ ਮਿਲਾਪ ਪ੍ਰਾਪਤ ਕਰ ਲਿਆ।

ਇੱਥੇ ਜਿਸ ਪੰਡਿਤ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਉਪਦੇਸ਼ ਦੇ ਰਹੇ ਸਨ ਉਹ ਗੁਰੂ ਜੀ ਦੇ ਚਰਨੀਂ ਪੈ ਗਿਆ ਤੇ ਅੱਗੇ ਵਾਸਤੇ ਕਿਸੇ ਲੜਕੀ ਦੇ ਪੈਸੇ ਨਾ ਲੈਣ ਤੇ ਬੱਚਿਆਂ ਨੂੰ ਖੋਟੀ ਸਿੱਖਿਆ ਨਾ ਦੇਣ ਦਾ ਇਕਰਾਰ ਕਰਕੇ ਗੁਰੂ ਸਾਹਿਬ ਜੀ ਦਾ ਸਿੱਖ ਬਣਿਆ।

ਹੁਣ ਸਤਿਗੁਰੂ ਜੀ ਨੇ ਇਕ ਹੋਰ ਅੰਕ (ਪਉੜੀ) ਉਚਾਰ ਕੇ ਇਸ ਪਟੀ ਨਾਮ ਬਾਣੀ ਨੂੰ ਸੰਪੂਰਨਤਾ ਬਖ਼ਸ਼ੀ ਯਾਦ ਰਹੇ ਕਿ ਇਹ ਭੁਲਾਵੇਂ ਅੱਖਰਾਂ ਵਾਂਗੂੰ ਉਪਦੇਸ਼ ਹਨ।

ਸਤਿਗੁਰੂ ਜੀ 18ਵੇਂ ਅੰਕ ਰਾਹੀਂ ਉਚਾਰਦੇ ਹਨ ਕਿ ਹੇ ਪ੍ਰਭੂ ! ਤੁਹਾਡੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ਤੇ ਨਾ ਹੀ ਕੋਈ ਤੁਹਾਨੂੰ ਪੂਰਾ ਬਿਆਨ ਕਰ ਸਕਦਾ ਹੈ ਕਥਨੀਆਂ ਰਾਹੀਂ। ਫ਼ੁਰਮਾਨ ਹੈ :

ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰ॥ (ਅੰਗ ੫)
ਕਥਨੁ ਨ ਜਾਇ ਅਕਥ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ॥

(ਅੰਗ ੮੧)

ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਜੀ ਸ੍ਰੀ ਗੁਰੂ ਨਾਨਕ ਦੇਵ ਜੀ

ਮਿਲੇ ਹਨ ਉਨ੍ਹਾਂ ਦਾ ਮਾਇਆ ਦੇ ਮੋਹ ਸੰਸਕਾਰਾਂ ਤੇ ਜੰਮਣ ਮਰਣ ਦਾ ਲੇਖਾ ਹਿਸਾਬ ਕਿਤਾਬ ਖਤਮ ਹੋ ਗਿਆ ਭਾਵ ਮੁੱਕ ਗਿਆ। ਐਸਾ ਹੋਰ ਫ਼ੁਰਮਾਨ ਵੀ ਹੈ :

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ॥
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥ (ਅੰਗ ੬੯੮)

ਗਉੜੀ ਬਾਵਨ ਅਖਰੀ ਅੰਗ ੨੫੯ ਅੰਕ ੪੪ ਰਾਹੀਂ ਰਾਰੇ ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਸਲੋਕ ਤੇ ਪਉੜੀ ਵਿਖੇ। ਫ਼ੁਰਮਾਉਂਦੇ ਹਨ ਕਿ ਕਿਸੇ ਵੀ ਹੋਰ ਦੇ ਨਾਲ ਨਰਾਜ਼ਗੀ ਜਾਂ ਗੁੱਸਾ ਨਾ ਕਰ, ਆਪਣੇ ਅੰਦਰ ਝਾਤੀ ਮਾਰ ਕਿ ਕਿਤੇ ਤੇਰੀ ਗਲਤੀ ਤਾਂ ਨਹੀਂ? ਨਿਮਰਤਾ ਧਾਰਨ ਕਰ ਸਭ ਵਿਚ ਪ੍ਰਭੂ ਜੀ ਨੂੰ ਦੇਖ ਤਾਂ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰ ਕੇ ਤੈਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਵੇਗਾ। ਸਤਿਗੁਰੂ ਜੀ ਦਾ ਨਿਮਰਤਾ ਬਾਰੇ ਫ਼ੁਰਮਾਨ ਹੈ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (ਅੰਗ ੪੭੦)
ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥ (ਅੰਗ ੨੬੬)

ਅੱਗੇ ਪਉੜੀ ਵਿਚ ਫ਼ੁਰਮਾਉਂਦੇ ਹਨ ਕਿ ਸਾਰਿਆਂ ਦੀ ਚਰਨ ਧੂੜ ਹੋ ਜਾ, ਬਣ ਜਾ। ਜਿਸ ਗੁਰੂ ਦੀ ਚਰਨ ਧੂੜ ਸਾਰੀ ਲੋਕਾਈ ਹੁੰਦੀ ਹੈ, ਹੋ ਰਹੀ ਹੈ ਤੂੰ ਵੀ ਉਸ ਦੇ ਅੱਗੇ, ਸਾਹਮਣੇ ਆਪਣਾ ਅਹੰਕਾਰ ਦੂਰ ਕਰ, ਤਾਂ ਕਿ ਤੇਰੇ ਕਰਮਾਂ ਦੇ ਦੰਡ ਦਾ ਬਕਾਇਆ ਮੁੱਕ ਜਾਵੇ। ਫ਼ੁਰਮਾਨ ਵੀ ਹਨ :

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥ (ਅੰਗ ੧੪੨੪)
ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥
ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥ (ਅੰਗ ੮੦)
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਅੰਗ ੧੧੦੨)

ਹੇ ਭਰਾ ! ਤੂੰ ਯੁੱਧ ਦੇ ਮੈਦਾਨ ਵਿਚ ਤਾਂ ਹੀ ਕਾਮਯਾਬ ਹੋ ਸਕੇਂਗਾ ਜੇ ਗੁਰੂ ਦੀ ਸ਼ਰਨ ਵਿਚ ਪੈ ਕੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਵਿਚ ਬਿਰਤੀ ਲਾਵੇਂਗਾ। ਜੇ ਤੂੰ ਗੁਰੂ ਦੀ ਦਰਸਾਈ ਹੋਈ 5 ਕਕਾਰੀ ਰਹਿਤ ਬਾਹਰੀ ਰੱਖੇਂਗਾ, ਨਿਤਨੇਮ ਦੀਆਂ ਬਾਣੀਆਂ ਦੀ ਅੰਦਰੂਨੀ ਰਹਿਤ ਰੱਖੇਂਗਾ ਤੇ ਤਿੰਨ ਸੁਨਿਹਰੀ ਅਸੂਲ ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ ਧਾਰਨ ਕਰੇਂਗਾ ਤੇ ਨਾਮ ਜਪੇਂਗਾ ਤਾਂ ਵਿਕਾਰ ਤੈਨੂੰ ਆਪੇ ਛੱਡ ਜਾਣਗੇ। ਰਹਿਤਨਾਮਿਆਂ ਵਿਚ ਦਸਮ ਪਾਤਿਸ਼ਾਹ ਵੱਲੋਂ ਨਿਰਦੇਸ਼ਕ ਬਚਨ ਮਿਲਦੇ ਹਨ :

ਰਹਿਣੀ ਰਹਹਿ ਸੋਈ ਸਿਖ ਮੇਰਾ॥
ਵਹ ਠਾਕੁਰ ਮੈਂ ਉਸ ਕਾ ਚੇਰਾ॥ (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)
ਪ੍ਰਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ॥ (ਰਹਿਤਨਾਮਾ ਭਾਈ ਦੇਸਾ ਸਿੰਘ)

ਜੋ ਪ੍ਰੇਮ ਵਿਚ ਰੰਗੇ ਜਾਂਦੇ ਹਨ ਉਹ ਨਾਮ ਵਿਚ ਵੀ ਰੰਗੇ ਜਾਂਦੇ ਹਨ। ਵਾਹਿਗੁਰੂ ਜੀ ਦੇ ਸਰੂਪ ਗੁਰੂ ਸਾਹਿਬ ਉਨ੍ਹਾਂ ਉੱਪਰ ਬਖ਼ਸ਼ਿਸ਼ ਕਰ ਦਿੰਦੇ ਹਨ। ਜਿਵੇਂ ਉਦਾਹਰਣ ਹੈ ਕਿ ਜੁੱਧ ਦੇ ਮੈਦਾਨ ਵਿਚ ਭਾਈ ਘਨ੍ਹਈਆ ਜੀ ਬਿਨਾਂ ਵਿਤਕਰੇ ਸਭ ਨੂੰ ਜਲ ਛਕਾਈ ਜਾਂਦੇ ਨੇ, ਪਰ ਸ਼ਕਾਇਤ ਹੋਣ ਤੇ ਸਤਿਗੁਰੂ ਜੀ ਦੇ ਸਨਮੁਖ ਆਖਿਆ ਕਿ ਮੈਂ ਤਾਂ ਤੁਹਾਡੇ ਸਿਵਾ ਹੋਰ ਕਿਸੇ ਨੂੰ ਜਲ ਛਕਾਇਆ ਹੀ ਨਹੀਂ, ਐਸੀ ਮਸਤੀ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਜ਼ਖਮਾਂ 'ਤੇ ਲਾਉਣ ਲਈ ਮੱਲ੍ਹਮ ਦੀ ਡੱਬੀ ਵੀ ਬਖ਼ਸ਼ੀ।

ਦਖਣੀ ਓਅੰਕਾਰ ਬਾਣੀ ਅੰਗ ੯੩੬ ਵਿਖੇ ਅੰਕ ੪੪ ਰਾਹੀਂ **ਰਾਰੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕੋਈ ਵੀ ਛੋਟਾ ਵੱਡਾ ਰਾਜਾ, ਉੱਚਾ, ਅਮੀਰ, ਗਰੀਬ ਤੇ ਫਕੀਰ ਇੱਥੇ ਪੱਕੇ ਤੌਰ 'ਤੇ ਨਹੀਂ ਰਹਿ ਸਕਦੇ, ਸਾਰੇ ਆਪਣੀ-ਆਪਣੀ ਮਰਨ ਦੀ ਵਾਰੀ ਆਉਣ ਤੇ ਚਲੇ ਜਾਂਦੇ ਹਨ। ਫੁਰਮਾਨ ਹੈ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ (ਅੰਗ ੪੭੪)

ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥ (ਅੰਗ ੬੩)

ਜਗਤ ਦਾ ਪੈਂਡਾ ਤੇ ਪ੍ਰਲੋਕ ਦਾ ਰਸਤਾ ਦੋਨੋਂ ਬਹੁਤ ਭਿਆਨਕ ਨੇ। ਰਸਤੇ ਵਿਚ ਡੂੰਘੀ ਨਦੀ ਤੇ ਉੱਚੇ ਪਹਾੜ ਹਨ ਤੇ ਜੰਗਲ ਦੇ ਵਿਚ ਦੀ ਲੰਘਣਾ ਪੈਂਦਾ ਹੈ। ਇਸੇ ਤਰ੍ਹਾਂ ਸੰਸਾਰ ਵਿਚ ਆਸਾ, ਤ੍ਰਿਸ਼ਨਾ ਪੰਜ ਕੋਸ਼ਾਂ ਰੂਪੀ ਪਹਾੜ ਤੇ ਪਦਾਰਥਾਂ ਰੂਪੀ ਪਾਣੀ ਦਾ ਬੇਅਥਾਹ ਸਮੁੰਦਰ ਹੈ। ਇਸੇ ਤਰ੍ਹਾਂ ਪ੍ਰਭੂ ਦੇ ਗਿਆਨ ਰੂਪੀ ਮਾਰਗ ਕਠਨ ਹੈ ਤੇ ਜ਼ਿਆਦੇ ਜੀਵ ਭੈੜੇ ਸੁਭਾਅ ਵਾਲੇ ਹੋ ਰਹੇ ਹਨ। ਮੇਰੇ ਸਰੀਰ ਵਿਚ ਬਹੁਤ ਅਉਗਣ ਤੇ ਕਮਜ਼ੋਰੀਆਂ ਹਨ। ਮੈਂ ਕਿਵੇਂ ਆਪਣੇ ਅਸਲੀ ਘਰ ਸੱਚਖੰਡ ਨੂੰ ਜਾ ਸਕਦੀ ਆਂ, ਮੈਂ ਬਹੁਤ ਉਦਾਸ ਹੋ ਕੇ ਝੂਰਦੀ ਹਾਂ। ਜਿਹੜੇ ਗੁਣਵਾਨ ਪੁਰਖ ਗੁਰ ਉਪਦੇਸ਼ ਦੀ ਕਮਾਈ ਕਰਕੇ ਪ੍ਰਭੂ ਨੂੰ ਮਿਲ ਪਏ ਹਨ, ਮੈਂ ਵੀ ਪਿਆਰ ਸਤਿਕਾਰ ਸਹਿਤ ਉਨ੍ਹਾਂ ਨੂੰ ਮਿਲਣਾ ਕਰਾਂ। ਆਪਣੇ ਅੰਦਰ ਹਿਰਦੇ ਵਿਚ ਪ੍ਰਭੂ ਦਾ ਜਾਪ ਕਰਾਂ, ਜਿਸ ਕਰਕੇ ਮੈਂ ਵੀ ਉਨ੍ਹਾਂ ਵਰਗੀ ਹੋ ਜਾਵਾਂ। ਮੇਰੇ ਅੰਦਰ ਔਗੁਣਾਂ ਦੀ ਬਹੁਤਾਤ ਦੇ ਨਾਲ ਗੁਣ ਵੀ ਹਨ,ਕਿਉਂਕਿ ਮੇਰੇ ਅੰਦਰ ਉਹ ਗੁਣੀ ਪ੍ਰਭੂ ਵੀ ਹੈ। ਸਤਿਗੁਰੂ ਜੀ ਦੀ ਕ੍ਰਿਪਾ ਤੋਂ ਬਿਨਾਂ ਸਤਸੰਗਤ ਕਰਨ ਤੋਂ ਬਿਨਾਂ ਸ਼ਬਦ ਦੀ ਵੀਚਾਰ ਕਰਨ ਤੋਂ ਬਿਨਾਂ ਉਹ ਗੁਣ ਪ੍ਰਤੱਖ ਨਹੀਂ ਹੁੰਦੇ। ਬੇਨਤੀ ਭਰਿਆ ਫੁਰਮਾਨ ਹੈ :

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥

ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥ ੧ ॥ ਰਹਾਉ ॥

(ਅੰਗ ੨੩੩)

ਗਉੜੀ ਬਾਵਨ ਅਖਰੀ ਅੰਗ ੩੪੨ ਵਿਖੇ ਅੰਕ ੩੫ ਦੁਆਰਾ ਭਗਤ ਸ੍ਰੀ ਕਬੀਰ ਜੀ **ਰਾਰੇ** ਅੱਖਰ ਉਪਦੇਸ਼ ਬਖ਼ਸ਼ਦੇ ਹਨ ਕਿ ਜਿਸ ਨੇ ਵਿਸ਼ਿਆਂ ਦੇ ਰਸਾਂ ਨੂੰ ਨਿਰੱਸ, ਬੇਸੁਆਦਾ ਜਾਣਿਆ ਹੈ, ਸੋ ਉਸ ਨੇ ਵਿਸ਼ੇ ਰਸਾਂ ਤੋਂ ਰਹਿਤ ਹੋ ਕੇ ਆਤਮਿਕ ਰਸ ਨੂੰ

ਪਹਿਚਾਣ ਲਿਆ। ਜਿਸ ਨੇ ਆਤਮ ਰਸ ਪੀਤਾ ਉਸ ਨੂੰ ਇਹ ਵਿਸ਼ੇ ਰਸ ਚੰਗਾ ਹੀ ਨਹੀਂ ਲੱਗਦਾ, ਕਿਉਂਕਿ ਉਨ੍ਹਾਂ ਨੂੰ ਆਤਮਾ ਦਾ ਅਨੰਦ ਰੂਪੀ ਰਸ ਪ੍ਰਾਪਤ ਹੋ ਗਿਆ। ਫੁਰਮਾਨ ਹੈ :

ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥ (ਅੰਗ ੩੩੭)

ਹੁਣ ਰ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾਂਦੇ ਹਨ :

ਰਸਦ, ਰਸਾਇਣ, ਰਹਿਬਰ, ਰਹਿਰਾਸ, ਰਕਮ, ਰਕਾਬ, ਰੱਖ, ਰਗੜਨਾ, ਰੰਘਰੇਟਾ, ਰੱਜਣਾ, ਰਾਸ਼ਨ, ਰਟ ਲਾਉਣੀ, ਰੜਿਊਜੀ, ਰਾਵੀ, ਰਿਸ਼ਤਾ, ਰਿਆਸਤ, ਰਿਵਾਜ, ਰੀਠਾ, ਰੁੱਸਣਾ, ਰੁਬਾਈ, ਰੂਪ, ਰੁਪਈਆ, ਰਬਾਬ, ਰਸ, ਰਈਸ, ਰਸਤਾ, ਰਸਨਾ, ਰਸਮ, ਰਸ-ਮਲਾਈ, ਰਸੀਦ, ਰਸੂਖ, ਰਹੱਸ, ਰੱਸਾ, ਰਸਾਤਲ, ਰਹਾਉ, ਰਸੋਈ, ਰਾਸ਼ਨ, ਰਹਾਇਸ਼, ਰੱਖੜੀ, ਰੰਗ, ਰੰਜਸ਼, ਰਟਣਾ, ਰਜ਼ਾ, ਰਜਿਸਟਰ, ਰਣ-ਨੀਤੀ, ਰਤਨ, ਰੱਦ ਕਰਨਾ, ਰੰਬਾ, ਰਮਣੀਕ, ਰਿਵਾਜ਼, ਰਲਵਾਂ-ਮਿਲਵਾਂ, ਰਵਾਇਤੀ, ਰਵਾਨਗੀ, ਰੜਕ, ਰਾਹ, ਰਾਹਤ, ਰਾਖਵਾਂ, ਰਾਗ-ਰਾਗਣੀ, ਰਾਗਮਾਲਾ, ਰਾਜ-ਗੱਦੀ, ਰਾਜਨੀਤੀ, ਰਾਂਝਾ, ਰਾਜਕੁਮਾਰ-ਰਾਜਕੁਮਾਰੀ, ਰਾਤ, ਰਾਮ, ਰਾਮ-ਰੌਲਾ, ਰਿਸ਼ਤਾ, ਰਿਸ਼ਵਤ, ਰਿਹਾ ਹੋਣਾ, ਰਿਖੀ, ਰਿਕਸ਼ਾ, ਰਿੱਛ, ਰਿਜ਼ਕ, ਰਿੱਧੀ-ਸਿੱਧੀ, ਰਹਿਤ-ਮਰਯਾਦਾ, ਰਿੰਨ੍ਹਣਾ, ਰਹਿਤਨਾਮਾ, ਰਹਿਮ-ਦਿਲ, ਰੰਗਦਾਰ, ਰਗੜਾ, ਰਚਨਾ, ਰੰਕ, ਰਜਾਈ, ਰਜ਼ਾਮੰਦੀ, ਰਣਸਿੰਗਾ, ਰੰਡਾ-ਰੰਡੀ, ਰੱਤੀ, ਰੱਦੀ, ਰਬੜ, ਰੜਕਣਾ, ਰਿਓੜੀਆਂ, ਰਿਸ਼ਤੇਦਾਰ, ਰਿਹਾਈ, ਰਹਾਇਸ਼, ਰਿਜ਼ਕ, ਰੀਠਾ, ਰੁੱਸਣਾ, ਰੂਹਾਨੀ, ਰੁਕਾਵਟ, ਰੁੱਖੀ-ਮਿੱਸੀ, ਰੁਤਬਾ, ਰੁਪਈਆ, ਰੁਮਾਲਾ, ਰੇਸ਼ਮ, ਰੇਗਿਸਤਾਨ, ਰੇਤਲਾ, ਰੈਣ-ਸਬਾਈ, ਰੈਣ ਬਸੇਰਾ, ਰੋਅਬ, ਰੌਸ਼ਨੀ, ਰੋਗ, ਰੁਜ਼ਗਾਰ, ਰੋਟੀ, ਰੋਣਾ, ਰੋੜੀ, ਰੌਣਕ ਤੇ ਰੌਲਾ ਆਦਿਕ ਕੁਝ ਸ਼ਬਦ ਲਿਖੇ ਹਨ।

ਲ

ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥ ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥ ੩੧ ॥ (ਅੰਗ ੪੩੪)

ਪੈਂਤੀ ਵਿਚ ਰ ਅੱਖਰ ਤੋਂ ਬਾਅਦ ਵਿਚ ਤੇ ਵ ਅੱਖਰ ਤੋਂ ਪਹਿਲਾਂ **ਲ** ਅੱਖਰ ਆਉਂਦਾ ਹੈ। ਸੰਸਕ੍ਰਿਤ ਵਿਚ **ਲ** ਅੱਖਰ ਦੇ ਵੀ ਕਈ ਅੱਧੇ ਪੂਰੇ ਰੂਪ ਪ੍ਰਚਲਿਤ ਕੀਤੇ ਹੋਏ ਸਨ। ਸਤਿਗੁਰੂ ਜੀ ਨੇ ਇਕੋ "**ਲ**" ਲੱਲੇ ਦੀ ਵਰਤੋਂ ਹੀ ਠੀਕ ਦਰਸਾਈ।

ਪਹਿਲਾਂ ਦੇਖਦੇ ਹਾਂ ਕਿ **ਲ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਆਪਾਂ ਪਹਿਲਾਂ ਉੱਪਰ ਲਕੀਰ ਵਾਹ ਕੇ ਉਸ ਦੇ ਹੇਠਾਂ ਨੂੰ ਅੰਗਰੇਜ਼ੀ ਦਾ V ਅੱਖਰ ਨਾਲ ਜੋੜ ਦੇਈਏ ਤੇ ਉਸ ਦੇ ਹੇਠਾਂ ਨੂੰ ਦੋਵੇਂ ਪਾਸੇ ਅੱਧ ਗੋਲ ਥੱਲੇ ਨੂੰ ਬਣਾ ਦੇਈਏ ਪਰ ਜੋੜੀਏ ਨਾ, ਨ ਅੱਖਰ ਵਾਂਗ ਤਾਂ **ਲ** ਅੱਖਰ ਬਣ ਜਾਂਦਾ ਹੈ। ਇਹ **ਲ** ਅੱਖਰ ਵੀ ਦੇਖਣ ਨੂੰ ਸੋਹਣਾ ਤੇ ਰੋਅਬਦਾਰ ਦਿਖਾਈ ਦਿੰਦਾ ਹੈ ਤੇ ਇਹ **ਲ** ਅੱਖਰ ਅੰਤਿਮ ਵਰਗ ਦਾ ਦਰਮਿਆਨਾ ਤੀਜਾ ਅੱਖਰ ਹੈ।

ਪਟੀ ਲਿਖੀ ਬਾਣੀ ਅੰਗ ੪੩੪ ਅੰਕ ੩੧ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਲੱਲੇ ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਬਿਆਨ ਕਰਦੇ ਫੁਰਮਾਉਂਦੇ ਹਨ ਕਿ ਜਿਸ ਪਰਮੇਸ਼ਰ ਨੇ ਸ੍ਰਿਸ਼ਟੀ ਧੰਧਿਆਂ ਵਿਚ ਲਗਾ ਛੱਡੀ ਹੈ ਉਸ ਨੇ ਮਾਇਆ ਦਾ ਮੋਹ ਜੀਵਾਂ ਲਈ ਮਿੱਠਾ ਕੀਤਾ ਹੋਇਆ ਹੈ ਕਿ ਇਹ ਜੀਵ ਕਿੱਥੇ ਕੁ ਫਸਦਾ ਹੈ, ਮੇਰੇ ਨਾਲ ਪਿਆਰ ਕਰਦਾ ਹੈ ਕਿ ਨਹੀਂ ਕਰਦਾ। ਜਿਹੜਾ ਪੁਰਸ਼ ਦੁੱਖ ਸੁੱਖ ਨੂੰ ਬਰਾਬਰ ਸਮਝ ਕੇ ਸਹਾਰਨਾ ਕਰਦਾ ਹੈ ਤੇ ਉਸ ਦੇ ਭਾਣੇ ਮੰਨਣ ਦੇ ਹੁਕਮ ਵਿਚ ਪਇਆ ਹੋਇਆ ਹੈ। ਮਾਇਆ ਬਾਰੇ ਫੁਰਮਾਨ ਹੈ :

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥

(ਅੰਗ ੬੪੩)

ਗਉੜੀ ਬਾਵਨ ਅਖਰੀ ਅੰਗ ੨੫੯ ਵਿਖੇ ਅੰਕ ੪੫ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਤੇ ਪਉੜੀ ਰਾਹੀਂ **ਲੱਲੇ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਸਾਡੇ ਸਰੀਰ ਵਿਖੇ ਲੋਭ ਖਾਣ ਤੇ ਜੋੜਨ ਦਾ ਝੂਠ ਬੋਲਣ ਦਾ ਸੁਭਾਅ ਤੇ ਵਿਸ਼ੇ ਵਿਕਾਰਾਂ ਦੇ ਰੋਗ ਲੱਗੇ ਰਹਿੰਦੇ ਹੈ। ਸੋ ਇਸ ਦੇਹੀ ਵਿਚ ਔਗੁਣਾਂ ਤੇ ਰੋਗਾਂ ਦਾ ਵਾਸਾ ਹੈ ਤਦੇ ਹੀ ਫੁਰਮਾਨ ਹੈ :

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖ ਭਾਰੀ॥ (ਅੰਗ ੪੧੯)

ਐਸੇ ਤਾੜਨਾ ਭਰੇ ਸ਼ਬਦ ਵਰਤ ਕੇ ਸਾਨੂੰ ਬੇਨਤੀ ਕਰਨ ਦਾ ਤਰੀਕਾ ਦੱਸਦੇ ਹਨ:

ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥ (ਅੰਗ ੬੧੭)

ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਵਿਚ ਪੈ ਕੇ ਪ੍ਰਭੂ ਦਾ ਨਾਮ ਰਸ ਪੀਤਾ, ਉਨ੍ਹਾਂ ਦਾ ਸੁਖ ਤੇ ਆਤਮਿਕ ਅਨੰਦ ਵਿਚ ਵਾਸਾ ਹੁੰਦਾ ਹੈ।

ਅੱਗੇ ਪਉੜੀ ਵਿਚ **ਲ** ਅੱਖਰ ਦਾ ਹੋਰ ਉਪਦੇਸ਼ ਬਿਆਨਦੇ ਹਨ ਕਿ ਜਿਨ੍ਹਾਂ ਦੇ ਗੁਰੂ ਵੈਦ ਰੂਪ ਨਾਮ ਅਉਖਧ ਰੂਪੀ ਦਵਾਈ ਲਾ ਦਿੰਦੇ ਹਨ ਉਨ੍ਹਾਂ ਦੇ ਦੁੱਖ ਦਰਦ ਤੁਰੰਤ ਹੀ ਖਤਮ ਹੋ ਜਾਂਦੇ ਹਨ। ਫੁਰਮਾਨ ਹੈ :

ਅਨਿਕ ਉਪਾਵੀ ਰੋਗੁ ਨ ਜਾਇ॥

ਰੋਗੁ ਮਿਟੈ ਹਰਿ ਅਵਖਧੁ ਲਾਇ॥ (ਅੰਗ ੨੮੮)

ਜਿਨ੍ਹਾਂ ਦੇ ਹਿਰਦੇ ਵਿਚ ਨਾਮ ਰੂਪੀ ਦਵਾਈ ਪਿਆਰੀ ਭਾਵ ਚੰਗੀ ਲੱਗਦੀ ਹੈ ਤਾਂ ਉਨ੍ਹਾਂ ਨੂੰ ਸੁਪਨੇ ਵਿਚ ਵੀ ਕੋਈ ਰੋਗ ਵਿਕਾਰ ਨਹੀਂ ਆਉਂਦਾ, ਲੱਗਦਾ। ਹੇ ਭਾਈ ! ਇਹ ਜੋ ਨਾਮ ਔਸ਼ਧੀ ਦਵਾਈ ਸਾਰਿਆਂ ਦੇ ਹਿਰਦੇ ਅੰਦਰ ਹੈ ਪਰ ਗੁਰੂ ਸਾਹਿਬ ਹੀ ਇਸ ਨੂੰ ਲਾਉਣ ਦੀ ਵਰਤਣ ਦੀ ਜੁਗਤੀ ਦਰਸਾਉਂਦੇ ਹਨ। ਸਤਿਗੁਰੂ ਜੀ ਦਵਾਈ ਦੇ ਨਾਲ-ਨਾਲ ਪਰਹੇਜ਼ ਵੀ ਦੱਸਦੇ ਹਨ। ਪਰ ਇਹ ਨਾ ਹੋਵੇ ਕਿ ਜਿਵੇਂ ਭਾਈ ਗੁਰਦਾਸ ਜੀ ਬਿਆਨਦੇ ਹਨ:

ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੈ
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ॥

(**ਭਾਈ ਗੁਰਦਾਸ ਜੀ, ਕਬਿਤ ੪੩੯**)

ਪੂਰਨ ਸਤਿਗੁਰੂ ਜੀ ਨੇ ਜਗਿਆਸੂਆਂ ਨੂੰ ਇੰਦਰੀਆਂ ਦੇ ਦਮਨ ਕਰਨ ਰੂਪ ਸੰਜਮ, ਪਰਹੇਜ਼ ਕਰਨਾ ਦੱਸ ਦਿੱਤਾ ਹੈ ਕਿ ਪਰਾਏ ਤਨ ਤੇ ਧਨ ਨੂੰ ਨਹੀਂ ਦੇਖਣਾ, ਜੋ ਇਸ ਪਰਹੇਜ਼ ਅਨੁਸਾਰ ਦਵਾਈ ਵਰਤਦਾ ਹੈ ਤਿਸ ਨੂੰ ਮੁੜ ਕੇ ਕੋਈ ਦੁੱਖ ਤੇ ਵਿਕਾਰ ਦਬਾਅ ਨਹੀਂ ਪਾਉਂਦਾ।

ਦਖਣੀ ਓਅੰਕਾਰ ਬਾਣੀ ਅੰਗ ੯੩੬ ਵਿਖੇ ਅੰਕ ੪੫ ਰਾਹੀਂ **ਲੱਲੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਇਕ ਫ਼ੌਜੀ ਛੁੱਟੀ ਲੈ ਕੇ ਘਰ ਆਉਂਦਾ ਹੈ, ਫਿਰ ਛੁੱਟੀ ਖਤਮ ਹੋਣ ਤੇ ਵਾਪਸ ਚਲਾ ਜਾਂਦਾ ਹੈ। ਜਿਵੇਂ ਗੋਇਲੀ ਪੁਰਾਣੇ ਸਮੇਂ ਮੱਝਾਂ ਗਾਈਆਂ ਨੂੰ ਚਰਾਉਣ ਵਾਸਤੇ ਕਿਸੇ ਹੋਰ ਥਾਂ ਨਦੀ ਕਿਨਾਰੇ ਜਿੱਥੇ ਸੁਹਣਾ ਘਾਹ ਹੋਵੇ ਉਥੇ ਆਰਜ਼ੀ ਤੌਰ 'ਤੇ ਚਲੇ ਜਾਂਦੇ ਹਨ, ਜਦੋਂ ਜੇਠ ਹਾੜ ਵਿਚ ਆਪਣੇ ਇਲਾਕੇ ਵਿਚ ਘਾਹ ਸੁੱਕ ਜਾਣ ਤੇ ਮੀਂਹ ਪੈਣ ਉਪ੍ਰੰਤ ਆਪਣੇ ਘਰਾਂ ਵੱਲ ਵਾਪਸ ਆ ਜਾਂਦੇ ਹਨ ਤੇ ਆਰਜ਼ੀ ਥਾਂ 'ਤੇ ਟੈਂਟ ਜਾ ਮਾਮੂਲੀ ਛੱਪਰੀ ਜਿਹੀ ਵਿਚ ਹੀ ਰਹਿ ਲੈਂਦੇ ਹਨ। ਤਿਵੇਂ ਹੀ ਅਸੀਂ ਸਾਰੇ ਜੀਵ ਵੀ ਥੋੜ੍ਹੇ ਸਮੇਂ ਲਈ ਇੱਥੇ ਆਏ ਹਾਂ ਤੇ ਫ਼ੌਜੀ ਦੀ ਤਰ੍ਹਾਂ ਜਾਂ ਗੋਇਲੀ ਦੀ ਤਰ੍ਹਾਂ ਜ਼ਿੰਮੇਵਾਰ ਬਣਾਂਗੇ। ਮਾਲਕ ਦੇ ਹੁਕਮ ਤੇ ਰਜ਼ਾ ਵਿਚ ਚੱਲਾਂਗੇ ਤਾਂ ਫਿਰ ਹਾਰ ਕੇ ਨਹੀਂ ਜਾਵਾਂਗੇ ਭਾਵ ਜੇ ਮਾਲਕ ਪ੍ਰਭੂ ਦੀ ਬੰਦਗੀ ਕਰਾਂਗੇ ਤੇ ਲਾਲਚ ਤੇ ਵਿਕਾਰਾਂ ਵਿਚ ਫਸਾਂਗੇ ਤਾਂ ਹਾਰ ਨਹੀਂ ਹੋਵੇਗੀ। ਗੋਇਲ-ਗੋਇਲੀ ਬਾਰੇ ਫੁਰਮਾਨ ਹੈ :

ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰ॥ (ਅੰਗ ੫੦)

ਪਰ ਜੋ ਮਨੁੱਖ ਮਾਲਕ ਦਾ ਨੌਕਰ ਵੀ ਅਖਵਾਏ ਤੇ ਸਾਹਮਣੇ ਮਾਲਕ ਨੂੰ ਜਵਾਬ ਦੇ ਦੇਵੇ ਕਿ ਇਹ ਕੰਮ ਮੈਂ ਨਹੀਂ ਕਰਨਾ ਤਾਂ ਮਾਲਕ ਉਸ ਨੂੰ ਤਨਖਾਹ ਨਹੀਂ ਦੇਵੇਗਾ। ਇਸੇ ਤਰ੍ਹਾਂ ਹੀ ਪ੍ਰਭੂ-ਮਾਲਕ ਦੇ ਦੱਸੇ ਉਪਦੇਸ਼ ਮੁਤਾਬਿਕ ਨਾ ਚਲੇ ਤਾਂ ਉਸ ਦੀ ਬਖ਼ਸ਼ਿਸ਼ ਤੋਂ ਵਾਂਝਾ ਰਹਿ ਜਾਂਦਾ ਹੈ ਤੇ ਸਰੂਪ ਰੂਪੀ ਤਖ਼ਤ 'ਤੇ ਵੀ ਨਹੀਂ ਬੈਠ ਸਕਦਾ। ਆਸਾ ਦੀ ਵਾਰ ਵਿਚ

ਫ਼ੁਰਮਾਨ ਹੈ :

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ (ਅੰਗ ੪੭੪)

ਮਾਲਕ ਪ੍ਰਭੂ ਦੇ ਹੱਥ ਹੀ ਸਾਰੀਆਂ ਵਡਿਆਈਆਂ ਬਖ਼ਸ਼ਿਸ਼ਾਂ ਹਨ ਜਿਸ ਨੂੰ ਉਹ ਭਾਵੇ (ਭਾਵ ਜੋ ਹੁਕਮ ਮੰਨਣ ਕਰਕੇ ਉਸ ਨੂੰ ਭਾਅ ਜਾਵੇ) ਉਸ ਉੱਪਰ ਬਖ਼ਸ਼ਿਸ਼ ਕਰਦਾ ਹੈ। ਉਹ ਪਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਹੋਰ ਤਾਂ ਕੋਈ ਕੁਝ ਨਹੀਂ ਕਰ ਸਕਦਾ ਤੇ ਨਾ ਹੀ ਕਿਸੇ ਹੋਰ ਅੱਗੇ ਪੁਕਾਰ ਕੀਤੀ ਜਾ ਸਕਦੀ ਹੈ। ਫ਼ੁਰਮਾਨ ਹੈ :

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥ (ਅੰਗ ੫੩)

ਬਾਵਨ ਅਖਰੀ ਅੰਗ ੩੪੨ ਵਿਖੇ ਅੰਕ ੩੬ ਰਾਹੀਂ ਭਗਤ ਸ੍ਰੀ ਕਬੀਰ ਜੀ ਲੱਲੇ ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਇਸ ਤਰ੍ਹਾਂ ਮਨ ਦੀ ਬਿਰਤੀ ਨੂੰ ਅਜਿਹੀ ਇਕਾਗ੍ਰਤਾ ਨਾਲ ਜੋੜ ਲਵੇ ਕਿ ਕਿਸੇ ਹੋਰ ਪਾਸੇ ਵੱਲ ਨਾ ਭਟਕੇ ਤਾਂ ਸਭ ਤੋਂ ਉੱਚਾ, ਵੱਡਾ ਪ੍ਰਭੂ ਮਿਲ ਪੈਂਦਾ ਹੈ ਤੇ ਜੇ ਵਿਚ ਪ੍ਰੇਮ ਦੀ ਤਾਰ ਜੋੜ ਦੇਵੇ ਤਾਂ ਉਸ ਅਲਗ ਪ੍ਰਭੂ ਨੂੰ ਲੱਭ ਕੇ ਸਦਾ ਚਰਨਾਂ ਵਿਚ ਟਿਕਿਆ ਤੇ ਪ੍ਰਸੰਨ ਰਹਿੰਦਾ ਹੈ। ਫ਼ੁਰਮਾਨ ਹਨ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ (ਅੰਗ ੬੫੯)
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥
(ਅੰਗ ੮੪੬)

ਹੁਣ **ਲ** ਅੱਖਰ ਨਾਲ ਸ਼ੁਰੂ ਹੋਣ ਵਾਲੇ ਕੁਝ ਸ਼ਬਦ ਲਿਖੇ ਜਾ ਰਹੇ ਹਨ :

ਲੰਗਰ, ਲੱਛਮੀ, ਲਹੂ, ਲਾਗਤ, ਲੋਕ, ਲੋਈ, ਲਸਣ, ਲੱਸੀ, ਲਸੂੜੀ, ਲੜਾਈ, ਲਹਿੰਗਾ, ਲਹਿਜਾ, ਲਹਿੰਦਾ, ਲਾਹੌਰ, ਲੱਕ, ਲਕਸ਼, ਲੱਕੜੀ, ਲੰਕਾ, ਲਕੀਰ, ਲੱਖ, ਲਗਾਂ-ਮਾਤਰਾਂ, ਲਗਦਾ, ਲੰਗੜਾ, ਲਗਾਮ, ਲੰਗੋਟੀ, ਲਚਕ, ਲੱਚਰ, ਲੰਘਾਈ, ਲੱਛਣ, ਲੱਜਿਆ, ਲਟਕਾਉਣਾ, ਲੱਤ, ਲੱਠ, ਲੱਡੂ, ਲਤੀਫਾ, ਲਫ਼ਜ਼, ਲਬੇੜਨਾ, ਲੜਕਾ-ਲੜਕੀ, ਲੜਾਕਾ, ਲਾਇਕ, ਲਾਇਤਬਾਰ, ਲਾਈਟ, ਲਾਈਨ, ਲਾਹਾ, ਲਾਹਨਤ, ਲਾਗਲਾ, ਲਾਟਰੀ, ਲਾਡ, ਲਾਪ੍ਰਵਾਹ, ਲਾਲ, ਲਾਗਾ, ਲਾਂਵਾ, ਲਿਆਕਤ, ਲਿਹਾਜ਼, ਲਿਖਾਰੀ, ਲਿਟਰ, ਲੰਬਾਈ, ਲਿਬਾਸ, ਲਿਲਾਰੀ, ਲੀਕ, ਲੀਰ, ਲੁਹਾਰ, ਲੁਕਣਾ, ਲੁੱਟਣਾ, ਲੂਣ, ਲੇਖਕ, ਲੇਟਣਾ, ਲੈਣ-ਦੇਣ, ਲੋਹ, ਲੋਕ-ਪ੍ਰਲੋਕ, ਲੋਚਨ,

ਲੋੜਵੰਦ, ਲਪੇਟ, ਲੱਦਣਾ, ਲਹੂ, ਲਗਨ, ਲੰਗੜਾ, ਲਤਾੜਨਾ, ਲਫਾਫਾ, ਲਮਕਾਉਣਾ, ਲੰਮਾ, ਲਲਕਾਰਾ, ਲਾਗਤ, ਲਾਂਘਾ, ਲਾਜਵੰਤੀ, ਲਾਜਵਾਬ, ਲਾਪਤਾ, ਲਾਭ, ਲੋਭ, ਲੂੰਈ, ਲੁੱਟ-ਖਸੁੱਟ, ਲੇਲਾ, ਲੋਹਾ, ਲੋਹੜੀ ਤੇ ਲੋਟਾ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਵ

ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥ ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ੩੨ ॥ (ਅੰਗ ੪੩੪)

ਪੈਂਤੀ ਵਿਚ ਲ ਅੱਖਰ ਤੋਂ ਬਾਦ ਵਿਚ ੜ ਅੱਖਰ ਤੋਂ ਪਹਿਲਾਂ **ਵ** ਅੱਖਰ ਆਉਂਦਾ ਹੈ।

ਹੁਣ ਪਹਿਲਾਂ ਦੇਖਦੇ ਹਾਂ ਕਿ **ਵਾਵਾ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਆਪਾਂ **ਵ** ਅੱਖਰ ਲਿਖਣਾ ਸ਼ੁਰੂ ਕਰੀਏ,ਪਰ ਉਸ ਦੇ ਉਪਰਲੇ ਖੱਬੇ ਪਾਸਿਓਂ ਉਸ ਨੂੰ ਉਪਰਲੀ ਲਕੀਰ ਨਾਲ ਨਾ ਜੋੜੀਏ ਤਾਂ **ਵ** ਅੱਖਰ ਲਿਖ ਹੋ ਜਾਂਦਾ ਹੈ। **ਵ** ਅੱਖਰ ਅੰਤਿਮ ਵਰਗ ਦਾ ਚੌਥਾ ਅੱਖਰ ਹੈ।

ਪਟੀ ਲਿਖੀ ਬਾਣੀ ਅੰਗ ੪੩੪ ਵਿਖੇ ਅੰਕ ੩੨ ਰਾਹੀਂ **ਵਾਵੇ** ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਕਰਦੇ ਹਨ ਕਿ ਉਸ ਵਾਸਦੇਉ ਜੋ ਸਭ ਨੂੰ ਵਾਸਾ ਦੇਣ ਵਾਲਾ ਹੈ, ਨੇ ਆਪ ਹੀ ਜੀਵਾਂ ਦਾ ਤਮਾਸ਼ਾ, ਜੀਵਾਂ ਦੇ ਕਰਤਵ ਦੇਖਣ ਲਈ ਇਹ ਜਗਤ ਰਚਿਆ ਹੈ ਤੇ ਸਭ ਦੀ ਹਰੇਕ ਗੱਲ ਜਾਣਦਾ ਹੈ। ਉਹ ਆਪ ਹੀ ਸਭਨਾਂ ਦੇ ਗੁਪਤ ਕੰਮਾਂ ਨੂੰ ਵੀ ਦੇਖਦਾ ਹੈ ਤੇ ਸਭ ਸੁਆਦਾਂ ਨੂੰ ਆਪ ਹੀ ਚੱਖਦਾ ਹੈ ਤੇ ਉਹ ਆਪ ਹੀ ਤੇਰੇ ਹਿਰਦੇ ਅੰਦਰ ਵੀ ਤੇ ਬਾਹਰ ਸੰਸਾਰ ਵਿਚ ਵੀ ਵਿਆਪਕ ਹੋ ਰਿਹਾ ਹੈ। ਇਕ ਦੋ ਫ਼ੁਰਮਾਨ ਇਸ ਦੀ ਪ੍ਰੋੜ੍ਹਤਾ ਕਰਦੇ ਹਨ :

ਆਪੇ ਕਰਤਾ ਕਰਿ ਕਰਿ ਵੇਖੈ ਸਾਚਾ ਵੇਪਰਵਾਹਾ ਹੇ ॥ (ਅੰਗ ੧੦੩੨)
ਅੰਤਰਿ ਬਾਹਰਿ ਰਵਿ ਰਹਿਆ ਤਿਸਨੋ ਜਾਣੈ ਦੂਰਿ ॥ (ਅੰਗ ੪੭)

ਪਟੀ ਬਾਣੀ ਅੰਗ ੪੩੫ ਵਿਖੇ ਅੰਕ ੧੨ ਰਾਹੀਂ **ਵਾਵੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਹੇ ਮੂਰਖ ਅਨਜਾਣ ਵਿਅਕਤੀ ! ਤੈਨੂੰ ਮਨੁੱਖਾ ਜਨਮ ਪ੍ਰਭੂ ਨੂੰ ਮਿਲਣ ਦੀ ਵਾਰੀ ਮਿਲੀ ਪਰ ਤੂੰ ਉਸ ਪ੍ਰਭੂ ਨੂੰ ਦਿਲੋਂ ਭੁਲਾ ਦਿੱਤਾ ਹੈ। ਫ਼ੁਰਮਾਨ ਵੀ ਐਸਾ ਹੈ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥
ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ (ਅੰਗ ੪੭੪)

ਫਿਰ ਇਹ ਸਮਾਂ ਤੈਨੂੰ ਨਹੀਂ ਪ੍ਰਾਪਤ ਹੋਣਾ, ਜਦੋਂ ਤੇਨੂੰ ਜਮਾਂ ਨੇ ਪਕੜ ਲਿਆ, ਜੇ ਤੁਸੀਂ ਉਸ ਸਮੇਂ ਆਖੇਂ ਕਿ ਮੈਂ ਹੁਣ ਅੰਮ੍ਰਿਤ ਛਕ ਲੈਂਦਾ ਹਾਂ, ਮੈਨੂੰ ਵੀ ਨਾਮ ਦਿਓ ਤਾਂ ਉਸ ਸਮੇਂ ਤਾਂ ਤੈਨੂੰ ਸਜ਼ਾ ਹੀ ਮਿਲੇਗੀ। ਫੁਰਮਾਨ ਹੈ :

ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥

(ਅੰਗ ੯੯੩)

ਬਾਣੀ ਗਉੜੀ ਬਾਵਨ ਅਖਰੀ ੨੫੯ ਵਿਖੇ ਅੰਕ ੪੬ ਰਾਹੀਂ ਸਲੋਕ ਤੇ ਪਉੜੀ ਦੁਆਰੇ **ਵਾਵੇ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਫੁਰਮਾਉਂਦੇ ਹਨ ਕਿ ਪਰਮੇਸ਼ਰ ਸਭ ਥਾਵਾਂ 'ਤੇ ਬਰਾਬਰ ਪੂਰਨ ਹੈ ਤੇ ਉਸ ਤੋਂ ਬਿਨਾਂ ਕੋਈ ਵੀ ਥਾਂ ਖਾਲੀ ਨਹੀਂ ਹੈ। ਸਭ ਜੀਵਾਂ ਦੇ ਅੰਦਰ ਤੇ ਚੁਫੇਰੇ ਸੰਗ ਹੈ ਉਸ ਤੋਂ ਕੋਈ ਕੁਝ ਲੁਕਾ ਨਹੀਂ ਸਕਦਾ। ਫੁਰਮਾਨ ਵੀ ਹੈ :

ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ॥ (ਅੰਗ ੯੫੮)

ਹੁਣ ਪਉੜੀ ਵਿਚ ਉਪਦੇਸ਼ ਬਖ਼ਸ਼ਦੇ ਹਨ ਕਿ ਪ੍ਰਭੂ ਸਾਰਿਆਂ ਵਿਚ ਸਮਾਇਆ ਹੋਇਆ ਹੈ ਤੇ ਵਰਤ ਰਿਹਾ ਹੈ ਤੇ ਕਿਸੇ ਨਾਲ ਵੈਰ ਨਹੀਂ ਕਰਨਾ ਚਾਹੀਦਾ। ਉਹ ਪ੍ਰਭੂ ਪਾਣੀ ਤੇ ਧਰਤੀ ਸਭ ਥਾਵਾਂ 'ਤੇ ਵਿਆਪਕ ਹੈ ਪਰ ਕੋਈ ਵਿਰਲਾ ਹੀ ਇਸ ਨੂੰ ਜਾਣਦਾ ਤੇ ਮੰਨਦਾ ਹੈ। ਫੁਰਮਾਨ ਹੈ :

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥

(ਅੰਗ ੫੯੬)

ਉਨ੍ਹਾਂ ਗੁਰਮੁਖਾਂ ਦੇ ਸਾਰੇ ਵੈਰ ਵਿਰੋਧ ਦੁਸ਼ਮਨੀ ਜੋ ਸਤਿਸੰਗਤ ਵਿਚ ਜਾ ਕੇ ਮਿਟ ਜਾਂਦੇ ਹਨ ਜੋ ਪ੍ਰਭੂ ਦਾ ਜਸ ਕਰਦੇ ਤੇ ਸੁਣਦੇ ਹਨ। ਪ੍ਰਮਾਤਮਾ ਜਾਤ-ਪਾਤ ਭੇਖ ਵਰਨ ਤੋਂ ਨਿਆਰਾ ਹੈ ਤੇ ਪ੍ਰਭੂ ਦਾ ਜਸ ਗਾਉਂਦੇ ਹਨ ਉਨ੍ਹਾਂ ਨੂੰ ਸਭ ਵਿਚ ਉਹ ਦਿਖਾਈ (ਚੌਹਾਂ ਵਰਨਾਂ ਤੇ ਭੇਖਾਂ ਵਿਚ ਵੀ) ਦਿੰਦਾ ਹੈ। ਸਪੱਸ਼ਟਤਾ ਲਈ ਫੁਰਮਾਨ ਹੈ :

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥ (ਅੰਗ ੬੭੧)
ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ॥ (ਅੰਗ ੫੭੮)
ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਅੰਗ ੧੨੯੯)

ਬਾਣੀ ਦਖਣੀ ਓਅੰਕਾਰ ਵਿਖੇ **ਵਾਵੇ** ਅੱਖਰ ਬਾਰੇ ਦੋ ਵਾਰੀ ਉਪਦੇਸ਼ ਦਰਜ ਹਨ।

ਇਕ ਵਾਰੀ ਸ਼ੁਰੂ ਦੇ ਨੇੜੇ ਤੇ ਦੂਜੀ ਬਾਰੀ ਤਰਤੀਬਵਾਰ ਜਦੋਂ ਅੱਖਰਾਂ ਦੀ ਰ, ਲ ਤੋਂ ਬਾਅਦ ਵਿਚ, ਪਰ ਉਸ ਸਮੇਂ ਸਤਿਗੁਰੂ ਜੀ ਨੇ **ਵਾਵੇ** ਦੀ ਥਾਂ ਤੇ ਬ ਅੱਖਰ ਵਰਤਿਆ ਹੈ ਜਿਸ ਤੋਂ ਉਪ੍ਰੰਤ ੜਾੜੇ ਅੱਖਰ ਦਾ ਉਪਦੇਸ਼ ਹੈ। ਪਹਿਲਾਂ ਉਪਦੇਸ਼ ਅੰਗ ੯੩੧ ਵਿਖੇ ਅੰਕ ੧੬ ਰਾਹੀਂ **ਵਾਵੇ** ਦਾ ਉਪਦੇਸ਼ ਇਵੇਂ ਦਰਜ ਹੈ ਜੀ ਕਿ ਪਰਮੇਸ਼ਰ ਦਾ ਨਾਮ ਜਪੇ ਤੋਂ ਬਗੈਰ ਮਨੁੱਖ ਦਾ ਆਪਣਾ ਸਰੀਰ ਵੀ ਜੀਵ ਦਾ ਵਿਰੋਧੀ ਹੋ ਜਾਂਦਾ ਹੈ ਭਾਵ ਇਹ ਦੁੱਖ ਹੀ ਦਿੰਦਾ ਰਹਿੰਦਾ ਹੈ। ਕਦੇ ਖਾਣ ਨੂੰ, ਕਦੇ ਸੌਣ ਨੂੰ, ਕਦੇ ਸੁੰਦਰ ਚੀਜ਼ਾਂ ਵੱਲ ਦੇਖਣ ਨੂੰ ਰੁਚੀ ਕਰਦਾ ਹੈ। ਇਉਂ ਹੀ ਆਪਣੇ ਹੀ ਕੰਮਾਂ ਵਿਚ ਲਾਈ ਰੱਖਦਾ ਹੈ। ਪ੍ਰਭੂ ਦੇ ਭਜਨ ਵਿਚ ਨਹੀਂ ਜੁੜਨ ਦਿੰਦਾ। ਨਾਮ ਜਪੇ ਤੋਂ ਬਗੈਰ ਜੀਵ ਮੁਸਾਫਿਰ ਬਣ ਕੇ ਸੰਸਾਰ ਦੇ ਰਸਤੇ ਵਿਚ ਆਉਂਦਾ ਜਾਂਦਾ ਰਹਿੰਦਾ ਹੈ। ਫੁਰਮਾਨ ਸਾਵਧਾਨ ਕਰਦਾ ਹੈ :

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥
ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥ ੨ ॥ (ਅੰਗ ੬੧)

ਪ੍ਰਭ ਦੇ ਨਾਮ ਜਪੇ ਤੋਂ ਬਗੈਰ ਸਾਰੀਆਂ ਥਾਵਾਂ 'ਤੇ ਘਾਟਾ ਹੀ ਹੈ। ਲਾਹਾ ਉਸੇ ਨੂੰ ਹੀ ਮਿਲਦਾ ਹੈ ਜਦੋਂ ਪ੍ਰਭੂ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਸੋਝੀ ਬਖ਼ਸ਼ ਦਿੰਦਾ ਹੈ। ਫੁਰਮਾਨ ਹੈ :

ਸਗਲੀ ਸਉਦੀ ਤੋਟਾ ਆਵੈ ॥ (ਅੰਗ ੩੫੬)

ਪਿਛਲੇ ਸੰਚਿਤ ਤੇ ਕਿਰੇਮਾਨ ਆਦਿ ਕਰਮਾਂ ਕਰਕੇ ਸੌਦਾਗਰੀ ਕਰਨ ਵਾਲਾ ਜੀਵ ਦੇਹ ਰੂਪੀ ਵਣਜਾਂ ਨੂੰ ਵਣਜਦਾ ਖਰੀਦਦਾ ਰਹਿੰਦਾ ਹੈ, ਪਰ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਕਿਵੇਂ ਇੱਜ਼ਤ ਪਤਿ ਹੋ ਸਕਦੀ ਹੈ। ਪ੍ਰਭੂ ਦੇ ਨਾਮ ਦੀ ਵਸਤੂ ਖਰੀਦਣ ਦੀ ਇਹ ਫੁਰਮਾਨ ਸੋਝੀ ਦਿੰਦਾ ਹੈ :

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥ ੧ ॥ (ਅੰਗ ੨੨)

ਹੁਣ ਦੂਜੇ ਉਪਦੇਸ਼ ਵਿਖੇ ਬਿਆਨ ਕਰਦੇ ਹਨ ਜੋ ਕਿ ਅੰਗ ੯੩੬ ਵਿਖੇ ਅੰਕ ੪੬ ਰਾਹੀਂ ਦਰਜ ਹੈ ਕਿ ਹੋਰ ਦੂਜਾ ਨਹੀਂ ਸੁੱਝਦਾ ਜਾਂ ਨਜ਼ਰ ਆਉਂਦਾ ਜੋ ਕਿ ਪ੍ਰਭੂ ਦੇ ਬਰਾਬਰ ਗਲੀਚਾ ਵਿਛਾ ਕੇ ਤਖ਼ਤ ਉੱਪਰ ਬੈਠ ਸਕੇ ਭਾਵ ਉਸ ਦਾ ਕੋਈ ਸ਼ਰੀਕ ਨਹੀਂ। ਫੁਰਮਾਨ ਹੈ :

ਤਿਸਹਿ ਸਰੀਕੁ ਨਾਹੀ ਰੇ ਕੋਈ॥ (ਅੰਗ ੧੦੮੧)

ਨਰਕਾਂ ਦੇ ਦੁੱਖ ਦੂਰ ਕਰਨ ਵਾਲਾ ਪ੍ਰਭੂ ਦਾ ਨਾਮ ਹੀ ਹੈ ਜੋ ਕਿ ਸਿਮਰਨ ਕੀਤਿਆਂ ਹੀ ਮਿਲਦਾ ਹੈ। ਜੰਗਲਾਂ-ਬੇਲਿਆਂ ਤੇ ਹੋਰ ਥਾਵਾਂ 'ਤੇ ਫਿਰਦੀ ਥੱਕ ਕੇ ਆਪਣੇ ਹਿਰਦੇ ਵਿਚ

ਵਿਚਾਰਿਆ ਕਿ ਸਾਰੇ ਖ਼ਜ਼ਾਨੇ ਤੇ ਭਗਤੀ ਦੇ ਭੰਡਾਰੇ ਪ੍ਰਭੂ ਜੀ ਦੇ ਹੱਥ ਵਿਚ ਹੀ ਹਨ ਤੇ ਜੋ ਮਨ ਵਿਚ ਸੱਚ ਸਰੂਪ ਦੀ ਵੀਚਾਰ ਕਰਨ ਨਾਲ ਮਿਲਣਗੇ। ਫੁਰਮਾਨ ਹੈ :

ਰਤਨਾ ਰਤਨ ਪਦਾਰਥ ਬਹੁ ਸਾਗਰ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥ (ਅੰਗ ੪੪੨)

ਜੇ ਮੈਂ ਇਕਾਗਰ ਚਿਤ ਹੋ ਕੇ ਉਸ ਪ੍ਰਭੂ ਦੇ ਪ੍ਰੇਮ ਨਾਲ ਗੁਰੂ ਦੇ ਉਪਦੇਸ਼ ਦੁਆਰਾ ਪਰਮੇਸ਼ਰ ਨੂੰ ਪਾਉਣਾ ਕਰਨ ਦੀ ਕੋਸ਼ਿਸ਼ ਕਰਾਂ। ਫੁਰਮਾਨ ਵੀ ਹੈ :

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥

(ਅੰਗ ੨੯੫)

ਜੋ ਜੀਵ ਪ੍ਰਭੂ ਦੇ ਪਿਆਰ ਵਿਚ ਜੁੜ ਜਾਂਦੇ ਹਨ ਉਹ ਨਾਮ ਸਿਮਰਨ ਕਰਕੇ ਉਤਮ ਲਾਹਾ ਖੱਟਣਾ ਕਰਦੇ ਹਨ ਜੋ ਸਭ ਥਾਵਾਂ 'ਤੇ ਸਹਾਇਤਾ ਕਰਦਾ ਹੈ। ਉਸ ਮਾਲਕ ਪ੍ਰਭੂ ਨੇ ਹੀ ਸਾਰੀ ਰਚਨਾ ਰਚ ਕੇ ਜਗਤ ਉਸਾਰਿਆ ਹੈ ਤੇ ਉਸ ਦਾ ਕੋਈ ਹੱਦ-ਬੰਨਾ ਮੁਕੱਰਰ ਨਹੀਂ ਕੀਤਾ ਜਾ ਸਕਦਾ। ਉਸ ਦਾ ਸਿਮਰਨ ਕਰਨਾ ਹੀ ਬਣਦਾ ਹੈ ਜੀਵ ਲਈ।

ਗਉੜੀ ਬਾਵਨ ਅਖਰੀ ਅੰਗ ੩੪੨ ਵਿਖੇ **ਵਾਵੇ** ਅੱਖਰ ਦਾ ਦੂਹਰਾ ਉਪਦੇਸ਼ ਹੈ ਜੋ ਕਿ ਅੰਕ ੩੭ ਤੇ ੩੮ ਰਾਹੀਂ ਦਰਜ ਹੈ। ਭਗਤ ਸ੍ਰੀ ਕਬੀਰ ਜੀ ਇਉਂ ਫੁਰਮਾਉਂਦੇ ਹਨ ਕਿ ਬਾਰ-ਬਾਰ ਪ੍ਰਭੂ ਦਾ ਨਾਮ ਸਿਮਰਨਾ ਕਰੋ ਐਸਾ ਕਰਨ ਦੇ ਨਾਲ ਹਰ ਥਾਂ 'ਤੇ ਸਹਾਇਤਾ ਕਰਦਾ ਹੈ ਤੇ ਕਦੇ ਵੀ ਹਾਰ ਨਹੀਂ ਹੁੰਦੀ। ਫੁਰਮਾਨ ਹੈ :

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥ ੧ ॥

(ਅੰਗ ੬੭੯)

ਜੋ ਪ੍ਰਭੂ ਦਾ ਜਸ ਚੰਗੇ ਪੁੱਤਰ ਦੀ ਤਰ੍ਹਾਂ ਭਗਤ ਬਣ ਕੇ ਮਨ ਬਾਣੀ ਕਰਕੇ ਗਾਉਂਦੇ ਹਨ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਾਂ। ਉਹ ਦ੍ਰਿੜ੍ਹਤਾ ਨਾਲ ਪ੍ਰੇਮ ਨਾਲ ਜਸ ਗਾਉਂਦੇ ਪ੍ਰਭੂ ਨੂੰ ਮਿਲ ਪੈਂਦੇ ਹਨ ਤੇ ਫਿਰ ਸਭ ਥਾਵਾਂ 'ਤੇ ਹੀ ਪ੍ਰਭੂ ਦੇ ਦਰਸ਼ਨ ਕਰਦੇ ਨੇ। ਦੂਜੇ **ਵਾਵੇ** ਅੱਖਰ ਦੇ ਉਪਦੇਸ਼ ਰਾਹੀਂ ਫੁਰਮਾਉਂਦੇ ਹਨ ਕਿ ਹੇ ਭਾਈ ! ਪ੍ਰਭੂ ਨਾਲ ਜਾਣ-ਪਛਾਣ ਕਰਨੀ, ਬਣਾਉਣੀ ਚਾਹੀਦੀ ਹੈ। ਉਸ ਪ੍ਰਭੂ ਨਾਲ ਪ੍ਰੇਮ ਦੀ ਸਾਂਝ ਕਰਦਾ ਜੀਵ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ। ਜਦੋਂ ਜੀਵ 'ਤੇ ਈਸ਼ਵਰ ਦਾ ਮਿਲਾਪ ਹੋ ਜਾਂਦਾ ਹੈ ਤਾਂ ਉਸ ਅਨੰਦ ਨੂੰ ਹੋਰ ਕੋਈ ਨਹੀਂ ਜਾਣ ਸਕਦਾ ਤੇ ਨਾ ਹੀ ਕੋਈ ਫਰਕ ਦੱਸ ਸਕਦਾ ਹੈ। ਭਗਤ ਜੀ ਦੇ ਆਪਣੇ ਫੁਰਮਾਨ ਹਨ :

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਅਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ (ਅੰਗ ੧੩੭੫)

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ (ਅੰਗ ੯੬੯)

ਹੁਣ **ਵ** ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖੇ ਜਾ ਰਹੇ ਹਨ :
ਵਾਹਿਗੁਰੂ, ਵਾਇਦਾ, ਵੱਸ, ਵਹੀ, ਵਿਚਕਾਰ, ਵਿਹੜਾ, ਵਿਕਾਊ, ਵਿਖਾਵਾ, ਵਿਗਸਣਾ, ਵਿਗੜਨਾ, ਵਿਗਿਆਨ, ਵਿਗੋਚਾ, ਵਿਘਨ, ਵਿਦਿਆਰਥੀ, ਵਿਦਾਇਗੀ, ਵਿਦੇਸ਼, ਵਿਰਲਾ, ਵਿਰਲਾਂ, ਵਸਤਰ, ਵਸਨੀਕ, ਵਸਾਹ, ਵਸੀਅਤ, ਵਿਸਾਖੀ, ਵਿਸਾਰਨਾ, ਵਸੀਲਾ, ਵਸੋਂ, ਵੰਸ਼, ਵਹਾਉ, ਵਹਿਸ਼ੀ, ਵਹਿਮ, ਵਕਤ, ਵਹੁਟੀ, ਵਿਵਾਦ, ਵੰਗਾਂ, ਵੰਗਾਰ, ਵਗਾਰ, ਵਿਚਾਰ, ਵਿਛਾਈ, ਵਿਛੋੜਾ, ਵਿਜੋਗ, ਵੱਡਾ, ਵਿਤਕਰਾ, ਵਿਦਵਾਨ, ਵਿਧਾਤਾ, ਵਸੀਲਾ, ਵਕੀਲ, ਵਿਭਾਗ, ਵਿਰਸਾ, ਵੀਰਾਨੀ, ਵਕਾਰ, ਵਕਤੀ, ਵੱਖਵਾਦ, ਵਗਣਾ, ਵੇਖਣਾ, ਵਗਾਹ ਮਾਰਨਾ, ਵੰਚਿਤ, ਵਚਨ, ਵੈਸਾ, ਵੇਲਾ, ਵੇਲਣਾ, ਵਚਿੱਤਰ, ਵਿਚੋਲਾ, ਵਜਾਉਣਾ, ਵਜੂਦ, ਵੇਚਣਾ, ਵਜ਼ਨ, ਵਜ਼ੀਫਾ, ਵਜ੍ਹਾ, ਵੰਝਲੀ, ਵੱਟਕ, ਵੱਟੇ, ਵੱਟ ਚੜ੍ਹਨਾ, ਵਟਾਂਦਰਾ, ਵੋਟ, ਵੈਦ, ਵੰਡ, ਵਡਭਾਗਾ, ਵਡਿਆਈ, ਵੱਢਣਾ, ਵੱਢੀ, ਵਣਜ, ਵਣਜਾਰਾ, ਵਤਨ, ਵੱਤਰ, ਵਤਾਊਂ, ਵਦੀ, ਵੱਧ, ਵਧਾਈ, ਵਧੀਕੀ, ਵੰਨ-ਸੁਵੰਨਾ, ਵਪਾਰੀ, ਵਫਾ, ਵਫਾਦਾਰ, ਵਰਸ਼, ਵਰਕ, ਵਰਗ, ਵਰਜਣਾ, ਵਰਤਣਾ, ਵਰਤ, ਵਰਦੀ, ਵਰਤਾਰਾ, ਵਰ, ਵਰੀ, ਵਹਾਉਣਾ, ਵੱਲ, ਵਲਾਇਤ, ਵਲ-ਪੇਚ, ਵੜਨਾ, ਵੜੇਵਾਂ, ਵਾਸਤਵ, ਵਾਸਾ, ਵਾਹੀ, ਵਾਕਈ, ਵਸੂਲ ਕਰਨਾ, ਵਹੀ-ਖਾਤਾ, ਵੱਖਰਾ, ਵੱਟਾ, ਵਡਮੁੱਲਾ, ਵਰ, ਵੰਡੀਆਂ ਪਾਉਣੀਆਂ, ਵਰ੍ਹਾ, ਵਰ੍ਹੇਗੰਢ, ਵਵਾਗ-ਡੋਰ, ਵਾਕਫ, ਵਾਕ-ਰਚਨਾ, ਵਾਜ ਮਾਰਨੀ, ਵਾਰਤਾਲਾਪ, ਵਾਹ ਵਾਹ ਕਰਨਾ, ਵਾਵਰੋਲਾ, ਵਾਲ, ਵਾਲੀ, ਵਿਉਂਤਬੰਦੀ, ਵਿਅਕਤੀ, ਵਿਅੰਗ, ਵਿਅਰਥ, ਵਿਆਹ, ਵਿਸ਼ਾ, ਵਿਆਕਰਨ, ਵਿਆਖਿਆ, ਵਿਸਤਾਰ, ਵਿਸਮਾਦ, ਵਿਸਰਨਾ, ਵਿਸਾਹ, ਵਿਸ਼ਰਾਮ, ਵਿਸ਼ਵਾਸ, ਵਿਸ਼ੇਸ਼ ਤੇ ਵੇਹਲੜ ਆਦਿ ਕੁਝ ਕੁ ਸ਼ਬਦ ਲਿਖੇ ਹਨ।

ੜ

ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ ॥ ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥ ੩੩ ॥ (ਅੰਗ ੪੩੪)

ਪੈਂਤੀ ਵਿਚ ਵ ਅੱਖਰ ਤੋਂ ਬਾਅਦ ਵਿਚ ਆਉਂਦਾ ਹੈ **ੜ** ਅੱਖਰ, ਜੋ ਪੈਂਤੀ ਵਿਚ ਅੰਤਿਮ

ਸਥਾਨ 'ਤੇ ਬਿਰਾਜਮਾਨ ਹੈ। **ਝ** ਅੱਖਰ ਦੇ ਹੇਠਾਂ ਦੋ ਪਾਵਿਆਂ (ਪੈਰਾਂ) ਦੀ ਤਰ੍ਹਾਂ ਹਨ ਜੋ ਕਿ ਰੱਸਾ-ਕਸ਼ੀ ਦੇ ਆਖਰੀ ਖਿਡਾਰੀ ਦੀ ਤਰ੍ਹਾਂ ਪੈਰ ਗੱਡ ਦਿੰਦਾ ਹੈ ਧਰਤੀ ਵਿਖੇ। ਸੋ **ਝ** ਅੱਖਰ ਵੀ ਆਪਦੇ ਅਸਥਾਨ 'ਤੇ ਦ੍ਰਿੜ੍ਹਤਾ ਨਾਲ ਟਿਕਿਆ ਹੋਇਆ ਹੈ।

ਪਹਿਲਾਂ ਦੇਖਦੇ ਹਾਂ ਕਿ **ਝ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। ਜੇ ਆਪਾਂ ਪਹਿਲਾਂ ਤਤਾ ਅੱਖਰ ਲਿਖ ਲਈਏ ਫਿਰ ਤਤੇ ਦੀ ਹੇਠਲੀ ਲਾਈਨ ਦੇ ਹੇਠਾਂ ਦੋ ਪੈਰ ਲਗਾ ਦੇਈਏ ਜਿਵੇਂ ਕੁਰਸੀ ਜਾਂ ਮੇਜ ਦੇ ਪਾਵੇ ਹੁੰਦੇ ਹਨ ਫਿਰ **ਝ** ਅੱਖਰ ਬਣ ਜਾਂਦਾ ਹੈ। **ਝਾੜਾ** ਅੱਖਰ ਅੰਤਿਮ ਵਰਗ ਦਾ ਪੰਜਵਾਂ ਅੱਖਰ ਹੈ। ਬੋਲਣ ਵਿਚ ਇਹ ਪਹਿਲੇ ਅੱਖਰ ਊੜਾ ਵਿਚ ਵੀ ਆ ਜਾਂਦਾ ਹੈ ਊ+ੜਾ, ਸੋ ਇਸ ਤਰ੍ਹਾਂ ਨਾਲ ਆਖਣ ਸਮਝਣ ਲਾਲ ਸਾਰੀ ਹੀ ਪੈਂਤੀ ਊੜਾ ਆਖਣ ਨਾਲ ਹੀ ਆ ਜਾਂਦੀ ਹੈ। ਭਾਵੇਂ ਇਸ ਅੰਕ ੩੩ ਤੋਂ ਬਾਅਦ ਵਿਚ ਦੋ ਹੋਰ ਉਪਦੇਸ਼ ਪੈਂਤੀ ਪੂਰੀ ਕਰਨ ਲਈ ਹਨ **ਹ** ਤੇ **ਅ** ਅੱਖਰ ਦੇ। ਇਹ ਉਸ ਸਮੇਂ ਦੇ ਸੰਸਕ੍ਰਿਤ ਦੀ ਪੜ੍ਹਾਈ ਨਾਲ ਮਿਲਦੇ ਹਨ ਪਹਿਲਾਂ ਕੁਝ ਵੀਚਾਰ ਕੀਤਾ ਗਿਆ ਹੈ।

ਪਟੀ ਲਿਖੀ ਬਾਣੀ ਅੰਗ ੪੩੪ ਵਿਖੇ ਅੰਕ ੩੩ ਰਾਹੀਂ ਪਾਂਧਾ ਜੀ ਨੂੰ **ਝ** ਅੱਖਰ ਦਾ ਉਪਦੇਸ਼ ਬਖ਼ਸ਼ਦੇ ਹਨ ਕਿ ਜੇ ਤੂੰ ਪੜ੍ਹ ਲਿਖ ਗਿਆ ਹੈਂ ਤਾਂ ਇਸ ਵਿੱਦਿਆ ਦੇ ਆਸਰੇ ਕੋਈ ਝਗੜਾ ਜਾਂ ਬਹਿਸ ਨਾ ਕਰ, ਸਗੋਂ ਉਹ ਪ੍ਰਭੂ ਜੋ ਸਦਾ ਕਾਇਮ ਰਹਿਣ ਵਾਲਾ ਹੈ ਉਸ ਦਾ ਸਿਮਰਨ ਕਰ। ਜੇ ਉਸ ਪਰਮੇਸ਼ਰ ਨੂੰ ਸਿਮਰੋਗੇ ਤਾਂ ਉਸ ਵਿਚ ਅਭੇਦ ਹੋ ਸਕਦੇ ਹੋ ਤੇ ਗੁਰਮੁਖਾਂ ਨੇ ਆਪਣੀ ਹਉਮੈ ਨੂੰ ਉਸ ਪਰਮੇਸ਼ਰ ਦੀ ਯਾਦ ਤੋਂ ਸਦਕੇ ਕਰ ਦਿੱਤਾ ਹੈ। ਬਹਿਸ ਤੇ ਝਗੜੇ ਬਾਰੇ ਫ਼ੁਰਮਾਨ ਹੈ :

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥
ਰਸਨਾ ਰਾਮ ਰਸਾਇਨੁ ਪੀਜੈ॥ (ਅੰਗ ੧੧੬੪)
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥
ਤਿਸਹਿ ਧਿਆਇ ਸਦਾ ਮਨ ਅੰਦਰਿ॥ (ਅੰਗ ੨੬੯)

ਗਉੜੀ ਬਾਵਨ ਅਖਰੀ ਅੰਗ ੨੬੦ ਵਿਖੇ ਅੰਕ ੪੭ ਰਾਹੀਂ **ਝ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਬਿਆਨ ਕਰਦੇ ਹਨ ਕਿ ਮਨਮੁਖ ਅਨਜਾਣ ਤੇ ਮੁਗਧ ਵਿਅਕਤੀਆਂ ਦੀ ਉਮਰ ਹਉਮੈ ਵਿਚ ਹੀ ਬੀਤ ਜਾਂਦੀ ਹੈ ਭਾਵ ਉਹ ਸਮਝਦੇ ਹਨ ਕਿ ਮੈਂ ਹੀ ਵੱਡਾ ਹਾਂ ਮੈਂ ਹੀ ਸਭ ਤੋਂ ਸਿਆਣਾ ਤੇ ਵਧੀਆ ਹਾਂ। ਇਸੇ ਹਉਮੈ ਵਿਚ ਹੀ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ, ਜਿਵੇਂ ਕੋਈ ਪਿਆਸੇ ਪਾਣੀ ਤੋਂ ਬਿਨਾਂ ਹੀ ਤੜਫਦੇ ਤੇ ਬਿਲਲਾਉਂਦੇ ਚਲ ਵਸਦੇ ਹਨ।

ਅੱਗੇ ਪਉੜੀ ਵਿਚ ਫ਼ੁਰਮਾਉਂਦੇ ਹਨ ਕਿ ਸਾਧਸੰਗਤ ਵਿਚ ਜਾਣ ਨਾਲ ਝਗੜੇ ਵਾਲਾ ਸੁਭਾਅ ਘਟ ਕੇ ਫਿਰ ਹਟ ਜਾਂਦਾ ਹੈ ਤੇ ਸਾਰੇ ਕਰਮਾਂ ਤੇ ਧਰਮਾਂ ਦਾ ਮੂਲ ਪ੍ਰਭੂ ਦਾ ਨਾਮ ਸਿਮਰਨਾ ਹੀ ਨਿਚੋੜ ਹੈ। ਜਿਸ ਦੇ ਹਿਰਦੇ ਵਿਚ ਉਹ ਅਤੀ ਸੁੰਦਰ ਪ੍ਰਭੂ ਆ ਵੱਸਦਾ ਹੈ ਉਸ

ਦੇ ਅੰਦਰੋਂ ਹਉਮੈ ਦੇ ਕੰਡੇ ਦੀ ਚੋਭ ਨਾਸ, ਮਿਟ ਜਾਂਦੀ ਹੈ। ਪਰ ਸੰਗਤ ਤੋਂ ਬਿਨਾਂ ਵਿਅਕਤੀ ਕਿਵੇਂ ਹੁੰਦੇ ਹਨ, ਤਾੜਨਾ ਭਰਿਆ ਫ਼ੁਰਮਾਨ ਹੈ :

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥
ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ॥ (ਅੰਗ ੪੨੬)

ਇਹ ਹਉਮੈ ਵਾਲੀ ਬਿਰਤੀ ਤੇ ਰੜਕ ਕਠੋਰ ਚਿਤ ਉਨ੍ਹਾਂ ਦੇ ਅੰਦਰ ਹੁੰਦੀ ਹੈ ਜੋ ਕਿ ਵਿਸ਼ੇ ਵਿਕਾਰਾਂ ਵਿਚ ਫਸੇ ਹੁੰਦੇ ਹਨ ਤੇ ਆਪਣੀ ਹਉਮੈ ਦਾ ਜ਼ੋਰ ਹੁੰਦਾ ਹੈ। ਫ਼ੁਰਮਾਨ ਹੈ :

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ॥
(ਅੰਗ ੫੮੯)

ਸਤਿਗੁਰੂ ਜੀ ਦੀ ਕ੍ਰਿਪਾ ਨਾਲ ਗੁਰਮੁਖਾਂ ਦੇ ਅੰਦਰੋਂ ਪੰਜਾਂ ਵਿਕਾਰਾਂ ਦੀ ਲੜਾਈ ਮਿਟ ਜਾਂਦੀ ਹੈ। **ਝ** ਅੱਖਰ ਦੇ ਉਪਦੇਸ਼ ਦੁਆਰਾ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਗੁਰਮੁਖਾਂ ਨੂੰ ਗੁਰੂ ਅੱਖ ਝਮਕਣ ਜਿੰਨੇ ਸਮੇਂ ਵਿਚ ਹੀ ਆਤਮਿਕ ਅਨੰਦ ਦੀ ਝਲਕ ਦਿਖਾ ਦਿੰਦਾ ਹੈ ਜੋ ਕਿ ਗੁਰੂ ਦੀ ਸ਼ਰਨ ਵਿਚ ਜਾ ਕੇ ਹਉਮੈ ਦੂਰ ਕਰ ਲੈਂਦੇ ਹਨ।

ਦਖਣੀ ਓਅੰਕਾਰ ਬਾਣੀ ਅੰਗ ੯੩੬ ਵਿਖੇ ਅੰਕ ੪੭ ਰਾਹੀਂ **ਝ** ਅੱਖਰ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਉਹ ਪਰਮੇਸ਼ਰ ਅਤੀ ਸੁੰਦਰ ਹੈ ਤੇ ਉਸ ਦੇ ਬਰਾਬਰ ਕੋਈ ਦੁਨੀਆਂ ਦਾ ਪਾਤਸ਼ਾਹ ਨਹੀਂ ਹੈ। ਫ਼ੁਰਮਾਨ ਵੀ ਹਨ :

ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ॥ (ਅੰਗ ੬੯੩)
ਰਾਜਾਨ ਰਾਜ॥ ਭਾਨਾਨ ਭਾਨ॥
ਦੇਵਾਨ ਦੇਵ॥ ਉਪਮਾ ਮਹਾਨ॥ ੮੯॥ (ਜਾਪੁ ਸਾਹਿਬ)

ਜਿਸ ਤਰ੍ਹਾਂ ਸੱਪਾਂ ਦੀ ਜ਼ਹਿਰ ਨੂੰ ਉਤਾਰਨ ਵਾਲਾ ਗਾਰੁੜੀ ਮੰਤਰ ਹੁੰਦਾ ਹੈ ਇਸੇ ਤਰ੍ਹਾਂ ਮਨ ਨੂੰ ਵਸ ਕਰਨ ਲਈ ਗੁਰ ਸ਼ਬਦ ਰੂਪ ਮੰਤਰ ਸੁਣੋ, ਤਾਂ ਪ੍ਰਭੂ ਹਿਰਦੇ ਵਿਚ ਆ ਵਸੇਗਾ। ਪਰ ਇਹ ਗੁਰੂ ਸਾਹਿਬਾਂ ਦੀ ਕ੍ਰਿਪਾ ਦੁਆਰਾ ਹੀ ਸੰਭਵ ਹੈ, ਕੋਈ ਕਿਸੇ ਭਰਮ ਭੁਲੇਖੇ ਵਿਚ ਨਾ ਰਹੇ। ਫ਼ੁਰਮਾਨ ਹੈ :

ਜੇ ਸਚੁ ਦੇਇ ਤ ਪਾਏ ਕੋਈ॥ ਗੁਰਪਰਸਾਦੀ ਪਰਗਟੁ ਹੋਈ॥
(ਅੰਗ ੧੦੯੨)

ਓਹੀ ਸੱਚਾ ਸ਼ਾਹੂਕਾਰ ਧਨਾਢ ਹੈ ਜਿਸ ਕੋਲ ਪ੍ਰਭੂ ਦਾ ਨਾਮ ਰੂਪੀ ਧਨ ਹੈ। ਜਿਸ ਗੁਰਮੁਖ ਨੂੰ ਮੁਖੀ ਗੁਰੂ ਦੀ ਰਾਹੀਂ ਪੂਰਨ ਬ੍ਰਹਮ ਗਿਆਨ ਪ੍ਰਾਪਤ ਹੋਇਆ ਉਹ ਧੰਨ ਹੈ। ਫ਼ੁਰਮਾਨ ਹੈ :

ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ॥ (ਅੰਗ ੧੧੫੬)

ਜਿਸ ਕਿਸੇ ਨੇ ਪ੍ਰਭੂ ਨੂੰ ਪਾਇਆ ਹੈ ਤਾਂ ਪ੍ਰਭੂ ਜੀ ਦੀ ਸੁੰਦਰ ਬਾਣੀ ਦੀ ਵਿਚਾਰ ਕਰਕੇ

ਹੀ ਪ੍ਰਾਪਤੀ ਹੋਈ ਹੈ ਤੇ ਦੁੱਖ ਕੱਟੇ ਜਾਂਦੇ ਨੇ ਤੇ ਉਸ ਮਹਾਤਮਾ ਰੂਪੀ ਨਾਰੀ ਨੂੰ ਪਤੀ ਪਰਮੇਸ਼ਰ ਦਾ ਵਰ ਪ੍ਰਾਪਤ ਹੁੰਦਾ ਹੈ। ਇਸ ਸੁੰਦਰ ਬਾਣੀ ਦਾ ਪਿਆਰ ਫਿਰ ਬਣਿਆ ਹੀ ਰਹਿੰਦਾ ਹੈ। ਫੁਰਮਾਨ ਹੈ :

ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥ (ਅੰਗ ੪੨੭)

ਭਗਤ ਸ੍ਰੀ ਕਬੀਰ ਜੀ ਦੀ ਬਾਣੀ ਵਿਚ ਙ ਅੱਖਰ ਦਾ ਉਪਦੇਸ਼ ਦਰਜ ਨਹੀਂ ਹੈ।

ਭਾਵੇਂ ਬਹੁਤ ਹੀ ਘੱਟ ਸ਼ਬਦ ਙ ਅੱਖਰ ਨਾਲ ਸ਼ੁਰੂ ਹੁੰਦੇ ਨੇ, ਪਰ ਸਤਿਗੁਰੂ ਜੀ ਨੇ ਇਸ ਦੀ ਬਹੁਤ ਹੀ ਜ਼ਰੂਰਤ ਮਹਿਸੂਸ ਕਰਕੇ ਇਸ ਙਾੜੇ ਦੀ ਧੁਨੀ ਦੀ ਲੋੜ ਭਾਸ ਕੇ ਇਸ ਨੂੰ ਗੁਰਮੁਖੀ ਵਿਚ ਸ਼ਾਮਲ ਕੀਤਾ ਹੈ, ਕਿਉਂਕਿ ਙ ਅੱਖਰ ਸੰਸਕ੍ਰਿਤ ਵਿਚ ਨਹੀਂ ਹੈ ਸੀ। ਸਤਿਗੁਰੂ ਜੀ ਨੇ ਇਸ ਙ ਅੱਖਰ ਨੂੰ ਬਹੁਤ ਵਡਿਆਈ ਬਖ਼ਸ਼ੀ ਹੈ ਕਿ ਇਹ (ਊਙਾ) ਓ ਅੱਖਰ ਵਿਚ ਵੀ ਬੋਲਦਾ ਹੈ। ਭਾਵੇਂ ਸੰਸਕ੍ਰਿਤ ਵਿਚ ਵੀ ਓ ਓਮ ਓਨਮ ਜਾਂ ਔਮ ਦੀ ਤਰ੍ਹਾਂ ਹੈ, ਪਰ ਸਤਿਗੁਰੂ ਜੀ ਨੇ ਇਸ ਦੀ ਙਾ ਧੁਨੀ ਓ ਨਾਲ ਜੋੜ ਕੇ ਸਾਰੀ ਪੈਂਤੀ ਦਾ ਮੰਗਲ ਰੂਪ ਰਚ ਦੇਣਾ ਕੀਤਾ ਹੈ। ਇਸ ਅਲੰਕਾਰ ਨਾਲ ਬਹੁਤ ਹੀ ਵਡਿਆਈ ਹੋ ਆਉਂਦੀ ਹੈ।

ਙ ਅੱਖਰ ਬਹੁਤ ਸਾਰੇ ਅੱਖਰਾਂ ਦੇ ਨਾਲ ਲੱਗ ਕੇ ਸ਼ਬਦ ਬਣਾਉਂਦਾ ਹੈ :

ਙਾੜਾ ਙਾੜਿ (ਗੜਿ)

ਆਙ, ਸਾਙ, ਹਾਙ, ਚਾਙ, ਝਾਙ, ਠਾਙ, ਦਾਙ, ਧਾਙ, ਨਾਙ, ਪਾਙ, ਫਾਙ, ਭਾਙ, ਗਾਙ, ਹੋਙਾ, ਖੋਙਾ, ਘੋਙਾ, ਛੋਙਾ, ਜੋਙਾ, ਤੋਙਾ, ਥੋਙ੍ਹਾ, ਫੋਙਾ, ਬੋਙਾ, ਮੋਙਾ, ਰੋਙਾ, ਲੋਙ, ਕੁਙ, ਕੁਙ, ਜੁਙ, ਪੁਙ, ਬੁਙ, ਮੁਙ, ਕਙੀ, ਗਙੀ, ਘਙੀ, ਜਙੀ, ਝਙੀ ਤੇ ਮਙੀ ਆਦਿ ਕੁਝ ਙ ਅੱਖਰ ਨਾਲ ਜੁੜਵੇਂ ਅੱਖਰ ਲਿਖੇ ਹਨ। ਅਉਕੜ ਦੁਲੈਂਕੜ ਦੁਆਰਾ ਹੋਰ ਸ਼ਬਦ ਵੀ ਹਨ।

ਹ

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥ ੩੪ ॥

(ਅੰਗ ੪੩੪)

ਪੈਂਤੀ ਵਿਚ ਸ ਅੱਖਰ ਤੋਂ ਬਾਅਦ ਵਿਚ ਤੇ ਕ ਅੱਖਰ ਤੋਂ ਪਹਿਲਾਂ ਹ ਅੱਖਰ ਆਉਂਦਾ ਹੈ। ਪਹਿਲਾਂ ਦੇਖਦੇ ਹਾਂ ਕਿ ਹ ਅੱਖਰ ਕਿਸ ਤਰ੍ਹਾਂ ਲਿਖਿਆ ਜਾਂਦਾ ਹੈ। ਜੇ ਆਪਾਂ ਰ ਅੱਖਰ ਲਿਖਣਾ ਸ਼ੁਰੂ ਕਰੀਏ, ਪਰ ਉਸ ਨੂੰ ਅਖੀਰ ਤੇ ਸੱਜੇ ਪਾਸੇ ਨੂੰ ਆਉਂਦੀ ਲਕੀਰ ਨੂੰ ਨਾਲ ਨਾ ਜੋੜੀਏ ਭਾਵ ਬੰਦ ਨਾ ਕਰੀਏ ਤਾਂ ਹ ਅੱਖਰ ਲਿਖ ਹੋ ਜਾਂਦਾ ਹੈ। ਹ ਪਹਿਲੇ ਵਰਗ ਦਾ

ਪੰਜਵਾਂ ਅੱਖਰ ਹੈ, ਭਾਵ ਪਹਿਲੀ ਟੋਲੀ ਦਾ ਪੰਜਵਾਂ ਅੱਖਰ।। ਜਦੋਂ ਹ ਬੋਲਦੇ ਹਾਂ ਤਾਂ ਬਹੁਤੇ ਬਾਕੀ ਅੱਖਰਾਂ ਵਾਂਗ ਇਸ ਨਾਲ ਭੀ ਕੰਨਾ ਆਵਾਜ਼ ਦਿੰਦਾ ਹੈ, ਪਰ ਜਦੋਂ ਹ ਦੇ ਨਾਲ ਕੰਨਾ ਜੋੜ ਕੇ ਬੋਲਦੇ ਹਾਂ ਤੇ ਜੇ ਦੋ ਵਾਰੀ ਦੂਹਰਾ ਦੇਈਏ ਤਾਂ ਹਾਸੇ ਦਾ ਪ੍ਰਤੀਕ ਹੁੰਦਾ ਹੈ - ਹਾ ਹਾ। ਇਹੋ ਹੀ ਆਵਾਜ਼ ਦੇ ਥੋੜ੍ਹਾ ਮੂੰਹ ਘੱਟ ਖੋਲ੍ਹ ਕੇ ਬੋਲੀਏ ਤਾਂ ਇਹ ਇਹ ਇਸ ਤਰ੍ਹਾਂ ਪ੍ਰਤੀਤ ਹੁੰਦੀ ਹੈ ਹਾ ਹਾ ਓ ਹੋ ਕਿ ਇਹ ਕੀ ਹੋ ਗਿਆ ਹੈ? ਸਵਾਲੀਆ ਚਿੰਨ੍ਹ ਦੇ ਨਾਲ ਨਾਲ ਇਹ ਸੋਗ ਦਾ ਪ੍ਰਤੀਕ ਭੀ ਬਣ ਜਾਂਦਾ ਹੈ।

ਸਤਿਗੁਰੂ ਜੀ ਨੇ ਵੀ ਇਸ ਨੂੰ ਹੈਰਾਨੀ ਤੇ ਬੇਨਤੀ ਰੂਪ ਵਿਚ ਵਰਤਿਆ ਹੈ। ਫੁਰਮਾਨ ਹੈ :

ਹਾ ਹਾ ਪ੍ਰਭ ਰਾਖਿ ਲੇਹੁ॥
ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ॥

(ਅੰਗ ੬੭੫)

ਪਟੀ ਲਿਖੀ ਬਾਣੀ ਅੰਗ ੪੩੪ ਵਿਖੇ ਅੰਕ ੩੪ ਰਾਹੀਂ **ਹਾਹੇ** ਅੱਖਰ ਦਾ ਉਪਦੇਸ਼ ਪਾਂਧੇ ਤਾਂਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਬਖ਼ਸ਼ਿਸ਼ ਕਰਦੇ ਹਨ ਕਿ ਨਿਸਚੇ ਕਰਕੇ ਜਾਣਨਾ ਕਰੋ ਕਿ ਹੋਰ ਕੋਈ ਅਕਾਲ ਪੁਰਖ ਤੋਂ ਸਿਵਾਏ ਦਾਤਾਂ ਦੇਣ ਵਾਲਾ ਨਹੀਂ ਹੈ। ਉਸ ਨੇ ਹੀ ਸ੍ਰਿਸ਼ਟੀ ਦੇ ਸਾਰੇ ਜੀਵ ਪੈਦਾ ਕਰਕੇ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਪ੍ਰਬੰਧ ਕੀਤਾ ਹੋਇਆ ਹੈ। ਫੁਰਮਾਨ ਹੈ :

ਜਲ ਮਹਿ ਜੰਤ ਉਪਾਇਅਨੁ ਤਿਨਾ ਭੀ ਰੋਜੀ ਦੇਇ॥ (ਅੰਗ ੯੫੫)

ਉਸ ਪ੍ਰਭੂ ਦਾ ਨਾਮ ਸਦਾ ਹੀ ਧਿਆਉਣਾ ਕਰੋ ਤਾਂ ਹੀ ਪ੍ਰਭੂ ਦੇ ਵਿਚ ਹੀ ਸਮਾਈ ਹੋ ਜਾਵੇਗੀ। ਇਹ ਹੀ ਲਾਭ ਲਾਹੇ ਵਾਲਾ ਕੰਮ ਹੈ ਤੇ ਦਿਨ-ਰਾਤ ਇਸ ਵਿਚ ਜੁੱਟੇ ਰਹੋ।

ਬਾਣੀ ਪਟੀ ਅੰਗ ੪੩੫ ਵਿਖੇ ਅੰਕ ੧੬ ਰਾਹੀਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ **ਹਾਹੇ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਜੇ ਤੂੰ ਪ੍ਰਭੂ ਜੀ ਦੀ ਸਿਫਤ-ਸਾਲਾਹ ਕਥਾ ਕਰਨੀ ਸਿੱਖ ਲਵੇਂ ਤਾਂ ਸਦਾ ਸੁਖ ਹੋਵੇਗਾ। ਫੁਰਮਾਨ ਹੈ :

ਸਭ ਤੇ ਊਤਮ ਹਰਿ ਕੀ ਕਥਾ॥ ਨਾਮ ਸੁਨਤ ਦਰਦ ਦੁਖ ਲਥਾ॥

(ਅੰਗ ੨੬੫)

ਮਨਮੁਖਤਾਈ ਦੀਆਂ ਪੜ੍ਹਾਈਆਂ ਕੰਮ ਨਹੀਂ ਆਉਂਦੀਆਂ, ਸਗੋਂ ਤਕਲੀਫ ਹੁੰਦੀ ਰਹਿੰਦੀ ਹੈ। ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਤੋਂ ਬਿਨਾਂ ਖਲਾਸੀ ਨਹੀਂ ਹੁੰਦੀ। ਫੁਰਮਾਨ ਵੀ ਹੈ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਅੰਗ ੪੬੭)

ਬਾਣੀ ਗਉੜੀ ਬਾਵਨ ਅਖਰੀ ਅੰਗ ੨੬੦ ਅੰਕ ੫੧ ਰਾਹੀਂ ਉਪਦੇਸ਼ ਹੈ ਜੋ ਕਿ ਅੱਖਰ ਹ ਪ੍ਰਤੀ ਉਚਾਰਿਆ ਪ੍ਰਤੀਤ ਹੁੰਦਾ ਹੈ, ਬੋਲ ਕੇ ਤਾਂ ਹ ਵਿਚ ਨਹੀਂ ਦਰਸਾਇਆ ਗਿਆ, ਪਰ ਮਹਿਸੂਸ ਇਸੇ ਤਰ੍ਹਾਂ ਹੀ ਹੁੰਦਾ ਹੈ, ਇੱਥੇ ਇਸ ਦਾ ਵਿਚਾਰ ਲਿਖਿਆ ਜਾਂਦਾ ਹੈ। ਸਤਿਗੁਰੂ ਜੀ ਦੀ ਮਹਿਮਾ, ਵਡਿਆਈ ਉਹ ਆਪ ਹੀ ਜਾਣਦੇ ਹਨ ਕੋਈ ਦਾਅਵਾ ਨਹੀਂ ਹੈ ਜੀ। ਪਹਿਲਾਂ ਸਲੋਕ ਵਿਚ ਫ਼ੁਰਮਾਉਂਦੇ ਹਨ ਕਿ ਮੂੰਹ ਨਾਲ ਵਾਹਿਗੁਰੂ ਵਾਹਿਗੁਰੂ ਆਖੋ, ਪਰ ਜੋ ਮਨ ਵਿਚ ਵੀ ਵਸਾਉਂਦੇ ਹਨ ਫਿਰ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸਾਰਿਆਂ ਵਿਚ ਪ੍ਰਭੂ ਜੀ ਵਿਆਪਕ ਹਨ ਹਰੇਕ ਥਾਂ ਵਿਖੇ।

ਅੱਗੇ ਪਉੜੀ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਵਿਚਾਰ ਰੂਪੀ ਦ੍ਰਿਸ਼ਟੀ ਨਾਲ ਦੇਖਣਾ ਕਰੋ ਕਿ ਉਹ ਪ੍ਰਭੂ ਸਾਰਿਆਂ ਘਟਾਂ ਵਿਚ ਵਿਆਪਕ ਹੈ। ਇਹ ਅਨੁਭਵ ਕਰਨਾ ਪੈਂਦਾ ਹੈ ਕਿ ਨਿਰੰਕਾਰ ਦੀ ਜੋਤ ਸਾਰਿਆਂ ਵਿਚ ਹੈ। ਐਸਾ ਸਮਝਣ ਨਾਲ ਸਭ ਦੇ ਨਾਲ ਸਾਡੀ ਈਰਖਾ ਘੱਟਣ ਲੱਗ ਜਾਂਦੀ ਹੈ। ਉਹ ਪ੍ਰਭੂ ਸਦਾ ਹੀ ਹੋਂਦ ਵਾਲਾ ਚੱਲਿਆ ਆ ਰਿਹਾ ਹੈ ਤੇ ਅਗਾਂਹ ਨੂੰ ਵੀ ਸਦਾ ਹੋਵੇਗਾ। ਪ੍ਰਭੂ ਦਾ ਗਿਆਨ ਜੀਵਾਂ ਦੇ ਦੁੱਖ ਖਤਮ ਕਰਨ ਵਾਲਾ ਹੈ। ਫ਼ੁਰਮਾਨ ਹੈ :

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ (ਅੰਗ ੬)

ਜਿਸ ਪੁਰਸ਼ ਦੇ ਅੰਦਰੋਂ ਹੰਗਤਾ ਮਿਟ ਜਾਵੇ ਤਾਂ ਅਨੰਦ ਬਣ ਆਉਂਦਾ ਹੈ। ਜਿੱਥੇ ਹਉ ਮਿਟ ਜਾਂਦੀ ਹੈ ਉਥੇ ਪ੍ਰਭੂ ਜੀ ਆਪ ਹੀ ਹੁੰਦੇ ਨੇ। ਸੰਤਾਂ ਦੇ ਪ੍ਰਤਾਪ ਕਰਕੇ ਜਨਮ ਮਰਨ ਦੇ ਦੁੱਖ ਦੂਰ ਹੁੰਦੇ ਨੇ ਭਾਵ ਸਾਧਸੰਗਤ ਵਿਚ ਨਾਮ ਪ੍ਰਪੱਕ ਕਰਨ ਪ੍ਰੇਮ ਨਾਲ ਨਾਮ ਜੱਪਣ ਨਾਲ ਪ੍ਰਭੂ ਜੀ ਦਇਆਲ ਹੁੰਦੇ ਹਨ। ਫ਼ੁਰਮਾਨ ਹਨ :

ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ॥ (ਅੰਗ ੮੧੩)

ਸਾਧਸੰਗਤਿ ਨਿਧਿ ਹਰਿ ਕੋ ਨਾਮ॥ ਸੰਗਿ ਸਹਾਈ ਜੀਅ ਕੈ ਕਾਮ॥

(ਅੰਗ ੧੩੦੦)

ਪਰਮੇਸ਼ਰ ਦੀ ਸ਼ਕਤੀ ਤੋਂ ਬਾਹਰ ਅੱਜ ਤੱਕ ਕਿਸੇ ਨੇ ਵੀ ਕੁਝ ਨਹੀਂ ਕੀਤਾ, ਸਭ ਕੁਝ ਉਸ ਵਾਹਿਗੁਰੂ ਤੋਂ ਹੀ ਹੋ ਰਿਹਾ ਹੈ।

ਬਾਣੀ ਦਖਣੀ ਓਅੰਕਾਰ ਅੰਗ ੯੩੭ ਵਿਖੇ ਅੰਕ ੫੧ ਰਾਹੀਂ **ਹਾਹੇ** ਅੱਖਰ ਦਾ ਉਪਦੇਸ਼ ਦਰਜ ਕੀਤਾ ਪ੍ਰਤੀਤ ਹੁੰਦਾ ਹੈ। ਸਤਿਗੁਰੂ ਜੀ ਦੀ ਆਪਣੀ ਮੌਜ ਹੈ ਕਿ ਹਾਹਾ ਬੋਲ ਕੇ ਨਹੀਂ ਦਰਸਾਇਆ ਗਿਆ, ਕਿਉਂਕਿ ਮਹਿਸੂਸ ਐਸੇ ਹੀ ਹੁੰਦਾ ਹੈ। ਇਸ ਲਈ ਇੱਥੇ ਇਸ

ਉਪਦੇਸ਼ ਦੀ ਵੀਚਾਰ ਕੀਤੀ ਜਾ ਰਹੀ ਹੈ, ਕੋਈ ਦਾਅਵਾ ਨਹੀਂ ਹੈ ਜੀ, ਸਤਿਗੁਰੂ ਜੀ ਜਾਣਦੇ ਹਨ। ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਹੇ ਸਹੇਲੀਏ ! ਮੈਨੂੰ ਦੇਖ ਕੇ ਬਹੁਤ ਅਚੰਭਾ ਤੇ ਹੈਰਾਨਗੀ ਹੋ ਰਹੀ ਹੈ ਕਿ ਸ੍ਰਿਸ਼ਟੀ ਪਦਾਰਥਾਂ ਤੇ ਸਬੰਧੀਆਂ ਨੂੰ ਵਿਦਾਇਗੀ ਦੇ ਕੇ ਮੌਤ ਦੇ ਵਸ ਪੈ ਰਹੀ ਹੈ ਪਰ ਪਹਿਲਾਂ ਉਨ੍ਹਾਂ ਨੂੰ ਇਹ ਸੁੱਝਦਾ ਹੀ ਨਹੀਂ ਕਿ ਉਨ੍ਹਾਂ ਨੇ ਵੀ ਮਰਨਾ ਹੈ। ਇਹ ਠਾਠ-ਬਾਠ ਅਡੰਬਰ ਤਾਂ ਫ਼ਜ਼ੂਲ ਹੀ ਹਨ। ਫ਼ੁਰਮਾਨ ਹੈ :

ਅਧਿਕ ਬਿਥਾਰੁ ਕਰਉ ਕਿਸੁ ਕਾਮਿ॥ (ਅੰਗ ੧੫੩)

ਹਉਮੈ ਵਿਚ ਮੈਂ-ਮੈਂ ਕਰਦੀ ਦੁਨੀਆਂ ਜਾ ਰਹੀ ਹੈ ਜੇ ਸ਼ਬਦ ਉਪਦੇਸ਼ ਨੂੰ ਗ੍ਰਹਿਣ ਕਰੇ ਤਾਂ ਹਿਰਦੇ ਵਿਚ ਸਰੂਪ ਦਾ ਗਿਆਨ ਹੁੰਦਾ ਹੈ। ਬਹੁਤ ਸੋਹਣੇ ਗਹਿਣੇ ਸੋਨੇ ਤੇ ਹੀਰੇ ਜੜਤ ਰੇਸ਼ਮ ਦੀ ਡੋਰ ਵਿਚ ਪਰੋਏ ਹੋਏ ਪਾ ਕੇ ਗਿਆਨ ਵਿਹੂਣੀ ਸ੍ਰਿਸ਼ਟੀ ਥੱਕ ਗਈ ਹੈ। ਜਿਨ੍ਹਾਂ ਵਡਭਾਗੀਆਂ ਕੋਲ ਸਤ ਸੰਤੋਖ, ਦਇਆ, ਧਰਮ, ਧੀਰਜ ਆਦਿ ਗੁਣ ਕੋਲ ਹਨ ਉਨ੍ਹਾਂ ਨੇ ਮਾਨੋ ਇਨ੍ਹਾਂ ਗੁਣਾਂ ਸਹਿਤ ਹਾਰ ਪ੍ਰੋ ਕੇ ਗਲ ਵਿਚ ਪਾਉਣਾ ਕੀਤਾ ਹੈ ਤੇ ਪਿਆਰੇ ਸਤਿਗੁਰਾਂ ਨੂੰ ਮਿਲ ਕੇ ਸੁਖ ਪ੍ਰਾਪਤ ਕੀਤਾ ਹੈ। ਪਰਮੇਸ਼ਰ ਨਾਲ ਮਨ ਬਾਣੀ ਕਰਕੇ ਪ੍ਰੀਤੀ ਕਰਨ ਤੇ ਗੁਰਮੁਖਾਂ ਦੀ ਸੰਗਤ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ। ਮਨ ਵਿਚ ਵਿਚਾਰ ਕਰਕੇ ਦੇਖ ਲਵੋ ਪ੍ਰਭੂ ਦੀ ਬਖ਼ਸ਼ਿਸ਼, ਨੇੜਤਾ, ਪ੍ਰਾਪਤੀ ਤੋਂ ਬਿਨਾਂ ਕਿਸੇ ਨੂੰ ਸੁਖ ਨਹੀਂ ਮਿਲਦਾ। ਫ਼ੁਰਮਾਨ ਹੈ :

ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭ ਕੋਇ॥ (ਅੰਗ ੪੯੦)

ਪ੍ਰਭੂ ਨਾਲ ਪ੍ਰੀਤੀ ਕਰਕੇ ਨਾਮ ਜਪੇ, ਕੋਈ ਗੱਲ ਸਮਝ ਨਾ ਆਵੇ ਤਾਂ ਗੁਰੂ ਸਾਹਿਬ, ਸੰਤਾਂ, ਗੁਰਮੁਖਾਂ ਪਾਸੋਂ ਪੁੱਛਣਾ ਕਰਕੇ ਸਮਝੇ ਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੇ ਤੇ ਉਸੇ ਦਾ ਹੀ ਆਸਰਾ ਧਾਰਨ ਕਰੀਏ, ਆਪਣੀ ਜ਼ਿੰਦਗੀ ਵਿਚ, ਇਸ ਫ਼ੁਰਮਾਨ ਨੂੰ ਸਮਝ ਕੇ ਪ੍ਰਭੂ ਨਾਲ ਅਪਣਤ ਬਣਾਈਐ, ਜਿਵੇਂ ਛੋਟਾ ਬੱਚਾ ਮਾਤਾ ਨਾਲ ਤੇ ਮਾਤਾ ਦਾ ਸਹਾਰਾ ਲੈਂਦਾ ਹੈ।

ਬਾਣੀ ਬਾਵਨ ਅਖਰੀ ਅੰਗ ੩੪੨ ਵਿਖੇ ਅੰਕ ੪੨ ਰਾਹੀਂ ਭਗਤ ਸ੍ਰੀ ਕਬੀਰ ਜੀ **ਹਾਹੇ** ਅੱਖਰ ਦਾ ਉਪਦੇਸ਼ ਫ਼ੁਰਮਾਉਂਦੇ ਹਨ ਕਿ ਇਹ ਜੀਵ ਉਸ ਪ੍ਰਭੂ ਵਿਚ ਮਿਲ ਕੇ ਬ੍ਰਹਮ ਰੂਪ ਹੋ ਸਕਦਾ ਸੀ ਪਰ ਇਸ ਨੇ ਹੋਣਾ ਨਹੀਂ ਜਾਣਿਆ। ਜਦੋਂ ਜੀਵ ਨੂੰ ਪ੍ਰਭੂ ਹਸਤੀ ਦਾ ਨਿਸਚਾ ਹੋ ਜਾਂਦਾ ਹੈ ਤਾਂ ਇਸ ਦਾ ਮਨ ਪ੍ਰਭੂ ਵਿਚ ਪਤੀਜ ਜਾਂਦਾ ਹੈ। ਇਹ ਜੀਵ ਹੈ ਤਾਂ ਪ੍ਰਭੂ ਦਾ ਹੀ ਰੂਪ, ਪ੍ਰੰਤੂ ਗੁਰਾਂ ਦੁਆਰਾ ਜਾਨਣਾ ਕਰੇ ਤਾਂ ਉਹ ਬ੍ਰਹਮ ਹੀ ਰਹਿ ਜਾਂਦਾ ਹੈ ਤੇ ਇਹ ਜੀਵ ਵੱਖਰੀ ਹਸਤੀ ਵਾਲਾ ਨਹੀਂ ਰਹਿ ਜਾਂਦਾ। ਫ਼ੁਰਮਾਨ ਹੈ :

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥

ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ (ਅੰਗ ੧੩੭੫)

ਹੁਣ **ਹ** ਅੱਖਰ ਨਾਲ ਸ਼ੁਰੂ ਹੁੰਦੇ ਕੁਝ ਕੁ ਸ਼ਬਦ ਲਿਖੇ ਜਾ ਰਹੇ ਹਨ :

ਹਰਿਮੰਦਰ ਸਾਹਿਬ, ਹੱਥ, ਹਉਕਾ, ਹਉਮੈ, ਹੱਸਣਾ, ਹਸਤੀ, ਹੱਸਮੁਖ, ਹਿਸਾਬ, ਹੱਕ, ਹੱਕਦਾਰ, ਹੰਕਾਰ, ਹਕੀਕਤ, ਹਕੂਮਤ, ਹੰਗਾਮਾ, ਹਜ਼ਮ ਕਰਨਾ, ਹਜ਼ਾਰ, ਹਜ਼ੂਰ, ਹੰਝੂ, ਹੱਟ, ਹੱਠ, ਹੱਡ, ਹੰਢਣਹਾਰ, ਹੱਤਕ, ਹੱਤਿਆ, ਹੱਥਕੜੀ, ਹਥਿਆਰ, ਹੱਦ, ਹਦਵਾਣਾ, ਹਨੇਰ, ਹਫਤਾ, ਹੰਭਲਾ, ਹਮਸਫਰ, ਹਮਲਾ, ਹਮੇਸ਼ਾ, ਹਰੇਕ, ਹਰਕਤ, ਹਰਜ਼ਾਨਾ, ਹਰਨ, ਹਰਦਮ, ਹਰਾਮ, ਹਰਿਆਵਲੀ, ਹਰੀ ਝੰਡੀ, ਹਲਕਾਉਣਾ, ਹਲਫੀਆ ਬਿਆਨ, ਹਲ, ਹਲਟ, ਹਵਾ, ਹਵਾਈ, ਹਵਾਲਦਾਰ, ਹਵਾਲਾ, ਹਵੇਲੀ, ਹੜਤਾਲ, ਹੜ੍ਹ, ਹਾਏ, ਹਾਂ, ਹਾਸ ਰਸ, ਹਾਸਲ, ਹਾਸ਼ੀਆ, ਹਾਹਾਕਾਰ, ਹਾਕ ਮਾਰਨੀ, ਹਾਜਮਾ, ਹਾਜ਼ਰ, ਹਾਣੀ, ਹਾਦਸਾ, ਹਾਮੀ, ਹਾਰ, ਹਾਲ, ਹਾਲਾਤ, ਹੁਲੀਆ, ਹੂੰਗਣਾ, ਹੂੰਝਣਾ, ਹੇਕ, ਹੇਠ, ਹੁਸ਼ਿਆਰ, ਹੈਰਾਨ, ਹੋਸ਼, ਹੋਕਾ ਦੇਣਾ, ਹੇਮਕੁੰਡ ਸਾਹਿਬ, ਹੌਸਲਾ, ਹੋਲੀ, ਹੋਲੀ, ਹੋਲਾ-ਮਹੱਲਾ, ਹੋਛਾ, ਹੇਰਾ-ਫੇਰੀ, ਹੂਕ, ਹੁਨਰ, ਹੁੱਬ, ਹੁੰਗਾਰਾ, ਹੁਕਮ, ਹੁਸਨ, ਹੀਲਾ, ਹਿਲਾਉਣਾ, ਹਿਮਾਲੀਆ, ਹਿਮਾਇਤ, ਹਿੰਮਤ, ਹਿੰਦੀ, ਹਿਚਕੀ, ਹਿੱਸਾ, ਹਿੱਕ, ਹਾਰਨਾ, ਹਾਮੀ ਭਰਨਾ, ਹਾਨੀ, ਹਾਥੀ, ਹਸ਼ਰ, ਹਸਤਾਖਰ, ਹਕੂਮਤ, ਹਕੀਮ, ਹਜੂਮ, ਹੱਥ ਲਿਖਤ, ਹੱਦਬੰਦੀ, ਹਥਿਆਉਣਾ, ਹੜੱਪਣਾ, ਹੰਭਲਾ ਮਾਰਨਾ, ਹਰਖ, ਹਮਦਰਦ, ਹਰਟ, ਹਿੰਸਾ, ਹਲਵਾ, ਹੱਲਾ, ਹਲਾਕ, ਹੜ੍ਹ, ਹਿੱਸੇਦਾਰ, ਹਿਤੈਸ਼ੀ, ਹਦਾਇਤ, ਹਿਮ, ਹਿੰਮਤੀ, ਹਿਮਾਲਾ, ਹੁਸ਼ਿਆਰ, ਹਾਲਾ, ਹੁੰਡੀ, ਹੁਕਮ, ਹੁਲਾਰਾ, ਹੇਠੀ, ਹੇਤ ਤੇ ਹੌਂਸਲਾ ਆਦਿ ਕੁਝ ਕੁ ਸ਼ਬਦ ਲਿਖੇ ਹਨ।

ਅ

ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥ ੩੫ ॥ ੧ ॥ (ਅੰਗ ੪੩੪)

ਪੈਂਤੀ ਵਿਚ ੳ ਜੋ ਪਹਿਲਾ ਅੱਖਰ ਹੈ ਉਸ ਤੋਂ ਬਾਅਦ ਵਿਚ **ਅ** ਅੱਖਰ ਦਰਜ ਹੈ, ਜੋ ੳ ਬਾਦਸ਼ਾਹ ਦੇ ਨਾਲ, ਬਾਦਸ਼ਾਹ ਦੇ ਮਗਰ ਵਜ਼ੀਰ ਦੀ ਤਰ੍ਹਾਂ ਭਾਸਦਾ ਹੈ। **ਅ** ਅੱਖਰ ਤੋਂ ਬਾਅਦ ਵਿਚ ਈੜੀ ਦਾ ਸਥਾਨ ਹੈ।

ਪਹਿਲਾਂ ਦੇਖਦੇ ਹਾਂ ਕਿ **ਅ** ਅੱਖਰ ਕਿਵੇਂ ਲਿਖਿਆ ਜਾਂਦਾ ਹੈ। **ਅ** ਅੱਖਰ ਦੀ ਬਣਤਰ ਬਹੁਤ ਵਿਲੱਖਣ ਹੈ ਤੇ ਇਹ ਬਾਕੀ 34 ਅੱਖਰਾਂ ਨਾਲ ਮਿਲਦਾ-ਜੁਲਦਾ ਨਹੀਂ, ਸਗੋਂ ਵੱਖਰੀ ਹੀ ਪਹਿਚਾਣ ਰੱਖਦਾ ਹੈ। ਪਹਿਲਾਂ ਤਾਂ ਫਰਕ ਇਹ ਹੈ ਕਿ ਬਾਕੀ ਬਹੁਤੇ ਅੱਖਰਾਂ ਦੀ ਤਰ੍ਹਾਂ

ਇਸ ਦੇ ਉੱਪਰ ਲਕੀਰ ਨਹੀਂ ਹੈ। ਇਹ ਖੱਬੇ ਪਾਸਿਉਂ ਹੇਠਾਂ ਨੂੰ ਆਉਂਦਾ ਹੈ ਪਰ ਸਾਰਾ ਪੂਰਾ ਨਹੀਂ, ਸਗੋਂ ਅੱਧ ਵਿਚੋਂ ਫੇਰ ਉੱਪਰ ਨੂੰ ਚਲਾ ਜਾਂਦ ਹੈ ਸਪਰਿੰਗ ਦੀ ਤਰ੍ਹਾਂ, ਕਿਉਂਕਿ ਉੱਪਰ ਨੂੰ ਸਿੱਧਾ ਨਹੀਂ ਜਾਂਦਾ, ਸਗੋਂ ਮਾਮੂਲੀ ਜਿਹਾ ਸਜੇ ਨੂੰ ਕਰਕੇ ਉਪਰ ਨੂੰ ਜਾ ਕੇ ਉਸੇ ਵੇਲੇ ਹੀ ਫਿਰ ਹੇਠਾਂ ਨੂੰ ਆ ਜਾਂਦਾ ਹੈ, ਇਸ ਵਾਰੀ ਤਕਰੀਬਨ ਸਾਰਾ ਹੀ ਹੇਠਾਂ ਨੂੰ ਆ ਜਾਂਦਾ ਹੈ ਤੇ ਇਥੋਂ ਫਿਰ ਪਹਿਲਾਂ ਨਾਲੋਂ ਥੋੜ੍ਹਾ ਜ਼ਿਆਦਾ ਸੱਜੇ ਨੂੰ ਉਪਰ ਨੂੰ ਜਾ ਕੇ ਤੇ ਸੱਜੇ ਪਾਸੇ ਤੇ ਹੇਠਾਂ ਨੂੰ ਆਉਂਦੀ ਲਕੀਰ ਵਿਚ ਮਿਲ ਜਾਂਦਾ ਹੈ। ਅਸੀਂ ਇਸ ਨੂੰ ਘ ਵਰਗਾ ਨਹੀਂ ਆਖ ਸਕਦੇ, ਕਿਉਂਕਿ ਬਣਤਰ ਵਿਚ ਕਾਫੀ ਫਰਕ ਹੈ। ਕਿਉਂਕਿ ਇਹ ਪਹਿਲੀ ਟੋਲੀ, ਪਹਿਲੇ ਵਰਗ ਦਾ ਦੂਜਾ ਅੱਖਰ ਹੈ। ਇਸ ਨੂੰ ਬਾਦਸ਼ਾਹ ੳ ਊੜਾ ਹੀ ਐਸਾ ਇੱਕੋ ਅੱਖਰ ਹੈ ਪੈਂਤੀ ਵਿਚ, ਜੋ ਲਕੀਰ ਤੋਂ ਉੱਪਰ ਜਾਂਦਾ ਹੈ। ਊੜਾ=ੳ ਬੋਲਦੇ ਹੀ ੜ ਵੀ ਬੋਲਿਆ ਜਾਂਦਾ ਹੈ ਜੋ ਕਿ ਆਖਰੀ ਅੱਖਰ ਹੈ। ਇਸ ਲਈ ਸਾਰੀ ਪੈਂਤੀ ਆ ਗਈ ਸੋ ੳ ਬਾਦਸ਼ਾਹ ਹੈ। **ਅ** ਅੱਖਰ ਨੂੰ ਊੜੇ ਦਾ ਵਜ਼ੀਰ ਵੀ ਆਖਿਆ ਜਾ ਸਕਦਾ ਹੈ ਫਿਰ ੲ ਈਵੜੀ ਨੂੰ ਰਾਣੀ ਆਖਿਆ ਜਾ ਸਕਦਾ ਹੈ, ਕਿਉਂਕਿ ਇਹ ਈੜੀ, ਈਵੜੀ ਇਕੱਲੀ ਹੀ ਨਾਰੀ, ਜ਼ਨਾਨਾ, ਤੀਵੀਂ ਦੀ ਆਵਾਜ਼ ਸਾਰੀ ਪੈਂਤੀ ਵਿਚ ਪ੍ਰਦਾਨ ਕਰਦੀ ਹੈ। ਇਸ **ਅ** ਅੱਖਰ ਦੇ ਨਾਲ ਮਿਲਦਾ ਕਿਸੇ ਹੋਰ ਭਾਸ਼ਾ ਦੇ ਵਿਚ ਵੀ ਦੇਖਣ ਨੂੰ ਘੱਟ ਹੀ ਮਿਲਦਾ ਹੈ। ਸੋ ਇਹ **ਅ** ਅੱਖਰ ਆਪਣੇ ਆਪ ਵਿਚ ਅਦੁੱਤੀ ਤੇ ਲਾਜਵਾਬ ਹੈ ਤੇ ਸਭ ਤੋਂ ਵੱਡੀ ਵਡਿਆਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਸ ਨੂੰ ਪਟੀ ਲਿਖੀ ਬਾਣੀ ਦੀ ਸੰਪੂਰਨਤਾ ਤੇ ਵਰਤਣਾ ਕੀਤਾ ਹੈ।

ਪਟੀ ਲਿਖੀ ਬਾਣੀ ਦੀ ਸੰਪੂਰਨਤਾ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ **ਅ** ਅੱਖਰ ਦੁਆਰਾ ਕਰਦੇ ਹਨ। ਅੰਗ ੪੩੪ ਅੰਕ ੩੫ ਤੋਂ ਬਾਅਦ ਵਿਚ ੧ ਅੰਕ ਆਉਂਦਾ ਹੈ ਡੰਡੀਆਂ ਤੋਂ ਬਾਅਦ ਵਿਚ, ਜੋ ਨਿਰਣਾ ਕਰਦਾ ਹੈ ਕਿ ਜੋ ਇਹ 35 ਅੰਕ ਹਨ ਇਕੋ ਹੀ ਬਾਣੀ ਹੈ। ਆਇੜੈ ਐੜੇ ਅੱਖਰ ਦੁਆਰਾ ਪਾਂਧੇ ਨੂੰ ਸਮਝਾਉਂਦੇ ਹਨ ਕਿ ਜਿਸ ਵਾਹਿਗੁਰੂ ਨੇ ਸਾਰੀ ਸ੍ਰਿਸ਼ਟੀ ਆਪ ਪੈਦਾ ਕੀਤੀ ਹੋਈ ਹੈ ਤੇ ਜੋ ਉਹ ਕਰਨਾ ਸਹੀ ਸਮਝਦਾ ਹੈ ਉਹ ਕਰੀ ਜਾ ਰਿਹਾ ਹੈ ਤੇ ਪਰਮਾਤਮਾ ਆਪ ਹੀ ਸਭ ਕਿਛੁ ਜੀਵਾਂ ਪਾਸੋਂ ਕਰਾਉਂਦਾ ਹੈ ਜਿਵੇਂ ਉਸ ਨੂੰ ਭਾਉਂਦਾ ਹੈ। ਐਸੇ ਫੁਰਮਾਨ ਹਨ :

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ (ਅੰਗ ੧੩੪)

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ (ਅੰਗ ੪੭੫)

ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ (ਅੰਗ ੪੬੯)

ਇੱਥੇ ਪਟੀ ਲਿਖੀ ਬਾਣੀ ਦੀ ਸੰਪੂਰਨਤਾ ਕਰਦੇ ਉਚਾਰਦੇ ਹਨ ਕਿ ਉਹ ਪ੍ਰਭੂ ਆਪ ਹੀ ਸਭ ਕੁਝ ਕਰਦਾ ਕਰਾਉਂਦਾ ਹੈ ਤੇ ਸਭ ਜਾਣਦਾ ਹੈ ਨਾਨਕ ਸ਼ਾਇਰ ਨੇ ਐਸਾ ਆਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਸ਼ਬਦ ਵਿਚ ਵੀ ਆਪਣੇ ਆਪ ਨੂੰ ਸ਼ਾਇਰ

ਆਖਿਆ ਹੈ ਤੇ ਇਵੇਂ ਹੀ ਦਸਮੇਸ਼ ਪਿਤਾ ਜੀ ਆਪਣੇ ਆਪ ਨੂੰ ਕਵੀ ਬਿਆਨਦੇ ਹਨ ਜਿਵੇਂ ਚੌਪਈ ਸਾਹਿਬ ਦਾ ਸਿਰਲੇਖ ਹੈ :

ਕਬਿਯੋ ਬਾਚ ਬੇਨਤੀ ॥ ਚੌਪਈ ॥

ਫੁਰਮਾਨ ਹੈ :

ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥
ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥ (ਅੰਗ ੬੬੦)

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਉਚਾਰੀ ਬਾਣੀ ਪਟੀ ਅ ਦੇ ਉਪਦੇਸ਼ ਤੋਂ ਹੀ ਸ਼ੁਰੂ ਹੁੰਦੀ ਹੈ ਸਤਿਗੁਰੂ ਜੀ ਅੰਗ ੪੩੪ ਵਿਖੇ ਫੁਰਮਾਉਂਦੇ ਹਨ :

ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ ॥ ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥ ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥ ੧ ॥ ਰਹਾਉ ॥

ਅਯੋ=ਅ, ੲ, ੳ (ਯੁ=ੲ+ੳ) **ਅੰਙੈ**=ਅੰ, ਅ: । **ਕਾਖੈ ਘੰਙੈ**=ਕ, ਖ,ਗ, ਘ, ਙ। ਨੋਟ : **ਅਯੋ ਅੰਙੈ ਕਾਖੈ ਘੰਙੈ**=ਇਹ ਸਿਰਫ ਅ, ੲ, ੳ, ਕ, ਖ, ਗ, ਘ, ਙ ਅੱਖਰ ਹੀ ਹਨ? ਰੀ ਰੀ ਲ ਲੀ=ਇਹ ਭੀ ਹਿੰਦੀ ਦੇ ਹੇਠ ਲਿਖੇ ਅੱਖਰ ਹਨ— ऋ ॠ ऌ ॡ (ਰਿ, ਰੀ, ਲ੍ਰਿ, ਲੀ)। **ਪੜਿ**=ਪੜ੍ਹ ਕੇ। **ਅਵਗਣ**=ਔਗੁਣ ਪੈਦਾ ਕਰਨ ਵਾਲੀਆਂ ਗੱਲਾਂ।

ਅਯੋ=ਆਇੜੇ ਦੁਆਰਾ **ਅਯੋ**=ਅ, ਇ, ਉ ਅਤੇ **ਅੰਙੈ**=ਅੰ, ਆ: ਅੱਖਰਾਂ ਦੁਆਰਾ ਕਥਨ ਕਰਦੇ ਹਨ ਵਾ: **ਸਭੁ**=ਸਾਰਾ **ਜਗੁ**=ਸੰਸਾਰ ਪਰਮੇਸ਼ਰ ਦੇ **ਅੰਙੈ**=ਅੰਗਾਂ ਤੋਂ **ਅਯੋ**= ਆਇਆ ਹੈ ਵਾ: ਸਾਰਾ ਸੰਸਾਰ ਅੰਗਾਂ ਵਾਲੇ ਸਰੀਰਾਂ ਵਿਚ ਆਇਆ ਹੋਇਆ ਹੈ। (ਅੰ ਅਤੇ ਅ: ਬਿੰਦੀ ਤੇ ਵਿਸਰਗਾਂ ਵਾਲੇ ਐੜੇ ਦੇ ਦੋ ਰੂਪਾਂ ਦਾ ਨਾਮ ਹੈ) **ਕਾਖੈ ਘੰਙੈ**=ਕ, ਖ, ਗ, ਘ, ਙ ਅੱਖਰਾਂ ਦੁਆਰਾ ਕਹਿੰਦੇ ਹਨ ਕਿ ਜੋ ਵੀ ਸੰਸਾਰ 'ਤੇ ਪੈਦਾ ਹੋਇਆ ਹੈ ਸਭ ਦਾ **ਕਾਲੁ**=ਨਾਸ਼ **ਭਇਆ**=ਹੋਇਆ ਹੈ ਵਾ: ਸਭ ਦੇ ਸਿਰ 'ਤੇ **ਕਾਲੁ**=ਮੌਤ ਮੁਕੱਰਰ ਹੈ ਅਥਵਾ ਜਿਹੜਾ ਪਰਮੇਸ਼ਰ ਸਾਰਿਆਂ ਦੇ **ਅੰਙੈ**=ਹਿਰਦਿਆਂ ਵਿਚ ਆਇਆ ਹੋਇਆ ਹੈ, ਸਾਰਾ ਸੰਸਾਰ ਉਸ ਤੋਂ ਹੀ ਆਇਆ ਹੈ, ਇਹ ਜਿਹੜਾ **ਕਾਖੈ** (ਕਾ+ਖੈ) ਖੈ=ਨਾਸ਼ ਰੂਪ ਸੰਸਾਰ ਪੈਦਾ **ਕਾ**=ਕੀਤਾ **ਭਇਆ**=ਹੋਇਆ ਹੈ, ਇਸ ਦਾ ਅੰਤ ਨੂੰ ਕਾਲ ਹੀ ਘਰ ਹੈ (**ਅਯੋ ਅੰਙੈ**=ਅ, ੲ, ਊ, ਅੰ, ਅ: ਟਾਂਕਰਿਆ ਦੀ ਮੁਹਾਰਨੀ ਪੜ੍ਹਨ ਵੇਲੇ ਇਸ ਤਰ੍ਹਾਂ ਉਚਾਰਣ ਕਰਦੇ ਹਨ, ਇਸੇ ਅਨੁਸਾਰ ਸਤਿਗੁਰੂ ਜੀ ਨੇ ਪੰਡਤਾਂ ਨੂੰ ਉਸੇ ਤਰ੍ਹਾਂ ਉਪਦੇਸ਼ ਦਿੱਤਾ ਹੈ। **ਕਾਖੈ ਘੰਙੈ**=ਕ, ਖ, ਗ, ਘ, ਙ।)

ਰੀਰੀ=ਰਿ ਰੀ ਤੇ **ਲਲੀ**=ਲ੍ਰਿ ਲ੍ਰੀ ਅੱਖਰਾਂ ਦੁਆਰਾ ਕਥਨ ਕਰਦੇ ਹਨ ਕਿ ਸੰਸਾਰ ਦੇ ਜੀਵਾਂ ਨੇ ਪਾਪ ਹੀ **ਕਮਾਣੇ**=ਕਮਾਉਣਾ ਕੀਤੇ ਹਨ ਅਤੇ **ਅਵਗਣ**=ਔਗੁਣਾਂ ਦੀ ਪੜ੍ਹਾਈ **ਪੜਿ**=ਪੜ੍ਹਨ ਕਰਕੇ **ਗੁਣ**=ਸ਼ੁਭ ਗੁਣਾਂ ਨੂੰ **ਵੀਸਰਿਆ**=ਭੁਲਾ ਹੀ ਦਿੱਤਾ ਹੈ ਅਥਵਾ ਹੇ ਜਗਿਆਸੂ ਰੂਪ **ਰੀ**=ਸਖੀਏ ! **ਰੀ**=ਇੰਦ੍ਰੀਆਂ ਦੇ ਪਾਲਣ ਵਾਸਤੇ ਜੋ **ਲਲੀ**=ਲਾਲਚ ਕਰਕੇ **ਪਾਪ**=ਗੁਨਾਹ **ਕਮਾਣੇ**=ਕਮਾਉਣਾ ਕੀਤੇ ਹਨ, ਇਸ ਨਾਲ ਮਾਨੋ **ਅਵਗਣ**=ਮੰਦੇ ਗੁਣਾਂ ਦੀ ਪੜ੍ਹਾਈ **ਪੜਿ**=ਪੜ੍ਹਨਾ ਕੀਤੀ ਤੇ ਗੁਣ **ਵੀਸਰਿਆ**=ਵਿਸਰ ਗਏ ਹਨ।

ਰੀਰੀ ਲਲੀ=ਸੰਸਕ੍ਰਿਤ ਦੇ ੪ ਸ੍ਰਰ ਹਨ—ਰਿ, ਰੀ, ਲ੍ਰਿ, ਲ੍ਰੀ, ऋ, ॠ, ऌ, ॡ

ਰੀਰੀ=ਰਿਰਿ, ਨਾਗਰੀ ਲਿਪੀ ਦੇ ਦੋ ਅਰਧ ਸ੍ਰਰ, (ਰਿ,ਰੀ) ਨਾਗਰੀ ਲਿਪੀ (ਦੇਵਨਾਗਰੀ) ਸੰਸਕ੍ਰਿਤ ਅੱਖਰਾਂ ਦੀ ਲਿਖਤ।

ਲਲੀ=ਛੋਟੀ ਲ੍ਰਿ ਅਤੇ ਵੱਡੀ ਲ੍ਰੀ ਇਹ ਦੋ ਸੰਸਕ੍ਰਿਤ ਦੇ ਸਾਂਝੀ ਸਤਰ ਦੇ ਅੱਖਰ ਹਨ।

ਜੋ ਹਿੰਦੀ ਦੇ ਅੱਖਰ ਹਨ	ਗੁਰਮੁਖੀ ਵਿਚ ਸੰਕੇਤ
ऋ=ਹਾਸੀ, ਨਿੰਦਾ	ऋ=ਰਿ
ॠ=ਰਾਖਸ, ਭਯ	ॠ=ਰੀ
ऌ=ਜ਼ਮੀਨ, ਪਰਬਤ	ऌ=ਲ੍ਰਿ
ॡ=ਦੈਂਤਾਂ ਦੀ ਮਾਂ	ॡ=ਲ੍ਰੀ

ਇਨ੍ਹਾਂ ਸਾਰੇ ਅੱਖਰਾਂ ਦਾ ਭਾਵ ਹੈ ਕਿ =ਨਿੰਦਾ ਕਰਕੇ =ਪ੍ਰਿਥਵੀ ਉਤੇ =ਭਯੰਕਰ ਪਾਪ, =ਰਾਖਸ਼ਾਂ ਦੀ ਮਾਂ ਰੂਪ ਹੋ ਕੇ **ਕਮਾਣੇ**=ਕਮਾਏ ॥੧॥

ਹੇ ਪੰਡਤ ਜੀ ! **ਮਨ**=ਹਿਰਦੇ ਵਿਚ ਚੇਤੇ ਕਰ ਕਿ **ਐਸਾ**=ਇਹੋ ਜਿਹਾ **ਲੇਖਾ**=ਹਿਸਾਬ ਕਿਤਾਬ ਲੋਕਾਂ ਨਾਲ ਠੱਗੀ ਮਾਰਨ ਵਾਲਾ ਤੂੰ ਕੀ ਪੜ੍ਹਿਆ ਹੋਇਆ ਹੈਂ ਅਤੇ ਲੜਕਿਆਂ ਨੂੰ ਪੜ੍ਹਾ ਰਿਹਾ ਹੈਂ। ਜਿਸ ਕਰਕੇ ਅੰਤ ਨੂੰ ਪ੍ਰਲੋਕ ਵਿਚ **ਲੇਖਾ**=ਹਿਸਾਬ ਕਿਤਾਬ ਦੇਣਾ ਤੇਰੇ ਸਿਰ ਉਤੇ **ਰਹਿਆ**=ਰਹਿ ਗਿਆ ਭਾਵ ਜਮਾਂ ਦੇ ਵੱਸ ਪੈ ਕੇ ਤੈਨੂੰ ਲੇਖਾ ਦੇਣਾ ਪਵੇਗਾ।

ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥
ਪਉੜੀ ॥ ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥
ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥ ੫੪ ॥
(ਅੰਗ ੨੬੧)

ਗਉੜੀ ਬਾਵਨ ਅਖਰੀ ਮਹਲਾ ੫ ਅੰਗ ੨੬੧ ਵਿਖੇ ਅੰਕ ੫੪ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਲੋਕ ਵਿਖੇ **ਅ** ਅੱਖਰ ਦਾ ਉਪਦੇਸ਼ ਫੁਰਮਾਉਂਦੇ ਹਨ ਕਿ ਹੇ ਕ੍ਰਿਪਾ ਦੇ ਖ਼ਜ਼ਾਨੇ ! ਹੇ ਦਇਆ ਦੇ ਘਰ ਪ੍ਰਭੂ ਜੀ ! ਅਸੀਂ ਤੁਹਾਡੀ ਸ਼ਰਨ ਵਿਚ ਆਏ ਹਾਂ। ਹੇ ਪਰਮੇਸ਼ਰ ! ਜਿਸ ਦੇ ਮਨ ਹਿਰਦੇ ਵਿਚ ਤੇਰੇ ਨਾਮ ਦਾ ਇਕ ਅੱਖਰ ਵੀ ਵਸ ਜਾਂਦਾ ਹੈ ਉਹ ਨਿਹਾਲ ਹੋ ਜਾਂਦਾ ਹੈ। ਉਹ ਦੁੱਖਾਂ ਤੋਂ ਰਹਿਤ ਹੋ ਕੇ ਪ੍ਰਸੰਨ ਹੋ ਜਾਂਦਾ ਹੈ। ਫੁਰਮਾਨ ਵੀ ਹੈ :

ਕਿਨਕਾ ਏਕ ਜਿਸੁ ਜੀਅ ਬਸਾਵੈ॥
ਤਾ ਕੀ ਮਹਿਮਾ ਗਨੀ ਨ ਆਵੈ॥ (ਅੰਗ ੨੬੨)

ਅੱਗੇ ਪਉੜੀ ਵਿਚ ਉਪਦੇਸ਼ ਬਖ਼ਸ਼ਦੇ ਹਨ ਕਿ ਇਹ ਤਿੰਨੇ ਭਵਨ ਸਾਰਾ ਸੰਸਾਰ ਪ੍ਰਭੂ ਜੀ ਨੇ ਆਪਣੇ ਹੁਕਮ ਵਿਚ ਹੀ ਰਚੇ ਹਨ। ਸ੍ਰਿਸ਼ਟੀ ਦੋ ਤਰ੍ਹਾਂ ਦੀ ਹੈ ਇਕ ਵਾਚ ਤੇ ਇਕ ਵਾਚਕ ਸ੍ਰਿਸ਼ਟੀ ਤੇ ਅੱਖਰ ਵਾਚਕ ਸ੍ਰਿਸ਼ਟੀ ਹੈ। ਅਕਾਰ ਵਾਚ ਸ੍ਰਿਸ਼ਟੀ ਹੈ ਭਾਵ ਵਾਚਕ ਸ੍ਰਿਸ਼ਟੀ ਵਿਚ ਤਿੰਨੇ ਭਵਨਾਂ ਦੇ ਨਾਮ ਅਤੇ ਰੂਪ, ਸਾਰੇ ਅੱਖਰਾਂ ਵਿਚ ਹੀ ਧਾਰਨ ਕੀਤੇ ਹੋਏ ਹਨ। ਅੱਖਰ ਬਣਾ ਕੇ ਹੀ ਵੇਦ ਲਿਖੇ ਗਏ ਤੇ ਅੱਖਰਾਂ ਰਾਹੀਂ ਹੀ ਉਨ੍ਹਾਂ ਦਾ ਵੀਚਾਰ ਹੁੰਦਾ ਹੈ। ਅੱਖਰਾਂ ਰਾਹੀਂ ਹੀ ਛੇ ਸ਼ਾਸਤ੍ਰ, ਸਤਾਈ ਸਿੰਮ੍ਰਤੀਆਂ ਤੇ ਅਠਾਰਾਂ ਪੁਰਾਣਾਂ ਦਾ ਨਿਰਣਾ ਹੁੰਦਾ ਹੈ। ਅੱਖਰਾਂ ਕਰਕੇ ਹੀ ਸ਼ਬਦਾਂ ਦਾ ਕਥਨ ਕਰਨਾ ਤੇ ਵਿਆਕਰਣ ਦਾ ਵਖਿਆਣ ਹੁੰਦਾ ਹੈ।

ਅੱਖਰਾਂ ਰਾਹੀਂ ਹੀ ਇਹ ਪ੍ਰਾਲਬਧ ਲਿਖਤ ਅਨੁਸਾਰ ਵਾਪਰਦੀ ਹੈ ਜਿਵੇਂ ਕਿ ਮੁਕਤੀ ਦਾ ਜੁਗਤ (ਵਿਧੀ) ਭਰਮ, ਡਰ, ਸੁਚਮਤਾ, ਸੁਚ, ਧਰਮ ਭਾਵ ਜੋ ਵੀ ਦ੍ਰਿਸ਼ਟੀ ਆ ਰਿਹਾ ਹੈ ਇਹ ਪ੍ਰਾਲਬਧ ਦੀ ਲਿਖਤ ਅਨੁਸਾਰ ਹੀ ਹੈ। ਸਿਰਫ ਇਕ ਪਰਮੇਸ਼ਰ ਹੀ ਇਸ ਪ੍ਰਾਲਬਧ ਤੋਂ ਨਿਰਲੇਪ ਹੈ ਬਾਕੀ ਸਭ ਪ੍ਰਾਲਬਧ ਵਿਚ ਪਰੋਏ ਹੋਏ ਹਨ। ਉਹ ਪਰਮੇਸ਼ਰ ਅ-ਖਰ ਹੈ, ਉਹ ਪ੍ਰਭੂ ਇਨ੍ਹਾਂ ਅੱਖਰਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਫੁਰਮਾਨ ਹੈ :

ਬਾਵਨ ਅਛਰ ਲੋਕ ਤ੍ਰੈ ਸਭੁ ਕਿਛੁ ਇਨ ਹੀ ਮਾਹਿ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥ (ਅੰਗ ੩੪੩)
ਆਇ ਵਿਗੂਤਾ ਜਗੁ ਜਮ ਪੰਥੁ ॥ ਆਈ ਨ ਮੇਟਣ ਕੋ ਸਮਰਥੁ ॥
ਆਥਿ ਸੈਲ ਨੀਚ ਘਰਿ ਹੋਇ ॥ ਆਥਿ ਦੇਖਿ ਨਿਵੈ ਜਿਸੁ ਦੋਇ ॥
ਆਥਿ ਹੋਇ ਤਾ ਮੁਗਧੁ ਸਿਆਨਾ ॥ ਭਗਤਿ ਬਿਹੂਨਾ ਜਗੁ ਬਉਰਾਨਾ ॥
ਸਭ ਮਹਿ ਵਰਤੈ ਏਕੋ ਸੋਇ ॥ ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥
(ਅੰਗ ੯੩੧)

ਬਾਣੀ ਦਖਣੀ ਓਅੰਕਾਰ ਅੰਗ ੯੩੧ ਵਿਖੇ ਅੰਕ ੧੪ ਰਾਹੀਂ **ਅ** ਅੱਖਰ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਜੀਵ ਸੰਸਾਰ ਵਿਚ ਪ੍ਰਭੂ ਪ੍ਰਾਪਤੀ ਲਈ ਆਉਂਦਾ ਹੈ ਪਰ ਵਿਸ਼ਿਆਂ

ਦੀ ਕੁਸੰਗਤ ਵਿਚ ਪੈਣ ਕਰਕੇ ਖਰਾਬ ਹੋ ਗਿਆ ਤੇ ਜਮਾਂ ਦੇ ਰਾਹ ਜਾਣਾ ਪੈਂਦਾ ਹੈ। ਜਦੋਂ ਮੋਹਿਤ ਕਰਨ ਵਾਲੀ ਮਾਇਆ ਤੇ ਮੌਤ ਆਉਂਦੀ ਹੈ ਤਾਂ ਉਸ ਨੂੰ ਕੋਈ ਵੀ ਮਿਟਾਉਣ ਦੇ ਸਮਰਥ ਨਹੀਂ ਹੈ। ਜੇ ਕਿਸੇ ਨੀਚ ਤੇ ਚੰਦਰੇ ਮਨੁੱਖ ਦੇ ਕੋਲ ਵੀ ਬਹੁਤੀ ਮਾਇਆ ਹੋਵੇ ਤਾਂ ਦੁਨੀਆਂ ਦੇ ਲੋਕ ਉਸ ਦੇ ਅੱਗੇ ਝੁਕਦੇ ਹਨ ਹਿੰਦੂ ਤੇ ਮੁਸਲਮਾਨ ਆਦਿ। ਜੇ ਬਹੁਤੀ ਮਾਇਆ ਘਰ ਵਿਚ ਹੋਵੇ ਤਾਂ ਉਨ੍ਹਾਂ ਦਾ ਮੂਰਖ ਵੀ ਸਿਆਣਾ ਕਹਿਲਾਉਂਦਾ ਹੈ। ਕਹਾਵਤ ਵੀ ਹੈ :

ਜਿਸ ਦੇ ਘਰ ਦਾਣੇ। ਉਸ ਦੇ ਕਮਲੇ ਵੀ ਸਿਆਣੇ।

ਨਾਮ ਤੇ ਭਗਤੀ ਤੋਂ ਬਿਨਾਂ ਸਾਰਾ ਜੱਗ ਝੱਲਾ ਹੋਇਆ ਫਿਰਦਾ ਹੈ। ਫੁਰਮਾਨ ਹੈ :

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥ (ਅੰਗ ੬੪੩)

ਸਾਰਿਆਂ ਦੇ ਵਿਚ ਉਹ ਪਰਮੇਸ਼ਰ ਹੀ ਵਰਤ ਰਿਹਾ ਹੈ, ਜਿਸ ਉੱਪਰ ਵਾਹਿਗੁਰੂ ਕਿਰਪਾ ਕਰਦਾ ਹੈ ਤਾਂ ਉਸ ਦੇ ਹਿਰਦੇ ਵਿਚ ਭਾਉ ਭਗਤੀ ਪ੍ਰਗਟ ਹੁੰਦੀ ਹੈ। ਭਾਉ ਭਗਤੀ ਕਰਕੇ ਵਾਹਿਗੁਰੂ ਪ੍ਰਗਟ ਹੋ ਆਉਂਦਾ ਹੈ ਤੇ ਉਸ ਪੁਰਖ ਦਾ ਜਸ ਸਭ ਜਗ੍ਹਾ ਪ੍ਰਤੱਖ ਹੋ ਆਉਂਦਾ ਹੈ।

ਭਗਤ ਸ੍ਰੀ ਕਬੀਰ ਜੀ ਨੇ ਜੋ ਬਾਵਨ ਅਖਰੀ ਉਚਾਰੀ ਹੈ, ਉਸ ਦੇ ੪੫ ਅੰਕ ਹਨ ਤੇ ਤਿੰਨ ਅੱਖਰ ਅ ੲ ਤੇ ੜ ਐਲਾਨੀਆ ਤੌਰ 'ਤੇ ਦਰਜ ਨਹੀਂ ਕੀਤੇ ਹਨ ਪਰ ਇਹ **ਅ** ਅੱਖਰ **ਓਅੰ** ਤੇ **ਓਅੰਕਾਰ** ਲਿਖਦਿਆਂ ਗੁਹਜ ਤੇ ਗੁਪਤ ਰੂਪ ਵਿਚ ਆ ਹੀ ਜਾਂਦਾ ਹੈ। ਇਸੇ ਤਰ੍ਹਾਂ ਹੀ ੳ ਉ-ੜਾ ਲਿਖਦਿਆਂ ੜ ਆ ਹੀ ਜਾਂਦਾ ਹੈ। ਇੱਥੇ ਭਗਤ ਸ੍ਰੀ ਕਬੀਰ ਜੀ ਦੀ ਇਸ ਬਾਵਨ ਅਖਰੀ ਦੀ ਸੰਪੂਰਨਤਾ ਵਾਲਾ ਅੰਕ ੪੫ ਦਰਜ ਕਰਕੇ ਇਸ ਪੁਸਤਕ ਦੀ ਵੀ ਸੰਪੂਰਨਤਾ ਕੀਤੀ ਜਾਵੇਗੀ।

ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥
ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੁ ਅਨਭੈ ਰਹੈ ॥
ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥ ੪੫ ॥
(ਅੰਗ ੩੪੩)

ਭਗਤ ਸ੍ਰੀ ਕਬੀਰ ਸਾਹਿਬ ਜੀ ਇਸ ਬਾਣੀ ਦਾ ਤਤੁ ਸਿਧਾਂਤ ਬਖ਼ਸ਼ਿਸ਼ ਕਰਦੇ ਹਨ ਜੋ ਕਿ ਅੰਗ ੩੪੩ ਵਿਖੇ ਅੰਕ ੪੫ ਰਾਹੀਂ ਦਰਜ ਹੈ ਕਿ ਅਸੀਂ ਤਾਂ ਬਵੰਜਾ ਅੱਖਰ ਪਰਮੇਸ਼ਰ ਦੀ ਸ਼ਰਨ ਵਿਚ ਲੋਕਾਈ ਨੂੰ ਲਿਆਉਣ ਵਾਸਤੇ ਜੋੜੇ ਹਨ। ਦੁਨੀਆਂ ਨੇ ਤਾਂ ਬਵੰਜਾ ਅੱਖਰ ਵਰਤ ਕੇ ਪੁਸਤਕਾਂ ਤਾਂ ਲਿਖ ਦਿੱਤੀਆਂ ਹਨ ਪਰ ਇਹ ਜਗਤ ਇਨ੍ਹਾਂ ਪੁਸਤਕਾਂ ਦੀ ਰਾਹੀਂ ਉਸ ਇਕ ਪ੍ਰਭੂ ਨੂੰ ਨਹੀਂ ਪਛਾਣ ਸਕਿਆ ਜੋ ਕਿ ਨਾਸ ਰਹਿਤ ਹੈ। ਭਾਵ ਸਿਧਾਂਤ ਤੋਂ ਵਾਂਝਾ ਰਹਿ ਗਿਆ ਹੈ ਤੇ ਉਸ ਅ+ਖਰ ਖਰਨ ਤੋਂ ਰਹਿਤ ਪ੍ਰਭੂ ਨੂੰ ਪਛਾਣ ਨਹੀਂ ਸਕਿਆ। ਭਗਤ

ਸ੍ਰੀ ਕਬੀਰ ਜੀ ਕਥਨ ਕਰਦੇ ਹਨ ਕਿ ਜੋ ਮਨੁੱਖ ਇਨ੍ਹਾਂ ਅੱਖਰਾਂ ਦੀ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ ਉਹੀ ਵਿਦਵਾਨ ਹੈ ਤੇ ਉਹ ਗਿਆਨ ਅਵਸਥਾ ਵਿਚ ਟਿਕਿਆ ਰਹਿੰਦਾ ਹੈ।

ਪੰਡਿਤ ਲੋਕਾਂ ਨੂੰ ਤਾਂ ਇਹ ਵਿਹਾਰ ਲੱਭਾ ਹੋਇਆ ਹੈ ਭਾਵ ਮਾਇਆ ਇਕੱਠੀ ਕਰਨ ਲਈ ਅੱਖਰ ਜੋੜ ਕੇ ਹੋਰਨਾਂ ਨੂੰ ਸੁਣਾ ਦਿੰਦੇ ਹਨ। ਬੁੱਧੀਵਾਨਾਂ ਤੇ ਗਿਆਨਵੰਤ ਲੋਕਾਂ ਲਈ ਇਹ ਅੱਖਰ ਤੱਤ ਦੇ ਵਿਚਾਰਨ ਦਾ ਵਸੀਲਾ ਹਨ। ਫੁਰਮਾਨ ਹੈ :

ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥

(ਅੰਗ ੩੩੮)

ਭਗਤ ਸ੍ਰੀ ਕਬੀਰ ਜੀ ਸੰਪੂਰਨਤਾ ਵਾਲੀ ਪੰਗਤੀ ਵਿਚ ਬਿਆਨਦੇ ਹਨ ਕਿ ਜਿਸ ਜੀਵ ਦੇ ਅੰਦਰ ਜਿਹੋ ਜਿਹੀ ਅਕਲ ਹੁੰਦੀ ਹੈ ਉਹ ਇਨ੍ਹਾਂ ਅੱਖਰਾਂ ਦੇ ਰਾਹੀਂ ਵੀ ਉਹੀ ਕੁਝ ਸਮਝੇਗਾ, ਭਾਵ ਕਿ ਪੁਸਤਕਾਂ ਲਿਖ ਪੜ੍ਹ ਕੇ ਵੀ ਆਤਮਿਕ ਜੀਵਨ ਦਾ ਜਾਨਣ ਵਾਲਾ ਹੋ ਜਾਣਾ ਜ਼ਰੂਰੀ ਨਹੀਂ ਹੈ। ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਭਗਤ ਸ੍ਰੀ ਕਬੀਰ ਜੀ ਕਥਨ ਕਰਦੇ ਹਨ ਕਿ ਜਿਹੋ ਜਿਹੀ ਮੱਤ ਅਸੀਂ ਇਸ ਬਾਣੀ ਵਿਚ ਕਥਨ ਕੀਤੀ ਹੈ ਜੇਕਰ ਕਿਸੇ ਕੋਲ ਅਜਿਹੀ ਮੱਤ ਹੋਵੇਗੀ ਤਾਂ ਉਹ ਯਕੀਨਨ (ਸੋਈ) ਉਸ ਪਰਮੇਸ਼ਰ ਨੂੰ ਜਾਣ ਲਵੇਗਾ।

ਅੱਖਰਾਂ ਪ੍ਰਤੀ ਉਚਾਰੀਆਂ ਬਾਣੀਆਂ ਪਟੀ ਲਿਖੀ, ਪਟੀ, ਗਉੜੀ ਬਾਵਨ ਅਖਰੀ ਮਹਲਾ ੫, ਦਖਣੀ ਓਅੰਕਾਰ ਤੇ ਬਾਵਨ ਅਖਰੀ ਸ੍ਰੀ ਕਬੀਰ ਜੀਉ ਤੇ ਹੋਰ ਬਾਣੀ ਵਿਚੋਂ ਉਦਾਹਰਣਾਂ ਦੇਣ ਵਿਚ ਤੇ ਆਪਣੀ ਬੁੱਧੀ ਨਾਲ ਲਿਖਦਿਆਂ ਹੋਈਆਂ ਬੇਅੰਤ ਗਲਤੀਆਂ ਤੇ ਭੁੱਲਾਂ ਲਈ ਖਿਮਾ ਯਾਚਨਾ ਦੀ ਦਰਖਾਸਤ ਹੈ ਜੀ। ਹੇ ਦਇਆਵਾਨ ਸਤਿਗੁਰੂ ਜੀ ! ਮੇਰੀਆਂ ਭੁੱਲਾਂ ਚੁੱਕਾਂ ਅਣਡਿੱਠ ਕਰਕੇ ਮਿਹਰ ਕਰੋ ਜੀ। ਮੈਂ ਤੁਹਾਡਾ ਛੋਟਾ ਜਿਹਾ ਕਤੂਰਾ ਹਾਂ ਜੀ। ਫੁਰਮਾਨ ਹੈ :

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ ॥

(ਅੰਗ ੧੭੧)

ਅ ਅੱਖਰ ਨਾਲ ਸ਼ੁਰੂ ਹੁੰਦੇ ਕੁਝ ਸ਼ਬਦ ਲਿਖ ਕੇ ਸੰਪੂਰਨਤਾ ਕੀਤੀ ਜਾਂਦੀ ਹੈ ਜੀ :
ਅੰਸ਼, ਅਸਚਰਜ, ਅਸਤਰ, ਅਸਤੀਫਾ, ਅਸੰਤੁਸ਼ਟ, ਅਸਥਾਨ, ਅਸ਼ੁਭ, ਅਸਮਾਨ, ਅਸਰ, ਅਸਲੀ, ਅਸਵਾਰ, ਅਸਾਮੀ, ਅਸਾਨੀ, ਅਸੀਸ, ਅਸੀਮ, ਅਸੁਰ, ਅਸੂਲ, ਅਸ਼ਟਾਮ, ਅਸ਼ਟਮੀ, ਅਸ਼ਲੀਲ, ਅਸ਼ੁੱਧ, ਅਹੰਕਾਰ, ਅਹਿੰਸਾ, ਅਹਿਮ, ਅਹਿਲਕਾਰ, ਅਹੁਦਾ, ਅਕਸਰ, ਅਕਹਿ, ਅੱਕਣਾ, ਅਕੱਥ, ਅਕਲ, ਅਕਲਮੰਦ, ਅੰਕੜੇ, ਅਕਾਰ, ਅਕਾਲ,

ਅਚਾਰ, ਅੰਕਿਤ, ਅੱਖ, ਅਕੀਦਾ, ਅਖੰਡ ਪਾਠ, ਅਖਬਾਰ, ਅੱਖਰ, ਅਖਰੋਟ, ਅਖਾੜਾ, ਅੱਗ, ਅੰਗ, ਅਗਮ, ਅੰਗਰੇਜ਼, ਅੰਗਰੇਜ਼ੀ, ਅਗਵਾਈ ਅੰਗੜਾਈ, ਅਗਾਧ, ਅਗਿਆਨ, ਅੰਗਿਆਰਾ, ਅੰਗੀਕਾਰ, ਅੰਗੀਠੀ, ਅੰਗੂਠਾ, ਅੰਗੂਰ, ਅੱਗੇ, ਅਚਾਨਕ, ਅਛੋਹ, ਅਜਨਮਾ, ਅੰਜਲੀ, ਅਉਸਰ, ਅਹੂਤੀ, ਅਕਾਸ਼ਬਾਣੀ, ਅੰਗੂਠੀ, ਅਜਪਾ-ਜਾਪ, ਅਜੂਬਾ, ਅਜ਼ਾਦੀ, ਅਟਕਣਾ, ਅਦਾਲਤ, ਅੱਧਕ, ਅਧਿਐਨ, ਅਨੰਦ ਕਾਰਜ, ਅੰਨ-ਪਾਣੀ, ਅਨਾਥ, ਅਨਾਰਦਾਣਾ, ਅਪੀਲ, ਅਮੋਲਕ, ਅਰਸਾ, ਅਰਪਣਾ, ਅਲੋਪ, ਅੜਚਣ, ਆਸਣ, ਆਕੀ, ਆਗਿਆ, ਆਗੂ, ਆਟਾ, ਆਤਸ਼ਬਾਜੀ, ਆਦਮੀ, ਆਦਰ, ਅਜਾਇਬ ਘਰ, ਅਜਿੱਤ, ਅਜੀਬ, ਅਜੋਨੀ, ਅਜ਼ਾਦ, ਅਟੱਲ, ਅਟਕ, ਅੰਡਜ, ਅਡੰਬਰ, ਅਣਡਿੱਠ ਕੀਤਾ, ਅਣਹੋਣੀ, ਅੱਤ, ਅੰਤ, ਅਤਰ, ਅੰਤਰਜਾਮਤਾ, ਅੰਤਰ ਧਿਆਨ, ਅੱਤਿਆਚਾਰ, ਅੱਥਰੂ, ਅਦਬ, ਅਦਭੁਤ, ਅੰਦਰਖਾਤੇ, ਅਦਾਕਾਰ, ਅੰਦਾਜ਼ਾ, ਅੰਦੋਲਨ, ਅੰਧਕਾਰ, ਅੱਧਾ, ਅਧਰਕ, ਅੰਧਾ ਧੁੰਧ, ਅਧਿਆਪਕ, ਅਧਿਐਨ, ਅਧਿਕਾਰ, ਅਧੀਨ, ਅੰਨ ਜਲ, ਅਨੰਦ ਮੰਗਲ, ਅਨਪੜ੍ਹ, ਅੰਨ੍ਹਾ, ਅਨਹਤ, ਅਨਹਦ, ਅਨਾਰ, ਅੰਬ, ਅਨਿੱਤ, ਅਨੁਸਾਰੀ, ਅਨੁਭਵ, ਅਨੁਵਾਦ ਕਰਨਾ, ਅਨੇਕ, ਅਨੋਖਾ, ਅਪੰਗ, ਅਪਮਾਨ, ਅਪਰਾਧ, ਅਫਸਰ, ਅਫਸੋਸ, ਅਫਵਾਹ, ਅਭਿਆਸ, ਅਭਿਮਾਨ, ਅਭਿਲਾਸ਼ੀ, ਅਮਨ, ਅੰਮ੍ਰਿਤ ਛਕਣਾ, ਅਮਲ, ਅਮਾਨਤ, ਅਮੀਰ, ਅਯੋਗ, ਅਮੋੜ, ਅੱਯਾਸ਼, ਅਰਜ਼ੀ, ਅਰਥ, ਅਰਦਾਸ ਕਰਨੀ, ਅਰਪਿਤ, ਅਰਾਧਨਾ, ਅਲੰਕਾਰ, ਆਲਸ, ਅਲੱਗ, ਅਲਾਪ, ਅਲਾਹੁਣੀ, ਅਲੋਚਨਾ, ਅਵਸਰ, ਅਵਤਾਰ, ਅਵਾਜ਼, ਆਗਮਨ, ਆਦਤ, ਆਦਰ, ਆਦੇਸ਼ ਆਮਦਨ।

***

ਸਹਾਇਕ ਗ੍ਰੰਥ, ਪੁਸਤਕਾਂ ਤੇ ਹੋਰ ਮਾਧਿਅਮ

(1) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
ਟੀਕਾ—ਪ੍ਰੋ. ਸਾਹਿਬ ਸਿੰਘ ਜੀ।
ਟੀਕਾ—ਗਿ. ਹਰਬੰਸ ਸਿੰਘ ਜੀ ਪਟਿਆਲਾ।
ਟੀਕਾ—ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ।
MP3 ਕਥਾ—ਗਿ. ਠਾਕੁਰ ਸਿੰਘ ਜੀ ਪਟਿਆਲਾ।

(2) ਸ੍ਰੀ ਦਸਮ ਗ੍ਰੰਥ ਜੀ।

(3) ਸ੍ਰੀ ਸਰਬ ਲੋਹ ਗ੍ਰੰਥ ਜੀ।

(4) ਪੁਰਾਤਨ ਜਨਮ ਸਾਖੀ (ਭਾਈ ਬਾਲੇ ਵਾਲੀ)।

(5) ਵਾਰਾਂ ਤੇ ਕਬਿੱਤ ਸਵੈਯੇ ਭਾ. ਗੁਰਦਾਸ ਜੀ।

(6) ਜ਼ਿੰਦਗੀਨਾਮਾ ਤੇ ਗਜ਼ਲਾਂ ਭਾ. ਨੰਦ ਲਾਲ ਜੀ।

(7) ਸ਼ੇਖ਼ ਫ਼ਰੀਦ-ਗੰਜਿ ਸ਼ਕਰ-ਖਲੀਕ ਅਹਿਮਦ ਨਿਜ਼ਾਮੀ।

(8) ਗੁਰਮੁਖੀ - ਸੰਪਾਦਕ ਰਮਨਦੀਪ ਕੌਰ।

(9) ਪੰਜਾਬੀ ਜ਼ੁਬਾਨ ਦਾ ਵਿਕਾਸ - ਸਲੀਮ ਖ਼ਾਨ ਗਿੰਮੀ।

(10) ਮਾਂ ਬੋਲੀ ਦਾ ਕੱਲ੍ਹ ਅੱਜ ਤੇ ਭਲਕ - ਪੰਜਾਬੀ ਸੱਥ।

(11) ਪੰਜਾਬੀ ਕੋਸ਼।

(12) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਿਪੀ-ਆਧਾਰਿਤ ਬਾਣੀਆਂ (ਇਕ ਵਿਸ਼ਲੇਸ਼ਣਾਤਮਕ ਅਧਿਐਨ) ਖੋਜਾਰਥੀ ਬਲਜਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ 2016.

(13) ਮੂਲ ਮੰਤਰ ਵੀਚਾਰ - ਜਸਮੇਰ ਸਿੰਘ ਹੋਠੀ।

(14) ਸਤ ਵਾਰ - ਜਸਮੇਰ ਸਿੰਘ ਹੋਠੀ।

(15) 5 ਕਕਾਰ - ਜਸਮੇਰ ਸਿੰਘ ਹੋਠੀ।

***

ਜਸਮੇਰ ਸਿੰਘ ਹੋਠੀ

ਜਿਸ ਤਰ੍ਹਾਂ ਦੁਨੀਆਂ ਵਿਚ ਵਿਚਰਨ ਲਈ ਅੱਖਰ ਮਾਧਿਅਮ ਹਨ, ਉਸੇ ਤਰ੍ਹਾਂ ਅਕਾਲ ਪੁਰਖ ਨਾਲ ਰਿਸ਼ਤਾ ਸਿਰਜਣ ਲਈ ਅੱਖਰਾਂ ਰਾਹੀਂ ਸੰਵਾਦ ਜ਼ਰੂਰੀ ਹੈ। ਅਧਿਆਤਮਿਕ ਖੇਤਰ ਵਿਚ ਸਫਲਤਾ ਲਈ ਵਾਹਿਗੁਰੂ ਨਾਲ ਸੰਵਾਦ ਪਵਿੱਤਰ ਅੱਖਰ ਰੂਪੀ ਸ਼ਬਦਾਂ ਦੀ ਆਰੰਭਤਾ ਤੋਂ ਸ਼ੁਰੂ ਕਰਕੇ 'ਆਨੰਦ ਗੁਰੂ ਤੇ ਜਾਨਿਆ' ਦੀ ਅਵਸਥਾ 'ਤੇ ਪਹੁੰਚਿਆ ਜਾ ਸਕਦਾ ਹੈ। ਪੂਰਾ ਪ੍ਰਭੂ, ਪੂਰਾ ਗੁਰੂ ਤੇ ਪੂਰੀ ਤਰ੍ਹਾਂ ਸਤਿਕਾਰ ਗੁਰਮੁਖੀ ਲਿੱਪੀ ਦਾ, ਇਸ ਵਿਸ਼ਵਾਸ ਨੂੰ ਦ੍ਰਿੜ ਕਰਵਾਉਣਾ ਵੀ ਇਸ ਪੁਸਤਕ ਦੀ ਦੇਣ ਹੈ। ਲੇਖਕ ਸ. ਜਸਮੇਰ ਸਿੰਘ ਹੋਠੀ ਨੇ ਇਸ ਪੁਸਤਕ ਵਿਚ ਜਿੱਥੇ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਦ੍ਰਿਸ਼ਟਾਇਆ ਹੈ, ਉਥੇ ਗੁਰਮੁਖੀ ਲਿੱਪੀ ਦੀਆਂ ਧੁਨੀਆਂ ਅਤੇ ਉਚਾਰਨ ਦੀ ਸਪੱਸ਼ਟਤਾ ਨੂੰ ਸਰਲ ਢੰਗ ਨਾਲ ਆਪਨੀ ਲੇਖਣੀ ਦਾ ਹਿੱਸਾ ਬਣਾਇਆ ਹੈ। ਜਿਸ ਨੇਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਇਹ ਪੁਸਤਕ ਪਾਠਕਾਂ ਦੀ ਸੇਵਾ ਵਿਚ ਭੇਟ ਕੀਤੀ ਗਈ ਹੈ ਉਸ ਲਈ ਹੋਠੀ ਜੀ ਵਧਾਈ ਦੇ ਹੱਕਦਾਰ ਹਨ।

ਪ੍ਰੋਫ਼ੈਸਰ (ਡਾ.) ਬਲਜਿੰਦਰ ਸਿੰਘ ਅੰਮ੍ਰਿਤਸਰ।

ਮੇਰੇ ਸਤਿਕਾਰਤ ਵੀਰ ਸ. ਜਸਮੇਰ ਸਿੰਘ ਹੋਠੀ 'ਤੇ ਗੁਰੂ ਸਾਹਿਬ ਨੇ ਕ੍ਰਿਪਾ ਕਰਕੇ ਹੁਣ 8ਵੀਂ ਪੁਸਤਕ ਜਿਸਦਾ ਨਾਮ ਬਹੁਤ ਹੀ ਭਾਵ ਪੂਰਵਕ 'ਪਟੀ ਲਿਖੀ' ਹੈ, ਸੰਗਤਾਂ ਦੀ ਸੇਵਾ ਵਿਚ ਲੈ ਕੇ ਆਏ ਹਨ। ਪੁਸਤਕ ਲਿਖਣੀ ਉਹ ਵੀ ਗੁਰਬਾਣੀ ਤੇ, ਬਹੁਤ ਕਠਨ, ਬਹੁਤ ਮਿਹਨਤ ਦਾ ਕੰਮ ਹੈ। ਇਸ ਪੁਸਤਕ ਵਿਚ ਹੋਰ ਬਹੁਤ ਸਾਰੇ ਅੱਛੇ ਵੀਚਾਰਾਂ ਦੇ ਨਾਲ-ਨਾਲ ਜੋ ਗੁਰਮੁਖੀ ਦੇ ਅੱਖਰ ਕਿਵੇਂ ਲਿਖਣੇ ਹਨ ਉਹ ਬਹੁਤ ਸਰਲ ਤਰੀਕੇ ਨਾਲ ਗੁਰਮੁਖੀ ਅੱਖਰਾਂ ਰਾਹੀਂ ਦਰਸਾਇਆ ਗਿਆ ਹੈ, ਇਹ ਬਹੁਤ ਹੀ ਖਾਸੀਅਤ ਹੈ ਜੋ ਪਹਿਲੀ ਵਾਰੀ ਦੇਖਣ ਨੂੰ ਮਿਲੀ ਹੈ। ਪੁਸਤਕ 'ਪਟੀ ਲਿਖੀ' ਬਹੁਤ ਹੀ ਸ਼ਲਾਘਾਯੋਗ ਹੈ, ਆਪ ਜੀ ਨੇ ਬਹੁਤ ਪਿਆਰ ਨਾਲ ਪੜ੍ਹ ਕੇ ਮੇਰੇ ਪਿਆਰੇ ਵੀਰ ਜਸਮੇਰ ਸਿੰਘ ਹੋਠੀ ਨੂੰ ਅਸੀਸ ਦੇਣੀ ਜੀ।

ਗੁਰੂ ਪੰਥ ਦਾ ਦਾਸ
ਗਿਆਨੀ ਮਹਿੰਦਰ ਸਿੰਘ 'ਹਮਦਰਦ'
(ਹੈੱਡ ਪ੍ਰਚਾਰਕ ਗੁਰੂ ਲਾਧੋ ਰੇ ਸੁਸਾਇਟੀ ਯੂ. ਕੇ.)

ISBN 934946229-X
9789349462298

Follow us on:
www.facebook.com/csjsamritsar

Follow us on:
@B.chattar.singh.jiwan.singh